# ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ

## (ਸੁਰਜੀਤ ਕਲਸੀ ਤੇ ਇੰਦਰਜੀਤ ਸਿੱਧੂ ਦੇ ਕਾਵਿ ਦੇ ਸੰਦਰਭ 'ਚ)

**Parvasi Punjabi Kavita vich Naari Chetna**

**(Surjit Kalsi te Inderjit Sidhu de Kav de Sandarbh 'ch)**

**Jatinderpal Kaur**

**M. Phil. Student**

**Regd. No. 11412400**

-

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ

ਐਮ.ਫਿਲ. (ਪੰਜਾਬੀ) ਦੀ ਡਿਗਰੀ ਦੇ ਇੱਕ

ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2015

# ਘੋਸ਼ਣਾ-ਪੱਤਰ

ਮੈਂ ਜਤਿੰਦਰਪਾਲ ਕੌਰ ਇਹ ਬਿਆਨ ਕਰਦੀ ਹਾਂ ਕਿ 'ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ (ਸੁਰਜੀਤ ਕਲਸੀ ਤੇ ਇੰਦਰਜੀਤ ਸਿੱਧੂ ਦੇ ਕਾਵਿ ਦੇ ਸੰਦਰਭ 'ਚ) ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿੱਚਲਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ ਅਤੇ  ਇਸ ਵਿੱਚ ਕੋਈ ਹੋਰ ਹਿੱਸੇਦਾਰ ਨਹੀਂ ਹੈ।ਇਸ ਖੋਜ-ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

ਜਤਿੰਦਰਪਾਲ ਕੌਰ

ਰਜਿ. ਨੰਬਰ-11412400

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਜਤਿੰਦਰਪਾਲ ਕੌਰ ਨੇ 'ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ (ਸੁਰਜੀਤ ਕਲਸੀ ਤੇ ਇੰਦਰਜੀਤ ਸਿੱਧੂ ਦੇ ਕਾਵਿ ਦੇ ਸੰਦਰਭ 'ਚ) ਵਿਸ਼ੇ ਉੱਤੇ ਐਮ. ਫਿਲ. (ਪੰਜਾਬੀ ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ।ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਅਵਤਾਰ ਸਿੰਘ,**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ


ਭੂਮਿਕਾ ii-v

ਅਧਿਆਇ-ਪਹਿਲਾ 1-24

ਨਾਰੀਵਾਦ ਅਤੇ ਨਾਰੀ ਚੇਤਨਾ

ਅਧਿਆਇ-ਦੂਜਾ 25-52

ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ

ਅਧਿਆਇ-ਤੀਜਾ 53-80

ਸੁਰਜੀਤ ਕਲਸੀ ਦੀ ਕਵਿਤਾ ਵਿੱਚ ਨਾਰੀ ਚੇਤਨਾ

ਅਧਿਆਇ-ਚੌਥਾ 81-109

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀ ਚੇਤਨਾ

ਸਾਰ ਅਤੇ ਸਥਾਪਨਾਵਾਂ 110-117

ਪੁਸਤਕ ਸੂਚੀ 118-121

# ਭੂਮਿਕਾ

ਸਾਹਿਤ ਵਿੱਚ ਨਿਰੰਤਰ ਚੱਲਣ ਵਾਲੀ ਵਿਧਾ ਕਵਿਤਾ ਹੈ। ਪੰਜਾਬੀ ਕਵਿਤਾ ਦੀ ਇੱਕ ਪ੍ਰਮੁੱਖ ਪ੍ਰਵਿਰਤੀ ਪਰਵਾਸੀ ਕਵਿਤਾ ਹੈ। ਜਿਸ ਦਾ ਮੁੱਢ ਵੀਂਹਵੀ ਸਦੀ ਦੇ ਦੂਜੇ ਦਹਾਕੇ ਦੌਰਾਨ ਉੱਤਰੀ-ਅਮਰੀਕਾ ਤੇ ਕੈਨੇਡਾ ਵਿੱਚ ਗ਼ਦਰ ਲਹਿਰ ਦੀ ਕਵਿਤਾ ਨਾਲ ਬੱਝਦਾ ਹੈ।ਹਥਲਾ ਖੋਜ-ਪ੍ਰਬੰਧ ‘ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ, ਸੁਰਜੀਤ ਕਲਸੀ ਅਤੇ ਇੰਦਰਜੀਤ ਸਿੱਧੂ ਦੇ ਕਾਵਿ ਦੇ ਸੰਦਰਭ ਵਿੱਚ’ ਹੈ। ਜਿਸ ਵਿੱਚ ਦੋ ਪਰਵਾਸੀ ਕਵਿੱਤਰੀਆਂ ਸੁਰਜੀਤ ਕਲਸੀ ਅਤੇ ਇੰਦਰਜੀਤ ਕੌਰ ਸਿੱਧੂ ਦੀਆਂ ਕਵਿਤਾਵਾਂ ਵਿੱਚਲੇ ਨਾਰੀਵਾਦ ਅਤੇ ਨਾਰੀ ਚੇਤਨਾ ਨੂੰ ਬਿਆਨ ਕੀਤਾ ਗਿਆ ਹੈ।ਨਾਰੀ ਦਾ ਸਮਾਜ ਵਿੱਚ ਯੋਗ ਸਥਾਨ ਹੈ ਪਰ ਭਾਰਤੀ ਸਮਾਜ ਵਿੱਚ ਸਦੀਆਂ ਤੋਂ ਹੀ ਔਰਤ ਦੀ ਸਥਿਤੀ ਅਸੰਤੋਸ਼ਜਨਕ ਰਹੀ ਹੈ। ਔਰਤ ਦਿਆਲੂ ਹੈ, ਜੱਗ ਜਨਣੀ ਹੈ। ਔਰਤ ਬਿਨਾਂ ਘਰ ਭੂਤਾਂ ਦਾ ਡੇਰਾ ਹੈ। ਇੱਕ ਔਰਤ ਹੀ ਹੈ ਜੋ ਘਰ ਨੂੰ ਸਾਂਭ ਸੰਵਾਰ ਕੇ ਰੱਖਦੀ ਹੈ।ਆਧੁਨਿਕ ਕਾਲ ਵਿੱਚ ਔਰਤ ਨੇ ਨਾ ਕੇਵਲ ਸਮਾਜਿਕ ਖੇਤਰਾਂ ਵਿੱਚ ਹੀ ਕਦਮ ਅੱਗੇ ਰੱਖਿਆ ਸਗੋਂ ਉਸ ਨੇ ਸਾਹਿਤ ਵਿੱਚ ਵੀ ਕਲਾਤਮਿਕ ਪ੍ਰਤਿਭਾ ਦੇ ਜੌਹਰ ਦਿਖਾਏ ਹਨ। ਇਹ ਸਭ ਨਾਰੀ ਅੰਦਰ ਆਈ ਚੇਤਨਾ ਸਦਕੇ ਹੀ ਹੋਇਆ ਹੈ। ਮਰਦ ਨੇ ਔਰਤ ਦੇ ਪ੍ਰਤੀ ਵਿਰੋਧ ਵਾਲੇ ਬੀਜੇ ਬੀਜੇ ਜਿਸ ਸਦਕਾ ਮਰਦ ਨੂੰ ਸਮਾਜ ਵਿੱਚ ਸ਼੍ਰੇਸਟ ਸਥਾਨ ਮਿਲਿਆ ਅਤੇ ਔਰਤ ਮਰਦ ਦੇ ਅਧੀਨ ਹੋ ਕੇ ਰਹਿ ਗਈ। ਨਾਰੀ ਦੇ ਜਾਗ੍ਰਿਤ ਹੋਣ ਸਦਕੇ ਉਸਨੂੰ ਸਮਝ ਆ ਗਈ ਕਿ ਰੋ-ਧੋ ਕੇ ਕੁੱਝ ਨਹੀਂ ਬਣਨਾ। ਆਪਣੇ ਹੱਕਾਂ ਲਈ ਜਾਗ੍ਰਿਤ ਹੋਣਾ ਜ਼ਰੂਰੀ ਹੈ। ਗੁਲਾਮਦਾਰੀ, ਜਾਗੀਰਦਾਰੀ ਅਤੇ ਪੂੰਜੀਵਾਦੀ ਜੁੱਗ ਵਿੱਚ ਦੁਸ਼ਵਾਰੀਆਂ ਝੱਲਦੀ ਔਰਤ ਡੋਲਦੀ ਨਹੀਂ, ਸਗੋਂ ਹਰ ਰਿਸ਼ਤੇ ਵਿੱਚ ਆਪਣੀ ਵਿਲੱਖਣ ਜਗ੍ਹਾ ਸਥਾਪਿਤ ਕਰਨ ਵਿੱਚ ਕਾਮਯਾਬ ਰਹੀ ਹੈ। ਪਰਵਾਸ ਧਾਰਨ ਕਰਕੇ ਔਰਤ ਨੇ ਆਪਣੀ ਸੋਚ ਵਿੱਚ ਪਰਿਵਰਤਨ ਹੀ ਨਹੀ ਲਿਆਂਦਾ, ਸਗੋਂ ਉਹ ਆਜ਼ਾਦ ਸੋਚ ਦੀ ਧਾਰਨੀ ਹੋ ਨਿੱਬੜੀ ਹੈ। ਪੱਛਮੀ ਮਾਹੌਲ ਵਿੱਚ ਵਿੱਚਰਦਿਆਂ ਉਹ ਏਨੀ ਜਾਗ੍ਰਿਤ ਹੋ ਗਈ ਹੈ ਕਿ ਆਪਣੇ ਨਾਲ ਹੋ ਰਹੀਆਂ ਦੁਸ਼ਵਾਰੀਆਂ ਦਾ ਉਹ ਠੋਕਵਾਂ ਜਵਾਬ ਦੇ ਸਕਦੀ ਹੈ। ਹਥਲੇ ਖੋਜ-ਪ੍ਰਬੰਧ ਵਿੱਚ ਪਰਵਾਸੀ ਕਵਿੱਤਰੀਆਂ ਸੁਰਜੀਤ ਕਲਸੀ ਅਤੇ ਇੰਦਰਜੀਤ ਕੌਰ ਸਿੱਧੂ ਨੇ ਸੰਸਕਾਰਾਂ, ਪਰੰਪਰਾਵਾਂ ਦੇ ਬੰਧਨਾਂ ਵਿੱਚ ਕੈਦ ਹੋਈ ਗ਼ੁਲਾਮ ਨਾਰੀ ਦਾ ਜ਼ਿਕਰ ਚੇਤਨਾ ਦੀ ਅਵਸਥਾ ਤੱਕ ਜਾ ਕੇ ਕੀਤਾ ਹੈ।

ਹਥਲੇ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ‘ਨਾਰੀਵਾਦ ਅਤੇ ਨਾਰੀ ਚੇਤਨਾ’ ਵਿੱਚ ਮੁੱਢ ਤੋਂ ਲੈ ਕੇ ਨਾਰੀ ਦੀ ਸਥਿਤੀ ਅਤੇ ਸਮਾਜ ਵਿੱਚ ਉਸ ਦੀ ਹੋ ਰਹੀ ਦੁਰਦਸ਼ਾ ਦਾ ਜ਼ਿਕਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਔਰਤ ਨੂੰ ਸਤਿਕਾਰਯੋਗ ਸਥਾਨ ਦਿੱਤਾ ਗਿਆ ਹੈ। ਔਰਤ ਦੇ ਚੇਤੰਨ ਹੋਣ ਦੀ ਸਥਿਤੀ ਤੋਂ ਲੈ ਕੇ ਭਾਰਤੀ ਤੇ ਪੱਛਮੀ ਚਿੰਤਕਾਂ ਦੇ ਦਾਇਰੇ ਵਿੱਚ ਵਧੇ ਫੁੱਲੇ ਨਾਰੀਵਾਦ ਦਾ ਜ਼ਿਕਰ ਪਹਿਲੇ ਅਧਿਆਇ ਵਿੱਚ ਕੀਤਾ ਗਿਆ ਹੈ।

ਦੂਜਾ ਅਧਿਆਇ ‘ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ’ ਹੈ। ਪਰਵਾਸੀ ਕਵਿਤਾ ਵਾਲੇ ਕਵੀਆਂ ਦਾ ਵੇਰਵਾ ਦੇਣ ਦੇ ਨਾਲ-ਨਾਲ ਪਰਵਾਸੀ ਲੋਕਾਂ ਦਾ ਜੋ ਜੀਵਨ-ਚਰਿੱਤਰ ਕਵਿਤਾ ਰਾਹੀਂ ਬਿਆਨ ਹੋਇਆ ਹੈ ਉਸਦਾ ਜ਼ਿਕਰ ਇਸ ਅਧਿਆਇ ਵਿੱਚ ਕੀਤਾ ਗਿਆ ਹੈ। ਪਰਵਾਸੀਆਂ ਨੂੰ ਜੋ ਸਭਿਆਚਾਰਕ ਵਖਰੇਵੇਂ, ਭੂ-ਹੇਰਵਾ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਹੋਰ ਅਨੇਕ ਕਸ਼ਟ ਸਹਿਣੇ ਪੈਂਦੇ ਹਨ, ਇਹਨਾਂ ਦਾ ਵੇਰਵਾ ਪਰਵਾਸੀ ਪੰਜਾਬੀ ਕਵਿਤਾ ਵਿੱਚੋਂ ਜਿਵੇਂ ਪ੍ਰਾਪਤ ਹੋ ਰਿਹਾ ਹੈ ਉਸਦਾ ਵਰਨਣ ਕਰਨ ਦੇ ਨਾਲ-ਨਾਲ ਨਾਰੀ ਚੇਤਨਾ ਨਾਲ ਸੰਬੰਧਿਤ ਕਵਿਤਾ ਦਾ ਵੀ ਇਸ ਅਧਿਆਇ ਵਿੱਚ ਜ਼ਿਕਰ ਕੀਤਾ ਗਿਆ ਹੈ।

ਤੀਜਾ ਅਧਿਆਇ ‘ਸੁਰਜੀਤ ਕਲਸੀ ਦੀ ਕਵਿਤਾ ਵਿੱਚ ਨਾਰੀ ਚੇਤਨਾ’ ਹੈ। ਇਸ ਅਧਿਆਇ ਵਿੱਚ ਕਵਿੱਤਰੀ ਨੇ ਆਪਣੀਆਂ ਰਚਨਾਵਾਂ ਰਾਹੀਂ ਨਾਰੀ ਦੀ ਸਮਾਜਿਕ ਸਥਿਤੀ ਨੂੰ ਬਿਆਨ ਕਰਦੇ ਹੋਏ, ਆਪਣੇ ਪਿੰਡੇ ਅਤੇ ਰੂਹ ਤੇ ਦੁਸ਼ਵਾਰੀਆਂ ਸਹਿੰਦੀ ਹੋਈ

ਨਾਰੀ ਦੇ ਜਿਸ ਚਿੱਤਰ ਨੂੰ ਪੇਸ਼ ਕੀਤਾ ਹੈ ਉਸਦਾ ਵੇਰਵਾ ਦੇਣ ਦੇ ਨਾਲ-ਨਾਲ ਨਾਰੀ ਨੂੰ ਇਸ ਕੈਦ ਵਿੱਚੋਂ ਬਾਹਰ ਨਿਕਲਣ ਲਈ ਹੰਭਲਾ ਮਾਰਨ ਤੇ ਜਾਗ੍ਰਿਤ ਹੋਣ ਦਾ ਜੋ ਸੰਦੇਸ਼ ਕਲਸੀ ਦੀ ਕਵਿਤਾ ਚੋਂ ਪ੍ਰਾਪਤ ਹੋ ਰਿਹਾ ਹੈ ਉਸਨੂੰ ਵੀ ਬਿਆਨ ਕਰਨ ਦੀ ਕੋਸ਼ਿਸ਼ ਇਸ ਅਧਿਆਇ ਵਿੱਚ ਕੀਤੀ ਗਈ ਹੈ।

ਚੌਥਾ ਅਧਿਆਇ 'ਇੰਦਰਜੀਤ ਸਿੱਧੂ' ਦੀ ਕਵਿਤਾ ਵਿੱਚ ਨਾਰੀ ਚੇਤਨਾ' ਹੈ। ਇੰਦਰਜੀਤ ਸਿੱਧੂ ਔਰਤ ਨੂੰ ਕਵਿਤਾ ਰਾਹੀਂ ਸੁਨੇਹਾ ਦਿੰਦੀ ਹੈ ਕਿ ਸੰਸਕਾਰਾਂ ਤੇ ਪਰੰਪਰਾਗਤ ਕਦਰਾਂ-ਕੀਮਤਾਂ ਵਿੱਚੋਂ ਨਿਕਲਣ ਲਈ ਸਿਰਫ਼ ਪੱਛਮੀ ਤੌਰ ਤਰੀਕੇ ਦੇ ਕੱਪੜੇ ਪਹਿਨਣਾ ਹੀ ਜ਼ਰੂਰੀ ਨਹੀਂ ਸਗੋਂ ਸੋਚ ਨੂੰ ਬਦਲਣਾ ਜ਼ਰੂਰੀ ਹੈ, ਆਪਣੇ ਵਿਰਸੇ ਨੂੰ ਭੁਲਾ ਕੇ ਨਾਰੀ ਕਦੇ ਵੀ ਆਜ਼ਾਦ ਸੋਚ ਦੀ ਮਾਲਕ ਨਹੀਂ ਹੋ ਸਕਦੀ।ਇਨ੍ਹਾਂ ਵਿੱਚਾਰਾਂ ਦੇ ਪ੍ਰਗਟਾਵੇ ਲਈ ਕਵਿਤਰੀ ਨੇ ਜੋ ਵੀ ਕਵਿਤਾਵਾਂ ਲਿਖੀਆਂ ਹਨ ਉਨ੍ਹਾਂ ਦਾ ਅਧਿਐਨ ਇਸ ਅਧਿਆਇ ਵਿੱਚ ਕੀਤਾ ਗਿਆ ਹੈ।

**ਖੋਜ-ਕਾਰਜ ਦਾ ਖੇਤਰ**

ਇਸ ਖੋਜ ਵਿਸ਼ੇ ਨੂੰ ਚੁਣਨ ਦਾ ਕਾਰਨ ਸਮਾਜ ਵਿੱਚ ਨਾਰੀ ਦੀ ਹੁਣ ਤੱਕ ਹੋ ਰਹੀ ਦੁਰਦਸ਼ਾ ਕੇ ਕਾਰਨ ਤਲਾਸ਼ਣਾ, ਜਾਗ੍ਰਿਤ ਹੋਈਆਂ ਔਰਤਾਂ ਵਿੱਚ ਉਪਜੀ ਚੇਤਨਾ ਦੀਆਂ ਬਾਰੀਕੀਆਂ ਨੂੰ ਸਮਝਣਾ ਅਤੇ ਨਾਰੀਵਾਦ ਅਤੇ ਨਾਰੀਵਾਦੀ ਚਿੰਤਕਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਚਾਹ ਹੈ। ਭਾਰਤੀ ਔਰਤ ਦੀ ਦੁਰਦਸ਼ਾ ਦੇ ਨਾਲ-ਨਾਲ ਪਰਵਾਸੀ ਔਰਤ ਦੀ ਆਧੁਨਿਕ ਤੇ ਉਸਾਰੂ ਸੋਚ ਬਾਰੇ ਗਿਆਨ ਦੇਣ ਕਾਰਨ ਇਹ ਖੋਜ-ਕਾਰਜ ਦੂਸਰੇ ਖੋਜ-ਕਾਰਜਾਂ ਤੋਂ ਵੱਖਰਾ ਹੈ। ਜਿੱਥੇ ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚਲੀ ਨਾਰੀ ਆਪਣੇ ਫ਼ੈਸਲੇ ਪ੍ਰਤੀ ਅਟੱਲ ਹੈ, ਪ੍ਰਪੱਕ ਹੈ ਅਤੇ ਆਜ਼ਾਦ ਸੋਚ ਦੀ ਧਾਰਨੀ ਹੈ ਉੱਥੇ ਸੁਰਜੀਤ ਕਲਸੀ ਮਿਥਿਹਾਸਕ, ਇਤਿਹਾਸਕ ਅਤੇ ਸਮਾਜ ਦੀਆਂ ਮਹਾਨ ਇਸਤਰੀਆਂ ਦੇ ਹਵਾਲੇ ਨਾਲ ਔਰਤ ਦਾ ਸਮਾਜ ਵਿੱਚ ਸਥਾਨ ਨਿਸ਼ਚਿਤ ਕਰਦੀ ਹੈ।ਇਨ੍ਹਾਂ ਕਵਿਤਰੀਆਂ ਦੀ ਇਸੇ ਸੋਚ ਨੇ ਹਥਲੇ ਖੋਜ ਕਾਰਜ ਲਈ ਯੋਗ ਮਾਹੌਲ ਪੈਦਾ ਕੀਤਾ।ਵਿਸ਼ੇ ਨੂੰ ਇੱਕ ਨਿਰਧਾਰਤ ਸਮੇਂ ਵਿੱਚ ਪੂਰਾ ਕਰਨ ਦੀ ਲੋੜ ਕਾਰਨ ਇਸਨੂੰ ਕੇਵਲ ਇਨ੍ਹਾਂ ਦੋ ਹੀ ਕਵਿੱਤਰੀਆਂ ਅਤੇ ਉਨ੍ਹਾਂ ਦੀਆ ਵੀ ਕੁਝ ਚੋਣਵੀਆਂ ਰਚਨਾਵਾਂ ਤੱਕ ਹੀ ਸੀਮਤ ਰੱਖਿਆ ਗਿਆ ਹੈ ਤਾਂ ਕਿ ਖੋਜ ਲਈ ਚੁਣੇ ਗਏ ਆਧਾਰ ਸਰੋਤਾਂ ਦਾ ਨਿੱਠ ਕੇ ਅਧਿਐਨ ਕੀਤਾ ਜਾ ਸਕੇ।

**ਉਦੇਸ਼**

1. ਆਦਿ ਕਾਲ ਤੋਂ ਲੈ ਕੇ ਨਾਰੀ ਦੀ ਅੱਜ ਤੱਕ ਦੀ ਦਸ਼ਾ ਅਤੇ ਦਿਸ਼ਾ ਬਾਰੇ ਜਾਣਕਾਰੀ ਦੇਣੀ।
2. ਪਰਵਾਸੀ ਪੰਜਾਬੀ ਕਵਿਤਾ ਵਿੱਚ ਪ੍ਰਸਤੁਤ ਨਾਰੀਵਾਦ ਬਾਰੇ ਜਾਣਕਾਰੀ ਦੇਣੀ।
3. ਪਰਵਾਸੀ ਕਵਿਤਾ ਵਿੱਚ ਪ੍ਰਸਤੁਤ ਭਾਰਤੀ ਪੰਜਾਬੀ ਅਤੇ ਪਰਵਾਸੀ ਪੰਜਾਬੀ ਔਰਤ ਦੀ ਸੋਚ ਵਿੱਚਲੇ ਅੰਤਰਾਂ ਦਾ ਅਧਿਐਨ ਕਰਨਾ।
4. ਸੁਰਜੀਤ ਕਲਸੀ ਅਤੇ ਇੰਦਰਜੀਤ ਕੌਰ ਸਿੱਧੂ ਦੀਆਂ ਕਵਿਤਾਵਾਂ ਵਿੱਚਲੀ ਨਾਰੀ ਚੇਤਨਾ ਅਤੇ ਨਾਰੀਵਾਦ ਨੂੰ ਉਜਾਗਰ ਕਰਨਾ।
5. ਇਹਨਾਂ ਕਵਿੱਤਰੀਆਂ ਦਾ ਪੰਜਾਬੀ ਕਵਿਤਾ ਵਿੱਚ ਯੋਗਦਾਨ ਸਪੱਸ਼ਟ ਕਰਨਾ।

**ਖੋਜ ਦੀ ਵਿਧੀ**

ਖੋਜ ਦਾ ਮੁੱਖ ਪ੍ਰਕਾਰਜ ਮਨੁੱਖੀ ਗਿਆਨ ਵਿੱਚ ਵਾਧਾ ਕਰਨਾ ਹੈ। ਸਾਹਿਤ ਦੇ ਖੇਤਰ ਵਿੱਚ ਇਹ ਵਾਧਾ ਸਾਹਿਤ ਅਧਿਐਨ ਲਈ ਸਥਾਪਿਤ ਹੋ ਚੁੱਕੀਆਂ ਵਿਧੀਆਂ ਰਾਹੀਂ ਸੰਭਵ ਹੈ। ਇਸ ਖੋਜ ਕਾਰਜ ਲਈ ਤਰਕਵਾਦੀ ਵਿਧੀ ਅਤੇ ਮਨੋਵਿਸ਼ਲੇਸ਼ਣੀ ਵਿਧੀ ਦੀ

ਵਰਤੋਂ ਕੀਤੀ ਜਾਵੇਗੀ। ਤਰਕ ਦੇ ਆਧਾਰ ਤੇ ਦੇਖਣਾ ਕਿ ਸੁਰਜੀਤ ਕਲਸੀ ਅਤੇ ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀਵਾਦ ਦਾ ਹੋ ਰਿਹਾ ਜ਼ਿਕਰ ਉਹਨਾਂ ਦੀਆਂ ਕਵਿਤਾਵਾਂ ਵਿੱਚਲੀ ਔਰਤ ਦੀ ਚੇਤਨਾ ਦੇ ਦਾਇਰੇ ਨੂੰ ਕਿੱਥੇ ਲਿਆ ਕੇ ਖੜਾ ਕਰਦਾ ਹੈ ਕਿ ਉਹਨਾਂ ਦੀਆਂ ਲਿਖਤਾਂ ਵਿੱਚੋਂ ਨਾਰੀਵਾਦ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਮਨੋਵਿਸ਼ਲੇਸਣ ਵਿਧੀ ਰਾਹੀਂ ਇਹ ਜਾਨਣਾ ਕਿ ਔਰਤ ਦੇ ਮਨ ਦਾ ਵਿਸ਼ਲੇਸ਼ਣ ਕਰਦੀਆਂ ਹੋਈਆਂ ਦੋਵੇਂ ਕਵਿੱਤਰੀਆਂ ਉਸ ਦੇ ਮਨ ਵਿੱਚੋਂ ਉੱਭਰੇ ਨਾਰੀ ਚੇਤਨਾ ਦੇ ਪੱਖ ਨੂੰ ਕਿਹੜੇ ਪ੍ਰਸੰਗ ਵਿੱਚ ਰੱਖ ਕੇ ਬਿਆਨ ਕਰਦੀਆਂ ਹਨ। ਔਰਤ ਨੂੰ ਜਾਨਣ, ਸਮਝਣ, ਵਿੱਚਾਰਨ ਤੇ ਪੇਸ਼ ਕਰਨ ਵਿੱਚ ਦੋਵੇਂ ਕਵਿੱਤਰੀਆਂ ਕਿੰਨੀਆਂ ਕੁ ਕਾਮਯਾਬ ਹੋਈਆਂ ਹਨ। ਔਰਤ ਦੇ ਮਨ ਦੀ ਸਥਿਤੀ ਤੇ ਵਿਵਹਾਰ ਨੂੰ ਕਿਹੜੇ ਰੂਪ ਵਿੱਚ ਪੇਸ਼ ਕਰਦੀਆਂ ਹਨ ਤਾਂ ਕਿ ਔਰਤ ਤਸ਼ਦੱਦ ਵਾਲਾ ਮਾਹੌਲ ਸਹਿੰਦੀ ਹੋਈ ਹੌਲੀ-ਹੌਲੀ ਚੇਤੰਨ ਹੋ ਜਾਂਦੀ ਹੈ ਤੇ ਜ਼ੁਲਮ ਸਹਿਣ ਸਮੇਂ ਤੋਂ ਲੈ ਕੇ ਚੇਤੰਨ ਹੋਣ ਤੱਕ ਉਸ ਦੇ ਵਿਵਹਾਰ ਵਿੱਚ ਆਈ ਤਬਦੀਲੀ ਬਦਲੀ ਹੋਈ ਮਾਨਸਿਕਤਾ ਦੀ ਹੀ ਨਿਸ਼ਾਨੀ ਹੈ। ਉਸ ਬਦਲੀ ਹੋਈ ਮਾਨਸਿਕਤਾ ਨੂੰ ਦੋਵੇਂ ਕਵਿੱਤਰੀਆਂ ਮਨੋਵਿਸ਼ਲੇਸ਼ਣ ਵਿਧੀ ਦੁਆਰਾ ਵੱਖ-ਵੱਖ ਢੰਗਾਂ ਨਾਲ ਪ੍ਰਗਟਾਉਂਦੀਆਂ ਹਨ ਪਰ ਦੋਵਾਂ ਦਾ ਬਿਆਨ ਢੰਗ ਔਰਤ ਦੇ ਮਨ ਵਿਚਲੀ ਤਬਦੀਲੀ ਨੂੰ ਪੇਸ਼ ਕਰਦਾ ਹੈ।

**ਪੂਰਵ ਖੋਜ-ਕਾਰਜ**

ਹਥਲੇ ਖੋਜ-ਪ੍ਰਬੰਧ ਨਾਲ ਸੰਬੰਧ ਰੱਖਦੀਆਂ ਦੋਵੇਂ ਕਵਿੱਤਰੀਆਂ ਨੂੰ ਲੈ ਕੇ ਪਹਿਲਾਂ ਖੋਜ ਕਾਰਜ ਦੇ ਖੇਤਰ ਵਿੱਚ ਕੋਈ ਖੋਜ ਦਾ ਕਾਰਜ ਨਹੀਂ ਹੋਇਆ। ਇਹ ਖੋਜ ਕਾਰਜ ਨਿਵੇਕਲਾ ਹੈ। ਇਹਨਾਂ ਦੋਵੇਂ ਹੀ ਕਵਿੱਤਰੀਆਂ ਨੂੰ ਲੈ ਕੇ ਕੋਈ ਵੀ ਖੋਜ ਪ੍ਰਬੰਧ ਸਾਹਮਣੇ ਨਹੀਂ ਆਉਂਦਾ ਪਰ ਸੁਰਜੀਤ ਕਲਸੀ ਦੇ ਨਾਲ ਸੰਬੰਧਿਤ ਇੱਕ ਖੋਜ ਕਾਰਜ ਸਾਹਮਣੇ ਆਉਂਦਾ ਹੈ:

1. ਸੁਰਜੀਤ ਕਲਸੀ ਰਚਿਤ 'ਪੌਣਾਂ ਨਾਲ ਗੁਫ਼ਤਗੂ ਇੱਕ ਆਲੋਚਨਾਤਮਕ ਅਧਿਐਨ', ਖੋਜਾਰਥੀ: ਨਾਨਕ ਚੰਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। ਇਸ ਖੋਜ ਕਾਰਜ ਵਿੱਚ ਖੋਜੀ ਨੇ ਸੁਰਜੀਤ ਕਲਸੀ ਦੀ ਕਾਵਿ-ਸੰਗ੍ਰਹਿ ਪੁਸਤਕ ਦਾ ਪੂਰਾ ਵੇਰਵਾ ਬਿਆਨ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਜਿੱਥੇ ਕਿਤੇ ਔਰਤ ਮਰਦ ਦੇ ਪਿਆਰ ਲਈ ਹੰਭਲੇ ਮਾਰ ਰਹੀ ਹੈ ਉੱਥੇ ਹੀ ਪਰਵਾਸੀ ਔਰਤ ਦੀ ਸਥਿਤੀ ਅਤੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਸਥਿਤੀ ਬਿਆਨ ਕਰਨ ਦੀ ਉਸਨੇ ਪੂਰੀ ਕੋਸ਼ਿਸ ਕੀਤੀ ਹੈ।

ਇਸ ਖੋਜ-ਪ੍ਰਬੰਧ ਨਾਲ ਸੰਬੰਧਿਤ ਨਾਰੀਵਾਦ ਅਤੇ ਪਰਵਾਸ ਨਾਲ ਸੰਬੰਧਿਤ ਕਾਫ਼ੀ ਖੋਜ ਕਾਰਜ ਹੋ ਚੁੱਕੇ ਹਨ ਇਸ ਕਰਕੇ ਉਹ ਖੋਜ ਪ੍ਰਬੰਧਾਂ ਨੂੰ ਪੜ੍ਹਿਆ ਤੇ ਘੋਖਿਆ ਗਿਆ ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. 'ਪੰਜਾਬੀ ਇਸਤਰੀਆਂ ਕਵੀਆਂ ਦੁਆਰਾ ਰਚਿਤ ਕਾਵਿ ਦਾ ਨਾਰੀਵਾਦੀ ਵਿਸ਼ਲੇਸ਼ਣ', (ਮਨਜੀਤ ਟਿਵਾਣਾ, ਵਨੀਤਾ, ਪਾਲ ਕੌਰ, ਸ਼ਸੀ ਸਮੁੰਦਰਾ ਅਤੇ ਨਿਰੂਪਮਾ ਦੱਤ ਦੇ ਵਿਸ਼ੇਸ ਸੰਦਰਭ ਵਿੱਚ), ਖੋਜਾਰਥੀ: ਕੁਲਦੀਪ ਕੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ। ਇਹਨਾਂ ਕਵਿੱਤਰੀਆਂ ਨੇ ਔਰਤ ਦੀ ਸਮਾਜ ਵਿੱਚਲੀ ਸਥਿਤੀ ਨੂੰ ਆਪਣੀਆਂ ਕਵਿਤਾਵਾਂ ਵਿੱਚ ਬਿਆਨ ਕੀਤਾ ਹੈ ਤੇ ਜਿਸ ਨੂੰ ਖੋਜੀ ਕੁਲਦੀਪ ਕੌਰ ਨੇ ਬੜੇ ਹੀ ਸਚੁੱਜੇ ਢੰਗ ਨਾਲ ਔਰਤ ਦੀ ਅਸੰਤੋਸ਼ਜਨਕ ਸਥਿਤੀ ਨੂੰ ਬਿਆਨਦੇ ਹੋਏ ਇਸ ਖੋਜ ਪ੍ਰਬੰਧ ਰਾਹੀਂ ਔਰਤ ਦੀ ਸਰੀਰਕ ਤੇ ਮਾਨਸਿਕ ਦੁਰਦਸ਼ਾ ਦਾ ਬਿਆਨ ਕੀਤਾ ਹੈ।
2. 'ਪਰਵਾਸੀ ਪੰਜਾਬੀ ਨਾਰੀ ਕਾਵਿ: ਥੀਮ ਵਿਗਿਆਨਕ ਅਧਿਐਨ (ਕੈਲਾਸ਼ਪੁਰੀ, ਅਮਰ ਜਿਉਤੀ ਤੇ ਸ਼ਸੀ ਸਮੁੰਦਰਾ ਦੇ ਆਧਾਰ ਤੇ)' ਖੋਜਾਰਥੀ ਜਤਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ਖੋਜਾਰਥੀ ਜਤਿੰਦਰ ਸਿੰਘ ਨੇ ਨਾਰੀ ਕਾਵਿ ਨਾਲ ਸੰਬੰਧ ਰੱਖਦੀਆਂ ਕਵਿੱਤਰੀਆਂ ਨੂੰ ਆਪਣੇ ਖੋਜ-ਪ੍ਰਬੰਧ ਦਾ ਹਿੱਸਾ ਬਣਾ ਕੇ

ਕਵਿੱਤਰੀਆਂ ਦੇ ਕਾਵਿ ਵਿੱਚਲੀ ਨਾਰੀ ਦੇ ਰੂਪ ਨੂੰ ਪੇਸ਼ ਕੀਤਾ ਹੈ। ਉਸ ਨੇ ਇਹ ਪੇਸ਼ ਕਰਨ ਦੀ ਕੋਸ਼ਿਸ ਕੀਤੀ ਕਿ ਮਰਦ ਪ੍ਰਧਾਨ ਸਮਾਜ ਵਿੱਚ ਨਾਂਹਮੁਖੀ ਕਦਰਾਂ ਕੀਮਤਾਂ ਅਤੇ ਨਾਰੀ ਵਿਰੋਧੀ ਮਰਦ ਤੋਂ ਛੁਟਕਾਰਾ ਪਾ ਕੇ ਆਦਰਸ਼ਕ ਮਰਦ ਦੀ ਭਾਲ ਵਿੱਚ ਰਹਿੰਦੀ ਹੈ ਉੱਥੇ ਹੀ ਔਰਤ ਦੀ ਆਪਣੇ ਆਪ ਨੂੰ ਪਛਾਨਣ ਦੀ ਤਲਾਸ਼ ਕਦੇ ਖ਼ਤਮ ਨਹੀਂ ਹੁੰਦੀ। ਉਹ ਸਮਾਜ ਵਿੱਚਲੇ ਮਰਦ ਨਾਲ ਟਾਕਰਾ ਲੈਂਦੀ ਹੈ ਤੇ ਕਦਰਾਂ-ਕੀਮਤਾਂ ਦੀ ਪ੍ਰਵਾਹ ਨਹੀਂ ਕਰਦੀ।

3. 'ਪਰਵਾਸੀ ਪੰਜਾਬੀ ਕਵਿਤਾ: ਮਿੱਥ ਰੂਪਾਂਤਰਣ (ਅਜੀਤ ਰਾਹੀ, ਅਮਰਜੀਤ ਚੰਦਨ, ਅਮਰ ਜਿਉਤੀ, ਸੁਰਜੀਤ ਕਲਸੀ ਅਤੇ ਸੁਖਪਾਲ ਦੇ ਸੰਦਰਭ ਵਿੱਚ)', ਖੋਜਾਰਥੀ: ਕੰਵਲਜੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ਇਸ ਖੋਜ ਪ੍ਰਬੰਧ ਵਿੱਚ ਖੋਜਾਰਥੀ ਨੇ ਸਦੀਆਂ ਤੋਂ ਚੱਲੀ ਆ ਰਹੀ ਔਰਤ ਦੀ ਦਰਦਨਾਕ ਸਥਿਤੀ ਦਾ ਬਿਆਨ ਕੀਤਾ ਹੈ। ਕਵੀ ਤੇ ਕਵਿੱਤਰੀਆਂ ਨੇ ਮਿੱਥਾਂ ਦੇ ਰੂਪ ਵਿੱਚ ਔਰਤ ਦੇ ਹਵਾਲੇ ਦੇ ਕੇ ਔਰਤ ਦੀ ਦੁਰਦਸ਼ਾ ਨੂੰ ਕਵਿਤਾ ਵਿੱਚ ਬਿਆਨ ਕੀਤਾ ਹੈ ਉੱਥੇ ਹੀ ਖੋਜਾਰਥੀ ਕੰਵਲਜੀਤ ਸਿੰਘ ਨੂੰ ਉਸ ਨੂੰ ਮਿੱਥ ਰੂਪਾਂਤਰਣ ਦੇ ਵਿਸ਼ੇਸ ਪ੍ਰਸੰਗ ਵਿੱਚ ਰੱਖ ਕੇ ਬੜੇ ਵਧੀਆ ਤਰੀਕੇ ਨਾਲ ਬਿਆਨਿਆ ਹੈ।

ਮੈਂ ਧੰਨਵਾਦੀ ਹਾਂ ਉਸ ਬਖ਼ਸਣਹਾਰ ਪ੍ਰਮਾਤਮਾ ਦੀ ਜੋ ਅਨੇਕਾਂ ਕਮੀਆਂ ਤੇ ਗਲਤੀਆਂ ਦੇ ਬਾਵਜੂਦ ਵੀ ਮੈਨੂੰ ਬਖ਼ਸ਼ਦਾ ਹੋਇਆ ਰਸਤਾ ਦਿਖਾ ਰਿਹਾ ਹੈ। ਮੈਂ ਤਹਿ ਦਿਲੋਂ ਧੰਨਵਾਦ ਆਪਣੇ ਨਿਗਰਾਨ ਡਾ: ਅਵਤਾਰ ਸਿੰਘ ਦਾ ਕਰਦੀ ਹਾਂ, ਜਿਹਨਾਂ ਨੇ ਇੱਕ ਖੋਟੇ ਸਿੱਕੇ ਦੀ ਕੁੱਝ ਕੀਮਤ ਪਾਈ। ਮੇਰੇ ਹਨੇਰੇ ਭਰੇ ਮਨ ਵਿੱਚ ਮੈਨੂੰ ਰੌਸ਼ਨੀ ਦੀ ਚਿਣਗ ਦਿੱਤੀ। ਮੈਂ ਧੰਨਵਾਦ ਕਰਦੀ ਹਾਂ ਮੇਰੇ ਪੂਜਨੀਕ ਮਾਤਾ ਅਮਰਜੀਤ ਕੌਰ ਗਿੱਲ ਦਾ, ਜਿਹਨਾਂ ਨੇ ਮੈਨੂੰ ਹਮੇਸ਼ਾਂ ਹੀ ਜ਼ਿੰਦਗੀ ਵਿੱਚ ਸਬਰ-ਸੰਤੋਖ ਰੱਖਣ ਅਤੇ ਮਿਹਨਤ ਕਰਨੀ ਸਿਖਾਈ ਅਤੇ ਆਪਣੇ ਖੋਜ ਕਾਰਜ ਵਿੱਚ ਰੁੱਝੇ ਰਹਿਣ ਦੀ ਹੱਲਾਸ਼ੇਰੀ ਦਿੱਤੀ। ਮੇਰੇ ਵੱਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੈਂਬਰਾਂ ਦਾ ਦਿਲੋਂ ਧੰਨਵਾਦ, ਜਿਹਨਾਂ ਨੇ ਮੇਰੇ ਖੋਜ ਕਾਰਜ ਨੂੰ ਮੁਕੰਮਲ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਇਹਨਾਂ ਸਭਨਾਂ ਦੇ ਯੋਗਦਾਨ ਸਦਕੇ ਮੈਂ ਇਹਨਾਂ ਦੀ ਆਭਾਰੀ ਹਾਂ।

**ਜਤਿੰਦਰ ਪਾਲ ਕੌਰ**

# ਅਧਿਆਇ-ਪਹਿਲਾ

# ਨਾਰੀਵਾਦ ਅਤੇ ਨਾਰੀ ਚੇਤਨਾ

# ਅਧਿਆਇ-ਪਹਿਲਾ

# ਨਾਰੀਵਾਦ ਅਤੇ ਨਾਰੀ ਚੇਤਨਾ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿੱਚ ਵਿੱਚਰਦਾ ਹੋਇਆ ਮਨੁੱਖ ਅਨੇਕ ਪ੍ਰਕਾਰ ਦੀਆਂ ਕੌੜੀਆਂ-ਖੱਟੀਆਂ, ਮਿੱਠੀਆਂ ਗੱਲਾਂ ਨੂੰ ਅਨੁਭਵ ਕਰਦਾ ਹੈ। ਮਨੁੱਖ ਅਤੇ ਸਮਾਜ ਦਾ ਰਿਸ਼ਤਾ ਦੂਹਰਾ ਹੈ। ਸਮਾਜਿਕ ਰਿਸ਼ਤੇ, ਸੰਸਥਾਵਾਂ, ਸਭਿਆਚਾਰ ਤੇ ਸੰਸਕ੍ਰਿਤੀ ਮਨੁੱਖ ਨੂੰ ਆਪਣੇ ਸਾਂਚੇ ਵਿੱਚ ਢਾਲਦੇ ਹਨ। ਸਮਾਜ ਵਿੱਚ ਜੋ ਕੁੱਝ ਵੀ ਵਾਪਰਦਾ ਹੈ, ਉਹ ਮਨੁੱਖ ਰਾਹੀਂ ਹੀ ਹੁੰਦਾ ਹੈ। ਸਮਾਜ ਵਿੱਚ ਦੋ ਪ੍ਰਕਾਰ ਦੇ ਜੀਵ-ਨਰ ਅਤੇ ਨਾਰੀ ਦਾ ਜਨਮ ਹੋਇਆ। ਔਰਤ ਤੇ ਮਰਦ ਵਿੱਚ ਰਿਸ਼ਤੇ ਬਣਨੇ ਸ਼ੁਰੂ ਹੋਏ। ਇਹ ਰਿਸ਼ਤਾ ਪਤੀ-ਪਤਨੀ ਦਾ, ਪਿਉ-ਧੀ ਦਾ, ਭੈਣ-ਭਰਾ ਦਾ, ਆਸ਼ਕ-ਮਾਸ਼ੂਕ ਦਾ ਬਣਿਆ। ਔਰਤ ਤੇ ਮਰਦ ਦੋਵੇਂ ਇੱਕ ਦੂਜੇ ਬਿਨਾਂ ਅਧੂਰੇ ਹਨ। ਮਰਦ ਨੂੰ ਸ਼ਕਤੀਸ਼ਾਲੀ ਅਤੇ ਔਰਤ ਨੂੰ ਨਾਜ਼ੁਕ ਕਰਕੇ ਸੱਦਿਆ ਜਾਂਦਾ ਰਿਹਾ ਹੈ। ਔਰਤ ਜੱਗ-ਜਨਣੀ ਹੈ। ਬੱਚੇ ਨੂੰ ਜਨਣਾ ਔਰਤ ਦਾ ਸਭ ਤੋਂ ਉੱਤਮ, ਪਵਿੱਤਰ ਤੇ ਲਾਜ਼ਮੀ ਅਮਲ ਹੈ ।ਸੰਸਕ੍ਰਿਤ ਭਾਸ਼ਾ ਵਿੱਚ ਔਰਤ ਨੂੰ 'ਨਾਰੀ' ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਔਰਤ, ਨਾਰੀ ਅਤੇ ਇਸਤਰੀ ਸਮਾਨਾਰਥੀ ਸ਼ਬਦ ਹਨ ।

ਸਮਾਜ ਵਿੱਚ ਨਾਰੀ ਦਾ ਅਹਿਮ ਰੋਲ ਹੈ। ਨਾਰੀ ਧੀ, ਭੈਣ, ਪਤਨੀ, ਮਾਂ, ਆਦਿ ਕਈ ਰੂਪਾਂ ਵਿੱਚ ਸਮਾਜ ਵਿੱਚ ਵਿੱਚਰਦੀ ਹੋਈ ਆਪਣੀ ਨਿਵੇਕਲੀ ਤੇ ਵਿਲੱਖਣ ਜਗ੍ਹਾ ਸਥਾਪਿਤ ਕਰਦੀ ਹੈ।ਭਾਰਤੀ ਮਹੰਤਵਾਦ ਵਿੱਚ ਨਾਰੀ ਨੂੰ ਇੱਕੋ ਵੇਲੇ ਜਨਮਦਾਤੀ, ਦਿਆਲੂ, ਉਦਾਰਚਿਤ, ਆਪਾਵਾਰਣ ਵਾਲੀ, ਗ੍ਰਹਿ ਸੁਆਮਣੀ ਵੀ ਦੱਸਿਆ ਗਿਆ ਹੈ ਤੇ ਨਾਲ ਹੀ ਉਸ ਨੂੰ ਝਗੜਾਲੂ, ਦੁਰਵਿਹਾਰੀ ਅਤੇ ਵਿਨਾਸ਼ਕ ਵੀ ਮੰਨਿਆ ਗਿਆ ਹੈ। ਪਿਤਰਕੀ ਪ੍ਰਬੰਧ ਵਿੱਚ ਨਾਰੀ ਨੂੰ ਕੇਵਲ ਮਾਤਰ ਸਰੀਰਕ ਸੁੰਦਰਤਾ ਜਾਂ ਮਨਮੋਹਕ ਵਸਤੂ ਦੇ ਰੂਪ ਵਿੱਚ ਵਿੱਚਾਰਿਆ ਗਿਆ ਹੈ।ਮਹਾਨ ਕੋਸ਼ ਵਿੱਚ ਇਸਤਰੀ ਦੇ ਅਰਥ ਇਸ ਪ੍ਰਕਾਰ ਦਿੱਤੇ ਗਏ ਹਨ, " ਨਾਰੀ, ਧਰਮ ਪਤਨੀ, ਵਹੁਟੀ, ਨਰ ਦੀ ਮਦੀਨ।"[1]

ਇੱਕ ਗੱਲ ਤਾਂ ਸਾਫ਼ ਹੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਨਾਰੀ ਅਤੇ ਨਰ ਦਾ ਅਟੁੱਟ ਸੰਬੰਧ ਹੈ। ਦੋਵਾਂ ਦੇ ਸੰਬੰਧ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੋਈ। ਨਾਰੀ ਅਤੇ ਨਰ ਦੀ ਉਤਪਤੀ ਬਾਰੇ ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਲਿਖਿਆ ਮਿਲਦਾ ਹੈ ਕਿ ਇੱਕੱਲ ਭੋਗਣ ਕਰਕੇ ਇੱਕ ਨੇ ਦੂਸਰੇ ਦੀ ਚਾਹਨਾ ਕੀਤੀ ਅਤੇ ਨਰ ਅਤੇ ਨਾਰੀ ਬਣੇ। ਨਾਰੀ ਮਰਦ (ਨਰ) ਨਾਲੋਂ ਜ਼ਿਆਦਾ ਸੰਵੇਦਨਸ਼ੀਲ ਅਤੇ ਭਾਵੁਕ ਹੈ। ਪੁਰਾਤਨ ਸਮੇਂ ਤੋਂ ਹੀ ਸਮਾਜ ਦੀ ਸਥਿਤੀ ਮਰਦ-ਪ੍ਰਧਾਨ ਰਹੀ ਹੈ। ਕਬੀਰ ਜੀ ਨੇ ਔਰਤ ਨੂੰ 'ਮਾਇਆ' ਮੰਨਿਆ ਹੈ ਤਾਂ ਦੂਜੇ ਪਾਸੇ ਗੋਰਖ਼ਨਾਥ ਨੇ ਔਰਤ ਨੂੰ 'ਬਾਘਣ' ਕਹਿ ਕੇ ਧ੍ਰਿਕਾਰਿਆ ਹੈ ਅਤੇ ਕਿਹਾ ਹੈ ਕਿ ਔਰਤ ਤਿੰਨ ਲੋਕਾਂ ਦਾ ਨਾਸ਼ ਕਰ ਦਿੰਦੀ ਹੈ :-

"ਬਾਘਨਿ ਜਿੰਦ ਲੈ, ਬਾਘਨਿ ਬਿੰਦ ਲੈ, ਬਾਘਨਿ ਹਮਰੀ ਕਾਇਆ
ਇਨ ਬਾਘਨਿ ਤ੍ਰੈ, ਲੋਕੀ ਖਾਈ, ਬਧਤਿ ਗੋਰਖ ਗਇਆ।"[2]

ਭਾਰਤੀ ਸਭਿਆਚਾਰ ਵਿੱਚ ਸ਼ੁਰੂ ਤੋਂ ਡੂੰਘੀ ਨਿਗਾਹ ਮਾਰੀਏ ਤਾਂ ਔਰਤ ਦੀ ਸਥਿਤੀ ਬਹੁਤੀ ਸੰਤੋਸ਼ਜਨਕ ਨਹੀਂ ਸੀ।ਪੁਰਾਤਨ ਧਾਰਮਿਕ ਗ੍ਰੰਥਾਂ ਵਿੱਚ ਭਾਰਤੀ ਨਾਰੀ ਦੀ ਸਥਿਤੀ ਬਹੁਤ ਤਰਸਯੋਗ ਦੱਸੀ ਗਈ ਹੈ। ਮਨੂੰ ਸਿਮ੍ਰਿਤੀ ਨਾਂ ਦਾ ਗ੍ਰੰਥ ਦੱਸਦਾ ਹੈ ਕਿ

ਨਾਰੀ ਦਾ ਬਚਪਨ ਪਿਤਾ ਦੇ ਅਧੀਨ, ਜੁਆਨੀ ਪਤੀ ਅਧੀਨ,ਹੋ ਕੇ ਅਤੇ ਬੁਢਾਪਾ ਪੁੱਤਰਾਂ ਅਧੀਨ ਬੀਤਣਾ ਚਾਹੀਦਾ ਹੈ। ਇਸਤਰੀ ਨੂੰ ਕਦੇ ਵੀ ਸਤੁੰਤਰ ਨਹੀਂ ਹੋਣਾ ਚਾਹੀਦਾ।ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਕਾਰਨਾਂ ਨੇ ਹਮੇਸ਼ਾਂ ਔਰਤ ਨੂੰ ਅਧੀਨਗੀ ਵਾਲੀ ਸਥਿਤੀ ਦਾ ਸ਼ਿਕਾਰ ਬਣਾਈ ਰੱਖਿਆ ਹੈ। ਔਰਤ ਅਤੇ ਮਰਦ ਦੇ ਹਿੱਤ ਵਿਰੋਧਤਾ ਵਾਲੇ ਨਹੀਂ ਸਗੋਂ ਦੋਹਾਂ ਦੇ ਹਿੱਤ ਸਾਂਝੇ ਹਨ। ਔਰਤ ਦਾ ਸਮਾਜਕ, ਆਰਥਕ, ਸਰੀਰਕ, ਮਾਨਸਕ, ਬੌਧਿਕ ਅਤੇ ਭਾਵਨਾਤਮਕ ਵਿਕਾਸ ਪੁਰਸ਼ਾਂ ਦੇ ਹਿੱਤ ਵਿੱਚ ਹੀ ਮੰਨਿਆ ਜਾਂਦਾ ਰਿਹਾ ਹੈ। ਜਿੱਥੇ ਸਵਿੱਤਰੀ ਆਪਣੇ ਪਤੀ ਸਤਿਆਵਾਨ ਨੂੰ ਮੌਤ ਦੇ ਦੇਵਤੇ ਯਮਰਾਜ ਤੋਂ ਬਚਾ ਕੇ ਲੈ ਆਉਂਦੀ ਹੈ, ਉੱਥੇ ਹੀ ਅਹੱਲਿਆ ਪਤੀ ਗੌਤਮ ਦੇ ਸਰਾਪ ਕਾਰਨ ਸੈਂਕੜੇ ਵਰ੍ਹੇ ਪੱਥਰ ਬਣੀ ਰਹਿੰਦੀ ਹੈ, ਜਿਸ ਨੂੰ ਸ੍ਰੀ ਰਾਮ ਚੰਦਰ ਜੀ ਮੁਕਤ ਕਰਦੇ ਹਨ। ਡਾ: ਹਰਪ੍ਰੀਤ ਸਿੰਘ ਅਨੁਸਾਰ, "ਧਿਆਨ ਦੇਣ ਵਾਲੀ ਗੱਲ ਹੈ ਕਿ ਅਹੱਲਿਆ ਨੂੰ ਵਰ ਅਤੇ ਸਰਾਪ ਦੋਵੇਂ ਪੁਰਸ਼ ਵੱਲੋਂ ਮਿਲਦੇ ਹਨ ਜੋ ਕਿ ਔਰਤ ਦੇ ਮੁਕਾਬਲੇ ਵਿੱਚ ਪੁਰਸ਼ ਦੀ ਸ਼ਕਤੀ ਦਾ ਪ੍ਰਗਟਾਵਾ ਹੈ।"[3]

ਆਰੀਆ ਸੱਭਿਆਚਾਰ ਦੇ ਸਥਾਪਤ ਹੋਣ ਤੋਂ ਪਹਿਲਾਂ ਔਰਤ ਦੀ ਸਥਿਤੀ ਸਤਿਕਾਰਯੋਗ ਰਹੀ ਹੈ। ਦੁਰਗਾ, ਚੰਡੀ ਕਾਲੀ, ਆਦਿ ਦੇਵੀਆਂ ਹਰ ਤਰ੍ਹਾਂ ਤੋਂ ਮਰਦ ਤੋਂ ਮਹਾਨ ਹਨ। ਰਮਾਇਣ ਅਤੇ ਮਹਾਂਭਾਰਤ ਦੇ ਸਮੇਂ ਵਿੱਚਲਾ ਯਥਾਰਥ 'ਮਨੂ ਸਿਮਰਤੀ' ਦੀ ਸਮਾਜਿਕਤਾ ਵਾਲਾ ਹੀ ਰਿਹਾ। ਰਮਾਇਣ ਵਿੱਚ ਅਗਸਤ ਰਿਸ਼ੀ ਦਾ ਵਿੱਚਾਰ ਹੈ ਕਿ ਨਾਰੀ ਖ਼ੁਸ਼ੀ ਸਮੇਂ ਆਪਣੇ ਪਤੀ ਨੂੰ ਪਿਆਰ ਕਰਦੀ ਹੈ, ਪਰ ਔਕੜ ਵੇਲੇ ਉਸਦਾ ਸਾਥ ਛੱਡ ਜਾਂਦੀ ਹੈ।ਗੁਰੂ ਗ੍ਰੰਥ ਸਾਹਿਬ ਵਿੱਚਲੀ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਨਾਰੀ ਦੀ ਸਥਿਤੀ ਬਾਰੇ ਪੂਰੇ ਸ਼ਬਦ ਦੀ ਰਚਨਾ ਕੀਤੀ ਜਿਸ ਵਿੱਚ ਪਰੰਪਰਾਗਤ ਵਿਸ਼ੇ ਨਾਲੋਂ ਦ੍ਰਿਸ਼ਟੀ ਬਿਲੱਕੁਲ ਭਿੰਨ ਤੇ ਵੱਖਰੀ ਹੈ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਸਨਮਾਨ ਭਰੀ ਨਜ਼ਰ ਨਾਲ ਵੇਖਿਆ। ਉਸ ਸਮੇਂ ਔਰਤ ਪਰਦੇ ਵਿੱਚ ਸੀ ਅਤੇ ਉਸ ਦੇ ਬਾਹਰ ਨਿਕਲਣ ਤੇ ਪਾਬੰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਦਾ ਅਧਿਕਾਰ ਵੀ ਇਸਤਰੀ ਨੂੰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਦਿਖਾਵੇ ਦਾ ਸੰਨਿਆਸ ਧਾਰਨ ਕੀਤਿਆਂ ਕਾਮ ਵਾਸ਼ਨਾਵਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ:-

> "ਹਾਥ ਕਮੰਡਲ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ,
> ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ "[4]

ਗੁਰੂ ਜੀ ਗੁਰਬਾਣੀ ਵਿੱਚ ਸੰਦੇਸ਼ ਦਿੱਤਾ ਕਿ ਧਾਰਮਿਕ ਪਰੰਪਰਾ ਵਿੱਚ ਇਸਤਰੀ ਨੂੰ ਉੱਚਾ ਸਥਾਨ ਦੇਣ ਲਈ ਨਾ ਤਾਂ ਸੰਨਿਆਸ ਦੀ ਲੋੜ੍ਹ ਹੈ ਅਤੇ ਨਾ ਹੀ ਗ੍ਰਹਿਸਤ ਜੀਵਨ 'ਚੋਂ ਭੱਜਕੇ ਔਰਤ ਦੀ ਨਿੰਦਾ ਕਰਨੀ ਚਾਹੀਦੀ ਹੈ। ਵੱਡੇ-ਵੱਡੇ ਜੱਗੀ, ਤਪੀ, ਸੰਨਿਆਸੀ ਪੁਰਖਾਂ ਨੂੰ ਜਨਮ ਦੇਣ ਵਾਲੀ ਔਰਤ ਹੀ ਹੈ ਤੇ ਨਾਰੀ ਪੂਜਣ ਯੋਗ ਹੈ, ਸਾਨੂੰ ਇਸਦਾ ਨਿਰਾਦਰ ਨਹੀਂ ਕਰਨਾ ਚਾਹੀਦਾ।ਸਿੱਖ ਰਹਿਤਨਾਮੇ ਵਿੱਚ ਸਿੱਖ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦਿੱਤੇ ਗਏ ਹਨ। ਹਰ ਇੱਕ ਸਿੱਖ ਔਰਤ ਨੂੰ ਅੰਮ੍ਰਿਤ ਛੱਕਣ ਦਾ, ਪੰਜ ਪਿਆਰਿਆਂ ਵਿੱਚ ਸ਼ਾਮਿਲ ਹੋਣ ਦਾ, ਗ੍ਰੰਥੀ ਪ੍ਰਚਾਰਕ ਰਾਗੀ ਬਣਨ ਦੇ ਹੱਕ ਪ੍ਰਾਪਤ ਹੋਏ। ਗੁਰਮਤਿ ਵਿਚਾਰਧਾਰਾ ਅਨੁਸਾਰ ਔਰਤ ਅਜ਼ਾਦੀ ਲਈ ਸੰਘਰਸ਼ ਦੇ ਰਾਹ ਖੋਲ੍ਹਦੀ ਹੈ।

ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੇ ਹੋਏ ਹਮੇਸ਼ਾਂ ਤੋਂ ਹੀ ਔਰਤਾਂ ਨੂੰ ਸਮਾਜ ਵਿੱਚ ਰਹਿ ਕੇ ਮਰਦ ਦੇ ਹੁਕਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਉਸ ਦਾ ਮਾਨਸਕ ਤਾਣਾ-ਬਾਣਾ ਘਰੇਲੂ ਜਿੰਮੇਵਾਰੀਆਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਉਸ ਦੀ ਬੌਧਿਕਤਾ ਸਾਧਾਰਨ ਦਰਜੇ ਦੀ ਹੋ ਜਾਂਦੀ ਹੈ।ਉਸ ਦੇ ਹਾਸਿਆਂ ਨੂੰ ਜੰਜ਼ੀਰਾਂ ਪਾ ਲਈਆਂ ਜਾਂਦੀਆਂ ਹਨ। ਉਹ ਖੁੱਲ ਕੇ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਨਹੀਂ ਕਰ ਪਾਉਂਦੀ। ਇਹ ਖਾਮੋਸ਼ੀ ਉਸਨੂੰ ਅੰਦਰੋਂ-ਅੰਦਰ ਪੀੜਦੀ ਰਹਿੰਦੀ ਹੈ ਤੇ ਹੌਲੀ-ਹੌਲੀ ਉਹ

ਮਾਨਸਕ ਬੀਮਾਰ ਹੋਣ ਲੱਗਦੀ ਹੈ। ਡਾਕਟਰੀ ਸਰਵੇਖਣ ਅਨੁਸਾਰ ਕਿ ਪੜ੍ਹੀਆਂ- ਲਿਖੀਆਂ ਤੇ ਨੌਕਰੀ ਕਰਦੀਆਂ ਔਰਤਾਂ ਅੱਜ ਬਲੱਡ ਪ੍ਰੈਸ਼ਰ, ਹਾਈ ਪਰਟੈਸ੍ਹਨ, ਡਿਪਰੈਸ਼ਨ ਜਿਹੀਆਂ ਮਾਨਸਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੀਆਂ ਹਨ।" ਲੋੜ੍ਹ ਇੱਕ ਨਵਾਂ ਬੀਜ, ਬੀਜ ਕੇ ਇੱਕ ਨਵਾਂ ਤੰਦਰੁਸਤ ਰੁੱਖ ਪ੍ਰਾਪਤ ਕਰਨ ਦੀ ਨਹੀਂ ਹੈ ਪਰ ਲੋੜ ਹੈ ਉਸੇ ਪੁਰਾਣੇ ਰੁੱਖ ਨੂੰ ਫਿਰ ਤੋਂ ਸੁਰਜੀਤ ਕਰਨ ਦੀ ਜਿਹੜਾ ਗਲਤੀ ਨਾਲ ਲੱਕੜ ਸਮਝਿਆ ਜਾਂਦਾ ਹੈ।"[5]

ਸੂਫੀ ਚਿੰਤਕਾਂ ਨੇ ਇਸਤਰੀ ਨੂੰ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਕੀਤਾ ਹੈ ਕਿ ਜਦੋਂ ਇਸਤਰੀ ਮਾਇਆ ਵਿੱਚ ਵਿੱਚਰਦੀ ਹੈ ਤਾਂ ਉਸ ਦੇ ਅਮਲ ਵਿੱਚੋਂ ਪ੍ਰਗਟ ਹੁੰਦੀ ਉਸ ਦੀ ਸ਼ਖਸੀਅਤ ਦਾ ਹੁਸਨ ਪਰਦੇ ਦੀਆਂ ਅੱਗੇ ਤੋਂ ਅੱਗੇ ਅਨੇਕ ਸ਼ਕਲਾਂ ਵਿੱਚ ਦਿਸਦਾ ਹੈ। ਕਦੀ ਇਸਤਰੀ ਦਾ ਰੂਪ ਮਾਇਆ ਵੱਲ ਆਪਣੀ ਭਰਪੂਰ ਸ਼ਖਸੀਅਤ ਦੇ ਜਲੌਅ ਵਿੱਚ ਮਿਹਰਬਾਨ ਹੁੰਦਾ ਹੈ। ਜੇ ਇਹੀ ਇਸਤਰੀ ਰੱਬ ਵੱਲ ਰੁੱਖ਼ ਕਰਦੀ ਹੈ ਤਾਂ ਰੂਹਾਨੀਅਤ ਅਤੇ ਰੋਸ਼ਨੀ ਦੇ ਨਵੇਂ ਪਰਦੇ ਉਸ ਦੇ ਹੁਸਨ ਨੂੰ ਪਰਤ-ਦਰ-ਪਰਤ ਜ਼ਾਹਿਰ ਕਰਦੇ ਨਜ਼ਰ ਆਉਂਦੇ ਹਨ। ਸਿੱਖ-ਇਤਿਹਾਸ ਵਿੱਚ ਆਈਆਂ ਇਸਤਰੀਆਂ ਜਿਵੇਂ ਕਿ ਮਾਈ ਭਾਗੋ ਅਤੇ ਸੁੰਦਰੀ ਨੇ ਧਰਮ ਦੇ ਇਤਿਹਾਸ ਵਿੱਚ ਪਵਿੱਤਰ ਮਹਾਂ ਜੰਗ (The great Holy war) ਵਿੱਚ ਭਰਪੂਰ ਯੋਗਦਾਨ ਪਾਇਆ ਹੈ ਅਤੇ ਮੌਤ ਦੀਆਂ ਕੁੱਲ ਹੱਦਾਂ ਤੋਂ ਇੱਥੇ ਇਸਤਰੀ ਨੇ ਪਾਰਗਾਮੀ ਹੋ ਕੇ ਬੇਮਿਸਾਲ ਸਹਿਜ, ਸਿਦਕ ਨਿਰਛਲਤਾ ਅਤੇ ਪਿਆਰ ਦਾ ਪ੍ਰਮਾਣ ਦਿੱਤਾ ਹੈ।

ਏਂਗਲਜ਼ ਨੇ ਆਪਣੀ ਪੁਸਤਕ, 'ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ' ਵਿੱਚ ਮਰਦ ਅਤੇ ਔਰਤ ਦੇ ਸੰਬੰਧਾਂ ਨੂੰ ਟੋਲੀ-ਵਿਆਹ, ਜੋੜਾ-ਵਿਆਹ ਅਤੇ ਇੱਕ ਪਤੀ ਅਤੇ ਇੱਕ ਪਤਨੀ ਵਿਆਹ ਨੂੰ ਕ੍ਰਮਵਾਰ ਇਉਂ ਵੰਡਦਾ ਹੈ :-

1. ਵਹਿਸ਼ਤ ਦਾ ਯੁੱਗ
2. ਜਹਾਲਤ ਦਾ ਯੁੱਗ
3. ਸਭਿੱਅਤਾ ਦਾ ਯੁੱਗ

ਵਹਿਸ਼ਤ ਦੇ ਯੁੱਗ ਵਿੱਚ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤੇ ਰੁੱਖਾਂ-ਦਰਖੱਤਾਂ ਤੇ ਹੀ ਨਿਵਾਸ ਕਰਦਾ ਸੀ। ਰੁੱਖਾਂ ਦੇ ਪੱਤੇ ਤੋੜ ਕੇ ਖਾਣ ਨਾਲ ਹੀ ਉਸ ਦਾ ਪੇਟ ਭਰਦਾ ਸੀ। ਹੌਲੀ-ਹੌਲੀ ਉਹ ਖਾਣ ਵਾਲੀਆਂ ਵਸਤਾਂ ਨੂੰ ਪਕਾ ਕੇ ਖਾਣ ਲੱਗਾ, ਕਿਉਂਕਿ ਅੱਗ ਦੀ ਵਰਤੋਂ ਕਰਨੀ ਉਸ ਨੇ ਸਿੱਖ ਲਈ ਸੀ। ਫਿਰ ਤੀਰ ਕਮਾਨ ਦੀ ਕਾਢ ਕਾਰਨ ਉਹ ਸ਼ਿਕਾਰ ਕਰਕੇ ਪਸ਼ੂ-ਪੰਛੀਆਂ ਦਾ ਮਾਸ ਖਾਣ ਲੱਗਾ। ਨਾਰੀ ਮਰਦ ਦੇ ਅਧੀਨ ਨਹੀਂ ਸੀ।" ਲਿੰਗ-ਸੰਬੰਧਾਂ ਦੀ ਖੁੱਲ ਸੀ, ਹਰ ਨਾਰੀ ਹਰ ਪੁਰਸ਼ ਦੀ ਸੀ ਅਤੇ ਹਰ ਪੁਰਸ਼ ਹਰ ਨਾਰੀ ਦਾ ਸੀ ਇਸ ਯੁੱਗ ਵਿੱਚ ਟੋਲੀ ਵਿਆਹ ਦੀ ਪ੍ਰੰਪਰਾ ਸੀ। ਇਸ ਪ੍ਰੰਪਰਾ ਤੋਂ ਬੱਚੇ ਦੀ ਮਾਂ ਦਾ ਤਾਂ ਪਤਾ ਮਿਲ ਜਾਂਦ ਾਸੀ ਪਰ ਉਸਦੇ ਬਾਪ ਬਾਰੇ ਕੁੱਝ ਵੀ ਨਿਸ਼ਚਿਤ ਰੂਪ ਵਿੱਚ ਨਹੀਂ ਕਿਹਾ ਜਾ ਸਕਦਾ, ਬੱਚੇ ਪੈਦਾ ਕਰਨ ਦੀ ਸ਼ਕਤੀ ਸਦਕਾ ਸਮਾਜ ਵਿੱਚ ਔਰਤ ਨੂੰ ਪੂਰਾ ਮਾਣ-ਸਨਮਾਨ ਪ੍ਰਾਪਤ ਸੀ।"[6]

ਜਾਇਦਾਦ ਉੱਪਰ ਮਰਦ ਦਾ ਅਧਿਕਾਰ ਹੋਣ ਕਰਕੇ ਔਰਤ ਦੀ ਸਥਿਤੀ ਆਮ ਪਰਿਵਾਰਕ ਮੈਂਬਰ ਦੀ ਹੋ ਗਈ। ਉਹ ਮਰਦ ਉੱਪਰ ਨਿਰਭਰ ਹੋ ਕੇ ਰਹਿ ਗਈ। ਅੰਗਰੇਜ਼ ਮਿਸ਼ਨਰੀ ਲਾਰੀਮਰ ਫ਼ਿਸ਼ਨ ਟੋਲੀਆਂ ਦੇ ਜਿਨਸੀ ਸੰਬੰਧਾਂ ਵਿੱਚ ਵਿਕਾਸ ਦਾ ਇੱਕ ਹੋਰ ਪੜਾ ਲੱਭਦਾ ਹੈ। ਉਸ ਅਨੁਸਾਰ, "ਆਸਟਰੇਲੀਆ ਦਾ ਇੱਕ ਕਬੀਲਾ ਦੋ ਮਹਾਨ ਸ੍ਰੇਣੀਆਂ ਕਰੋਕੀ ਅਤੇ ਕੁਮਿਤੇ ਵਿੱਚ ਵੰਡਿਆ ਹੋਇਆ ਸੀ । ਹਰ ਸ਼੍ਰੇਣੀ ਦੇ ਅੰਦਰ ਲਿੰਗ ਭੋਗ ਦੀ ਸਖ਼ਤ ਮਨਾਹੀ ਸੀ ,ਜਦੋਂ ਇੱਕ ਸ਼੍ਰੇਣੀ ਦਾ ਹਰ ਮਰਦ ਦੂਜੀ ਸ਼੍ਰੇਣੀ ਦੀ ਹਰ ਔਰਤ ਨਾਲ ਲਿੰਗ ਭੋਗ ਕਰ ਸਕਦਾ ਸੀ।"[7]

ਫਿਰ ਗੋਤਰ ਦੀ ਉਪਜ ਵਧੀ ਭੈਣ-ਭਰਾਵਾਂ, ਖ਼ੂਨ ਦੇ ਰਿਸ਼ਤੇਦਾਰਾਂ ਗੋਤਰ ਦੇ ਮੈਂਬਰਾਂ ਆਦਿ ਵਿੱਚ ਬੰਦਿਸ਼ਾਂ ਵੱਧ ਗਈਆਂ ਤੇ ਟੋਲੀ-ਵਿਆਹ ਸਮਾਪਤ ਹੋਣ ਲੱਗੇ। ਔਰਤ ਦੀ ਕਮੀ ਹੋਣ ਕਰਕੇ ਇਸਦੀ ਖ਼ਰੀਦੋ-ਫ਼ਰੋਕਤ ਹੋਣ ਲੱਗੀ। ਜੋੜਾ-ਵਿਆਹ ਆਰੰਭ ਹੋ ਗਏ ਪਰ ਮਰਦ ਅਤੇ ਇਸਤਰੀ ਆਪਣੀ ਮਰਜ਼ੀ ਮੁਤਾਬਿਕ ਇਸ ਵਿਆਹ ਨੂੰ ਖ਼ਤਮ ਕਰ ਸਕਦੇ ਸਨ। ਦੌਲਤ ਦੇ ਵਧਣ ਨਾਲ ਟੱਬਰ ਵਿੱਚ ਮਰਦ ਦੀ ਸਥਿਤੀ ਮਜ਼ਬੂਤ ਤੇ ਔਰਤ ਦੀ ਸਥਿਤੀ ਨਾਜ਼ੁਕ ਹੋ ਗਈ। ਇੱਕ ਪਤੀ ਪਤਨੀ ਤੋਂ ਜੋ ਵੀ ਬੱਚੇ ਪੈਦਾ ਕਰਨੇ ਚਾਹੁੰਦਾ ਸੀ ,ਜਿਹਨਾਂ ਦੀ ਪਿਤਰਕਾ ਉੱਤੇ ਕੋਈ ਸ਼ੱਕ ਪੈਦਾ ਨਾ ਹੋਵੇ।ਇੱਕ ਪਤੀ ਜੇਕਰ ਪਤਨੀ ਦੀ ਪ੍ਰਥਾ ਨੂੰ ਤੋੜਦਾ ਹੈ ਤਾਂ ਉਸਦਾ ਕੋਈ ਨੁਕਸਾਨ ਨਹੀਂ ਹੁੰਦਾ ਪਰ ਜੇਕਰ ਪਤਨੀ ਕਿਸੇ ਪ੍ਰਥਾ ਦਾ ਉਲੰਘਣ ਕਰਦੀ ਹੈ ਤਾਂ ਉਸ ਨੂੰ ਛੇਕ ਦਿੱਤਾ ਜਾਂਦਾ ਸੀ ਮਰਦ ਬਿਨਾਂ ਕਿਸੇ ਭੈਅ ਦੇ ਬਾਹਰ ਵੇਸਵਾਵਾਂ ਨਾਲ ਸੰਬੰਧ ਵੀ ਬਣਾ ਕੇ ਰੱਖਦਾ ਸੀ।ਏਂਗਲਜ਼ ਸੱਭਿਅਤਾ ਦੇ ਯੁੱਗ ਨੂੰ ਵੱਖਰੇ-ਵੱਖਰੇ ਸਮਾਜਿਕ ਸੰਬੰਧਾਂ ਅਧੀਨ ਵਿਕਸਿਤ ਹੋਇਆ ਮੰਨਦਾ ਹੈ, ਜਿਸ ਵਿੱਚ ਹੇਠ ਲਿਖੇ ਪ੍ਰਬੰਧ ਵਧੇਰੇ ਮਹੱਤਵਪੂਰਨ ਹਨ :-

1. ਗ਼ੁਲਾਮਦਾਰੀ
2. ਜਾਗੀਰਦਾਰੀ
3. ਪੂੰਜੀਵਾਦੀ
4. ਸਮਾਜਵਾਦੀ

ਗ਼ੁਲਾਮਦਾਰੀ: ਗ਼ੁਲਾਮੀ ਦੀ ਇਸ ਪ੍ਰਥਾ ਨਾਲ ਔਰਤ ਧਨਾਢ ਘਰਾਂ ਵਿੱਚ ਭੋਗ ਅਤੇ ਪ੍ਰਜਣਨ ਵਾਲੀ ਸ਼ੈਅ ਬਣ ਗਈ। ਗ਼ੁਲਾਮਦਾਰੀ ਯੁੱਗ ਵਿੱਚ ਇੱਕ ਵਿਆਹ ਜਾਇਜ਼ ਸੀ ਪਰ ਇਹ ਗੱਲ ਸਿਰਫ਼ ਔਰਤਾਂ ਉੱਪਰ ਲਾਗੂ ਹੁੰਦੀ ਸੀ। ਮਰਦ ਇੱਕ ਤੋਂ ਵਧੇਰੇ ਵਿਆਹ ਕਰਾ ਸਕਦਾ ਸੀ, ਇਵੇਂ ਹੀ ਹਾਰੇ ਹੋਏ ਰਾਜੇ ਦੀਆਂ ਰਾਣੀਆਂ ਜਿੱਤੇ ਹੋਏ ਰਾਜੇ ਨੂੰ ਮਿਲ ਜਾਂਦੀਆ ਹਨ। "ਇਸਤਰੀ ਭਾਵੇਂ ਕਿਸੇ ਉਮਰ ਦੀ ਹੋਵੇ, ਸਤੁੰਤਰ ਕੰਮ ਨਾ ਕਰੇ, ਬਾਲਪਨ ਵਿੱਚ ਪਿਤਾ ਦੀ, ਜੁਆਨੀ ਵਿੱਚ ਪਤੀ ਦੀ, ਰੰਡੀ ਹੋ ਕੇ ਪੁੱਤਰਾਂ ਦੀ ਆਗਿਆ ਪਾਲੇ, ਇਸਤਰੀ ਪਿਤਾ, ਭਾਈ ਜਿਸ ਨਾਲ ਜੋੜ ਦੇਣ ਉਸ ਪਤੀ ਦੀ ਸੇਵਾ ਕਰੇ ਔਰ ਰੰਡੀ ਹੋ ਕੇ ਪਰਾਏ ਪੁਰਸ਼ ਨਾਲ ਪਿਆਰ ਕਦੀ ਨਾ ਕਰੇ, ਭਾਵੇਂ ਪਤੀ ਬੇਗੁਣ, ਵਿਭਚਾਰੀ ਵੀ ਹੋਵੇ, ਪਤੀਬ੍ਰਤਾ ਇਸਤਰੀ ਪਤੀ ਦੇ ਮਰ ਜਾਣ ਪਿੱਛੋਂ ਵੀ ਉਸ ਦੀ ਆਗਿਆ ਪਾਲੇ ਅਤੇ ਪਿੱਛੋਂ ਦੂਜਾ ਪਤੀ ਨਾ ਕਰੇ।"[8]

2.ਜਾਗੀਰਦਾਰੀ: ਜਾਗੀਰਦਾਰੀ ਦਾ ਆਧਾਰ ਜ਼ਮੀਨ ਉੱਤੇ ਜਾਗੀਰਦਾਰ ਦਾ ਮਾਲਿਕਾਨਾ ਹੱਕ ਹੈ। ਇਸ ਸਥਿਤੀ ਵਿੱਚ ਜਾਗੀਰਦਾਰ ਔਰਤ ਉੱਪਰ ਵੀ ਆਪਣਾ ਹੱਕ ਜਤਾਉਣ ਲੱਗਿਆ। ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਇੱਕ ਪਾਸੇ ਭੂਮੀਪਤੀ ਸਾਮੰਤ ਸੀ ਅਤੇ ਦੂਜੇ ਪਾਸੇ ਗ਼ੁਲਾਮ ਮਰਦ ਅਤੇ ਔਰਤਾਂ ਸਨ। ਮਿਹਨਤ ਕਰਨ ਵਾਲੇ ਕਾਮਿਆਂ ਨੂੰ ਆਪਣੀ ਮਿਹਨਤ ਦਾ ਬਹੁਤ ਸਾਰਾ ਹਿੱਸਾ ਆਪਣੇ ਮਾਲਕਾਂ ਨੂੰ ਦੇਣਾ ਪੈਂਦਾ ਸੀ। ਸਮਾਜ ਵਿੱਚ ਉਸ ਸਮੇਂ ਔਰਤ ਨੂੰ ਦੂਹਰੀ ਗ਼ੁਲਾਮੀ ਭੋਗਣੀ ਪਈ। ਔਰਤ ਪਾਸ ਆਪਣਾ ਕੋਈ ਅਧਿਕਾਰ ਜਾਂ ਹੱਕ ਨਹੀਂ ਸੀ ਰਿਹਾ। ਲੁੱਟ-ਖਸੁੱਟ ਤੇ ਜਾਗੀਰਦਾਰੀ ਐਸ਼ ਦੀ ਪ੍ਰਥਾ ਕਰਕੇ ਔਰਤਾਂ ਨੂੰ ਚਾਰ-ਦੀਵਾਰੀ ਵਿੱਚ ਰੱਖਿਆ ਜਾਣ ਲੱਗਿਆ। ਲੜਕੀ ਦੇ ਪੈਦਾ ਹੋਣ ਤੇ ਮਾਂ-ਬਾਪ ਨੂੰ ਇੱਜ਼ਤ ਪ੍ਰਤੀ ਖ਼ਤਰਾ ਜਾਪਿਆ। ਇਸ ਸਮੇਂ ਵਿੱਚ ਹੀ ਸਮਾਜਿਕ ਬੁਰਾਈਆਂ, ਸਤੀ ਪ੍ਰਥਾ, ਬਾਲ ਵਿਆਹ ਉੱਭਰ ਕੇ ਸਾਹਮਣੇ ਆਉਣ ਲੱਗੇ।

3.ਪੂੰਜੀਵਾਦੀ: ਇਸ ਯੁੱਗ ਵਿੱਚ ਪੈਦਾਵਾਰੀ ਸਾਧਨਾਂ ਉੱਤੇ ਪੂੰਜੀਪਤੀਆਂ ਦਾ ਅਧਿਕਾਰ ਬਣਿਆ। ਪੂੰਜੀਵਾਦੀ ਯੁੱਗ ਵਿੱਚ ਔਰਤ ਵੱਡੇ ਪੱਧਰ ਉੱਤੇ ਕਾਰਖਾਨਿਆਂ ਵਿੱਚ ਕੰਮ ਕਰਨ ਲੱਗੀ। ਇੱਥੇ ਜਾ ਕੇ ਉਸ ਨੂੰ ਕੁੱਝ ਚਾਰਦੀਵਾਰੀ ਤੋਂ ਥੋੜ੍ਹੀ-ਬਹੁਤ ਰਾਹਤ ਆਈ। ਔਰਤ ਦੇ ਆਤਮ-ਨਿਰਭਰ ਹੋਣ ਕਰਕੇ ਉਹਨਾਂ ਦਾ ਸ਼ੋਸਣ ਹੀ ਨਹੀਂ ਘਟਿਆ, ਸਗੋਂ ਉਹ ਆਪਣੇ ਅਧਿਕਾਰਾਂ ਪ੍ਰਤੀ ਵੀ

ਜਾਗਰੂਕ ਹੋਣ ਲੱਗੀਆਂ। ਔਰਤ ਵਿੱਚ ਆਪਣੇ ਔਰਤਪੁਣੇ ਜਾਂ ਨਾਰੀਤਵ ਦੀ ਚੇਤਨਾ ਦਾ ਬੀਜ ਇਸੇ ਹੀ ਸਮੇਂ ਵਿੱਚ ਬੀਜਿਆ ਗਿਆ।

4.ਸਮਾਜਵਾਦੀ: ਸਮਾਜਵਾਦ ਦਾ ਦੌਰ ਲੁੱਟ-ਖਸੁੱਟ ਦੀ ਬਜਾਏ ਬਰਾਬਰੀ ਦੇ ਸੰਬੰਧਾਂ ਉੱਪਰ ਉਸਰਿਆ ਹੋਇਆ ਹੈ।ਇਸੇ ਦੌਰ ਵਿੱਚ ਔਰਤ ਨੂੰ ਵੀ ਇੱਕ ਇਨਸਾਨ ਦਾ ਦਰਜਾ ਦਿੱਤਾ ਜਾਣ ਲੱਗਾ। ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਪ੍ਰਾਪਤ ਹੋਣ ਲੱਗੇ। ਆਰਥਿਕ ਪੱਖੋਂ ਸਵੈ-ਨਿਰਭਰ ਹੋਣ ਕਰਕੇ ਔਰਤ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਹੋਇਆ। ਲੈਨਿਨ ਨੇ ਸਮਾਜਵਾਦ ਦੀ ਵਿਆਖਿਆ ਕਰਦੇ ਹੋਏ ਇਸ ਵਿੱਚ ਔਰਤ ਦੀ ਸੁੰਦਰਤਾ ਨੂੰ ਲਾਜ਼ਮੀ ਮੰਨਿਆ ਹੈ, ਉਸਦੇ ਸ਼ਬਦਾਂ ਅਨੁਸਾਰ, " ਅਗਰ ਅਸੀਂ ਔਰਤਾਂ ਨੂੰ ਸਮਾਜਿਕ ਜੀਵਨ ਵਿੱਚ, ਸੈਨਾ ਵਿੱਚ, ਰਾਜਨੀਤੀ ਵਿੱਚ ਨਹੀਂ ਲਿਆ ਸਕਦੇ, ਅਗਰ ਅਸੀਂ ਉਹਨਾਂ ਨੂੰ ਰਸੋਈ ਦੇ ਨੀਰਸ ਵਾਤਾਵਰਣ ਵਿੱਚੋਂ ਬਾਹਰ ਨਹੀਂ ਕੱਢ ਸਕਦੇ ਤਾਂ ਵਾਸਤਵਿਕ ਸਤੁੰਤਰਤਾ ਹਾਸਿਲ ਕਰਨਾ ਇੱਕ ਦਮ ਅਸੰਭਵ ਹੈ, ਸਮਾਜਵਾਦ ਦੀ ਗੱਲ ਤਾਂ ਬਹੁਤ ਦੂਰ, ਜਨਤੰਤਰ ਦੀ ਸਥਾਪਨਾ ਵੀ ਸੰਭਵ ਨਹੀਂ ਹੈ।"[9]

ਪੰਜਾਬੀ ਸਮਾਜ ਵਿੱਚ ਔਰਤ ਦੀ ਸਥਿਤੀ ਉਦੋਂ ਬਦਲਣੀ ਸ਼ੁਰੂ ਹੋਈ ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਔਰਤ ਦੇ ਹੱਕ ਦੀ ਗੱਲ ਕੀਤੀ,ਔਰਤ ਨੂੰ ਜਨਣੀ ਕਹਿ ਕੇ ਨਿਵਾਜਿਆ ਅਤੇ ਉਸ ਨੂੰ ਸਤਿਕਾਰਯੋਗ ਦਰਜਾ ਦਿੱਤਾ:

"ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਣ ਚਲੈ ਰਾਹੁ॥
ਭੰਡ ਮੁਆ ਭੰਡ ਭਾਲੀਐ, ਭੰਡਿ ਹੋਵੈ ਬੰਧਾਨ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ "[10]

ਗੁਰਬਾਣੀ ਨੇ ਉਸ ਸਭਿਆਚਾਰ ਦੀ ਸਥਾਪਨਾ ਕੀਤੀ, ਜਿਸ ਵਿੱਚ ਨਾਰੀ ਸੁੰਦਰ ਸਰੂਪ ਵਿੱਚ ਸਾਹਮਣੇ ਆਉਂਦੀ ਹੈ। ਇਹ ਗੱਲ ਪ੍ਰਪੱਕ ਤੌਰ ਤੇ ਨਹੀਂ ਕਹੀ ਜਾ ਸਕਦੀ ਕਿ ਔਰਤ ਪੂਰੀ ਤਰ੍ਹਾਂ ਸਤੁੰਤਰ ਹੋ ਗਈ ਸੀ ਜਾਂ ਲੋਕਾਂ ਨੇ ਇਸ ਸਿਧਾਂਤ ਤੇ ਅਮਲ ਕੀਤਾ। ਹਾਲੇ ਲੋਕ ਪੂਰੀ ਤਰ੍ਹਾਂ ਪਰੰਪਰਕ ਬ੍ਰਾਹਮਣਵਾਦ, ਮਨੂੰ-ਸਿਮਰਤੀ ਜਾਂ ਫਿਊਡਲਿਜ਼ਮ ਤੋਂ ਮੁਕਤ ਨਹੀਂ ਸੀ ਹੋ ਸਕੇ।ਉਸ ਵੇਲੇ ਰਚੇ ਗਏ ਧਰਮ ਗ੍ਰੰਥਾਂ, ਉਪਨਿਸ਼ਦਾਂ, ਸਿਮਰਤੀਆਂ ਨੇ ਨਾਰੀ ਉੱਪਰ ਕਈ ਤਰ੍ਹਾਂ ਦੇ ਅੰਕੁਸ਼ ਲਗਾਏ, ਜੋ ਨਾਰੀ ਨੂੰ ਪਿਤਰਕ ਪ੍ਰਬੰਧ ਜਾਂ ਪੁਰਸ਼ ਦੇ ਅਧੀਨ ਹੋਣ ਦੀ ਪ੍ਰੋੜ੍ਹਤਾ ਕਰਦੇ ਹਨ।ਨਾਰੀ ਨੂੰ ਨਿੰਦਦਾ ਹੋਇਆ ਮਨੂੰ ਲਿਖਦਾ ਹੈ, "ਇੱਕ ਤੀਵੀਂ ਨੂੰ ਤਿਆਗਿਆ ਜਾ ਸਕਦਾ ਹੈ ਜਾਂ ਤਲਾਕ ਦਿੱਤਾ ਜਾ ਸਕਦਾ ਹੈ, ਜੇ ਉਹ ਬਾਂਝ ਹੈ ਜਾਂ ਕੇਵਲ ਪੁੱਤਰੀਆਂ ਨੂੰ ਜਨਮ ਦਿੰਦੀ ਹੈ, ਜਾਂ ਫਿਰ ਪਤੀ-ਭਗਤੀ ਵਿਰੁੱਧ ਵਿੱਚਾਰਾਂ ਵਾਲੀ ਹੈ।"[11]

ਜੇਕਰ ਇਹ ਮੰਨ ਲਿਆ ਜਾਵੇ ਕਿ ਇੱਕਲਾ ਮਨੂੰ ਹੀ ਇਸ ਨਿਯਮਾਂ ਨੂੰ ਨਿਰਧਾਰਤ ਕਰਦਾ ਹੈ ਤਾਂ ਇਹ ਜ਼ਰੂਰੀ ਨਹੀਂ, ਬ੍ਰਹਸਪਤੀ ਅਤੇ ਹੋਰਨਾਂ ਚਿੰਤਕਾਂ ਨੇ ਵੀ ਸਤੀ ਪ੍ਰਥਾ ਨੂੰ ਉਭਾਰਨ ਵਿੱਚ ਯੋਗਦਾਨ ਦਿੱਤਾ।ਉਸ ਸਮੇਂ ਨਾਰੀ ਨੂੰ ਕਮਜ਼ੋਰ ਸੈਕਸ ਦੇ ਤੌਰ ਤੇ ਜਾਣਿਆ ਜਾਂਦਾ ਸੀ। ਭਾਰਤੀ ਨਾਰੀ ਨੂੰ ਪਰੰਪਰਾਗਤ ਸਭਿਆਚਾਰ ਵਿੱਦਿਆ ਪ੍ਰਾਪਤ ਕਰਨ ਦਾ ਪੂਰਨ ਹੱਕ ਸੀ। ਉਹ ਅਧਿਆਤਮਿਕ ਵਿਸ਼ਿਆਂ ਸੰਬੰਧੀ ਵਾਦ-ਵਿਵਾਦ ਵਿੱਚ ਹਿੱਸਾ ਲੈ ਸਕਦੀ ਸੀ।ਵਿੱਦਿਆ ਦੇ ਪ੍ਰਸਾਰ ਕਾਰਨ ਹੀ ਔਰਤਾਂ ਘਰ ਤੋਂ ਬਾਹਰ ਨਿਕਲਣ ਲੱਗੀਆਂ।ਵਿੱਦਿਆ ਪ੍ਰਾਪਤ ਕਰਕੇ ਅਨੇਕ ਇਸਤਰੀਆਂ ਵਿਦਵਾਨ ਬਣ ਸਕੀਆਂ। ਉਨ੍ਹਾਂ ਦੇ ਗਿਆਨ ਅਤੇ ਵਿੱਦਿਆ ਦਾ ਪਤਾ ਉਪਨਿਸ਼ਦਾਂ ਤੋਂ ਲੱਗਦਾ ਹੈ। ਉੱਤਰ ਵੈਦਿਕ ਕਾਲ ਵਿੱਚ ਕਈ ਗ੍ਰੰਥਾਂ ਦੀ ਰਚਨਾ ਹੋਈ, ਜਿਹਨਾਂ ਵਿੱਚੋਂ ਰਮਾਇਣ, ਮਹਾਂਭਾਰਤ ਵਿੱਚਲੀਆਂ ਨਾਰੀਆਂ ਸਤਿਆਵਤੀ, ਕੁੰਤੀ, ਦਰੋਪਤੀ, ਗੰਧਾਰੀ, ਸੀਤਾ ਆਦਿ ਦੇ ਜੀਵਨ ਚਰਿੱਤਰ ਨੂੰ

ਉਸ ਸਮੇਂ ਦੀ ਸਮਾਜਿਕ ਸਥਿਤੀ ਦੇ ਅਨਕੂਲ ਸਿਰਜਿਆ ਗਿਆ ਹੈ।ਉਸ ਸਮੇਂ ਦੀ ਨਾਰੀ ਪਤੀ ਦੀ ਅਧੀਨਤਾ ਨੂੰ ਸਵੀਕਾਰ ਕਰਨਾ ਅਤੇ ਉਸਨੂੰ ਪਰਮੇਸ਼ਵਰ ਕਰਕੇ ਜਾਨਣਾ ਆਪਣਾ ਫ਼ਰਜ ਸਮਝਦੀ ਸੀ।ਭਾਰਤੀ ਨਾਰੀ ਪਤੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇ ਸਕਦੀ ਸੀ। ਬਾਈਬਲ ਵਿੱਚ ਦੱਸਿਆ ਗਿਆ ਹੈ ਕਿ ਪੁਰਸ਼ ਨੂੰ ਸਵਰਗ ਤੋਂ ਪਤਿਤ ਕਰਨ ਦੇ ਲਈ ਹੀ ਨਾਰੀ ਬਣਾਈ ਗਈ ਹੈ। ਇਸਤਰੀ ਧਾਰਮਿਕ ਕੰਮਾਂ ਵਿੱਚ ਰੋੜਾ ਹੈ। ਉਹ ਸਦਾ ਹੀ ਪਤੀ ਦੇ ਅਧੀਨ ਰਹੇਗੀ, ਉਹ ਹਵਾ ਦੀ ਉੱਤਰਾਧਿਕਾਰੀ ਹੋਣ ਕਾਰਨ ਨਿੰਦਨੀਯੀ ਹੈ। ਪੁਰਸ਼-ਪ੍ਰਧਾਨ ਸ਼੍ਰੇਣੀ ਸਮਾਜ ਵਿੱਚ ਇਸਤਰੀ ਪੁਰਸ਼ ਜਿੰਨੇ ਹੀ ਮਹੱਤਵਪੂਰਨ ਕੰਮ ਕਰਦੀ ਹੈ, ਪਾਲਣ-ਪੋਸ਼ਣ ਦਾ ਕੰਮ, ਰੋਟੀ-ਟੁੱਕ ਦਾ ਕੰਮ, ਘਰੇਲੂ ਸਫ਼ਾਈ ਦਾ ਕੰਮ, ਦਸਤਕਾਰੀ ਨਾਲ ਸੰਬੰਧਿਤ ਕੰਮ, ਪੁਰਸ਼ ਦੀ ਸੇਵਾ ਸੰਭਾਲ ਅਤੇ ਕਾਮ-ਤ੍ਰਿਪਤੀ ਦਾ ਕਾਰਜ ਅਤੇ ਹੋਰ ਅਨੇਕਾਂ ਕਾਰਜ ਪੁਰਸ਼ ਨੇ ਉਸ ਦੀ ਝੋਲੀ ਪਾ ਦਿੱਤੇ ਹਨ। ਪਾਲਣ-ਪੋਸ਼ਣ ਅਤੇ ਸਿੱਖਿਆ ਵਿੱਚ ਰਹਿ ਜਾਣ ਵਾਲੀ ਕਮੀ ਕਾਰਨ ਉਹ ਆਪਣੀਆਂ ਕੁਦਰਤੀ ਯੋਗਤਾਵਾਂ ਦਾ ਪੁਰਸ਼ ਜਿੰਨਾ ਵਿਕਾਸ ਨਹੀਂ ਕਰ ਸਕਦੀ, ਜਿਸ ਨਾਲ ਕਿ ਕਮਾਈ ਦੇ ਬਹੁਤੇ ਦਰਵਾਜ਼ੇ ਉਹਦੇ ਲਈ ਹਮੇਸ਼ਾਂ ਵਾਸਤੇ ਬੰਦ ਹੀ ਰਹਿੰਦੇ ਹਨ।ਸਮਾਜ ਵਿੱਚ ਇਸਤਰੀ ਸਮੁੱਚੇ ਤੌਰ ਤੇ ਪੁਰਸ਼ ਦੀ ਬਰਾਬਰੀ ਕਰਨ ਦੇ ਆਯੋਗ ਹੀ ਸਿੱਧ ਹੁੰਦੀ ਆਈ ਹੈ। ਇਸਤਰੀਆਂ ਦਾ ਸ਼ੋਸਣ ਵੀ ਸ਼੍ਰੇਣੀ ਸਮਾਜ ਵਿੱਚ ਉਵੇਂ ਹੁੰਦਾ ਹੈ ਜਿਵੇਂ ਮਾਲਕ ਮਜ਼ਦੂਰ ਦਾ ਸ਼ੋਸਣ ਕਰਦਾ ਹੈ। ਜੇਕਰ ਨਾਰੀ ਚੇਤਨਾ ਦੀ ਗੱਲ ਕੀਤੀ ਜਾਏ ਤਾਂ ਇਹ ਆਧੁਨਿਕ ਕਾਲ ਤੋਂ ਪਹਿਲਾਂ ਦੇ ਸਮਿਆਂ ਵਿੱਚ ਇਸਤਰੀ ਜਾਤੀ ਦੀ ਰਾਜਨੀਤਿਕ ਭਾਗੀਦਾਰੀ ਦੀਆਂ ਮਿਸਾਲਾਂ ਪ੍ਰਾਪਤ ਹੁੰਦੀਆਂ ਹਨ।'ਰਮਾਇਣ' ਵਿੱਚ ਕੈਕਈ ਆਪਣੇ ਪੁੱਤਰ ਭਰਤ ਨੂੰ ਰਾਜ ਦੁਆਉਣ ਲਈ ਸੰਘਰਸ਼ ਕਰਦੀ ਹੈ। ਉੱਥੇ ਹੀ 'ਮਹਾਂਭਾਰਤ' ਵਿੱਚ ਸਤਿਆਵਤੀ ਆਪਣੀ ਕੁੱਖੋਂ ਪੈਦਾ ਹੋਣ ਵਾਲੇ ਪੁੱਤਰ ਨੂੰ ਰਾਜ ਦਾ ਹੱਕ ਦੁਆਉਣ ਲਈ ਭੀਸ਼ਮ ਤੋਂ ਸੁਗੰਧ ਲੈਂਦੀ ਹੈ।ਨਾਰੀ ਚੇਤਨਾ ਕੋਈ ਇੱਕ ਦਿਨ ਜਾਂ ਇੱਕ ਸਾਲ ਦੀ ਗੱਲ ਨਹੀਂ।ਨਾਰੀ ਚੇਤਨਾ ਹੌਲੀ-ਹੌਲੀ ਆਪਣੇ ਪੈਰ ਅੱਗੇ ਪਸਾਰਦੀ ਹੈ।ਨਾਰੀ ਚੇਤਨਾ ਤੋਂ ਭਾਵ ਸੰਸਾਰ ਭਰ ਦੀਆਂ ਔਰਤਾਂ ਦੀ ਉਸ ਚੇਤਨਾ ਤੋਂ ਹੈ ਜਦੋਂ ਔਰਤਾਂ ਨੂੰ ਚੰਗੇ ਅਤੇ ਮਾੜੇ ਕੰਮਾਂ ਦੀ ਪਛਾਣ ਅਤੇ ਆਪਣੇ ਹੱਕਾਂ,ਅਧਿਕਾਰਾਂ ਦਾ ਗਿਆਨ ਹੁੰਦਾ ਹੈ।ਨਾਰੀਵਾਦ ਦੇ ਜਨਮ ਤੋਂ ਪਹਿਲਾਂ ਹੀ ਔਰਤ ਦੇ ਹੱਕ ਅਤੇ ਔਰਤ ਦੀ ਆਜ਼ਾਦੀ, ਔਰਤ ਦੀ ਲਹਿਰ ਜਿਹੇ ਸ਼ਬਦ ਪ੍ਰਚਲਿਤ ਹੋ ਗਏ ਸਨ।ਮੱਧਕਾਲ ਵਿੱਚ ਵੀ ਜਦੋਂ ਪੰਜਾਬੀ ਕਿੱਸਿਆਂ ਦੀ ਰਚਨਾ ਕੀਤੀ ਗਈ, ਉਦੋਂ ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ ਤੇ ਹੋਰ ਪ੍ਰੇਮ-ਨਾਇੱਕਾਵਾਂ ਦੇ ਇਸ਼ਕ-ਪਿਆਰ ਬਾਰੇ ਕਿੱਸੇ ਲਿਖੇ ਗਏ ਤਾਂ ਇਸਤਰੀ ਨੂੰ ਇਸ਼ਕ ਦੇ ਪ੍ਰਸੰਗ ਵਿੱਚ ਕਾਫ਼ੀ ਮਾਨਤਾ ਮਿਲੀ। ਉਨੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿੱਚ ਪੰਜਾਬੀ ਦੀ ਪਹਿਲੀ ਤੇ ਵੱਡੀ ਸੂਫ਼ੀ ਸ਼ਾਇਰਾ ਪੀਰੋ, ਜੋ ਆਪਣੇ ਹੀ ਗੁਰੂ ਗੁਲਾਬ ਦਾਸ ਦੇ ਇਸ਼ਕ ਵਿੱਚ ਰੰਗੀ ਹੋਈ ਸੀ ਅਤੇ ਨਾਲ ਹੀ ਉਸ ਉੱਪਰ ਸੂਫ਼ੀ ਰੰਗ ਵੀ ਚੜ੍ਹਿਆ ਹੋਇਆ ਸੀ। ਉਸ ਪਾਸ ਧਰਮ, ਸਮਾਜ ਤੇ ਸਭਿਆਚਾਰ ਬਾਰੇ ਇੱਕ ਚੰਗੀ ਦ੍ਰਿਸ਼ਟੀ ਸੀ। ਨਾਰੀ ਦਾ ਇਸ ਵਿਦਰੋਹੀ ਜਾਂ ਸੂਫ਼ੀ ਇਸ਼ਕ ਨਾਲ ਜੁੜਨਾ ਸਾਰੀਆਂ ਹੀ ਪਰੰਪਰਾ ਦੀਆਂ ਕੀਮਤਾਂ ਦੇ ਵਿਰੁੱਧ ਖੜ੍ਹਨਾ ਸੀ, ਪੀਰੋ ਆਪਣੀ ਕਵਿਤਾ ਵਿੱਚ ਵਿੱਚਾਰਧਾਰਕ ਹੋ ਕੇ ਬਿਆਨ ਕਰਦੀ ਹੈ। ਪਰੰਪਰਕ ਜਕੜ ਤੋਂ ਉਸ ਦੇ ਅੰਦਰ ਇੱਕ ਵਿਦਰੋਹ ਵਾਲੀ ਭਾਵਨਾ ਹੈ। ਮੱਧਕਾਲ ਦੇ ਹੀ ਸਮੇਂ ਵਿੱਚ ਜਦੋਂ ਮੁਗਲ-ਜ਼ਾਲਮਾਂ ਨੇ ਔਰਤਾਂ ਦੇ ਛੋਟੇ-ਛੋਟੇ ਬੱਚੇ ਵੱਢ-ਟੁੱਕ ਕੇ ਉਹਨਾਂ ਦੀਆਂ ਹੀ ਝੋਲੀਆਂ ਵਿੱਚ ਪਵਾ ਦਿੱਤੇ ਸਨ, ਤਾਂ ਉਦੋਂ ਔਰਤਾਂ ਉਹਨਾਂ ਜ਼ਾਲਮਾਂ ਦੇ ਖਿਲਾਫ਼ ਲੜੀਆਂ ਸਨ। ਉਸ ਸਮੇਂ ਵੀ ਔਰਤਾਂ ਦੀ ਇੱਕ ਵਿੱਚਾਧਾਰਕ ਚੇਤਨਾ ਜਾਂ ਵਿਦਰੋਹੀ ਦ੍ਰਿਸ਼ਟੀ ਸਾਹਮਣੇ ਆਉਂਦੀ ਹੈ।ਇਸੇ ਹੀ ਚੇਤਨਾ ਦੇ ਪੱਧਰ ਵਿੱਚੋਂ ਗੁਜ਼ਰਦੀ ਹੋਈ ਔਰਤ ਹੌਲੀ-ਹੌਲੀ ਚੇਤੰਨ ਹੋਣ ਲੱਗਦੀ ਹੈ।

ਚੇਤਨਾ ਤੋਂ ਭਾਵ ਆਤਮ ਸੁਚੇਤਨਤਾ ਦੀ ਖੋਜ। ਮਨ ਨੂੰ ਇੱਕਾਗਰ ਕਰਕੇ ਚੇਤੰਨਤਾ ਦੀ ਅਵਸਥਾ ਤੱਕ ਪਹੁੰਚਣਾ, ਆਪਣਾ ਸੱਚਾ ਆਪਾ ਜਿਹੜਾ ਸਾਡੇ ਅੰਦਰ ਵਸਦਾ ਹੈ, ਉਸ ਦੀ ਪੜਚੋਲ ਕਰਨੀ। ਚੇਤਨਾ ਦਾ ਅੰਗਰੇਜ਼ੀ ਵਿੱਚ ਸਮਾਨਰਥੀ ਸਬਦ 'conciousness' ਹੈ। ਇਹ ਮਨੁੱਖੀ ਦਿਮਾਗ ਦਾ ਇੱਕ ਵਿਸ਼ਸਿਟ ਗੁਣ ਹੈ। ਜਿਸਦੇ ਸ਼ਾਬਦਿਕ ਅਰਥ ਵੱਖ-ਵੱਖ ਕੋਸ਼ਾਂ ਵਿੱਚ

ਬੁੱਧੀ, ਮਨੋਬਿਰਤੀ, ਗਿਆਨਾਤਮਕ ਮਨੋਬਿਰਤੀ, ਵਿੱਚਾਰਨਾ, ਸਮਝਣਾ, ਜਾਨਣਾ, ਸੋਚਣਾ, ਹੋਸ਼, ਧਿਆਨ, ਗਿਆਨ, ਵਿਵੇਚਨਾ ਆਦਿ ਸਮਝੇ ਜਾ ਸਕਦੇ ਹਨ। ਮਨ ਦੀ ਚੇਤੰਨਤਾ ਇੱਕ ਅਜਿਹਾ ਬਲਵਾਨ ਤੂਫ਼ਾਨ ਹੈ, ਜਿਸ ਦੇ ਨਾਲ ਕਰੜੇ ਭਿੰਨਤਾਵਾਂ ਵਾਲੇ ਜਾਲ ਨੂੰ ਚੀਰਿਆ ਜਾ ਸਕਦਾ ਹੈ। ਇਹ ਆਪਣੇ ਆਪ ਨੂੰ ਮੁੜ੍ਹ ਤੋਂ ਲੱਭਣ ਦਾ ਅਤੇ ਆਪਣੇ ਬਾਰੇ ਸੱਚ ਜਾਨਣ ਦਾ ਇੱਕ ਖੋਜ ਭਰਿਆ ਕੰਮ ਹੈ। ਇਹ ਸੱਚਾ ਰਸਤਾ ਹੀ ਸਹੀ ਦਿਸ਼ਾ ਵੱਲ ਲੈ ਕੇ ਜਾਂਦਾ ਹੈ। ਪੁਸ਼ਤਾਂ ਤੋਂ ਚੱਲੀ ਆ ਰਹੀ ਔਰਤ ਦੀ ਗ਼ੁਲਾਮੀ ਉਸ ਨੂੰ ਘੁਣ ਵਾਂਗ ਅੰਦਰੋਂ ਅੰਦਰ ਖਾ ਰਹੀ ਸੀ, ਅੱਜ ਦੀ ਔਰਤ ਦੀ ਬਗਾਵਤ ਨੇ ਸਥਿਤੀ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ਔਰਤ ਦੇ ਘੁੱਟੇ ਹੋਏ ਗੁੱਸੇ ਦੇ ਹੜ੍ਹ ਨੇ ਅਜਿਹਾ ਵਿਕਰਾਲ ਰੂਪ ਲੈ ਲਿਆ ਕਿ ਔਰਤ ਨੂੰ ਮਰਦ ਨਾਲ ਜੀਵਨ ਦੇ ਹਰ ਇੱਕ ਖੇਤਰ ਵਿੱਚ ਬਰਾਬਰ ਅਧਿਕਾਰ ਦੀ ਮੰਗ ਕੀਤੀ ਗਈ।ਫਿਰ ਔਰਤ ਨੂੰ ਮਰਦ ਤੋਂ ਬੇਹਤਰ ਅਤੇ ਸ੍ਰੇਸ਼ਟ ਸਿੱਧ ਕਰਨ ਲਈ ਹੰਭਲੇ ਮਾਰੇ ਜਾਣ ਲੱਗੇ।ਚੇਤਨਾ ਮਨੁੱਖ ਨੂੰ ਕਾਇਰਤਾ ਦੀ ਨੀਂਦ ਛੱਡ ਕੇ ਜਾਗਰਿਤ ਅਵਸਥਾ ਵਿੱਚ ਰਹਿਣ ਲਈ ਪ੍ਰੇਰਿਤ ਕਰਦੀ ਹੈ। ਮੁਨਸ਼ੀ ਪ੍ਰੇਮ ਚੰਦ ਨੇ ਪ੍ਰਗਤੀਸ਼ੀਲ ਲੇਖਕ ਸੰਘ ਦੀ ਕਾਨਫਰੰਸ ਵਿੱਚ ਪ੍ਰਧਾਨਗੀ ਭਾਸ਼ਣ ਦਿੰਦਿਆ ਆਖਿਆ ਸੀ ਕਿ, ਸਾਡੇ ਲਈ ਹੁਣ ਅਜਿਹੇ ਸਾਹਿਤ ਦੀ ਰਚਨਾ ਕਰਨੀ ਜ਼ਰੂਰੀ ਹੈ ਜੋ ਡੂੰਘਾਈ, ਸਤੁੰਤਰਤਾ ਪ੍ਰੇਮ, ਸੁਹਜ ਭਾਵਨਾ,ਰਚਨਾਤਮਕ ਚੇਤਨਾ ਅਤੇ ਯਥਾਰਥ ਦੀ ਸੋਝੀ ਨਾਲ ਅਨੁਪ੍ਰਾਣਿਤ ਹੋਵੇ ।

ਨਾਰੀ ਚੇਤਨਾ ਤੋਂ ਭਾਵ ਨਾਰੀ ਅੰਦਰ ਪੈਦਾ ਹੋਈ ਜਾਗ੍ਰਿਤੀ ਅਤੇ ਇਸ ਜਾ੍ਗਿਤੀ ਦੇ ਵਿਕਾਸ ਤੋਂ ਹੈ। ਪੱਛਮੀ ਪ੍ਰਭਾਵ ਨਾਲ ਭਾਰਤੀ ਨਾਰੀ ਵੀ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਚੇਤੰਨ ਹੋਣ ਲੱਗੀ। ਅੰਗਰੇਜ਼ੀ ਸਮਰਾਜ ਦੇ ਭਾਰਤ ਵਿੱਚ ਸਥਾਪਿਤ ਹੋਣ ਨਾਲ ਪੱਛਮੀ ਸਭਿਆਚਾਰ ਅਤੇ ਸੰਸਕ੍ਰਿਤੀ ਦਾ ਪ੍ਰਭਾਵ ਭਾਰਤ ਦੀ ਰੂੜੀਵਾਦੀ ਪਰੰਪਰਾ ਉੱਤੇ ਪੈਣਾ ਸੁਭਾਵਿਕ ਹੀ ਸੀ ਕਿਉਂ ਕਿ ਪੱਛਮ ਸਭਿਆਚਾਰ ਭਾਰਤੀ ਸਭਿਆਚਾਰ ਨਾਲੋਂ ਜਿਆਦਾ ਵਿਕਸਿਤ ਸੀ ਨਾਰੀ ਦੀ ਸਮਾਜਿਕ ਸਥਿਤੀ ਵਿੱਚ ਪਰਿਵਰਤਨ ਆਉਣ ਲੱਗਾ। ਨਾਰੀ ਦੇ ਬਹੁਪਾਸਾਰੀ ਅਨੁਭਵ ਦੀ ਅਭਿਵਿਅਕਤੀ ਹੀ ਨਾਰੀ ਚੇਤਨਾ ਅਖਵਾਉਂਦੀ ਹੈ। ਜਦੋਂ ਨਾਰੀ ਚੇਤਨਾ ਪਦ ਸਾਹਿਤ ਨਾਲ ਜੁੜ ਜਾਂਦਾ ਹੈ ਤਾਂ ਇਹ ਨਾਰੀ ਦੀ ਉਸ ਮਨੋਵਿਗਿਆਨਕ, ਸਮਾਜਿਕ ਤੇ ਆਰਥਿਕ ਸਥਿਤੀ ਦਾ ਬੋਧਕ ਬਣ ਜਾਂਦਾ ਹੈ, ਜੋ ਰੂਪਾਂਤਰਣ ਦੀ ਪ੍ਰੀਕ੍ਰਿਆ ਵਿੱਚੋਂ ਗੁਜ਼ਰ ਕੇ ਸਾਹਿਤ ਵਿੱਚ ਪ੍ਰਗਟ ਹੁੰਦਾ ਹੈ। ਔਰਤ ਅੰਦਰ ਚੇਤਨਾ ਦਾ ਪੈਦਾ ਹੋਣਾ ਨਾਰੀਵਾਦੀ ਲਹਿਰ ਦਾ ਹੀ ਸਿੱਟਾ ਹੈ, ਜਿਸ ਨਾਲ ਔਰਤ ਨੂੰ ਨਾ ਕੇਵਲ ਸਮਾਜਿਕ ਖੇਤਰ ਵਿੱਚ ਮਰਦ ਦੇ ਬਰਾਬਰ ਦਰਜਾ ਦਿਵਾਉਣ ਦਾ ਯਤਨ ਹੋਇਆ, ਸਗੋਂ ਸਾਹਿਤਕ ਆਲੋਚਨਾ ਦੇ ਖੇਤਰ ਵਿੱਚ ਵੀ ਨਾਰੀਵਾਦੀ ਆਲੋਚਨਾ ਹੋਂਦ ਵਿੱਚ ਆਈ, ਜਿਸਦਾ ਮੰਤਵ ਔਰਤ-ਲੇਖਕਾਂ ਦੀਆਂ ਰਚਨਾਵਾਂ ਦੇ ਅਧਿਐਨ ਲਈ ਚੇਤਨਾ ਪੈਦਾ ਕਰਨਾ ਤੇ ਸਾਹਿਤ ਵਿੱਚ ਨਾਰੀ ਦੇ ਬਿੰਬ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨਾ ਸੀ।ਭਾਰਤੀ ਸਮਾਜਕ ਬੁਰਾਈਆਂ ਜਾਂ ਔਰਤ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਦਾ ਯਤਨ ਸਮਾਜ ਸੁਧਾਰਕ ਰਾਜਾ ਰਾਮ ਮੋਹਨ ਰਾਏ, ਈਸ਼ਵਰ ਚੰਦਰ, ਵਿੱਦਿਆ ਸਾਗਰ, ਕੇਸ਼ਵ ਚੰਦਰ ਸੇਨ, ਮਾਲਾਬਾਰੀ ਫੂਲੇ ਅਤੇ ਰਲਾਡੇ ਨੇ ਕੀਤਾ।ਇਹਨਾਂ ਸਮਾਜ- ਸੁਧਾਰਕਾਂ ਨੇ ਪਰਦਾ ਪ੍ਰਥਾ, ਬਾਲ-ਵਿਆਹ, ਵਿਧਵਾ ਦੇ ਪੁਨਰ-ਵਿਆਹ ਆਦਿ ਸਮਾਜਕ-ਵਿਹਾਰਾਂ ਵਿਰੁੱਧ ਅਤੇ ਨਾਰੀ ਦੇ ਹੱਕਾਂ ਦੀ ਪ੍ਰਾਪਤੀ ਲਈ ਕਰੜਾ ਸੰਘਰਸ਼ ਕੀਤਾ।

ਸੰਸਾਰ ਦੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਵੱਖ-ਵੱਖ ਸਮਿਆਂ ਅਤੇ ਸਭਿਆਚਾਰ ਵਿੱਚ ਔਰਤ ਦੀ ਸਥਿਤੀ ਵੀ ਵੱਖ-ਵੱਖ ਰਹੀ ਹੈ।1800 ਪੂਰਵ ਈ: ਵਿੱਚ ਬੇਬੀਲਾਨ ਦੀਆਂ ਔਰਤਾਂ ਉੱਚੇ ਰੁਤਬੇ ਨੂੰ ਮਾਣਦੀਆਂ ਸਨ।ਜੇ ਔਰਤ ਆਪਣੇ ਪਤੀ ਤੋਂ ਤਲਾਕ ਲੈਣਾ ਚਾਹੁੰਦੀ ਸੀ ਤਾਂ ਉਹ ਦਾਜ ਵਾਪਿਸ ਆਪਣੇ ਪਿਤਾ ਦੇ ਘਰ ਲਿਜਾ ਸਕਦੀ ਸੀ ।ਬੱਚਿਆਂ ਉੱਪਰ ਸਿਰਫ਼ ਮਾਂ ਦਾ ਹੀ ਅਧਿਕਾਰ ਸੀ। ਔਰਤ ਦੇ ਅਧਿਕਾਰ ਇੱਥੋਂ ਤੱਕ ਸਨ ਕਿ ਉਹ ਗਵਾਹੀ ਦੇਣ ਤੋਂ ਇਲਾਵਾ ਜੱਜ ਦੇ ਅਹੁਦੇ ਤੇ ਵੀ ਬੈਠ ਸਕਦੀ ਸੀ।ਮਿਸਰ ਵਿੱਚ ਔਰਤ ਪ੍ਰਧਾਨ ਸਮਾਜ ਸੀ। ਉੱਥੇ ਕਈ ਰਾਣੀਆਂ ਨੇ ਰਾਜ ਕੀਤਾ ਪਰ ਫਿਰ ਵੀ ਔਰਤਾਂ ਦੀ

ਸਥਿਤੀ ਜਿਆਦਾ ਚੰਗੀ ਨਹੀਂ ਸੀ। ਸਪਾਰਟਾ ਵਿੱਚ ਔਰਤਾਂ-ਮਰਦਾਂ ਨਾਲ ਖੇਡਾਂ ਵਿੱਚ ਹਿੱਸਾ ਲੈ ਸਕਦੀਆਂ ਸਨ ਜਦੋਂ ਕਿ ਪੁਰਾਤਨ ਰੋਮ ਵਿੱਚ ਔਰਤਾਂ ਦੀ ਸਥਿਤੀ ਗੁਲਾਮਾਂ ਨਾਲੋਂ ਵੀ ਭੈੜੀ ਸੀ। ਯੂਰਪ ਦੇ ਪੁਨਰ ਜਾਗਰਣ ਸਮੇਂ ਯੂਨਾਨ ਅਤੇ ਰੋਸ ਦੇ ਪੁਰਾਣੇ ਮਾਡਲਾਂ ਨੂੰ ਦੁਬਾਰਾ ਉਸਾਰਨ ਕਾਰਨ ਵਿੱਚਾਰਧਾਰਕ ਤੌਰ ਤੇ ਔਰਤ ਨੂੰ ਮੁੜ ਦਬਾਉਣ ਦੀ ਵਿੱਚਾਰਧਾਰਾ ਨੇ ਜਨਮ ਲਿਆ ਪਰ ਨਵੀਆਂ ਤਕਨੀਕਾਂ ਦੇ ਵਿਕਸਿਤ ਹੋਣ ਨਾਲ ਨਵੇਂ ਯੁੱਗ ਦਾ ਆਰੰਭ ਹੋਇਆ। ਫਰਾਂਸ ਦੀ ਕ੍ਰਾਂਤੀ ਨੇ ਔਰਤ ਦੀ ਸਥਿਤੀ ਵਿੱਚ ਕੁਝ ਤਬਦੀਲੀ ਲਿਆਂਦੀ। ਸੰਸਾਰ ਪੱਧਰ ਤੇ ਨਵੀਂ ਤਕਨੀਕ, ਨਵੇਂ ਵਿੱਚਾਰਾਂ ਦਾ ਆਰੰਭ ਹੋਇਆ ਅਤੇ ਔਰਤ ਦੀ ਸਥਿਤੀ ਸੁਧਰਨੀ ਸ਼ੁਰੂ ਹੋਈ। ਪੂੰਜੀਵਾਦੀ ਪ੍ਰਬੰਧ ਵਿੱਚ ਵਿਗਿਆਨਕ ਉੱਨਤੀ ਸਦਕਾ ਜੀਵਨ ਦੇ ਹਰ ਖੇਤਰ ਵਿੱਚ ਵਿਸ਼ੇਸ ਪਰਿਵਰਤਨ ਆਏ। ਪੂੰਜੀਵਾਦੀ ਪ੍ਰਬੰਧ ਵਿੱਚ ਪੂੰਜੀਪਤੀ ਉਤਪਾਦਨ ਵਧਾਉਣ ਲਈ ਸਸਤੀ ਕਿਰਤ ਕਰਕੇ ਮਜ਼ਦੂਰਾਂ ਲਈ ਔਰਤਾਂ ਅਤੇ ਬੱਚਿਆਂ ਨੂੰ ਸ਼ਾਮਿਲ ਕਰ ਲਿਆ ਗਿਆ। ਇਉਂ ਔਰਤਾਂ ਉਤਪਾਦਨ ਦੇ ਖੇਤਰ ਵਿੱਚ ਸ਼ਾਮਿਲ ਹੋਣ ਲੱਗੀਆਂ ਤੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ ਸਮਾਜਿਕ ਕਾਰਜ ਵਿੱਚ ਹਿੱਸਾ ਲੈਣ ਨਾਲ ਉਹਨਾਂ ਦੇ ਮਨ ਅੰਦਰ ਨਵੀਂ ਚੇਤਨਾ ਪੈਦਾ ਹੋਣੀ ਸ਼ੁਰੂ ਹੋਈ । ਸਰਮਾਏਦਾਰੀ ਦੀਆਂ ਸ਼ਰਤਾਂ ਅਨੁਸਾਰ ਘੱਟ ਪੈਸਿਆਂ ਤੇ ਕੰਮ ਕਰਨ ਨਾਲ ਔਰਤ ਆਜ਼ਾਦ ਤਾਂ ਹੁੰਦੀ ਹੈ ਪਰ ਨਾਲ ਹੀ ਆਪਣੀ ਕਿਰਤ ਸ਼ਕਤੀ ਵੇਚਣ ਲਈ ਮਜ਼ਬੂਰ ਵੀ ਹੋ ਜਾਂਦੀ ਹੈ। ਇਸ ਤਰ੍ਹਾਂ ਔਰਤ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ ਆਪਣੀ ਸਵੈ-ਹੋਂਦ ਪ੍ਰਤੀ ਸੁਚੇਤ ਹੋਣ ਲੱਗਦੀ ਹੈ। ਪੂੰਜੀਵਾਦੀ ਪਰਿਵਰਤਨ ਕਾਲ ਸਦਕਾ ਔਰਤ ਦੀ ਸਥਿਤੀ ਵਿੱਚ ਇੱਕ ਵਿਸ਼ੇਸ ਤਬਦੀਲੀ ਦ੍ਰਿਸ਼ਟੀਗੋਚਰ ਹੁੰਦੀ ਹੈ।ਇਹ ਸਮਾਂ ਹੀ ਔਰਤ ਦੀ ਚੇਤਨਾ ਦੇ ਅਧਿਐਨ ਦਾ ਆਧਾਰ ਬਿੰਦੂ ਬਣਦਾ ਹੈ। ਤਰਕਵਾਦ ਅਤੇ ਮਾਨਵਵਾਦ ਦੀ ਰੋਸ਼ਨੀ ਵਿੱਚ ਹੀ ਆਜ਼ਾਦੀ ਤੇ ਮਨੁੱਖ ਦੇ ਸਤੁੰਤਰ ਵਿਕਾਸ ਦੇ ਪ੍ਰਸ਼ਨ ਪੈਦਾ ਹੋਣ ਲੱਗੇ ਅਤੇ ਇਸ ਦੇ ਨਾਲ ਹੀ ਔਰਤ ਦੀ ਸਿੱਖਿਆ, ਆਜ਼ਾਦੀ, ਸਮਾਜਿਕ ਤੇ ਮਨੁੱਖੀ ਹੱਕਾਂ ਦੀ ਗੱਲ ਤੁਰੀ। ਬਸਤੀਵਾਦੀ ਰਾਜ ਅਧੀਨ ਹੀ ਪੂੰਜੀਵਾਦ ਦਾ ਵਿਕਾਸ ਆਰੰਭ ਹੋਇਆ ਅਤੇ ਪੱਛਮੀ ਜਾਗ੍ਰਿਤੀ ਦਾ ਪ੍ਰਭਾਵ ਭਾਰਤ ਤੱਕ ਪਹੁੰਚਣ ਲੱਗਾ।ਇਸ ਪ੍ਰਭਾਵ ਸਦਕਾ ਉਹਨਾਂ ਵਿੱਚਾਰਾਂ ਤੇ ਮੁੱਲਾਂ ਉੱਪਰ ਪਾਬੰਦੀਆਂ ਲੱਗਣੀਆਂ ਆਰੰਭ ਹੋਈਆਂ, ਜਿਹੜੇ ਔਰਤ ਨੂੰ ਮਰਦ ਦੀ ਗ਼ੁਲਾਮ ਬਣਾਉਣ ਵਿੱਚ ਸਹਾਈ ਹੁੰਦੇ ਰਹੇ ਸਨ।ਪੱਛਮ ਦੇ ਸੰਪਰਕ ਵਿੱਚ ਆਉਣ ਨਾਲ ਭਾਰਤ ਆਪਣੀਆਂ ਪ੍ਰਵਿਰਤੀਆਂ, ਕੀਮਤਾਂ ਤੇ ਵਿੱਚਾਰਾਂ ਅਤੇ ਪ੍ਰਥਾਵਾਂ ਦਾ ਆਲੋਚਨਾਤਮਕ ਪਰੀਖਣ ਕਰਨ ਅਤੇ ਉਹਨਾਂ ਵਿੱਚੋਂ ਜਿਹੜੇ ਅਨੁਚਿਤ ਜਾਂ ਹਾਨੀਕਾਰਕ ਜਾਪਦੇ ਸਨ, ਰੱਦ ਕਰਨ ਜਾਂ ਇਨ੍ਹਾਂ ਦੀ ਸੋਧ ਕਰਨ ਲਈ ਮਜ਼ਬੂਰ ਹੋ ਗਿਆ। ਪ੍ਰਭਾਵ ਦਾ ਇਹ ਢਾਹੂ ਪੱਖ ਕਿਹਾ ਜਾ ਸਕਦਾ ਸੀ।

ਭਾਰਤ ਵਿੱਚ ਨਾਰੀ ਆਜ਼ਾਦੀ ਲਹਿਰ ਦਾ ਉਦੈ ਭਾਰਤ ਉੱਤੇ ਬਰਤਾਨਵੀ ਸਾਮਰਾਜ ਦੀ ਸਥਾਪਨਾ ਪਿੱਛੋਂ ਇਸ ਦੇ ਸਮਾਜਕ, ਆਰਥਕ, ਰਾਜਨੀਤਕ ਅਤੇ ਸਾਂਸਕ੍ਰਿਤਕ ਪ੍ਰਭਾਵਾਂ ਦੇ ਸਿੱਟੇ ਵੱਜੋਂ ਹੋਇਆ। ਜਿੱਥੇ ਸਾਮਰਾਜੀ ਹਕੂਮਤ ਨੇ ਭਾਰਤੀ ਨਾਰੀ ਨੂੰ ਨਵੀਂ ਸਿੱਖਿਆ, ਨਵੀਆਂ ਕਦਰਾਂ-ਕੀਮਤਾਂ, ਨਵੇਂ ਕਾਨੂੰਨੀ ਅਧਿਕਾਰ ਤੇ ਰਾਜਨੀਤਕ ਸੱਤਾ ਪ੍ਰਦਾਨ ਕੀਤੀ, ਉੱਥੇ ਹੀ ਜਿਮੀਂਦਾਰ, ਜਾਗੀਰਦਾਰ, ਕਿਸਾਨ ਅਤੇ ਕਾਮਿਆਂ ਦੀ ਸ਼੍ਰੇਣੀਆਂ ਦੀਆਂ ਇਸਤਰੀਆਂ ਨੂੰ ਇਸ ਚੇਤਨਾ ਤੋਂ ਵਾਂਝਾ ਵੀ ਰੱਖਿਆ।ਸਰਮਾਇਦਾਰੀ ਨੇ ਔਰਤ ਨੂੰ ਵਿੱਦਿਆ ਦਿੱਤੀ ਹੈ, ਅੱਖਰ ਜ਼ਰੂਰ ਪੜਾਏ ਹਨ ਪਰ ਦਿੱਤੀ ਵਿੱਦਿਆ ਦੀ ਵਸਤੂ ਕੀ ਹੈ? ਇੱਕ ਤਾਂ ਉਸ ਨੂੰ ਬਤੌਰ ਮਜ਼ਦੂਰਨ, ਆਪਣੀ ਕੰਮ ਦੀ ਵੰਡ ਦੇ ਅਧੀਨ ਕਿਸੇ ਕਸਬ ਜਾਂ ਪੇਸ਼ੇ ਵਾਸਤੇ ਸਿਖਲਾਈ ਦਿੱਤੀ ਹੈ ਅਤੇ ਦੂਸਰਾ ਦਿੱਤੀ ਵਿੱਦਿਆ ਰਾਹੀਂ, ਆਪਣੇ ਹਿਤੀ, ਇਨਸਾਨੀਅਤ-ਵਿਰੋਧੀ ਕਲਚਰ ਵਿੱਚ ਉਸ ਦੇ ਰੋਮ-ਰੋਮ ਨੂੰ ਢਾਲ ਲਿਆ ਹੈ। "ਫਿਊਡਲ ਸਮਾਜ ਨੇ ਔਰਤ ਨੂੰ ਵਗਾਰ ਤੇ ਲਾਇਆ ਹੋਇਆ ਸੀ, ਸਰਮਾਇਦਾਰੀ ਨੇ ਮਜ਼ਦੂਰਨ ਬਣਾਇਆ ਹੈ। ਜਿੰਦਗੀ ਦੀਆਂ ਲੋੜਾਂ ਵਾਸਤੇ ਜੇਬ ਵਿੱਚ ਪੈਸੇ ਪਾਏ ਹਨ। ਹੜਬੂਸੇ ਲੈਣ ਨਾਲੋਂ ਅੱਛੀ ਗੱਲ ਹੈ। ਨਾਲੇ ਹਰ ਲੋੜ, ਵਾਸਤੇ ਮਰਦ ਦੇ ਹੱਥਾਂ ਵੱਲ ਵੇਖਣੋ, ਨਿਜਾਤ ਪਾ ਲੈਣਾ ਅਗੇਰੇ ਵਲ ਕਦਮ ਹੈ। ਪਰ ਜਿਸ ਕੰਮ ਤੇ ਲਾਇਆ ਹੈ ਉਸ ਦੀ ਕਿਸਮ ਕੈਸੀ ਹੈ? ਉਹ ਪੱਲੇ ਕੀ ਛੱਡਦਾ ਹੈ? ਜੇ ਕੰਮ ਸਹੀ ਹੋਵੇ, ਆਜ਼ਾਦ ਹੋਵੇ ਤਾਂ ਇਹ ਕਰਨ ਵਾਲੇ ਦੀ ਸਫ਼ਲਤਾ ਤੇ ਆਜ਼ਾਦੀ ਦਾ ਵਸੀਲਾ ਹੈ।"[12]

ਜਿੱਥੇ ਪੱਛਮ ਵਿੱਚ ਨਾਰੀ ਨੇ ਆਪਣੀਆਂ ਜ਼ਰੂਰਤਾਂ ਤੇ ਹੱਕਾਂ ਲਈ ਆਵਾਜ਼ ਉਠਾਈ ਉੱਥੇ ਭਾਰਤ ਵਿੱਚ ਪੁਰਖਾਂ ਨੇ ਨਾਰੀ ਨੂੰ ਸਮਾਨ ਅਧਿਕਾਰ ਦਿਵਾਉਣ ਲਈ ਪਹਿਲ ਕੀਤੀ ਸੀ, ਉਹਨਾਂ ਨੇ ਸਮਾਜਿਕ ਬੁਰਾਈਆਂ ਵਿਰੁੱਧ ਕੇਵਲ ਆਵਾਜ਼ ਹੀ ਨਹੀਂ ਉਠਾਈ, ਸਗੋਂ ਔਰਤਾਂ ਨੂੰ ਵਿੱਦਿਆ ਲਈ ਪ੍ਰੇਰਿਤ ਵੀ ਕੀਤਾ।ਔਰਤਾਂ ਲਈ ਨਵੇਂ ਸਕੂਲ ਤੇ ਕਾਲਜ ਖੋਲ੍ਹੇ ਗਏ ਤਾਂ ਕਿ ਵਿੱਦਿਆ ਦੀ ਰੋਸ਼ਨੀ ਸਦਕਾ ਔਰਤ ਆਪਣੇ ਹੱਕਾਂ ਪ੍ਰਤੀ ਜਾਗੂਰਕ ਹੋ ਸਕੇ। ਲੋਕਾਂ ਨੇ ਵੀ ਨਵੀਂ ਸੋਚ ਲਈ ਹੁੰਗਾਰਾ ਭਰਿਆ। ਸੰਵਿਧਾਨਕ ਤੌਰ ਤੇ ਔਰਤ ਨੂੰ ਸਮਾਜ ਵਿੱਚ ਵਿੱਦਿਆ ਪ੍ਰਾਪਤੀ ਕਾਰਨ ਕਈ ਦਰਜੇ ਤੇ ਹੱਕ ਮਿਲਣੇ ਸ਼ੁਰੂ ਹੋ ਗਏ। ਉਹ ਕੇਵਲ ਡਾਕਟਰ, ਵਕੀਲ ਆਦਿ ਹੀ ਨਹੀਂ ਬਣੀਆਂ, ਸਗੋਂ ਕੰਪਿਊਟਰ ਇੰਜੀਨੀਅਰ, ਖੋਜ-ਵਿਗਿਆਨ ਨਾਲ ਸੰਬੰਧਿਤ ਮਹੱਤਵਪੂਰਨ ਅਹੁਦੇ ਵੀ ਪ੍ਰਾਪਤ ਕਰ ਲਏ। ਰਾਜੀਨੀਤੀ ਵਿੱਚ ਵੀ ਔਰਤਾਂ ਮਰਦ ਦੇ ਬਰਾਬਰ ਖੜਨ ਲੱਗੀਆਂ। ਇੱਥੇ ਔਰਤ ਪਰੰਪਰਾ ਅਤੇ ਆਧੁਨਿਕਤਾ ਵਿੱਚਲੇ ਦਵੰਦ ਦਾ ਸਾਹਮਣਾ ਕਰ ਰਹੀ ਸੀ। ਪੁਰਖ ਵੀ ਦੂਹਰੇ ਮਾਪਦੰਡਾਂ ਨਾਲ ਜੁੜੇ ਹੋਏ ਸਨ। ਉਹ ਇਹ ਗੱਲ ਤਾਂ ਮੰਨਦੇ ਸਨ ਕਿ ਨਾਰੀ ਉੱਚ ਵਿੱਦਿਆ ਪ੍ਰਾਪਤ ਕਰ ਕੇ ਨੌਕਰੀ ਜਾਂ ਰੁਜ਼ਗਾਰ ਪ੍ਰਾਪਤ ਕਰ ਲਵੇ ਪਰ ਪਰੰਪਰਾਗਤ ਨਾਰੀ ਵਾਂਗ ਉਹ ਉਸ ਨੂੰ ਆਪਣੀ ਪ੍ਰਭੁਤਾ ਅਧੀਨ ਰੱਖਣਾ ਚਾਹੁੰਦੇ ਸਨ। ਜਦੋਂ ਔਰਤ ਨੂੰ ਗ੍ਰਹਿਣੀ ਦਾ ਰੁਤਬਾ ਪ੍ਰਦਾਨ ਕੀਤਾ ਗਿਆ ਤਾਂ ਉਹ ਘਰ ਦੀ ਮਾਲਕਣ ਤਾਂ ਬਣ ਗਈ ਪਰ ਘਰ ਵਿੱਚ ਰਹਿ ਕੇ ਉਹ ਆਪਣੀ ਔਲਾਦ ਦੇ ਜਨਮ, ਪਾਲਣ-ਪੋਸ਼ਣ, ਘਰ ਦੀ ਸਾਂਭ-ਸੰਭਾਲ ਅਤੇ ਪਤੀ ਦੀ ਸੇਵਾ ਵਾਲੇ ਕਾਰਜ ਨਿਭਾਉਣ ਲੱਗੀ। ਆਧੁਨਿਕ ਕਾਲ ਵਿੱਚ ਵੀ ਪੁਰਾਣੇ ਸਮੇਂ ਦੀਆਂ ਕਦਰਾਂ-ਕੀਮਤਾਂ ਨੇ ਆਪਣੀ ਜੜ੍ਹ ਨਾ ਛੱਡੀ। ਬਹੁਤੀਆਂ ਇਸਤਰੀਆਂ ਦੇ ਮਨ ਵਿੱਚ ਸੀਤਾ-ਸਵਿੱਤਰੀ ਵਰਗਾ ਆਦਰਸ਼ ਹਾਲੇ ਵੀ ਵਸਿਆ ਹੋਇਆ ਹੈ। ਹਿੰਦੂ ਮੂਲਵਾਦੀ ਸਤੀ ਵਰਗੇ ਘਿਨਾਉਣੇ ਰਿਵਾਜ਼ਾਂ ਦੀ ਅੱਜ ਤੱਕ ਵੀ ਪੱਖਪੂਰਤੀ ਕਰ ਰਹੇ ਹਨ।

ਭਾਰਤੀ ਸਭਿਆਚਾਰ ਅਨੁਸਾਰ ਨਾਰੀ ਪ੍ਰਾਪਤ ਕਾਨੂੰਨੀ ਅਧਿਕਾਰਾਂ ਨੂੰ ਆਪਣੇ ਪਤੀ, ਭਰਾ, ਜਾਂ ਪਿਤਾ ਦੀ ਮਰਜ਼ੀ ਬਗੈਰ ਪ੍ਰਾਪਤ ਨਹੀਂ ਕਰ ਸਕਦੀ ਅਤੇ ਨਾ ਹੀ ਉਹ ਇਹਨਾਂ ਵਿਰੁੱਧ ਕਾਨੂੰਨੀ ਅਧਿਕਾਰ ਵਰਤ ਸਕਦੀ ਹੈ।ਇਸ ਸਭ ਦੇ ਪਿੱਛੇ ਕਾਰਨ ਸਾਫ਼ ਹੈ ਕਿ ਪਿਤਾ ਹੀ ਉਸ ਨੂੰ ਦੁਨੀਆਂ ਦਿਖਾਉਂਦਾ ਹੈ ਤੇ ਇਸ ਲਈ ਆਦਰ ਮਾਣ ਕਰਦੀ ਹੋਈ ਉਹ ਉਸ ਦੇ ਵਿਰੁੱਧ ਨਹੀਂ ਜਾ ਸਕਦੀ ਤੇ ਪਤੀ ਨੂੰ ਪਰਮੇਸ਼ਵਰ ਕਰਕੇ ਜਾਣਦੀ ਹੈ ਅਤੇ ਪਤੀ ਪ੍ਰਤੀ ਭਗਤੀ-ਭਾਵ ਛੋਟੇ ਹੁੰਦਿਆਂ ਹੀ ਉਸ ਦੇ ਜ਼ਹਿਨ ਵਿੱਚ ਭਰ ਦਿੱਤੇ ਜਾਂਦੇ ਹਨ। ਆਧੁਨਿਕ ਪੜ੍ਹੀ-ਲਿਖੀ ਨਾਰੀ ਵੀ ਪਤੀਬਰਤਾ ਵਿਹਾਰ ਨੂੰ ਬੜੀ ਸ਼ਰਧਾ ਨਾਲ ਅਪਣਾ ਲੈਂਦੀ ਹੈ। ਪੜ੍ਹੀ-ਲਿਖੀ ਆਧੁਨਿਕ ਨਾਰੀ ਦੀ ਸਮੱਸਿਆ ਇਹ ਹੁੰਦੀ ਹੈ ਕਿ ਉਹ ਨਾਰੀ ਦੇਹ ਦੇ ਸੰਕਲਪ ਨਾਲ ਇੰਨਾ ਨਹੀਂ ਜੁੜਦੀ ਜਿਤਨੀ ਕਿ ਉਹ ਆਤਮਿਕਤਾ ਨਾਲ ਜੁੜ ਜਾਂਦੀ ਹੈ। ਪੱਛਮ ਵਿੱਚ ਵਿਕਸਿਤ ਹੋਏ ਨਾਰੀਵਾਦ ਵਿੱਚ ਨਾਰੀ ਦੀ ਅਧੋਗਤੀ ਦਾ ਮੁੱਖ ਕਾਰਨ ਮਰਦ ਨੂੰ ਮੰਨਿਆ ਗਿਆ ਪਰ ਭਾਰਤ ਵਿੱਚ ਇਹ ਮੰਨਿਆ ਗਿਆ ਕਿ ਜੇਕਰ ਨਾਰੀ ਕੋਈ ਸਮਾਜਿਕ ਰੁਤਬਾ ਪ੍ਰਾਪਤ ਕਰਦੀ ਹੈ, ਉਸ ਵਿੱਚ ਮਰਦ ਦਾ ਹੀ ਹੱਥ ਹੈ। ਬ੍ਰਹਮ ਸਮਾਜ, ਦੇਵ ਸਮਾਜ ਅਤੇ ਆਰੀਆ ਸਮਾਜ ਵਰਗੀਆਂ ਸੰਸਥਾਵਾਂ ਦੀ ਨੀਂਹ ਰੱਖਣ ਕਰਕੇ ਵਿਧਵਾ ਵਿਆਹ ਦੀ ਆਗਿਆ, ਬਹੁ-ਪਤਨੀ ਵਿਆਹ ਦੀ ਨਿੰਦਿਆ ਅਤੇ ਇਸਤਰੀ ਸਿੱਖਿਆ ਨੂੰ ਹੁੰਗਾਰਾ ਮਿਲਣ ਕਰਕੇ ਇਸਤਰੀਆਂ ਭਾਰਤ ਦੀ ਨਵ-ਉਸਾਰੀ ਅਤੇ ਸਤੁੰਤਰਤਾ ਦੀ ਲਹਿਰ ਵਿੱਚ ਸਰਗਰਮ ਹਿੱਸਾ ਲੈਣ ਲੱਗ ਪਈਆਂ। ਸਵਰਨ ਕੁਮਾਰੀ ਦੇਵੀ, ਸਰਲਾ ਦੇਵੀ ਚੌਧਰਾਨੀ, ਲੇਡੀ ਅਬਲਾ ਬੋਸ, ਸੁਨੀਤੀ ਦੇਵੀ ਆਦਿ ਇਸਤਰੀਆਂ ਸਤੁੰਤਰਤਾ ਲਹਿਰਾਂ ਵਿੱਚ ਸਰਗਰਮ ਰਹੀਆਂ। ਇਹਨਾਂ ਸੰਸਥਾਵਾਂ ਨੇ ਔਰਤ ਦੀ ਆਜ਼ਾਦੀ ਤੇ ਸਿੱਖਿਆ ਲਈ ਕਈ ਯਤਨ ਕੀਤੇ। ਸਿੰਘ ਸਭਾ ਲਹਿਰ ਜੋ ਕਿ 1873 ਈ: ਤੋਂ ਬਾਅਦ ਪੰਜਾਬ ਵਿੱਚ ਹੋਂਦ ਵਿੱਚ ਆਈ, ਜਿਸਨੇ ਔਰਤ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕਈ ਸ਼ਲਾਘਾਯੋਗ ਕੰਮ ਕੀਤੇ। ਉਨੀਵੀਂ ਸਦੀ ਦੇ ਅੰਤ ਤੱਕ ਭਾਰਤੀ ਇਸਤਰੀਆਂ ਦੇ ਸੁਧਾਰ ਦੀ ਸਮੱਸਿਆ ਅਤੇ ਉਹਨਾਂ ਦੀ ਸਿੱਖਿਆ ਕੁੱਝ ਕਾਨੂੰਨੀ ਅਧਿਕਾਰਾਂ ਅਤੇ ਸਮਾਜਕ ਭਲਾਈ ਤੱਕ ਹੀ ਸੀਮਿਤ ਸੀ ਪਰ ਆਜ਼ਾਦੀ ਦੇ ਪਾਸਾਰ ਕਾਰਨ ਇਹ ਲਹਿਰ ਆਪਣੀਆਂ ਹੱਦਾਂ ਟੱਪਦੀ ਹੋਈ ਆਜ਼ਾਦੀ ਦੀ ਲਹਿਰ ਨਾਲ ਜੁੜ ਗਈ। ਪੁਨਰ-ਉਥਾਨਵਾਦੀ ਚਿੰਤਕਾਂ ਅਤੇ ਸਮਾਜ ਸੁਧਾਰਕਾਂ ਨੇ ਔਰਤ ਨੂੰ

ਸਿੱਖਿਅਤ ਕਰਨ ਅਤੇ ਉਸਨੂੰ ਕੁੱਝ ਕਾਨੂੰਨੀ ਅਧਿਕਾਰ ਦੇਣ ਦੀ ਵਕਾਲਤ ਕੀਤੀ। ਉੱਥੇ ਕੁੱਝ ਅਜਿਹੀਆਂ ਔਰਤਾਂ ਵੀ ਪ੍ਰਗਟ ਹੁੰਦੀਆਂ ਹਨ, ਜਿਹਨਾਂ ਨੇ ਇਸਤਰੀ ਨਾਲ ਹੁੰਦੇ ਵਿਤਕਰਿਆਂ ਨੂੰ ਪੂਰੀ ਦਲੇਰੀ ਨਾਲ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤਾ। ਪੰਜਾਬ ਵਿੱਚ ਅੰਗਰੇਜ਼ਾਂ ਦੇ ਆਉਣ ਨਾਲ ਫਿਊਡਲਿਜ਼ਮ ਅਤੇ ਰਿਆਸਤਾਂ ਉਤਸ਼ਾਹਿਤ ਹੋਈਆਂ। ਗੁਰਬਾਣੀ, ਸੂਫ਼ੀ ਸਾਹਿਤ, ਕਿੱਸਾ ਸਾਹਿਤ ਅਤੇ ਇਤਿਹਾਸ ਨੇ ਪੰਜਾਬ ਦੀ ਨਾਰੀ ਨੂੰ ਜੋ ਮਾਡਲ ਦਿੱਤਾ ਸੀ, ਉਸ ਨਾਲ ਪੰਜਾਬ ਦੀ ਨਾਰੀ ਅੰਦਰ ਵੀ ਕਾਫ਼ੀ ਤਬਦੀਲੀਆਂ ਆ ਗਈਆਂ। ਅਗਲੇ ਦਹਾਕਿਆਂ ਵਿੱਚ ਜੋ ਮੱਧ ਸ਼੍ਰੇਣੀ ਖੜ੍ਹੀ ਹੋ ਰਹੀ ਸੀ, ਉਸ ਉੱਤੇ ਪੱਛਮੀ ਸਭਿਆਚਾਰ ਦਾ ਵਿਸ਼ੇਸ਼ ਪ੍ਰਭਾਵ ਪਿਆ ਤੇ ਹੁਣ ਤੱਕ ਇਹ ਪ੍ਰਭਾਵ ਗੂੜ੍ਹਾ ਹੁੰਦਾ ਗਿਆ। ਪੰਜਾਬ ਦੀ ਨਾਰੀ ਉਸ ਅਵਚੇਤਨ ਨਾਲੋਂ ਟੁੱਟ ਨਹੀਂ ਸਕਦੀ ਜੋ ਉਸ ਨੂੰ ਇਤਿਹਾਸ ਨੇ ਦਿੱਤਾ ਹੈ ਜਿਸ ਵਿੱਚ ਹੌਲੀ-ਹੌਲੀ ਨਾਰੀ ਚੇਤਨਾ ਵੱਧਦੀ-ਫੁੱਲਦੀ ਰਹੀ।ਇਸੇ ਦੌਰਾਨ ਔਰਤ ਵਿੱਚ ਆਪਣੀ ਵਰਤਮਾਨ ਸਥਿਤੀ ਪ੍ਰਤੀ ਇੱਕ ਨਵੀਂ ਚੇਤਨਾ ਉਤਪੰਨ ਹੋਈ ਜਿਸਨੇ ਔਰਤਾਂ ਨੂੰ ਆਪਣੇ ਹੱਕਾਂ ਬਾਰੇ ਗਿਆਨ ਕਰਵਾਇਆ, ਜਿਸ ਕਾਰਨ ਔਰਤ ਦੀ ਚੇਤਨਾ ਦੇ ਵਿਕਾਸ ਦਾ ਮੁੱਢ ਬੱਝਿਆ। ਔਰਤ ਆਪਣੇ ਉੱਪਰ ਹੋ ਰਹੇ ਜ਼ੁਲਮ ਤੋਂ ਵਾਕਿਫ਼ ਹੋ ਕੇ ਆਪਣੇ ਹੱਕਾਂ ਪ੍ਰਤੀ ਚੇਤੰਨ ਹੋਣ ਲੱਗ ਪਈ ਹੈ, ਬਹੁਤੇ ਚਿਰਾਂ ਦੀ ਉਸ ਦੀ ਮੀਟੀ ਹੋਈ ਅੱਖ ਹੁਣ ਖੁੱਲ ਗਈ, ਇਹ ਅੱਖ ਸੀ ਚੇਤਨਾ ਦੀ ਜਾਗ੍ਰਿਤੀ ਦੀ।ਅੱਜ ਦੀ ਔਰਤ ਉਸ ਸਥਿਤੀ ਤੇ ਆ ਕੇ ਖੜ ਗਈ ਹੈ। ਜਿੱਥੇ ਪਰੰਪਰਾ ਉਸ ਦੇ ਨਾਪ-ਤੋਲ ਦੀ ਨਹੀਂ ਰਹਿ ਗਈ, ਉਹ ਨਵੀਆਂ ਤਲਾਸ਼ਾਂ ਵਿੱਚ ਰੁੱਝੀ ਹੋਈ ਹੈ। ਇੰਨੀ ਕੁ ਤਾਂ ਨਾਰੀ ਨੂੰ ਸਮਝ ਆ ਗਈ ਹੈ ਕਿ ਇਹ ਡਾਂਵਾਡੋਲ ਹੋਈ ਜ਼ਿੰਦਗੀ ਦੀ ਕਿਸ਼ਤੀ ਨਾ ਰੋ-ਰੋ ਕੇ ਬਦਲਣੀ ਹੈ, ਨਾ ਹੀ ਤਰਸ ਮੰਗ ਕੇ, ਸਗੋਂ ਔਰਤ ਨੂੰ ਆਪ ਹੀ ਤਕੜੀ ਹੋਣਾ ਪਵੇਗਾ।

ਨਾਰੀਵਾਦ ਸ਼ਬਦ ਅੰਗਰੇਜ਼ੀ ਦੇ ਸ਼ਬਦ ਫੈਮੀਨਿਜ਼ਮ (Feminisim) ਦਾ ਸਮਾਨਾਰਥਕ ਸ਼ਬਦ ਹੈ।ਇਹ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਫੈਮਿਨਾ (Femina) ਤੋਂ ਬਣਿਆ ਹੈ। 1906 ਵਿੱਚ Dictionaire de philosophie ਦੇ ਨਾਰੀਵਾਦ ਬਾਰੇ ਵਿੱਚਾਰ ਹਨ- ਨਾਰੀਵਾਦ ਉਹ ਸਥਿਤੀ ਹੈ ਜਿਸ ਵਿੱਚ ਔਰਤਾਂ ਦੇ ਹੱਕਾਂ ਦੀ ਅਨੁਕੂਲਤਾ ਸ਼ਾਮਿਲ ਹੈ।

Ellen du Bosis ਦੇ ਅਨੁਸਾਰ, "ਨਾਰੀਵਾਦ ਸ਼ਬਦ ਫ਼ਰਾਂਸ ਵਿੱਚ ਪਹਿਲੀ ਵਾਰ ਵੋਟ-ਹੱਕ ਪ੍ਰਾਪਤ ਕਰਨ ਵਾਲੀਆਂ ਔਰਤਾਂ ਵੱਲੋਂ ਕੀਤੀ ਜੱਦੋ-ਜਹਿਦ ਅਤੇ ਲਹਿਰ ਲਈ ਵਰਤਿਆ ਗਿਆ ਹੈ।"[13]

Linda Kealey ਨੇ (1890) ਨਾਰੀਵਾਦ, ਸੰਕਲਪ 'ਨਵੀਂ ਔਰਤ' ਲਈ ਵਰਤਿਆ। 'ਨਾਰੀਵਾਦ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 1880ਵਿਆਂ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਹੋਈ, ਜਿਹੜੀ ਔਰਤ ਨੂੰ ਮਰਦ ਦੇ ਸਾਮਾਨ ਅਧਿਕਾਰ ਦਿਵਾਉਣ ਦੀ ਮੰਗ ਕਰਦੀ ਹੈ।

ਨਾਰੀਵਾਦ ਇੱਕ ਅਜਿਹਾ ਸ਼ਬਦ ਹੈ ਜਿਹੜਾ ਯੰਗਰਡਿਊਮਸ (Younger Dumas) ਨੇ ਆਪਣੇ ਪੈਂਫਲਿਟ (Home femme) 1872 ਵਿੱਚ 'ਔਰਤਾਂ' ਦੇ ਅਧਿਕਾਰ ਲਹਿਰ ਨੂੰ ਨਿਯਤ ਕਰਨ ਲਈ ਘੜਿਆ ਹੈ। ਇਸ ਲਹਿਰ ਦੇ ਹਮਾਇਤੀ ਨਾਰੀਵਾਦ ਆਲੋਚਕ ਅਖਵਾਏ। ਕਿਸੇ ਸੰਪਰਦਾਇ ਦੇ ਅਸੂਲ ਮੰਗ ਕਰਦੇ ਹਨ ਕਿ ਆਰਥਿਕ ਅਤੇ ਸਮਾਜਿਕ ਤੌਰ ਤੇ ਔਰਤਾਂ ਮਰਦਾਂ ਦੇ ਬਰਾਬਰ ਹੋਣ। ਨਾਰੀਵਾਦ ਆਪਣੇ ਆਪ ਵਿੱਚ ਇੱਕ ਗੁੰਝਲਦਾਰ ਖੇਤਰ ਹੈ, ਜਿਸ ਦੀ ਕੋਈ ਵਿਆਪਕ ਪਰਿਭਾਸ਼ਾ ਜਾਂ ਸੰਪੂਰਨ ਸਿਧਾਂਤ ਨਹੀਂ ਹੈ। ਨਾਰੀਵਾਦ ਦੀਆਂ ਵਿਅਕਤੀਗਤ ਪਰਿਭਾਸ਼ਾਵਾਂ ਕੋਸ਼ਾਂ ਅਤੇ ਵਿਸ਼ਵਕੋਸ਼ਾਂ ਵਿੱਚ ਦਿੱਤੀਆਂ ਗਈਆ ਹਨ ਪਰ ਇਸ ਦੇ ਮੁੱਢਲੇ ਅਰਥਾਂ ਬਾਰੇ ਕੁੱਝ ਵਾਦ-ਵਿਵਾਦ ਪ੍ਰਚਲਿਤ ਹੈ। ਨਾਰੀਵਾਦ ਵੀਂਹਵੀ ਸਦੀ ਵਿੱਚ ਇੱਕ ਸਰਗਰਮ ਲਹਿਰ ਸੀ, ਜੋ ਸਾਹਿਤ-ਸਿਧਾਂਤ ਪੱਖੋਂ ਨਿਵੇਕਲੀ ਹੋਂਦ ਗ੍ਰਹਿਣ ਕਰ ਗਿਆ।ਨਾਰੀਵਾਦ ਦਾ ਖਾਸ ਨਿਸ਼ਾਨਾ ਸਿਰਫ਼ ਔਰਤਾਂ ਦੀ ਸਮਾਜਿਕ ਸਥਿਤੀ ਨੂੰ ਬਦਲਣਾ ਹੀ ਨਹੀਂ ਸੀ ਸਗੋਂ ਮਰਦਾਂ ਅਤੇ ਔਰਤਾਂ ਦੋਨਾਂ ਦੀ ਮਾਨਸਕ ਸੋਚ ਵਿੱਚ ਪਰਿਵਰਤਨ ਲਿਆਉਣਾ ਸੀ।ਇਹ ਵਾਦ

ਔਰਤ ਨੂੰ ਇੱਕਤਰ ਜਾਂ ਸੰਗਠਿਤ ਕਰਕੇ ਆਪਣੇ ਹੱਕਾਂ ਪ੍ਰਤੀ ਹੰਭਲਾ ਮਾਰ ਲੈਣ ਲਈ ਉਤਸ਼ਾਹਿਤ ਕਰਦਾ ਅੰਦੋਲਨ ਹੈ। ਮਾਡਰਨ ਅੰਗਰੇਜ਼ੀ ਕੋਸ਼ ਅਨੁਸਾਰ, "ਨਾਰੀਵਾਦ ਇਸਤਰੀ ਜਾਤੀ ਦੇ ਦੁੱਖਾਂ ਕਸ਼ਟਾਂ ਜਾਂ ਕਲੇਸ਼ਾਂ ਦਾ ਸਪੱਸ਼ਟ ਬਿਆਨ ਹੈ। ਇਹ ਔਰਤਾਂ ਦੇ ਵਿਸ਼ੇਸ ਅਧਿਕਾਰਾਂ ਬਾਰੇ ਸਪੱਸ਼ਟੀਕਰਨ ਦਿੰਦਾ ਹੈ। ਜੋ ਔਰਤਾਂ ਦੀ ਹੋਂਦ ਨੂੰ ਸਵੀਕਾਰਦਾ ਹੀ ਨਹੀਂ ਸਗੋਂ ਉਸ ਵਿੱਚ ਵਿਸ਼ਵਾਸ ਕਰਨ ਲਈ ਆਖਦਾ ਹੈ।"[14]

ਨਾਰੀਵਾਦ ਦੀ ਗੱਲ ਪੱਛਮੀ ਦੇਸ਼ਾਂ ਤੋਂ ਤੁਰੀ।ਫਰਾਂਸ ਦੀ ਕ੍ਰਾਂਤੀ ਨਾਲ ਔਰਤ ਦੀ ਸਥਿਤੀ ਵਿੱਚ ਪਰਿਵਰਤਨ ਆਇਆ। ਬੀਜ ਦੇ ਰੂਪ ਵਿੱਚ ਸਭ ਤੋਂ ਪਹਿਲਾਂ ਮੈਰੀ ਵੂਲਸਟੋਨ ਕਰਾਫ਼ਟ ਨੇ 1792 ਵਿੱਚ ਔਰਤਾਂ ਦੇ ਹੱਕ ਵਿੱਚ ਆਵਾਜ਼ ਉਠਾਈ। ਨਾਰੀਵਾਦ ਦੇ ਸਦਕੇ ਔਰਤ ਦੀ ਆਜ਼ਾਦੀ ਅਤੇ ਉਸਦੇ ਹੱਕਾਂ ਪ੍ਰਤੀ ਗੱਲ ਕੀਤੀ ਗਈ। ਔਰਤ ਨੂੰ ਸ਼ੁਰੂ ਤੋਂ ਹੀ ਭੋਲੀ-ਭਾਲੀ ਤੇ ਸਿੱਧੀ-ਸਾਦੀ ਬਣ ਕੇ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਉਹ ਘਰ ਵਿੱਚ ਭੋਲੀ-ਭਾਲੀ ਧੀ, ਚੰਗੀ ਪਤਨੀ ਜਾਂ ਗ੍ਰਹਿਣੀ , ਭਾਵੇਂ ਸੁਘੜ-ਸਿਆਣੀ ਮਾਂ ਬਣ ਕੇ ਰਹੇ , ਉਸ ਨੂੰ ਆਪਣਾ ਨਾਰੀਤਵ ਕਦੇ ਨਹੀਂ ਗੁਆਉਣਾ ਚਾਹੀਦਾ,ਉਸ ਨੂੰ ਆਪਣੇ ਹੱਕਾਂ ਲਈ ਜਾਗੂਰਕ ਰਹਿਣਾ ਚਾਹੀਦਾ ਹੈ। ਨਾਰੀਵਾਦ ਲਹਿਰ ਦਾ ਸੁਪਨਾ ਹੀ ਸਮਾਜ ਵਿੱਚ ਔਰਤ ਦੀ ਆਜ਼ਾਦੀ ਦੀ ਗੱਲ ਕਰਨਾ ਹੈ।

(Encylopedia Britannica) ਇਨਸਾਈਕਲੋਪੀਡੀਆ ਬ੍ਰਿਟੇਨਕਾ ਵਿੱਚ "ਨਾਰੀਵਾਦ ਨੂੰ ਇੱਕ ਅਜਿਹੀ ਧਾਰਨਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜਿਹੜੀ ਇਸਤਰੀਆਂ ਦੇ ਅਧਿਕਾਰਾਂ ਦੇ ਪੱਖ ਵਿੱਚ ਚਲਾਏ ਅੰਦੋਲਨਾਂ ਨਾਲ ਸੰਬੰਧਿਤ ਹੈ। ਇਨ੍ਹਾਂ ਅੰਦਲੋਨਾਂ ਦਾ ਉਦੇਸ਼ ਇਸਤਰੀਆਂ ਨੂੰ ਪੁਰਖਾਂ ਦੇ ਬਰਾਬਰ ਪੂਰਨ ਸਮਾਨਤਾ ਦੇ ਪੱਧਰ ਉੱਤੇ ਲਿਆਉਣਾ ਹੈ।"[15]

18 ਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਮੇਰੀ ਗੌਡਵਿਨ ਦੀਆਂ ਦੋ ਕਿਤਾਬਾਂ 'Thoughts on the Education of a Daughter' and 'vindication of the rights of women' ਪ੍ਰਕਾਸ਼ਿਤ ਹੋਈਆਂ। ਮੇਰੀ ਵੂਲਸਟੋਨ ਕਰਾਫ਼ਟ ਦੀ ਲਿਖੀ ਪੁਸਤਕ 'A vindication of the right of women', 1789 ਅਤੇ ਜੇ.ਐਸ.ਮਿਲ ਦੀ ਰਚਨਾ 'The Subjection of women 1869' ਵਿੱਚ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਿਤਾਬਾਂ ਵਿੱਚਲੇ ਵਿੱਚਾਰਾਂ ਨੇ ਇੰਗਲੈਂਡ ਦੇ ਪੜ੍ਹੇ-ਲਿਖੇ ਪੁਰਸ਼ਾਂ ਅਤੇ ਇਸਤਰੀਆਂ ਵਿੱਚਕਾਰ ਇੱਕ ਨਵੀਂ ਭਾਂਤ ਦੀ ਚੇਤਨਾ ਪੈਦਾ ਕਰਨੀ ਸ਼ੁਰੂ ਕਰ ਦਿੱਤੀ। ਸਮਾਜ ਵਿੱਚ ਵਿੱਚਰ ਰਹੇ ਪੁਰਸ਼ ਅਤੇ ਇਸਤਰੀਆਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਸਮਾਜ ਦੇ ਸਮੁੱਚੇ ਕਲਿਆਣ ਲਈ ਅਤੇ ਪਤੀ-ਪਤਨੀ ਤੇ ਸੰਤਾਨ ਦੀ ਘਰੇਲੂ ਖੁਸ਼ੀ ਵਿੱਚ ਵਾਧੇ ਲਈ ਨਾਰੀ ਨੂੰ ਕੇਵਲ ਜਨਤਕ ਕੰਮ-ਕਾਜ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਨਾਲ ਹੀ ਸਮਾਜ ਵੱਲੋਂ ਉਸ ਦੀ ਚੰਗੀ ਸਿਹਤ, ਸਿੱਖਿਆ ਅਤੇ ਰੋਜ਼ਗਾਰ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਹਰ ਕੰਮ ਵਿੱਚ ਉਸਨੂੰ ਮਰਦ ਦੇ ਬਰਾਬਰ ਅਧਿਕਾਰ ਮਿਲਣਾ ਚਾਹੀਦਾ ਹੈ।ਇਸ ਪੱਖ ਵਿੱਚ ਗੱਲ ਕਰਦੇ ਹੋਏ ਸੁਰਜੀਤ ਸਿੰਘ ਭੱਟੀ ਲਿਖਦੇ ਹਨ :-

"ਪਹਿਲੀਆਂ ਸਰਗਰਮ ਔਰਤਾਂ ਨੇ ਆਪਣੇ ਲਈ 'ਨਾਰੀਵਾਦੀ' ਹੋਣ ਦਾ ਲਕਬ ਨਾ ਵਰਤਿਆ। ਉਨ੍ਹਾਂ ਔਰਤਾਂ ਨੂੰ ਵੱਧ ਤੋਂ ਵੱਧ ਨਾਰੀ ਦੇ ਹੱਕਾਂ ਦੀਆਂ 'ਸਮਰਥਕ' (Defenders) ਜਾਂ ਔਰਤਾਂ ਦੀਆਂ ਵਕੀਲ ਜਾਂ ਔਰਤਾਂ ਦੇ ਹੱਕਾਂ ਦੀ 'ਵਕਾਲਤ' ਕਿਹਾ ਜਾ ਸਕਦਾ ਹੈ। ਇੰਗਲੈਂਡ ਵਿੱਚ ਔਰਤਾਂ ਨੂੰ ਧਾਰਮਿਕ ਖੇਤਰ ਵਿੱਚ ਬਰਾਬਰੀ ਦੀ ਮੰਗ ਉੱਪਰ 1630-1650 ਵਿਆਂ ਵਿੱਚ ਬਹੁਤ ਸਾਰੇ ਸਮਾਜਿਕ ਸਮੂਹਾਂ ਦੀ ਹਮਦਰਦੀ ਅਤੇ ਸਹਾਇਤਾ ਪ੍ਰਾਪਤ ਹੋਈ। 1906 ਵਿੱਚ Dictionaire de Philosphie ਲਿਖਿਆ ਮਿਲਦਾ ਹੈ ਕਿ ਨਾਰੀਵਾਦ ਉਹ ਸਥਿਤੀ ਹੈ ਜਿਸ ਵਿੱਚ ਔਰਤਾਂ ਦੇ ਹੱਕਾਂ ਦੀ ਅਨੁਕੂਲਤਾ ਸ਼ਾਮਿਲ ਹੈ। ਜਿਹੜੀ ਔਰਤਾਂ ਦੇ ਹੱਕਾਂ ਲਈ ਸੁਖਾਵੀਂ ਹੈ।"[16]

ਯੂਰਪ ਅਤੇ ਅਮਰੀਕਾ ਵਿੱਚ ਹੌਲੀ-ਹੌਲੀ ਸਮਾਂ ਬੀਤਣ ਨਾਲ ਲੋਕਰਾਜੀ-ਪੂੰਜੀਵਾਦੀ ਇਨਕਲਾਬ ਆਉਣ ਲੱਗੇ ਤਾਂ ਔਰਤਾਂ ਘਰਾਂ ਤੋਂ ਬਾਹਰ ਨਿਕਲ ਕੇ ਰੁਜ਼ਗਾਰ ਕਰਨ ਲੱਗੀਆਂ ਤੇ ਕਮਾਈਆਂ ਕਰਦੇ-ਕਰਦੇ ਉਹਨਾਂ ਦੇ ਮਨਾਂ ਵਿੱਚ ਆਜ਼ਾਦੀ ਲਈ ਵਿੱਚਾਰ ਵੀ ਪੈਦਾ ਹੋਣ ਲੱਗੇ। ਪਿੰਡਾਂ ਵਿੱਚ ਵੱਸਦੇ ਲੋਕ ਕਾਰਖਾਨਿਆਂ ਵੱਲ ਦਿਲਚਸਪੀ ਲੈਣ ਲੱਗੇ। ਕੰਮ ਦੀ ਜਿਆਦਾ ਲੋੜ ਨੇ ਨਵੀਂ ਕਿਸਮ ਦੀ ਸਿੱਖਿਆ ਪ੍ਰਣਾਲੀ ਨੂੰ ਜਨਮ ਦਿੱਤਾ, ਉਹ ਸਿੱਖਿਆ ਜੋ ਤਕਨੀਕੀ, ਪ੍ਰਬੰਧਕੀ ਅਤੇ ਆਰਥਿਕ ਲੋੜਾਂ ਪੂਰੀਆਂ ਕਰ ਸਕੇ। ਇਸ ਸਿੱਖਿਆ ਰਾਹੀਂ ਲੋਕ ਇੱਕ-ਦੋ ਤੋਂ ਜਿਆਦਾ ਵਰਗਾਂ ਵਿੱਚ ਵੰਡੇ ਗਏ। ਜਿਸ ਵਿੱਚ ਭੁੱਖੇ-ਭਾਣੇ ਲੋਕ, ਮੱਧ ਵਰਗੀ ਅਤੇ ਰੱਜੇ-ਪੁੱਜੇ ਅਮੀਰ ਆ ਜਾਂਦੇ ਹਨ। ਇਹਨਾਂ ਲੋਕਾਂ ਵਿੱਚ ਨਵੀਂ-ਜੀਵਨ ਜਾਚ ਪੈਦਾ ਹੋਈ ।ਇਹ ਜਾਚ ਦੇ ਸਦਕੇ ਹੀ ਨਵੀਨਤਾ ਆਈ ਤੇ 18 ਵੀਂ, 19 ਵੀਂ ਅਤੇ 20 ਵੀਂ ਸਦੀ ਨਾਰੀ-ਮੁਕਤੀ ਦੀਆਂ ਅਲੱਗ-ਅਲੱਗ ਪ੍ਰਕਾਰ ਦੀਆਂ ਲਹਿਰਾਂ ਦੇ ਰੂਪ ਵਿੱਚ ਸਾਹਮਣੇ ਆਈ। ਪੱਛਮੀ ਔਰਤਾਂ ਦੀਆਂ ਜੱਥੇਬੰਦੀਆਂ ਨੇ ਪੱਛਮੀ ਦੇਸਾਂ ਵਿੱਚ ਔਰਤਾਂ ਉੱਪਰ ਦਿਨ-ਬ ਦਿਨ ਹੋ ਰਹੀਆਂ ਵਧੀਕੀਆਂ ਨੂੰ ਆਧਾਰ ਬਣਾਇਆ, ਜਿੱਥੇ ਕੁੜੀਆਂ ਉੱਚ-ਸਿੱਖਿਆ ਪ੍ਰਾਪਤ ਨਹੀਂ ਕਰ ਸਕਦੀਆਂ ਸਨ। ਅਮਰੀਕਾ ਵਿੱਚ ਵੀ 1878 ਤੱਕ ਕੋਈ ਕੁੜੀ ਉੱਚ ਸਿੱਖਿਆ ਭਾਵੇਂ ਉਹ ਕਾਨੂੰਨ ਨਾਲ ਸੰਬੰਧਿਤ ਹੋਵੇ ਜਾਂ ਮੈਡੀਕਲ ਨਾਲ, ਨਹੀਂ ਲੈ ਸਕਦੀ ਸੀ। ਇੱਥੋਂ ਤੱਕ ਕਿ ਰਾਜਨੀਤੀ ਵਿੱਚ ਵੀ ਔਰਤ ਨਹੀਂ ਆ ਸਕਦੀ ਸੀ। ਮਰਦ ਦੀਆਂ ਇਹਨਾਂ ਵਧੀਕੀਆਂ ਕਰਕੇ ਹੀ ਨਾਰੀਵਾਦੀ ਜਥੇਬੰਦੀਆਂ ਸਾਹਮਣੇ ਆਈਆਂ, ਜਿਸ ਦੇ ਫਲਸਰੂਪ 1841 ਵਿੱਚ ਪਹਿਲੀ ਲੜਕੀ ਨੇ ਅਮਰੀਕਾ ਵਿੱਚ ਬੀ.ਏ. ਪਾਸ ਕੀਤੀ । ਹੌਲੀ-ਹੌਲੀ ਉਦਯੋਗਿਕ ਕੰਮਾਂ ਵਿੱਚ ਗਤੀਸ਼ੀਲਤਾ ਆਈ। ਔਰਤਾਂ ਸੰਗਠਿਤ ਹੋਣ ਲੱਗੀਆਂ ਅਤੇ ਆਪਣੇ ਅਧਿਕਾਰਾਂ ਦੀ ਮੰਗ ਕਰਨ ਲੱਗੀਆਂ। 1882 ਵਿੱਚ ਅਮਰੀਕਾ ਵਿੱਚ ਪਹਿਲੀ ਨਾਰੀਵਾਦੀ ' ਇੰਟਰਨੈਸ਼ਨਲ ਵੂਮੈਨ ਆਰਗਨਾਈਜ਼ੇਸ਼ਨ' ਸਥਾਪਿਤ ਹੋਈ। ਫਰਾਂਸ ਦੀ ਕ੍ਰਾਂਤੀ ਸਮੇਂ ਦੀ ਔਰਤ ਨੇ ਵੱਧ ਚੜਕੇ ਹਿੱਸਾ ਪਾਇਆ ਅਤੇ ਖੁੱਲ ਕੇ ਆਪਣੇ ਅਧਿਕਾਰਾਂ ਦੀ ਮੰਗ ਕੀਤੀ ਕਿਉਂਕਿ 1879 ਦੀ ਸਮਾਜਵਾਦੀ ਕਾਂਗਰਸ ਨੇ ਇਹ ਐਲਾਨ ਕਰ ਦਿੱਤਾ ਕਿ ਮਰਦ ਅਤੇ ਔਰਤ ਦੋਵੇਂ ਹੀ ਬਰਾਬਰ ਹਨ ਅਤੇ ਉਹ ਹਰ ਕੰਮ ਵਿੱਚ ਬਰਾਬਰ ਦੇ ਹੀ ਹੱਕਦਾਰ ਹਨ। ਪਿਛਾਂਹਵਧੂ ਵਿੱਚਾਰਾਂ ਵਾਲੇ ਮਰਦ ਇਹ ਚਾਹੁੰਦੇ ਸਨ ਕਿ ਉਹਨਾਂ ਦੀ ਔਰਤ ਘਰ ਤੋਂ ਬਾਹਰ ਨਾ ਨਿਕਲੇ। ਘਰ ਇੱਕ ਮੰਦਰ ਸਾਮਾਨ ਹੈ ਤੇ ਘਰ ਵਿੱਚ ਰਹਿ ਕੇ ਔਰਤ ਮੰਦਰ ਨੂੰ ਸੁਆਰ ਸਕਦੀ ਹੈ। '' ਘਰ ਔਰਤ ਦਾ ਮੰਦਰ ਹੈ। ਜੇਕਰ ਉਹ ਰਾਜਨੀਤੀ ਵਿੱਚ ਹਿੱਸਾ ਲੈਂਦੀ ਹੈ, ਵੋਟ ਦਾ ਹੱਕ ਮੰਗਦੀ ਹੈ, ਤਾਂ ਆਪਣੀ ਖੂਬਸੂਰਤੀ ਗੁਆ ਦੇਵੇਗੀ। ਘਰ ਵਿੱਚ ਉਸਨੂੰ ਆਦਮੀਆਂ ਤੇ ਪੂਰਾ ਹੱਕ ਤਾਂ ਹੈ ਹੀ, ਇਸ ਲਈ ਘਰ ਤੋਂ ਬਾਹਰ ਦੀ ਰਾਜਨੀਤੀ 'ਚ ਆਉਣ ਦਾ ਕੀ ਫਾਇਦਾ? ਇਹ ਪ੍ਰਸ਼ਨ ਵੀ ਉੱਠਿਆ ਕਿ ਕੀ ਵੇਸਵਾਵਾਂ ਨੂੰ ਵੋਟ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ? ਆਦਮੀ ਸਿੱਖਿਅਤ ਹੁੰਦੇ ਹਨ, ਇਸ ਲਈ ਉਹ ਔਰਤਾਂ ਦੇ ਵੋਟ ਨੂੰ ਪ੍ਰਭਾਵਿਤ ਕਰਨਗੇ ਹੀ। ਇਸ ਲਈ ਔਰਤ ਦੀ ਆਪਣੀ ਚੋਣ ਕੀ ਹੋਈ? ਅਤੇ ਔਰਤਾਂ ਜੇਕਰ ਆਜ਼ਾਦੀ ਚਾਹੁੰਦੀਆਂ ਹਨ, ਤਾਂ ਪਹਿਲਾਂ ਦੂਜੇ ਖੇਤਰਾਂ ਵਿੱਚ ਤਾਂ ਆਜ਼ਾਦ ਹੋਣ, ਦੂਜੀਆਂ ਬੰਦਸ਼ਾਂ ਨੂੰ ਤਾਂ ਤੋੜਨ।"[17] 1851 ਈ: ਵਿੱਚ ਸ਼ੈਫੀਲਡ ਐਸ਼ੋਸੀਏਸ਼ਨ ਨਾਂ ਦੀ ਸੰਸਥਾ ਨੇ ਇਸਤਰੀ ਨੂੰ ਵੋਟ ਦਾ ਅਧਿਕਾਰ ਦੇਣ ਦਾ ਮਸਲਾ ਉਠਾਇਆ। 1869 ਈ: ਵਿੱਚ ਇਹ ਤੈਅ ਕੀਤਾ ਗਿਆ ਕਿ ਕੇਵਲ ਉਹੀ ਔਰਤਾਂ ਵੋਟ ਦੇ ਸਕਦੀਆਂ ਹਨ ਜਿਹੜੀਆਂ ਕਰਾਇਆ ਅਦਾ ਕਰਦੀਆਂ ਸਨ।

ਨਾਰੀ ਦੀ ਸਥਿਤੀ ਨੂੰ ਬਿਹਤਰ ਬਣਾਉਣ ਵਾਸਤੇ ਭਾਰਤ ਵਿੱਚ ਕੁਝ ਕਾਨੂੰਨ ਪਾਸ ਕੀਤੇ ਗਏ :-

1. 1829 ਈ: ਵਿੱਚ ਸਤੀ ਵਿਰੋਧੀ ਕਾਨੂੰਨ
2. 1856 ਈ: ਵਿੱਚ ਵਿਧਵਾ ਪੁਨਰ-ਵਿਆਹ ਐਕਟ
3. 1870 ਈ: ਦਾ ਕੁੜੀ ਮਾਰ ਵਿਰੋਧੀ ਐਕਟ
4. 1929 ਈ: ਵਿੱਚ ਪਾਸ ਕੀਤਾ ਸ਼ਾਹਦਾ ਐਕਟ

ਜਿਸ ਅਨੁਸਾਰ ਕਿਸੇ ਵੀ ਕੰਨਿਆ ਦੀ ਸ਼ਾਦੀ 15 ਸਾਲ ਤੋਂ ਪਹਿਲਾਂ ਨਹੀਂ ਹੋ ਸਕਦੀ, ਉਸ ਲਈ ਉਮਰ 18 ਸਾਲ ਹੋਣੀ ਜ਼ਰੂਰੀ ਸੀ। ਔਰਤਾਂ ਦੇ ਮੱਤ ਅਧਿਕਾਰ ਅਤੇ ਸੰਗਠਿਤ ਹੋਣ ਦਾ ਵਿਰੋਧ ਧਰਮ ਦੇ ਠੇਕੇਦਾਰਾਂ ਅਤੇ ਸਰਮਾਏਦਾਰਾਂ ਦੋਹਾਂ ਨੇ ਕੀਤਾ। ਚਾਰਲੋਟ ਪਰਕਿਨਜ਼ ਗਿਲਮੈਨ ਨੇ ਔਰਤ ਦੀ ਆਜ਼ਾਦੀ ਦੇ ਆਰਥਕ ਆਧਾਰ ਪੇਸ਼ ਕਰਦਿਆਂ ਜ਼ੋਰ ਦਿੱਤਾ ਕਿ ਔਰਤ ਤਾਂ ਹੀ ਆਜ਼ਾਦ ਹੋ ਸਕਦੀ ਹੈ ਜੇ ਘਰ ਦੇ ਅਕੇਵੇਂ ਭਰੇ ਕੰਮਾਂ ਤੋਂ ਉਸ ਦਾ ਛੁਟਕਾਰਾ ਮਿਲੇ ਅਤੇ 1914 ਈ: ਵਿੱਚ ਔਰਤ ਨੂੰ ਵੋਟ ਦੇ ਅਧਿਕਾਰ ਸੰਬੰਧੀ ਰਾਸਟਰੀ ਮਤ ਅਧਿਕਾਰ ਸੰਸਥਾ ਸਾਹਮਣੇ ਆਈ। ਇਸ ਸੰਘਰਸ਼ ਸਦਕਾ 1928 ਈ: ਵਿੱਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਵੋਟ ਦਾ ਅਧਿਕਾਰ ਹਾਸਲ ਹੋ ਗਿਆ। ਸੋਵੀਅਤ ਰੂਸ ਵਿੱਚ ਨਾਰੀ-ਮੁਕਤੀ ਅੰਦੋਲਨ ਬੜਾ ਜ਼ੋਰਾਂ ਨਾਲ ਵਧਿਆ। ਪਹਿਲਾਂ ਇਹ ਸ਼ੁਰੂ ਹੋਇਆ ਬੌਧਿਕ ਵਿਦਿਆਰਥਣਾਂ ਨਾਲ, ਇਸਨੇ 19 ਵੀਂ ਸਦੀ ਵਿੱਚ ਅਤੇ ਉਸਦੇ ਬਾਅਦ ਬਹੁਤ ਕ੍ਰਾਂਤੀਕਾਰੀ ਅਤੇ ਹਿੰਸਕ ਰੂਪ ਫੜ੍ਹ ਲਿਆ। ਮਹਾਨ ਨੇਤਾ ਲੈਨਿਨ ਨੇ ਔਰਤ ਅਤੇ ਮਜ਼ਦੂਰ ਵਰਗ ਦੋਵਾਂ ਦੀ ਮੁਕਤੀ ਦਾ ਆਰੰਭ ਕੀਤਾ ਅਤੇ ਉਸ ਨੇ ਦੋਵਾਂ ਨੂੰ ਹੀ ਬਰਾਬਰ ਦੱਸਿਆ। ਸੋਵੀਅਤ ਰੂਪ ਵਿੱਚ ਔਰਤ ਨੂੰ ਆਰਥਕ, ਰਾਜਨੀਤਕ, ਸੰਸਕ੍ਰਿਤਕ ਅਧਿਕਾਰ ਮਰਦ ਦੇ ਬਰਾਬਰ ਦਿੱਤੇ ਜਾਣ ਲੱਗੇ।ਜੋ ਪਰੰਪਰਾ ਔਰਤ ਨੂੰ ਦਾਸੀ ਬਣਾਉਣਾ ਚਾਹੁੰਦੀ ਹੈ, ਉਸਦਾ ਖੁੱਲ ਕੇ ਵਿਰੋਧ ਹੋਣਾ ਚਾਹੀਦਾ ਹੈ।

"ਨਾਰੀਵਾਦ ਸਮਝਦਾ ਹੈ ਕਿ ਔਰਤ ਨਾਲ ਸਮਾਜਿਕ ਬੇਇਨਸਾਫ਼ੀ ਅਤੇ ਜਬਰ ਹੋ ਰਿਹਾ ਹੈ। ਔਰਤ ਨੂੰ ਇਸ ਗ਼ੁਲਾਮੀ ਅਤੇ ਜਬਰ ਤੋਂ ਮੁਕਤ ਕਰਵਾਇਆ ਜਾਵੇ, ਇਹ ਔਰਤ ਉੱਪਰ ਜ਼ੁਲਮ ਦੇ ਕਾਰਣਾਂ ਅਤੇ ਇਸ ਦੇ ਵੱਖ-ਵੱਖ ਰੂਪਾਂ ਨੂੰ ਸਮਝਣ ਅਤੇ ਵਿਸ਼ਲੇਸ਼ਿਤ ਕਰਨ ਦੀ ਕੋਸ਼ਿਸ ਤੇ ਇਹ ਔਰਤਾਂ ਦੀ ਮੁਕਤੀ ਦਾ ਮਾਰਗ ਹੈ।"[18]

ਨਾਰੀ ਦੇ ਨਿਰਮਾਣ ਅਤੇ ਨਾਰੀ ਦੀ ਪ੍ਰਕ੍ਰਿਤੀ ਸੰਬੰਧੀ ਪੱਛਮ ਵਿੱਚ ਕਈ ਵਿੱਚਾਰ ਸਾਹਮਣੇ ਆਏ ਜੋ 'ਨਾਰੀਵਾਦ' ਨਾਲ ਸੰਬੰਧਿਤ ਸਨ। ਉਹਨਾਂ ਵਿੱਚ ਇੱਕ ਉਦਾਰਵਾਦੀ ਨਾਰੀਵਾਦ ਵੀ ਸੀ ਜੋ ਔਰਤਾਂ ਨੂੰ ਮਰਦਾਂ ਦੇ ਬਰਾਬਰ ਬਿਨਾਂ ਕਿਸੇ ਭੇਦ-ਭਾਵ ਦੇ ਹਰ ਅਧਿਕਾਰ ਦੇ ਉਸ ਦੇ ਬਰਾਬਰ ਹੱਕਾਂ ਦੀ ਵਕਾਲਤ ਕਰਦਾ ਹੈ। ਪੱਛਮ ਵਿੱਚ ਬੇਸ਼ੱਕ ਰੂਸੋ, ਸ਼ਾਪਨਹਾਰ, ਫ਼ਿਖ਼ਟੇ, ਨੀਤਸ਼ੇ ਅਤੇ ਫ਼ਰਾਇਡ ਨੇ ਰੂੜੀਵਾਦੀ ਨਾਰੀਵਾਦ ਦੀ ਗੱਲ ਕਰਦੇ ਹੋਏ ਕਿਹਾ ਕਿ ਔਰਤਾਂ ਭਾਵੁਕ ਤੇ ਅਸਥਿਰ ਹਨ, ਜੋ ਵੀ ਲਿੰਗੀ ਵਿਤਕਰਾ ਹੋ ਰਿਹਾ ਹੈ ਇਹ ਸਮਾਜਿਕ ਪ੍ਰਬੰਧ ਕਾਰਨ ਹੀ ਹੋ ਰਿਹਾ ਹੈ। ਜਦ ਕਿ ਜੁਝਾਰੂ ਨਾਰੀਵਾਦੀ ਇਹ ਕਹਿੰਦੇ ਹਨ ਕਿ ਜੇਕਰ ਤਕਨਾਲੌਜੀ ਦੇ ਇਨਕਲਾਬ ਰਾਹੀਂ ਔਰਤਾਂ ਨੂੰ ਬੱਚੇ ਜੰਮਣ ਤੋਂ ਮੁਕਤੀ ਪਾਈ ਜਾ ਸਕਦੀ ਹੈ। ਮਨੁੱਖੀ ਪ੍ਰਤਿਭਾ ਬਾਰੇ ਇਹ ਪਹੁੰਚ ਨਵ-ਫ਼ਰਾਇਡਵਾਦੀ ਹੈ। ਔਰਤ ਬੱਚੇ ਜੰਮਣ ਕਾਰਨ ਸਰੀਰਕ ਤੌਰ ਤੇ ਕਮਜ਼ੋਰ ਹੋ ਜਾਂਦੀ ਹੈ ਅਤੇ ਇਸ ਕਰਕੇ ਤਕਨਾਲੌਜੀ ਦਾ ਇਨਕਲਾਬ ਪਰਿਵਾਰ ਦੇ ਤਾਨਾਸ਼ਾਹੀ ਅਤੇ ਜਾਬਰਾਨਾ ਸੰਬੰਧਾਂ ਨੂੰ ਸਮਾਪਤ ਕਰ ਦੇਵੇਗਾ। ਮਾਰਕਸਵਾਦੀ ਨਾਰੀਵਾਦ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਮਰਦ ਗ਼ੁਲਾਮ ਹੈ ਅਤੇ ਫਿਰ ਔਰਤ ਮਰਦ ਦੀ ਗ਼ੁਲਾਮ ਹੈ।ਇਸ ਲਈ ਔਰਤ ਤੇ ਮਰਦ ਨੂੰ ਆਪਸ ਵਿੱਚ ਵਿਰੋਧ ਨਾਲ ਨਹੀਂ ਸਗੋਂ ਇੱਕ ਦੂਜੇ ਦਾ ਸਹਾਰਾ ਬਣ ਕੇ ਚੱਲਣਾ ਚਾਹੀਦਾ ਹੈ। 1936 ਅਤੇ 1941 ਦੇ ਕਾਨੂੰਨ ਗਰਭਪਾਤ ਕਰਵਾਉਣ ਅਤੇ ਤਲਾਕ ਲੈਣ ਨੂੰ ਗੈਰ-ਕਾਨੂੰਨੀ ਸਮਝਦੇ ਹਨ । ਉਹਨਾਂ ਦਾ ਖਿਆਲ ਸੀ ਕਿ ਕੋਈ ਵੀ ਬੱਚਾ ਮਾਂ ਦੀ ਪੂਰੀ ਜਿੰਮੇਵਾਰੀ ਹੁੰਦਾ ਹੈ। 1945 ਵਿੱਚ ਸੰਯੁਕਤ ਰਾਸ਼ਟਰ ਸੰਘ ਨੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਅਧਿਕਾਰ ਤੇ ਵੋਟ ਦਾ ਅਧਿਕਾਰ ਦੇ ਕੇ ਐਲਾਨ ਕੀਤਾ। ਔਰਤ ਦਾ ਰਾਜਨੀਤੀ ਵਿੱਚ ਪੈਰ ਪੈਣ ਲੱਗਿਆ। ਭਾਰਤ ਵਿੱਚ ਮੱਤ ਅਧਿਕਾਰ 1947 ਤੋਂ ਸਮੂਹ ਔਰਤਾਂ ਨੂੰ ਹਾਸਿਲ ਹੈ ਕਿਉਂਕਿ ਆਜ਼ਾਦ ਕੌਮਾਂ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਏਸ਼ੀਆ ਵਿੱਚ ਰਾਜਨੀਤਿਕ ਸਮਾਨਤਾ ਮੁੱਢਲੀ ਜੰਗ ਸੀ ਪਰ ਇੱਥੇ ਔਰਤ ਚੇਤਨਾ ਦਾ ਪੱਧਰ ਨੀਵਾਂ ਹੋਣ ਕਾਰਨ ਅੱਜ ਵੀ ਔਰਤ ਆਪਣੇ ਇਸ ਹੱਕ ਦੀ ਵਰਤੋਂ ਆਜ਼ਾਦ ਤੌਰ ਤੇ ਘੱਟ ਹੀ ਕਰਦੀ ਹੈ। ਇਸ ਲਈ ਅਗਾਂਹਵਧੂ ਔਰਤ ਜੱਥੇਬੰਦੀਆਂ ਔਰਤਾਂ ਲਈ ਸੀਟਾਂ ਰਾਖਵੀਆਂ ਰੱਖਣ ਦੀ ਮੰਗ

ਉਠਾਉਂਦੀਆਂ ਹਨ।ਪਹਿਲੇ ਪੱਧਰ ਤੇ ਔਰਤ ਨੇ ਆਪਣੇ ਆਪ ਨੂੰ ਜਥੇਬੰਦ ਕਰਨ ਦੀ ਕੋਸ਼ਿਸ ਕੀਤੀ। ਇਸੇ ਪੜਾਅ ਤੇ ਔਰਤਾਂ ਨੇ ਆਪਣੀਆਂ ਉਹਨਾਂ ਮੁਸ਼ਕਲਾਂ ਨੂੰ ਹੱਲ ਵੀ ਕੀਤਾ ਜਿੱਥੇ ਔਰਤਾਂ ਮਰਦ ਦੇ ਜ਼ੁਲਮਾਂ ਦੀ ਸ਼ਿਕਾਰ ਸੀ, ਦੂਜੇ ਪੜਾਅ ਵਿੱਚ ਔਰਤਾਂ ਨੇ ਮਰਦ ਦੇ ਬਰਾਬਰ ਅਧਿਕਾਰਾਂ ਦੀ ਮੰਗ ਕੀਤੀ। ਤੀਜਾ ਪੜਾਅ ਔਰਤਾਂ ਪ੍ਰਤੀ ਸਮਾਜਿਕ ਪ੍ਰਤੀਮਾਨਾਂ ਨੂੰ ਬਦਲਣ ਸੰਬੰਧੀ ਸੀ, ਜਿਨ੍ਹਾਂ ਕਰਕੇ ਔਰਤ ਦੀ ਸਥਿਤੀ ਦੁਜੈਲੀ ਸੀ ਪਰ ਇਹ ਪੜਾਅ ਇੱਕ ਦੂਜੇ ਤੋਂ ਟੁੱਟੇ ਹੋਏ ਨਹੀਂ ਸਗੋਂ ਇੱਕ ਦੂਜੇ ਨਾਲ ਰਲੇ-ਮਿਲੇ ਹੋਏ ਮਿਲਦੇ ਹਨ।ਨਾਰੀਵਾਦ ਦਾ ਵਿਸ਼ਵਾਸ ਹੈ ਕਿ ਨੌਕਰੀ ਵਿੱਚ ਔਰਤ ਦੀ ਬਰਾਬਰੀ ਹੋਵੇ, ਸਾਰੇ ਹੱਕ ਔਰਤਾਂ ਨੂੰ ਵੀ ਬਰਾਬਰ ਪ੍ਰਾਪਤ ਹੋਣ, ਜਿਹੜੇ ਮਰਦਾਂ ਨੂੰ ਕਿਰਤੀ-ਸ਼੍ਰੇਣੀ ਵਿੱਚ ਪ੍ਰਾਪਤ ਹਨ, ਔਰਤਾਂ ਦਾ ਆਪਣੇ ਆਪ ਤੇ ਨਿਯੰਤਰਣ ਤੇ ਬੱਚਿਆਂ ਦੀ ਦੇਖਭਾਲ ਅਤੇ ਆਪਣੇ ਫੈਸਲੇ ਆਪ ਲੈਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਨਾਰੀ-ਮੁਕਤੀ ਲਹਿਰ ਨੂੰ ਕਾਮਯਾਬ ਬਣਾਉਣ ਲਈ ਸੀਮੋਨ ਦ ਬੋਅਵਾਰ ਦੀ ਪੁਸਤਕ ‘The Second Sex’ (1949) ਨੇ ਕਾਫ਼ੀ ਯੋਗਦਾਨ ਪਾਇਆ। 1967 ਈ: ਵਿੱਚ ਫ਼ਰਾਇਡਨ ਦੀ ਪੁਸਤਕ The feminine Mystique ਨੇ ਇਸਤਰੀ ਜਾਤੀ ਨੂੰ ਆਪਣੇ ਅਸਤਿਤਵ ਪ੍ਰਤੀ ਚੇਤੰਨ ਕੀਤਾ। 1970 ਈ: ਤੱਕ ਅਮਰੀਕਾ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਔਰਤਾਂ ਵੱਲੋਂ ‘ਸਾਨੂੰ ਆਜ਼ਾਦ ਕਰੋ’ ਦੇ ਨਾਅਰੇ ਲਗਾਏ ਅਤੇ ਅੰਦਲੋਨ ਕੀਤੇ ਗਏ। ਇਹਨਾਂ ਅੰਦਲੋਨਾਂ ਨੇ ਚੱਲ ਰਹੇ ਹਾਲਾਤਾਂ ਨੂੰ ਬਦਲਣ ਵਿੱਚ ਕਾਫ਼ੀ ਮਦਦ ਕੀਤੀ। 1975 ਵਿੱਚ ਮੈਕਸੀਕੋ ਵਿੱਚ ਪਹਿਲਾਂ ਨਾਰੀ ਦੇ ਰੁਜ਼ਗਾਰ , ਸਮਾਜਕ ਅਤੇ ਰਾਜਨੀਤਕ ਅਧਿਕਾਰਾਂ ਦੀ ਗੱਲ ਕੀਤੀ ਗਈ। ਫਿਰ ਉਸ ਤੋਂ ਅਗਲਾ ਸੰਮੇਲਨ ਕੋਪਨਹੈਗਨ ਵਿੱਚ 1980 ਵਿੱਚ ਕੀਤਾ ਗਿਆ ਜਿਸ ਵਿੱਚ ਜ਼ੋਰ ਦਿੱਤਾ ਗਿਆ ਕਿ ਔਰਤ ਦੇ ਵੱਖ-ਵੱਖ ਦੇਸ਼ਾਂ ਵਿੱਚ ਵਿਸ਼ੇਸ ਬਿਊਰੋ ਕਾਇਮ ਹੋਣ। 1985 ਵਿੱਚ ਅਗਲਾ ਸੰਮੇਲਨ ਨੈਰੋਬੀ ਵਿੱਚ ਫਿਰ 1995 ਵਿੱਚ ਬੀਜਿੰਗ ਵਿੱਚ ਹੋਇਆ। ਇਹ ਨਾਰੀ ਸੰਮੇਲਨ ਸਾਰੇ ਨਾਰੀ ਸੰਮੇਲਨਾਂ ਤੋਂ ਵੱਡਾ ਸੀ ।ਇਸ ਨਾਰੀ-ਸੰਮੇਲਨ ਵਿੱਚ ਨਾਰੀ ਨਾਲ ਸੰਬੰਧ ਰੱਖਦੇ ਅਨੇਕਾਂ ਮਸਲੇ ਵਿੱਚਾਰੇ ਗਏ। ਮੈਕਸੀਕੋ ਵਿੱਚ ਅੰਤਰਰਾਸ਼ਟਰੀ ਨਾਰੀ ਵਰ੍ਹੇ ਦੇ ਅੰਤਰਗਤ 19 ਜੂਨ ਤੋਂ ਜੁਲਾਈ 1975 ਈ: ਤੱਕ ਹੋਈ ਕਾਨਫਰੰਸ ਵਿੱਚ ਸਮਾਜ ਦੇ ਨਾਰੀ ਪ੍ਰਤੀ ਬਿੰਬ ਵਿੱਚ ਬੁਨਿਆਦੀ ਤਬਦੀਲੀ ਲਿਆਉਣ ਲਈ World plan of Action ਦੇ ਨਾਂ ਨਾਲ ਦਸ ਸਾਲਾ ਯੋਜਨਾ ਬਣਾਈ ਗਈ। ਇਸ ਲਹਿਰ ਦੇ ਸੰਸਥਾਪਕ ਗ੍ਰਮੇਨ, ਗ੍ਰੀਅਰ, ਐਨੇ ਅਤੇ ਕੇਟ ਮਿਲੇਟ ਸਨ। ਇਹ ਲਹਿਰ ਮੁੱਖ ਰੂਪ ਵਿੱਚ ਕਾਮਵਾਦ, ਨਸਲਵਾਦ, ਹਿੰਸਾ ਅਤੇ ਗਰੀਬੀ ਪ੍ਰਤੀ ਆਪਣੀ ਲੜਾਈ ਨੂੰ ਮੁੱਖ ਨਿਸ਼ਾਨਾ ਮਿੱਥਦੀ ਹੈ।

ਨਾਰੀਵਾਦ ਦਾ ਦੌਰ ਫਰਾਂਸ ਦੀ ਰਾਜ ਕ੍ਰਾਂਤੀ ਨਾਲ ਸ਼ੁਰੂ ਹੁੰਦਾ ਹੈ ਪਰ ਜਿਆਦਾ ਹੱਥ ਇਸ ਵਿੱਚ ਸੀਮੋਨ ਦ ਬੋਅਵਾਰ ਦਾ ਕਿਹਾ ਜਾ ਸਕਦਾ ਹੈ ਜਿਸ ਨੇ 1949 ਵਿੱਚ ‘ਸੈਕਿੰਡ ਸੈਕਸ’ ਦਾ ਪ੍ਰਕਾਸ਼ਨ ਹੋਣ ਤੋਂ ਬਾਅਦ ਕਾਫ਼ੀ ਨਾਮਣਾ ਖੱਟਿਆ।ਇਸ ਕਿਤਾਬ ਦੀਆਂ ਸੱਤਰ ਹਜ਼ਾਰ ਤੋਂ ਵੀ ਵੱਧ ਪ੍ਰਤੀਆਂ ਵਿਕ ਗਈਆਂ । ਇਸ ਪੁਸਤਕ ਨੂੰ ਨਾਰੀ-ਮੁਕਤੀ ਲਈ ਪਹਿਲੀ ਪੁਸਤਕ ਮੰਨਿਆ ਜਾਂਦਾ ਹੈ, ਜੋ ਕਿ ਸੰਸਾਰ ਦੀ ਅੱਧੀ-ਆਬਾਦੀ ਭਾਵ ਨਾਰੀ ਜਾਤੀ ਨੂੰ ਆਪਣੀ ਹੋਂਦ ਬਾਰੇ ਸੋਚਣ ਦੀ ਪ੍ਰੇਰਣਾ ਦਿੰਦੀ ਹੈ। ਸੀਮੋਨ ਨੇ ਔਰਤਾਂ ਨੂੰ ਇਸ ਗੱਲ ਤੇ ਵਿੱਚਾਰ ਕਰਨ ਲਈ ਪ੍ਰੇਰਿਆ ਕਿ ਔਰਤ ਮਰਦ ਦੇ ਰਿਸ਼ਤੇ ਹਮੇਸ਼ਾਂ ਦਮਨਕਾਰੀ ਹੀ ਹੋਣ।"ਸੀਮੋਨ ਨੇ ਔਰਤਾਂ ਦੀ ਹੋਂਦ ਬਾਰੇ ਪ੍ਰਚਲਿਤ ਮਿਥਾਂ, ਇਤਿਹਾਸ, ਮਨੋਵਿਗਿਆਨ, ਅਰਥ-ਸਾਸ਼ਤਰ, ਸਾਹਿਤ ਅਤੇ ਫਲਸਫੇ ਵਿੱਚ ਪੇਸ਼ ਕੀਤੀਆਂ ਗਈਆਂ ਧਾਰਨਾਵਾਂ, ਸਿਧਾਤਾਂ, ਮਾਨਤਾਵਾਂ ਦਾ ਡੂੰਘਾ ਅਧਿਐਨ ਕਰਨ ਬਾਅਦ ਇਹ ਨਤੀਜਾ ਕੱਢਿਆ ਕਿ ਔਰਤ ਪੈਦਾ ਨਹੀਂ ਹੁੰਦੀ, ਔਰਤ ਬਣਾਈ ਜਾਂਦੀ ਹੈ। ਮਰਦ ਆਪਣੇ ਆਪ ਨੂੰ ਆਜ਼ਾਦ ਪ੍ਰਾਣੀ, ਸਿਆਣੇ ਅਕਲਮੰਦ, ਦੁਨੀਆਂ ਦੇ ਬਾਦਸ਼ਾਹ, ਮਾਲਕ ਸਮਝਦੇ ਹਨ ਅਤੇ ਆਪਣੇ ਵਿਪਰੀਤ ਔਰਤ ਨੂੰ ਗ਼ੁਲਾਮ, ਮੂਰਖ ਅਤੇ ਦੁਇਮ ਦਰਜੇ ਦਾ ਸਮਝਦੇ ਹਨ।"[19]

ਸੀਮੋਨ ਦ ਬੋਅਵਾਰ ਨੇ ਆਪਣੀ ਕਿਤਾਬ ‘ਸੈਕਿੰਡ ਸੈਕਸ’ ਦੀ ਭੂਮਿਕਾ ਵਿੱਚ ਲਿਖਿਆ ਹੈ, “ਅੱਜ ਔਰਤ ਦੀ ਹੋਂਦ ਖਤਰੇ ਵਿੱਚ ਹੈ ਔਰਤ ਨੂੰ ਔਰਤ ਹੋਣਾ ਸਿਖਾਇਆ ਜਾਂਦਾ ਹੈ।ਔਰਤ ਬਣੀ ਰਹਿਣ ਲਈ ਉਸਨੂੰ ਅਨੁਕੂਲ ਬਣਾਇਆ ਜਾਂਦਾ ਹੈ। ਤੱਥਾਂ ਦੇ

ਵਿਸ਼ਲੇਸ਼ਣ ਨਾਲ ਇਹ ਸਮਝ ਵਿੱਚ ਆਵੇਗਾ ਕਿ ਹਰੇਕ ਮਾਦਾ ਮਨੁੱਖੀ ਜੀਵ ਲਾਜ਼ਮੀ ਤੌਰ 'ਤੇ ਇੱਕ ਔਰਤ ਨਹੀਂ।ਜੇ ਉਹ ਔਰਤ ਹੋਣਾ ਚਾਹੁੰਦੀ ਹੈ ਤਾਂ ਉਸਨੂੰ ਹੋਰ ਤਪਨ ਦੀ ਰਹੱਸਮਈ ਅਸਲੀਅਤ ਤੋਂ ਜਾਣੂ ਹੋਣਾ ਪਵੇਗਾ।"[20] ਸੀਮੋਨ ਦ ਬੋਅਵਾਰ ਨੇ ਇਹ ਦਰਸਾਉਣ ਦੀ ਕੋਸ਼ਿਸ ਕੀਤੀ ਕਿ ਜੇਕਰ ਔਰਤ ਅੰਦਰ ਚੇਤਨਾ ਆਉਂਦੀ ਵੀ ਹੈ ਤਾਂ ਉਹ ਸਮਾਜਿਕ ਸਥਿਤੀਆਂ ਉੱਤੇ ਹੀ ਨਿਰਭਰ ਕਰਦੀ ਹੈ। ਔਰਤ ਦੇ ਸਾਰੇ ਮਨੋਵੇਗ, ਜੀਵਨ ਅਤੇ ਅਚੇਤਨ ਨੂੰ ਵੀ ਪ੍ਰਭਾਵਿਤ ਕਰਦੇ ਹਨ। ਮਨੋਵਿਸ਼ਲੇਸ਼ਕ ਦੀ ਭਾਸ਼ਾ ਅਸਲ ਵਿੱਚ ਉਸਦੇ ਵਿਅਕਤੀਗਤ ਜੀਵਨ ਦੀਆਂ ਵਾਪਰੀਆਂ ਘਟਨਾਵਾਂ ਨੂੰ ਵੀ ਉਜਾਗਰ ਕਰਦੀ ਹੈ। ਔਰਤ ਦੇ ਮਨ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ ।ਉਸ ਨੂੰ ਸਮਝਣ ਲਈ ਚਿੰਤਕਾਂ ਦੇ ਵਿੱਚਾਰਾਂ ਨੂੰ ਜਾਨਣਾ ਵੀ ਜ਼ਰੂਰੀ ਹੈ।ਪੱਛਮੀ ਚਿੰਤਕਾਂ ਨੇ ਔਰਤਾਂ ਦੀ ਸਮਾਜ ਵਿੱਚਲੀ ਸਥਿਤੀ ਨੂੰ ਬਿਆਨਦੇ ਹੋਏ ਨਾਰੀਵਾਦ ਬਾਰੇ ਪਹਿਲਾਂ ਕਲਮ ਚੁੱਕੀ। ਜਿਹਨਾਂ ਵਿੱਚ ਪਹਿਲਾਂ ਦਾਰਸ਼ਨਿਕ John Stuart mill ਸੀ।ਜਿਸ ਨੇ ਵੋਟ ਸਿੱਖਿਆ ਅਤੇ ਰੁਜ਼ਗਾਰ ਦੇ ਸੁਆਲ ਉੱਤੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿਵਾਉਣ ਦੀ ਗੱਲ ਕੀਤੀ। ਆਪਣੀ ਪੁਸਤਕ 'ਦੀ ਸਬਜੈਕਸ਼ਨ ਆਫ਼ ਵਿਮੈਨ (The Subjection of women) ਵਿੱਚ ਉਹ ਦੱਸਦਾ ਹੈ ਕਿ ਭਾਰ ਢੋਣ ਵਰਗੀਆਂ ਕੁੱਝ ਹੀ ਅਜਿਹੀਆਂ ਗਤੀਵਿਧੀਆਂ ਹਨ ਜਿਨ੍ਹਾਂ ਵਿੱਚ ਔਰਤ ਮਰਦ ਤੋਂ ਕੁੱਝ ਦਰਜੇ ਊਣੀ ਹੈ। ਉਸ ਅਨੁਸਾਰ ਔਰਤ ਤੇ ਮਰਦ ਵਿੱਚ ਕੁੱਝ ਭੇਦ ਜ਼ਰੂਰ ਹਨ ਪਰ ਦੋਹਾਂ ਦੀ ਬੌਧਿਕ ਅਤੇ ਨੈਤਿਕ ਸਮਰੱਥਾ ਸਮਾਨ ਹੈ।J.S. Mill ਔਰਤਾਂ ਨੂੰ ਆਜ਼ਾਦੀ ਪ੍ਰਤੀ ਉਦੇਸ਼ ਨਿਰਧਾਰਿਤ ਕਰਨ ਦੀ ਸਲਾਹ ਦਿੰਦਾ ਹੈ। ਉਸ ਨੂੰ ਨਾਰੀਵਾਦੀ ਚਿੰਤਨ ਦੇ ਲਿਬਰਲ ਫੈਮੀਨਿਜ਼ਮ ਦਾ ਖਾਸ ਬੁਲਾਰਾ ਮੰਨਿਆ ਜਾਂਦਾ ਹੈ।

ਕੇਟ ਮਿਲੇਟ (Kate Millet) ਦੀ ਪੁਸਤਕ 'Sexual Politics' 'ਉਸ ਨੂੰ ਇੱਕ ਰੈਡੀਕਲ ਨਾਰੀਵਾਦੀ ਸਥਾਪਿਤ ਕਰਦੀ ਹੈ।ਉਸ ਦਾ ਵਿੱਚਾਰ ਹੈ ਕਿ ਔਰਤ ਪਿਤਰੀ - ਸੱਤਾ ਦੀ ਸ਼ਿਕਾਰ ਹੈ। ਪਿਤਰੀ ਸੱਤਾ ਨੇ ਔਰਤ ਨੂੰ ਦੋ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ ਪਹਿਲਾਂ ਤਾਂ ਇਹ ਔਰਤ ਦੇ ਮਨ ਵਿੱਚ ਲੈਂਗਿਕਤਾ ਦੇ ਲਈ ਅਪਰਾਧ ਭਾਵ ਪੈਦਾ ਕਰਦੀ ਹੈ ਅਤੇ ਦੂਜਾ ਔਰਤ ਆਪਣੀ ਲੈਂਗਿਕਤਾ ਨੂੰ ਸਜ਼ਾ ਦੇ ਰੂਪ ਵਿੱਚ ਦੇਖਦੀ ਹੈ।

ਇਹ ਨਾਰੀਵਾਦ ਚਿੰਤਕਾਂ ਦਾ ਮਨੋਰਥ ਨਾਰੀ ਦੀ ਪ੍ਰਤਿਨਿਧੱਤਾ ਨਾਲ ਜੁੜੇ ਹੋਏ ਪ੍ਰਸ਼ਨਾਂ ਨੂੰ ਬਿਆਨ ਕਰਨਾ ਹੀ ਨਹੀਂ, ਸਗੋਂ ਨਾਰੀ ਆਤਮਿਕਤਾ ਨਾਲ ਜੁੜੇ ਪ੍ਰਸ਼ਨਾਂ ਨੂੰ ਉਜਾਗਰ ਕਰਨਾ ਹੈ। 1970 ਦੇ ਸਮੇਂ ਨਾਰੀਵਾਦ ਚਿੰਤਕਾਂ ਦਾ ਧਿਆਨ ਫਰਾਇਡ ਅਤੇ ਲਾਕਾਂ ਦੇ ਕਾਮੁਕਤਾ ਅਤੇ ਆਤਮਿਕਤਾ ਨਾਲ ਸੰਬੰਧਿਤ ਮਨੋਵਿਗਿਆਨਕ ਸਿਧਾਂਤ ਵੱਲ ਗਿਆ। ਫਰਾਇਡ ਦੁਆਰਾ ਪੇਸ਼ ਕੀਤਾ ਗਿਆ ਅਧਿਐਨ, ਵਿਸ਼ਵ ਵਿਆਪੀ ਸਿਧਾਂਤ ਦਮਨ ਦੇ ਆਧਾਰ ਤੇ ਲਿੰਗਕ ਪਛਾਣ ਦੇ ਮਾਨਸਿਕ ਉਸਾਰ ਨਾਲ ਸੰਬੰਧਿਤ ਹੈ। ਫਰਾਇਡ ਨੇ ਨਾਰੀ ਤੇ ਪੁਰਸ਼ ਨੂੰ ਦੋ ਅਲੱਗ-ਅਲੱਗ ਹਿੱਸਿਆਂ ਵਿੱਚ ਵੰਡ ਕੇ ਇੱਕ ਪਛਾਣ ਰਾਹੀਂ ਬਿਆਨ ਕੀਤਾ। ਇਸ ਪਛਾਣ ਨੂੰ ਭਾਸ਼ਾ ਅਤੇ ਉਸਦੀ ਅਰਥ-ਸੰਰਚਨਾ ਰਾਹੀਂ ਚੇਤਨ-ਅਵਚੇਤਨ ਦੇ ਸਿਧਾਂਤ ਰਾਹੀਂ ਪੇਸ਼ ਕੀਤਾ। ਫਰਾਇਡ ਦੇ ਨਾਰੀ-ਨਾਰਿਤਾ ਨਾਲ ਸੰਬੰਧਿਤ ਵਿੱਚਾਰਾਂ ਦੇ ਵਿਰੋਧ ਵਿੱਚ ਕਈ ਨਾਰੀਵਾਦੀਆਂ ਨੇ ਆਪਣੇ ਵਿੱਚਾਰ ਸਪੱਸ਼ਟ ਵੀ ਕੀਤੇ ਹਨ-E. Showalter (ਈਲੇਨ ਸ਼ੁਵਾਲਟਰ) ਔਰਤ ਦੀ ਵੱਖਰਤਾ ਦੇ ਚਾਰ ਆਧਾਰ ਪੇਸ਼ ਕਰਦੀ ਹੈ:

1. ਜੈਵਿਕ ਆਧਾਰ
2. ਭਾਸ਼ਾ ਵਿਗਿਆਨਕ ਆਧਾਰ
3. ਮਨੋਵਿਗਿਆਨਕ ਆਧਾਰ
4. ਸੱਭਿਆਚਾਰਕ ਆਧਾਰ

ਪਹਿਲੇ ਜੈਵਿਕ ਆਧਾਰ ਵਿੱਚ ਉਸਦਾ ਕਹਿਣਾ ਹੈ ਕਿ ਨਾਰੀ ਮਰਦ ਨੂੰ ਸ਼ਕਤੀ ਦਿੰਦੀ ਨਾ ਕਿ ਉਸ ਨੂੰ ਨੀਵਾਂ ਬਣਾਉਂਦੀ ਹੈ ਤੇ ਦੂਜੇ ਭਾਸ਼ਾ ਵਿਗਿਆਨਕ ਆਧਾਰ ਤੇ ਦੱਸਿਆ ਗਿਆ ਹੈ ਕਿ ਨਾਰੀ ਜੇ ਭਾਸ਼ਾ ਦੀ ਵੱਖਰੀ ਪਛਾਣ ਨੂੰ ਗ੍ਰਹਿਣ ਕਰ ਲਵੇ ਤਾਂ ਉਹ ਮਰਦ ਤੋਂ ਆਜ਼ਾਦੀ ਪਾ ਸਕਦੀ ਹੈ। ਤੀਜੇ ਵਿੱਚ-'ਗਾਇਨੋਕ੍ਰਿਟੀਸਿਜ਼ਮ' ਦੀਆਂ ਸਮਰਥਕ ਚਿੰਤਕਾਂ ਫਰਾਇਡ ਦੇ ਨਾਰੀ ਨਿਪੁੰਸਕੀਰਣ ਕੰਪਲੈਕਸ ਨੂੰ ਉਸ ਦੀ ਘਾਟ ਵਜੋਂ ਦੇਖਣ ਦੀ ਬਜਾਏ ਪੁਰਖ ਨਾਲੋਂ ਭੇਦ ਵਜੋਂ ਦੇਖਦੀਆਂ ਹਨ ਅਤੇ ਇਸ ਤਥਾ ਕਥਿਤ ਲੈਂਗਿਕ ਘਾਟ (Lack of penis) ਨੂੰ ਮੰਨਕੇ ਆਪਣੇ ਸੰਘਰਸ਼ ਰਾਹੀਂ ਇਸ ਜੈਂਡਰ ਸਮੱਸਿਆ ਤੋਂ ਬਾਹਰ ਆਈਆਂ ਹਨ।[21]

ਸੱਭਿਆਚਾਰਕ ਆਧਾਰ ਅਨੁਸਾਰ ਇਹ ਦੱਸਿਆ ਗਿਆ ਹੈ ਕਿ ਔਰਤ ਸਰੀਰ ਪੱਖੋਂ, ਭਾਸ਼ਾ ਪੱਖੋਂ, ਮਾਨਸਿਕਤਾ ਪੱਖੋਂ ਹੀ ਵੱਖਰਤਾ ਪ੍ਰਾਪਤ ਨਹੀਂ ਕਰਦੀ, ਸਗੋਂ ਉਹ ਸੱਭਿਆਚਾਰਕ ਤੌਰ ਤੇ ਵੀ ਪੁਰਸ਼ ਨਾਲੋਂ ਵੱਖਰੀ ਪਛਾਣ ਰੱਖਦੀ ਹੈ। ਈਲੇਨ ਸ਼ੁਵਾਲਟਰ ਅਣਮਨੁੱਖੀ ਨੂੰ ਜੰਗਲੀ ਜਾਂ Wild ਮੰਨਦੀ ਹੈ। ਔਰਤ ਕਿਸੇ ਵੀ ਜਗ੍ਹਾ, ਸਥਾਨ ਅਤੇ ਚੇਤਨਾ ਦੇ ਪੱਧਰ ਜਾਂ ਅਨੁਭਵ, ਜਿਸ ਥਾਂ ਤੋਂ ਵੀ ਵਿੱਚਰ ਰਹੀ ਹੋਵੇ ਪੁਰਖ ਉਸ ਲਈ ਬੇਗਾਨਾ ਹੈ। ਉੱਥੇ ਪੁਰਸ਼ ਸਿਰਫ਼ ਭਾਸ਼ਾ ਰਾਹੀਂ ਹੀ ਅੱਪੜ ਸਕਦਾ ਹੈ। ਇਹ Wild zone ਔਰਤ ਦੀ ਵੱਖਰੀ ਪਛਾਣ ਨੂੰ ਕਾਇਮ ਰੱਖਦਾ ਹੈ। ਮਾਰਕਸ ਅਤੇ ਏਂਗਲਜ਼ (K. Marx & F. Engels) ਨੇ ਲੋੜਾਂ, ਵਸਤਾਂ, ਆਰਥਿਕ ਸਥਿਤੀਆਂ ਤੇ ਜਾਇਦਾਦਾਂ ਦੇ ਵਿੱਚ ਘਿਰ ਕੇ ਰਹਿ ਗਈ ਔਰਤ ਦੀ ਇਤਿਹਾਸਕ ਸਥਿਤੀ ਨੂੰ ਪੇਸ਼ ਕਰਨ ਦੀ ਕੋਸ਼ਿਸ ਕੀਤੀ।

ਫਰਾਇਡ ਦੇ ਸਿਧਾਂਤ ਨੂੰ ਲਾਕਾਂ ਨੇ ਅੱਗੇ ਤੋਰਿਆ। ਉਸ ਨੇ ਦੋ ਤਰ੍ਹਾਂ ਦੇ ਪਦ ਪੇਸ਼ ਕੀਤੇ। ਪਹਿਲਾਂ Imaginary ਅਤੇ ਦੂਜਾ Mirror image. ਲਾਕਾਂ ਅਨੁਸਾਰ ਇਮੈਜ਼ਿਨਰੀ (Imaginary) ਅਜਿਹੀ ਟਰਮ ਹੈ ਜੋ ਕਿ ਨਵਜਾਤ ਬੱਚੇ ਦੀ ਪੂਰਵ ਈਡੀਪਲ ਇੱਕਰੂਪਤਾ ਨੂੰ ਬਿਆਨ ਕਰਦੀ ਹੈ। ਇਸ ਦੀ ਵਰਤੋਂ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਬੱਚਾ ਆਪਣੀ ਮਾਂ ਦੇ ਨਾਲ ਦਰਪਣ (ਸ਼ੀਸੇ) ਨੂੰ ਦੇਖਦਾ ਹੈ ਤਾਂ ਉਸ ਨੂੰ ਆਪਣੀ ਲੈਂਗਿਕਤਾ ਦੀ ਪਛਾਣ ਹੋਣ ਲੱਗ ਜਾਂਦੀ ਹੈ। ਲਾਕਾਨੀਆਂ ਸਿਧਾਤਾਂ ਅਨੁਸਾਰ ਛੋਟਾ ਮਨੁੱਖ, ਟੁੱਟੇ ਹੋਏ ਅੰਡੇ ਦੀ ਨਿਆਈ ਹੈ ਜਿਸਦਾ ਆਪਾਂ ਬਿਨਾਂ ਕਿਸੇ ਬੰਧਨ ਦੇ ਫੈਲਿਆ ਹੋਇਆ ਹੈ। ਇਸ ਸਮੇਂ ਵਿੱਚ ਉਸ ਦੀ ਕੋਈ Ego ਨਹੀਂ ਹੁੰਦੀ। ਪਰ ਜਦੋਂ ਬੱਚਾ ਛੇ ਮਹੀਨੇ ਦਾ ਹੁੰਦਾ ਹੈ ਤਾਂ ਸਥਿਤੀ ਵਿੱਚ ਪਰਿਵਰਤਨ ਵਾਪਰਦਾ ਹੈ। ਬੱਚਾ ਆਪਣਾ ਅਕਸ ਪਛਾਣਦਾ ਹੈ। ਇਮੇਜ਼ ਕਲਪਣਈ ਜਾਂ ਇਮੈਜ਼ਿਨਰੀ ਹੁੰਦੀ ਹੈ। ਉਹ ਪ੍ਰਤੀਕਾਤਮਕ ਪ੍ਰਬੰਧ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਹ ਪ੍ਰਤੀਕਾਤਮਕ ਪ੍ਰਬੰਧ ਅਰਥ ਭਰਪੂਰ ਸੰਰਚਨਾ ਦੇ ਕਾਨੂੰਨ ਰਾਹੀਂ ਅੰਕਿਤ ਹੁੰਦਾ ਹੈ ।ਇਸਨੂੰ ਲਾਕਾਂ ਨੇ ਪਿਤਰ ਕਾਨੂੰਨ (Law of father) ਦਾ ਨਾਮ ਦਿੱਤਾ ਗਿਆ। ਜਦ ਉਹ ਸਵੈ ਦੀ ਬਨਾਵਟ ਨੂੰ ਸ਼ੀਸੇ ਵਿੱਚ ਦੇਖਦਾ ਹੈ ਤਾਂ ਅਸਲੀ ਕੰਪਲੈਕਸ ਅਤੇ ਪ੍ਰਤਿਬਿੰਬਤ ਹੁੰਦੇ ਯਥਾਰਥ ਵਿੱਚਲੇ ਸੰਬੰਧਾਂ ਨੂੰ ਘੋਖਦਾ ਹੈ।

Luce Irigaray ( ਲੂਸ ਇਰੀਗੈਰੇ) ਇੱਕ ਫਰਾਂਸੀਸੀ ਚਿੰਤਕ ਸੀ। ਉਹ ਨਾਰੀ-ਨਾਰਿਤਾ ਬਾਰੇ ਵਿੱਚਾਰ ਪੇਸ਼ ਕਰਦੀ ਹੋਈ ਲਿਖਦੀ ਹੈ ਕਿ ਨਾਰੀ ਕਾਮਨਾ ਨਾਰੀ ਕਾਮੁਕਤਾ ਵਿੱਚ ਰਲੀ ਹੋਈ ਹੈ। ਨਾਰੀਵਾਦੀਆਂ ਅਨੁਸਾਰ ਜਿਵੇਂ ਕਿ ਨਾਰੀ ਕਾਮੁਕਤਾ ਪੁਰਖ ਲਈ 'ਪਰਤਾ' ਉਸੇ ਤਰ੍ਹਾਂ ਨਾਰੀ ਭਾਸ਼ਾ ਜ਼ਰੂਰੀ ਹੈ, ਪੁਰਖ ਭਾਸ਼ਾ ਤੋਂ ਵੱਖਰੀ ਜਾਂ ਵਿਸ਼ਿਸ਼ਟ ਹੋਵੇਗੀ।ਇਰੀਗੈਰੇ ਅਨੁਸਾਰ ਨਾਰੀ ਸਵੈ-ਕਾਮੁਕ ਅਤੇ ਬਹੁ-ਅਰਥਕ ਹੈ। ਜਦ ਨਾਰੀ ਨੂੰ ਪਿਤਰਕੀ ਵਿੱਚਾਰ ਤੋਂ ਬਾਹਰ ਕੱਢ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਨਾਰੀ ਮੂਲ ਰੂਪ ਵਿੱਚ ਪੁਰਖ ਨਾਲੋਂ ਭਿੰਨ ਹੈ।

Juliet Mitchell (ਜੂਲੀਅਟ ਮਿਸ਼ੈਲ) ਅਨੁਸਾਰ, "ਫਰਾਇਡ ਦੇ ਅਧਿਐਨ ਮਾਨਸਿਕ ਵਰਤਾਰੇ ਦੀ ਵਿਆਖਿਆ ਕਰਦੇ ਹਨ ਨਾ ਕਿ ਸਰੀਰਕ ਵਰਤਾਰੇ ਦੀ।"[22]

ਮਿਸ਼ੈਲ ਨੇ ਫਰਾਇਡ ਬਾਰੇ ਸਭ ਤੋਂ ਵੱਡੀ ਗੱਲ ਇਹ ਕਹੀ ਹੈ ਕਿ ਮਨੋਵਿਸ਼ਲੇਸ਼ਣ ਇਹ ਦੱਸਣ ਦੀ ਕੋਸ਼ਿਸ ਨਹੀਂ ਕਰਦਾ ਕਿ ਔਰਤ ਕੀ ਹੈ? ਮਨੋਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਔਰਤ ਆਪਣੀ ਹੀ ਹੋਂਦ ਨੂੰ ਕਿਵੇਂ ਗ੍ਰਹਿਣ ਕਰ ਲੈਂਦੀ ਹੈ ਅਤੇ ਦੋਹਰੀ ਲੈਂਗਿਕਤਾ ਅਪਣਾਉਂਦੀ ਹੋਈ ਉਹ ਬਚਪਨ ਵਿੱਚੋਂ ਨਿਕਲ ਕੇ ਆਪਣੇ ਆਪ ਨੂੰ ਕਿਵੇਂ ਵਿਕਸਿਤ ਕਰ ਲੈਂਦੀ ਹੈ। ਮਿਸ਼ੈਲ, ਜੂਲੀਅਟ ਫਰਾਇਡ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਅਪਣਾਉਂਦੀ ਵੀ ਨਹੀਂ ਅਤੇ ਏਂਗਲਜ਼ ਦੇ ਸਿਧਾਤਾਂ ਤੋਂ ਮੁਤਾਸਿਰ ਨਹੀਂ। ਉਹ ਲੈਵੀ ਸਤਰਾਸ ਦੇ ਵਿਚਾਰਾਂ ਨੂੰ ਅਪਣਾਉਂਦੀ ਹੋਈ ਇੱਕਠਾ ਕਰਨ ਦੀ ਕੋਸ਼ਿਸ ਕਰਦੀ ਹੈ। ਪਹਿਲੀ ਵਾਰ ਉਸਨੇ ਤਿੰਨੋ ਚਿੰਤਕਾਂ ਦੇ ਵਿੱਚਾਰਾਂ ਨੂੰ ਇੱਕਠਾ ਕਰਦੀ ਹੈ ਅਤੇ ਉਹ ਔਰਤ ਦੇ ਦੁੱਖਾਂ ਨੂੰ ਬਿਆਨ ਕਰਨ ਵਾਲੀਆਂ ਕਹਾਣੀਆਂ ਨੂੰ ਜੋੜਨ ਨੂੰ ਸਿਧਾਂਤ ਨਹੀਂ ਕਹਿੰਦੀ ਬਲਕਿ ਸਮਕਾਲੀ ਸੰਸਾਰ ਦੇ ਪ੍ਰਮੁੱਖ ਸਮਾਜੀ ਵਿਸ਼ਲੇਸ਼ਣਾਤਮਕ ਵਿਧੀਆਂ ਨੂੰ ਇੱਕਠਾ ਕਰਨ ਦੀ ਕੋਸ਼ਿਸ ਕਰਦੀ ਹੈ।ਉਹ ਨਾਰੀ ਦੇ ਸਰੀਰ ਨਾਲ ਜੁੜੀਆਂ ਖ਼ੂਬੀਆਂ ਅਤੇ ਪ੍ਰਤੀਕ੍ਰਿਆਵਾਂ ਪ੍ਰਤੀ ਨਫ਼ਰਤ ਪੈਦਾ ਨਹੀਂ ਕਰਦੀ।

ਮਿਸ਼ੈਲ ਔਰਤ ਦੀ ਸਥਿਤੀ ਨੂੰ ਸਮਝਣ ਲਈ ਚਾਰ ਕਾਰਨ ਪੇਸ਼ ਕਰਦੀ ਹੈ:-

1. ਉਤਪਾਦਨ ਦੇ ਖੇਤਰ ਵਿੱਚ ਪੂੰਜੀਵਾਦੀ ਵਿਵਸਥਾ ਔਰਤ ਨੂੰ ਉਹ ਕੰਮ ਦਿੰਦੀ ਹੈ
2. ਪ੍ਰਜਣਨ ਵਿੱਚ ਬੱਚੇ ਪੈਦਾ ਕਰਨ ਕਰਕੇ ਉਹ ਦੁਜੈਲੀ ਸਥਿਤੀ ਵਿੱਚ ਆ ਜਾਂਦੀ ਹੈ।
3. ਔਰਤ ਬੱਚੇ ਨੂੰ ਸਮਾਜ ਦੇ ਮੁੱਲਾਂ ਅਤੇ ਪ੍ਰਤੀਮਾਨਾਂ ਤੋਂ ਜਾਣੂ ਕਰਵਾਉਂਦੀ ਹੈ। ਇਹ ਪ੍ਰਕਿਰਿਆ ਵੀ ਔਰਤ ਨੂੰ ਦੁਜੈਲੇ ਸਥਾਨ ਤੇ ਲੈ ਜਾਂਦੀ ਹੈ।
4. ਚੌਥਾ ਪੱਧਰ ਕਾਮੁਕਤਾ ਦਾ ਹੈ ਜਿਸ ਨੂੰ ਮਰਦ ਨਿਯੰਤਰਣ ਕਰਦਾ ਹੈ।

Shulamith firestone ਨੇ 'Dialectic of Sex : The case for feminist Revolution' ਨਾਂ ਦੀ ਪੁਸਤਕ ਪੇਸ਼ ਕੀਤੀ। ਉਸ ਨੇ ਮਾਰਕਸ, ਏਂਗਲਜ਼ ਤੇ ਫਰਾਇਡ ਵਰਗੇ ਚਿੰਤਕਾਂ ਦੀਆਂ ਧਾਰਨਾਵਾਂ ਤੋਂ ਪ੍ਰੇਰਨਾ ਲਈ ਅਤੇ ਮਾਰਕਸ ਅਤੇ ਏਂਗਲਜ਼ ਬਾਰੇ ਇਤਰਾਜ਼ ਵੀ ਕੀਤੇ। ਉਸਨੇ ਕਿਹਾ ਮਾਰਕਸ ਅਤੇ ਏਂਗਲਜ਼ ਔਰਤ ਨੂੰ ਕੇਵਲ ਆਰਥਿਕ ਖੇਤਰ ਵਿੱਚ ਇੱਕ ਦਲਿਤ ਸ਼੍ਰੇਣੀ ਦੇ ਰੂਪ ਵਿੱਚ ਪਹਿਚਾਣਦੇ ਹਨ। ਫਾਇਰਸਟੋਨ ਨੂੰ ਮਾਰਕਸ ਤੇ ਏਂਗਲਜ਼ ਦੇ ਮਨ ਵਿੱਚ ਔਰਤ ਦੇ ਵਿਰੁੱਧ ਪੱਖਪਾਤੀ ਰਵੱਈਆ ਨਜ਼ਰ ਆਉਂਦਾ ਹੈ ਕਿਉਂ ਕਿ ਉਹ ਇਹ ਪਛਾਣਨ ਵਿੱਚ ਅਸਫ਼ਲ ਹੋਏ ਹਨ ਕਿ ਔਰਤ ਦਾ ਦਮਨ Production ਉੱਤੇ ਨਹੀਂ ਬਲਕਿ reproduction ਉੱਤੇ ਆਧਾਰਿਤ ਹੈ। ਕੁਝ ਧਾਰਨਾਵਾਂ ਪ੍ਰਤੀ ਫਾਇਰਸਟੋਨ ਫਰਾਇਡ ਨਾਲ ਸਹਿਮਤੀ ਵੀ ਪ੍ਰਗਟ ਕਰਦੀ ਹੈ। ਉਹ ਫਰਾਇਡ ਵਾਦ ਨੂੰ ਆਪਣੀ ਇੱਛਾ ਮੁਤਾਬਿਕ ਆਧੁਨਿਕ ਚਰਚ ਦਾ ਨਾਂ ਦਿੰਦੀ ਹੈ। ਉਹ ਮੰਨਦੀ ਹੈ ਕਿ ਫਰਾਇਡ ਦੇ ਅਨੁਭਵ empirically, verifiable ਨਹੀਂ ਹਨ ਪਰ ਇਹ ਡਾਕਟਰੀ ਪੇਸ਼ੇ ਵਿੱਚ ਸਹੀ ਸਾਬਿਤ ਨਹੀਂ ਹੋਏ ।ਫਿਰ ਵੀ ਇਹਨਾਂ ਨੂੰ ਗਲਤ ਨਹੀਂ ਮੰਨਿਆ ਜਾ ਸਕਦਾ। ਵਿਦਉਤ ਭਗਵਤ ਨੇ ਸ਼ੁਲਾਮਿਥ ਦੇ ਵਿੱਚਾਰਾਂ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ-"ਸੁਲਾਮਿਥ ਇਸ ਗੱਲ ਵਿੱਚ ਵਿਸ਼ਵਾਸ ਨਹੀਂ ਰੱਖਦੀ ਕਿ ਮਰਦ ਤੇ ਔਰਤਾਂ ਦੀ ਪ੍ਰਕ੍ਰਿਤੀ ਵਿੱਚ ਕੋਈ ਲੈਂਗਿਕ ਭਿੰਨਤਾ ਹੈ। ਬਾਇਉਲੌਜੀ ਪਰਿਵਾਰ ਪੈਦਾ ਕਰਦੀ ਹੈ ਅਤੇ ਪਰਿਵਾਰ ਨਰ ਅਤੇ ਮਾਦਾ ਪੈਦਾ ਕਰਦੇ ਹਨ। ਹੁਣ ਜਦੋਂ ਕਿ ਤਕਨੀਕ ਦੇ ਸਹਾਰੇ ਪਰਿਵਾਰ ਦਾ ਬਾਈਉਲੌਜੀਕਲ ਆਧਾਰ ਖ਼ਤਮ ਕੀਤਾ ਜਾ ਸਕਦਾ ਹੈ, ਇਸ ਲਈ ਨਰ ਅਤੇ ਮਾਦਾ ਨੂੰ ਖ਼ਤਮ ਕਰਕੇ Androgynous ਲੋਕ ਪੈਦਾ ਕਰ ਸਕਦੇ ਹਾਂ।"[23]

(firestone) ਫਾਇਰਸਟੋਨ ਨਾਰੀਵਾਦੀ ਕ੍ਰਾਂਤੀ ਨੂੰ ਵੱਖ-ਵੱਖ ਹਿੱਸਿਆਂ ਵਿੱਚ ਵੰਡਦੀ ਹੈ ਜਿਹਨਾਂ ਪੜਾਆਂ ਕਰਕੇ ਨਾਰੀਵਾਦ ਕ੍ਰਾਂਤੀ ਆ ਸਕਦੀ ਹੈ :-

"1. ਕੱਲੇ ਕਾਰੇ ਰਹਿਣਾ (Single Professions)

2. ਰਲ਼ਕੇ ਰਹਿਣਾ (Living Together)

3. ਵੱਖ-ਵੱਖ ਉਮਰ ਦੇ ਅਠ-ਦਸ ਜਾਂ ਬਾਰਾਂ ਲੋਕਾਂ ਦਾ ਇੱਕਠਿਆਂ ਰਹਿਣਾ (House holds)

ਫਾਇਰਸਟੋਨ ਦੇ ਵਿੱਚਾਰਾਂ ਨੂੰ ਅਪਣਾਇਆ ਨਹੀਂ ਗਿਆ, ਸਗੋਂ ਉਸ ਦੇ ਵਿੱਚਾਰਾਂ ਦੀ ਭਰਪੂਰ ਆਲੋਚਨਾ ਹੋਈ।ਉਸ ਦੇ ਦੋ ਵੱਡੇ ਵਿਰੋਧੀ Eli zaretsky ਅਤੇ Eisenstein ਸਾਹਮਣੇ ਆਏ।Eisenstein ਨੇ ਕਿਹਾ ਕਿ ਔਰਤ ਉਪਰ ਦਮਨ ਕੀਤਾ ਜਾਂਦਾ ਹੈ ਪਰ ਲੈਂਗਕਿਤਾ ਔਰਤ ਦਾ ਸਮੁੱਚ ਨਹੀਂ । ਫਾਇਰਸਟੋਨ ਔਰਤ ਦੀ ਸਥਿਤੀ ਨੂੰ ਤਾਂ ਵਖਰਿਆਉਂਦੀ ਹੈ ਪਰ ਉਸ ਨੂੰ ਸ਼ਕਤੀ ਦੀ ਸੰਰਚਨਾ ਨਾਲ ਜੋੜਨ ਤੋਂ ਅਸਮਰੱਥ ਰਹਿੰਦੀ ਹੈ। Jullia Kristeva ਸਹਿਤ ਅਤੇ ਭਾਸ਼ਾ ਵਿਗਿਆਨ ਦੇ ਖੇਤਰ ਦੀ ਚਿੰਤਕ ਹੈ ਪਰ ਨਾਰੀਵਾਦੀ ਚਿੰਤਕ ਵਜੋਂ ਉਸ ਦਾ ਸਾਹਿਤ ਵਿੱਚ ਕਾਫ਼ੀ ਯੋਗਦਾਨ ਮੰਨਿਆ ਜਾ ਸਕਦਾ ਹੈ। ਜੂਲੀਆ ਕ੍ਰਿਸਤਿਵਾ ਨੇ ਲਾਕਾਂ ਦੇ ਪ੍ਰਤੀਕਾਤਮਕ ਪ੍ਰਬੰਧ ਅਤੇ ਆਤਮ ਦੇ ਸਿਗਨੀਫਿਕੇਸ਼ਨ ਨਾਲ ਸੰਬੰਧਿਤ, ਦੇਹ-ਮੁੱਖੀ ਅੰਤਰ ਗਿਆਨ ਨੂੰ ਨਾਰੀਵਾਦੀ ਪਰਿਪੇਖ ਵੱਜੋਂ ਵਿੱਚਾਰਿਆ ਹੈ। ਕ੍ਰਿਸਤਿਵਾ ਅਨੁਸਾਰ ਨਾਰੀ ਰੂਪਕ ਸਿਗਨੀਫਿਕੇਸ਼ਨ, ਪ੍ਰਤੀਕਾਤਮਕ ਪ੍ਰਬੰਧ ਦੀ ਥੈਟਿਕ ਸੰਰਚਨਾ ਵਿੱਚ ਨਹੀਂ ਭਰੇ ਜਾ ਸਕਦੇ ਭਾਵ ਜਦ ਵੀ ਕਿਸੇ ਪੁਰਸ਼ ਜਾਂ ਮਰਦ ਨੂੰ ਖ਼ਤਰਾ ਮਹਿਸੂਸ ਹੋਇਆ ਤਾਂ ਉਸਨੇ ਨਾਰੀ ਰੂਪਕ ਸਿਗਨੀਫਿਕੇਸ਼ਨ ਨੂੰ ਹਾਸ਼ੀਆ ਦੇ ਅੰਤਰਗਤ ਸੁੱਟ ਦਿੱਤਾ।ਜੂਲੀਆ ਕ੍ਰਿਸਤਿਵਾ ਨੇ ਮਨ ਤੇ ਸਰੀਰ, ਮਾਨਸਕਤਾ ਤੇ ਸਰੀਰਕਤਾ ਅਤੇ ਉਸ ਤੋਂ ਇਲਾਵਾ ਸੱਭਿਆਚਾਰ ਅਤੇ ਪ੍ਰਕਿਰਤੀ ਦੇ ਆਪਸ ਵਿੱਚਲੇ ਸੰਬੰਧਾਂ ਦਾ ਸਿਧਾਂਤੀਕਰਣ ਕੀਤਾ।ਜੂਲੀਆ ਕ੍ਰਿਸਤਿਵਾ ਦਾ ਨਾਰੀਵਾਦੀ ਚਿੰਤਨ ਮਨੋਵਿਗਿਆਨ ਦੀਆਂ ਧਾਰਨਾਵਾਂ ਨਾਲ ਸੰਬੰਧਿਤ ਹੋ ਕੇ ਫਰਾਇਡ ਅਤੇ ਲਾਕਾਂ ਨੂੰ ਪਿੱਛੇ ਧੱਕਦਾ ਹੋਇਆ ਅੱਗੇ ਨਿਕਲ ਜਾਂਦਾ ਹੈ। ਕ੍ਰਿਸਤੀਵਾ ਦਾ ਵਿੱਚਾਰ ਹੈ ਕਿ ਔਰਤ ਪਿਆਰ ਕਰਨ ਵਾਲਾ ਪੱਖ ਲੈਂਗਿਕਤਾ ਹੈ ਪਰ ਲੋੜਾਂ ਦੀ ਪੂਰਤੀ ਕਰਨ ਵਾਲਾ ਪੱਖ ਲੈਂਗਿਕ ਨਹੀਂ।ਜੇਕਰ ਮਾਂ ਦੀ ਕਮੀ ਮਹਿਸੂਸ ਹੋ ਰਹੀ ਹੈ ਤਾਂ ਉਸ ਦੀ ਸੰਭਾਲ ਦਾ ਕਾਰਜ ਹੋਰ ਕਿਸੇ ਨੂੰ ਵੀ ਦਿੱਤਾ ਜਾ ਸਕਦਾ ਹੈ।

ਜੂਲੀਆ ਦੇ ਅਨੁਸਾਰ ਨਾਰੀਵਾਦੀ ਸੋਚ ਦੇ ਤਿੰਨ ਪੜਾ ਹਨ:-

1. ਜੂਲੀਆ ਕ੍ਰਿਸਤਿਵਾ ਸਮਾਨਤਾ ਦੀ ਮੰਗ ਨੂੰ ਰੱਦ ਕਰਦੀ ਹੈ, ਕਿਉਂ ਕਿ ਮਾਰਕਸਵਾਦੀ ਸਦਾਚਾਰ ਅਤੇ ਰਾਜਸੱਤਾ ਔਰਤ ਨੂੰ ਲੈਂਗਿਕ ਸੰਬੰਧਾਂ, ਗਰਭਪਾਤ ਅਤੇ ਮਨਮਰਜ਼ੀ ਦੇ ਭੋਗ ਦੀ ਆਗਿਆ ਨਹੀਂ ਦਿੰਦੇ।

2. ਜੂਲੀਆ ਕ੍ਰਿਸਤਿਵਾ ਦੂਜੇ ਪੜਾ ਨਾਲ ਸਹਿਮਤ ਨਹੀਂ ਕਿ ਜੇਕਰ ਨਾਰੀਵਾਦ ਭਾਸ਼ਾ ਦੀ ਮੰਗ ਲਈ ਜ਼ਰੂਰੀ ਹੈ ਤਾਂ ਉਹ ਇਹ ਵੀ ਸੰਭਵ ਨਹੀਂ ਮੰਨਦੀ ਕਿ ਉਹ ਭਾਸ਼ਾ ਸੱਭਿਆਚਾਰ ਪਿਤਰੀ ਸੱਤਾ ਨਾਲ ਸੰਬਧਤ ਹੈ।

3. ਤੀਜਾ ਪੜਾ ਔਰਤ ਦੀ ਭਿੰਨਤਾ ਅਤੇ ਪਛਾਣ ਦੋਹਾਂ ਦੇ ਸੰਬੰਧਾਂ ਨੂੰ ਜਾਨਣਾ ਹੈ।

"Helene Cixous (ਹੈਲੇਨ ਸ਼ਿਖੂ) ਭਾਸ਼ਾ ਵਿੱਚ ਦਰਜਾਬੰਦ ਵਿਰੋਧਾਂ ਦੀ ਗੱਲ ਕਰਦੀ ਹੈ। ਸੂਰਜ ਦੇ ਵਿਰੁੱਧ ਚੰਦਰਮਾ ਕਾਰਜਸ਼ੀਲਤਾ ਦੇ ਵਿਰੁੱਧ ਕਾਰਜਹੀਣਤਾ, ਸੰਸਕ੍ਰਿਤੀ ਦੇ ਵਿਰੁੱਧ ਪ੍ਰਕਿਰਤੀ ,ਦਿਨ ਦੇ ਵਿਰੁੱਧ ਰਾਤ, ਦਿਮਾਗ ਦੇ ਵਿਰੁੱਧ ਦਿਲ

ਆਦਿ ਦੀ ਵਰਤੋਂ ਹੁੰਦੀ ਹੈ ਅਤੇ ਇਹਨਾਂ ਸਾਰੇ ਵਿਰੋਧਾਂ ਨੂੰ ਔਰਤ ਅਤੇ ਮਰਦ ਦੇ ਵਿਰੋਧਾਂ ਦੇ ਰੂਪ ਵਿੱਚ ਵੀ ਵੇਖਿਆ ਜਾਂਦਾ ਹੈ। ਉਹ ਮਰਦ ਨੂੰ ਸੂਰਜ, ਸੰਸਕ੍ਰਿਤੀ ਦਿਨ ਜਾਂ ਦਿਮਾਗ ਦਾ ਦਰਜਾ ਦਿੰਦੀ ਹੈ। ਜਦੋਂ ਕਿ ਔਰਤ ਚੰਦਰਮਾ,ਪ੍ਰਕਿਰਤੀ,ਰਾਤ ਜਾਂ ਦਿਲ ਹੈ। ਮਰਦ ਹਮੇਸ਼ਾਂ ਹੀ ਲਾਭ-ਹਾਨੀ ਦੀ ਗਿਣਤੀ-ਮਿਣਤੀ ਅਤੇ ਲੇਖੇ-ਜੋਖੇ ਵਿੱਚ ਪਿਆ ਰਹਿੰਦਾ ਹੈ । ਉਹ ਆਪਣੇ ਮੁਨਾਫ਼ੇ ਬਾਰੇ ਹਮੇਸ਼ਾਂ ਹੀ ਚਿੰਤਤ ਰਹਿੰਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਔਰਤ ਨੂੰ ਪ੍ਰਤੀਫ਼ਲ ਨਹੀਂ ਚਾਹੀਦਾ। ਸ਼ਿਖੂ ਕਹਿੰਦੀ ਹੈ ਕਿ ‘ਚ ਮੁਫ਼ਤ ਦਾ ਕੋਈ ਤੋਹਫ਼ਾ ਨਹੀਂ ਹੁੰਦਾ।ਮਰਦ ਮੁਨਾਫ਼ੇ ਜਾਂ ਫਾਇਦੇ ਲਈ ਮਰਦਾਨਗੀ, ਪੈਸਾ ਤੇ ਆਨੰਦ ਭਾਲਦਾ ਹੈ। ਇਸ ਦੇ ਉਲਟ ਔਰਤ ਜੋ ਕੁੱਝ ਵੀ ਮਰਦ ਨੂੰ ਪ੍ਰਦਾਨ ਕਰਦੀ ਹੈ, ਉਸ ਦੀ ਕੀਮਤ ਵੀ ਨਹੀਂ ਲੈਂਦੀ।

ਔਰਤ ਦਾ ਅਵਚੇਤਨ ਵਿਸ਼ਵ-ਵਿਆਪੀ ਹੈ ਅਤੇ ਉਹ ਕਿਸੇ ਵੀ ਰਿਸ਼ਤੇ ਵਿੱਚ ਹੋਵੇ, ਉਹ ਪਿਆਰ ਦਾ ਭੰਡਾਰ ਹੈ ਅਤੇ ਉਸ ਅੰਦਰ ਇੱਕ ਮਾਂ ਵਸਦੀ ਹੈ। Toril Moi ਨੇ ਪੁਸਤਕ ‘Sexual Textual Politics’ ਦੀ ਰਚਨਾ ਕੀਤੀ। ਤੋਰਿਲ ਮੋਇ ਇਸ ਗੱਲ ਨੂੰ ਮਹੱਤਵ ਨਹੀਂ ਦਿੰਦੀ ਕਿ ਸਾਡੇ ਕੋਲ ਸ਼ੁੱਧ ਰੂਪ ਵਿੱਚ ਔਰਤਾਂ ਦੀਆਂ ਕੋਈ ਬੌਧਿਕ ਪਰੰਪਰਾਵਾਂ ਨਹੀਂ ਹਨ ਪਰ ਮਹੱਤਵ ਉਸ ਗੱਲ ਦਾ ਹੈ ਕਿ ਪ੍ਰਾਪਤ ਸਮੱਗਰੀ ਨਾਲ ਅਸੀਂ ਕੋਈ ਨਾਰੀਵਾਦੀ ਪ੍ਰਭਾਵ ਵੀ ਸਿਰਜ ਸਕਦੇ ਹਾਂ ਜਾਂ ਨਹੀਂ।

ਤੋਰਿਲ ਸੋਇ ਅਨੁਸਾਰ ਨਾਰੀਵਾਦੀਆਂ ਨੂੰ ਬਹੁਤ ਉੱਚਾ ਜਾ ਕੇ ਕੋਈ ਸਟੈਂਡ ਨਹੀਂ ਲੈਣਾ ਚਾਹੀਦਾ। ਤੋਰਿਲ ਸੋਇ ਨਾਰੀਵਾਦ ਅਤੇ ਨਾਰੀਤਵ ਦੀ ਵਿਆਖਿਆ ਦਿੰਦੇ ਹੋਏ ਕਹਿੰਦੀ ਹੈ ਕਿ ਜ਼ਰੂਰੀ ਨਹੀਂ ਕਿ ਸਾਹਿਤ ਜੋ ਨਾਰੀ ਪਰੰਪਰਾ ਨਾਲ ਸੰਬੰਧਿਤ ਹੈ ਉਹ ਨਾਰੀਵਾਦੀ ਹੀ ਹੋਵੇ। ਨਾਰੀਵਾਦੀ ਲਿਖਤ ਉਹ ਹੈ ਜੋ ਲੈਂਗਿਕਤਾ ਤੇ ਪੈਤਰਿਕਤਾ ਦੇ ਵਿਰੁੱਧ ਭੁਗਤਦੀ ਹੈ। ਉਹ ਦੱਸਦੀ ਹੈ ਕਿ ਪੂਰੀ ਦੁਨੀਆਂ ਵਿੱਚ ਕੋਈ ਵੀ ਆਂਤਰਿਕ ਰੂਪ ਵਿੱਚ ਨਾਰੀਤਵ ਟੈਕਸਟ ਨਹੀਂ ਹੁੰਦੀ। ਨਾਰੀਵਾਦੀਆਂ ਦਾ ਮੰਨਣਾ ਹੈ ਕਿ ਪਿਤਰਕ ਸੰਰਚਨਾ ਨਾਰੀ ਦਮਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਨਾਰੀ ਦੇਹ ਨੂੰ ਖ਼ਤਮ ਕਰਦੀ ਹੈ ਅਤੇ ਇਸ ਕਰਕੇ ਹੀ ਨਾਰੀਵਾਦੀ ਚਿੰਤਕ ਨਾਰੀ ਦੇ ਅਸਤਿਤਵ ਨੂੰ ਪੇਸ਼ ਕਰਨ ਲਈ ਦਮਨ ਭਰਪੂਰ ਸਮਾਜਿਕ ਰੂਪਾਂ ਦੇ ਬਦਲ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਹੜਾ ਕਿ ਪੁਰਖ ਪਰੰਪਰਾ ਦੇ ਉਲਟ ਹੈ । ਇੱਥੇ ਚਿੰਤਕ ਨਾਰੀ ਹੋਂਦ ਨੂੰ ਪੁਰਖ ਤੋਂ ਮੁਕਤ ਕਰਕੇ ਨਾਰੀ ਦੇਹ ਦੀ ਵਿਲੱਖਣਤਾ ਨੂੰ ਨਾਰੀ ਪਛਾਣ ਬਣਾਉਣ ਦੀ ਕੋਸ਼ਿਸ ਕਰਦੇ ਹਨ। ਅਜਿਹੇ ਪੱਛਮੀ ਨਾਰੀਵਾਦ ਦਾ ਰੰਗ ਭਾਰਤੀ ਸਭਿਆਚਾਰ ਉੱਤੇ ਵੀ ਪਿਆ। ਭਾਰਤੀ ਨਾਰੀਵਾਦ ਦਾ ਝੁਕਾਅ ਵੀ ਪਿਤਰਕੀ ਸੰਰਚਨਾ ਨੂੰ ਦੋਸ਼ੀ ਮੰਨਣਾ ਅਤੇ ਮਰਦ ਦੀ ਪ੍ਰਭੁੱਤਾ ਨੂੰ ਨਕਾਰਨਾ ਹੈ। ਇਸ ਤਰ੍ਹਾਂ ਦੀ ਸਥਿਤੀ ਨਾਰੀ ਦੇ ਵਿਰੁੱਧ ਹੈ ਅਤੇ ਪੁਰਖਵਾਦ ਨੂੰ ਜਨਮ ਦੇਣ ਨਾਲ ਜਾ ਜੁੜਦੀ ਹੈ। ਜਿੱਥੇ ਪੱਛਮੀ ਸਭਿੱਅਤਾ ਨੇ ਨਾਰੀ ਦੇਹ ਨੂੰ ਅ-ਆਤਮਾ ਮੰਨ ਕੇ ਵਿਸਾਰਿਆ ਸੀ ਉੱਥੇ ਹੀ ਗੁਰੂ ਸਾਹਿਬਾਨਾਂ ਨੇ ਨਾਰੀ ਦੇਹ ਦੀ ਸਿਰਜਾਨਤਮਕ ਵਿਸ਼ੇਸਤਾ ਨੂੰ ਚਿੰਨ੍ਹਤ ਕੀਤਾ ਹੈ ਤੇ ਨਾਰੀ ਨੂੰ ਜੱਗ ਜਨਣੀ ਦੱਸ ਕੇ ਉਸਦੀ ਮਾਤ ਸ਼ਕਤੀ ਨੂੰ ਬਹੁਪੱਖੀ ਗੌਰਵ ਬਖਸ਼ਿਆ ਹੈ।

ਨਾਰੀਵਾਦੀ ਚਿੰਤਕਾਂ ਦਾ ਮੁੱਖ ਝੁਕਾਅ ਨਾਰੀ ਦੀ ਸਰਵਉੱਚਤਾ ਨੂੰ ਸਥਾਪਿਤ ਕਰਨਾ ਹੈ ਭਾਰਤ ਵਿੱਚ ਨਾਰੀ ਦੇ ਮਸਲਿਆਂ ਨੂੰ ਹੱਲ ਕਰਨ ਲਈ ਬਹੁਤ ਸਾਰੇ ਸਮਾਜ ਸੁਧਾਰਕਾਂ ਨੇ ਔਰਤ ਦੇ ਸਥਾਨ ਨੂੰ ਉੱਚਾ ਚੁੱਕਣ ਲਈ ਸ਼ਲਾਘਾਯੋਗ ਕਦਮ ਪੁੱਟੇ। ਮੈਤਰੀ ਚੌਧਰੀ (Maitrayee Chaudhry) ਨੇ ਭਾਰਤ ਵਿੱਚ ਨਾਰੀਵਾਦ ਨੂੰ ਪੱਛਮੀ ਚਿੰਤਕਾਂ ਨਾਲੋਂ ਕੁੱਝ ਵੱਖਰੀ ਪਛਾਣ ਦੇ ਕੇ ਉਸਾਰਿਆ ਹੈ। 1990 ਵਿੱਚ ਨਾਰੀਵਾਦ ਜਦੋਂ ਸਿਖ਼ਰ ਤੇ ਸੀ ਤਾਂ ਉਦੋਂ ਹੀ ਭਾਰਤ ਵਿੱਚ ਵੀ ਇਸ ਲਹਿਰ ਸਦਕਾ ਨਾਰੀ ਸਥਿਤੀ ਬਦਲਣੀ ਸ਼ੁਰੂ ਹੋਈ। ਨਾਰੀਵਾਦ ਦੇ ਸਮੁੱਚੇ ਅਕਸ ਨੂੰ ਦੇਖਣ ਲਈ ਨਾਰੀਵਾਦ ਨਾਲ ਸੰਬੰਧਿਤ ਪੂਰੇ ਵਿਸ਼ਵ ਵਿੱਚ ਉੱਠਣ ਵਾਲੀਆ ਹੋਰ ਵੀ ਆਵਾਜ਼ਾਂ, ਅੰਦੋਲਨਾਂ, ਲਹਿਰਾਂ ਵੱਲ ਵੀ ਧਿਆਨ ਪੂਰਬਕ ਹੋਣਾ ਪਵੇਗਾ। ਇਸ ਨਾਲ ਸੰਬੰਧਿਤ ਮੈਤਰੀ ਚੌਧਰੀ ਭਾਰਤ ਨਾਰੀਵਾਦ ਨੂੰ ਬੇਸ਼ੱਕ ਵੱਖਰੇ ਰੂਪ ਵਿੱਚ ਪੇਸ਼ ਕਰਦੀ ਹੈ ਪਰ ਫਿਰ ਵੀ ਉਸ ਦੇ ਬਾਵਜੂਦ ਉਹ ਉਸ ਅੰਦਰ ਅੰਤਰ-ਰਾਸ਼ਟਰੀ ਨਾਰੀਵਾਦ ਨਾਲ

ਇੱਕ ਨਿਰੰਤਰਤਾ ਪਛਾਣਦੀ ਹੈ।ਉਸ ਦਾ ਮੰਨਣਾ ਹੈ ਕਿ ਕੋਈ ਵੀ ਵਿੱਚਾਰਾਂ ਦੀ ਚਰਚਾ ਪੱਛਮ ਦੇ ਨਾਰੀਵਾਦ ਤੋਂ ਬਿਨਾਂ ਨਹੀਂ ਹੋ ਸਕਦੀ ਕਿਉਂ ਆਧੁਨਿਕਤਾ ਵਿੱਚ ਦਾਖ਼ਲਾ ਬਸਤੀਵਾਦ ਦੇ ਦੁਆਰਾ ਹੀ ਹੋਇਆ ਹੈ। ਚਾਹੇ ਉਹ ਰਾਸ਼ਟਰਵਾਦ ਹੋਵੇ, ਚਾਹੇ ਪਰਜਾਤੰਤਰ, ਖੁੱਲੀ ਆਰਥਿਕਤਾ, ਸਮਾਜਵਾਦ, ਮਾਰਕਸਵਾਦ ਜਾਂ ਨਾਰੀਵਾਦ ਹੀ ਕਿਉਂ ਨਾ ਹੋਵੇ, ਇਹ ਸਾਰੇ ਬਸਤੀਵਾਦ ਦੀ ਹੀ ਦੇਣ ਹਨ। 1990 ਤੋਂ ਬਾਅਦ ਨਾਰੀਵਾਦ ਨੇ ਆਪਣੀ ਵੱਖਰੀ ਥਾਂ ਬਣਾਈ ਪਰ ਇਸ ਤੋਂ ਵੀ ਪਹਿਲਾਂ ਧਾਰਮਿਕ ਫਿਰਕਾਪ੍ਰਸਤੀ ਉੱਭਰਨ ਲੱਗ ਪਈ ਸੀ। ਫਿਰਕਾਪ੍ਰਸਤੀ ਨੇ ਔਰਤਾਂ ਵਾਸਤੇ ਕਈ ਫ਼ਤਵੇ ਅਤੇ ਹੁਕਮਨਾਮੇ ਜਾਰੀ ਕੀਤੇ। ਬ੍ਰਹਮ ਕੁਮਾਰੀਆਂ ਦਾ ਫ਼ਿਰਕਾ ਭਾਰਤੀ ਨਾਰੀਵਾਦ ਨੂੰ ਪੱਛਮੀ ਨਾਰੀਵਾਦ ਨਾਲੋਂ ਬਿਲਕੁਲ ਅੱਡਰਾ ਕਾਇਮ ਕਰਦਾ ਹੈ। ਮੈਤਰੀ ਚੌਧਰੀ ਅਨੁਸਾਰ ਆਪਣੇ ਸਭਿਆਚਾਰਕ ਖਿੱਤਿਆਂ ਨੂੰ ਬਚਾਉਣ ਲਈ ਵੀ ਆਧੁਨਿਕਤਾ ਦਾ ਆਸਰਾ ਲੈਣ ਦੀ ਲੋੜ ਪਵੇਗੀ।

ਗਾਇਤਰੀ ਸਪੀਵਾਕ ਅਮਰੀਕੀ ਨਾਰੀਵਾਦੀ ਚਿੰਤਕ ਹੈ ਪਰ ਅਸਲ ਵਿੱਚ ਉਹ ਭਾਰਤੀ ਮੂਲ ਦੀ ਹੈ।ਮਧੂ ਕਿਸ਼ਵਰ (Madhu Kishwar) ਨਾਰੀਵਾਦੀ ਚਿੰਤਕ ਹੈ। ਉਹ ਕਿਸੇ ਵੀ ਹਾਲਤ ਵਿੱਚ ਆਪਣੇ ਆਪ ਨੂੰ ਨਾਰੀਵਾਦੀ ਚਿੰਤਕ ਨਹੀਂ ਪ੍ਰਵਾਨ ਕਰਦੀ। ਉਹ ਆਪਣੇ ਆਪ ਨੂੰ ਭਾਰਤ ਦੀਆਂ ਆਮ ਔਰਤਾਂ ਵਰਗੀ ਹੀ ਦੱਸਦੀ ਹੈ ਮਧੂ ਕਿਸ਼ਵਰ ਭਾਰਤੀ ਪ੍ਰਸੰਗ ਵਿੱਚ ਔਰਤ ਦੇ ਗੌਰਵ ਨਾਲੋਂ ਵਿਅਕਤੀ ਦੀ ਅਭਿਵਿਅਕਤੀ ਨੂੰ ਵਧੇਰੇ ਮਹੱਤਵ ਦਿੰਦੀ ਹੈ। ਰੂਪ ਕੰਵਰ ਨਾਂ ਦੀ ਇੱਕ ਔਰਤ ਨੂੰ ਜਦੋਂ ਸਤੀ ਪ੍ਰਥਾ ਅਧੀਨ ਮਰਨ ਲਈ ਮਜ਼ਬੂਰ ਕੀਤਾ ਗਿਆ ਤਾਂ ਬਹੁਤ ਸਾਰੀਆਂ ਨਾਰੀਵਾਦੀਆਂ ਚਿੰਤਕਾਂ ਨੇ ਪਤਨੀ ਦੇ ਕਾਤਲਾਂ ਨੂੰ ਮਿਲੀ ਫਾਂਸੀ ਦੀ ਸਜ਼ਾ ਨੂੰ 'ਜੀ ਆਇਆ ਨੂੰ' ਕਿਹਾ ਪਰ ਮਧੂ ਕਿਸ਼ਵਰ ਇੱਕ ਅਜਿਹੀ ਨਾਰੀਵਾਦੀ ਚਿੰਤਕ ਸੀ ਜਿਸ ਨੇ ਇਸ ਸਜ਼ਾ ਦਾ ਵਿਰੋਧ ਕੀਤਾ ਕਿਉਂ ਕਿ ਉਸ ਦਾ ਮੰਨਣਾ ਸੀ ਕਿ ਰਾਜ-ਸੱਤਾ ਵਿੱਚ ਕਿਸੇ ਦੀ ਜਾਨ ਲੈਣ ਦਾ ਅਧਿਕਾਰ ਕਿਸੇ ਨੂੰ ਵੀ ਨਹੀਂ ਹੋਣਾ ਚਾਹੀਦਾ। ਉਹ ਕਹਿੰਦੀ ਹੈ ਕਿ ਭਾਰਤੀ-ਪੱਛਮੀ ਹਾਲਾਤਾਂ ਵਿੱਚ ਨਿਸ਼ਚਿਤ ਵਖਰੇਵਾਂ ਅਤੇ ਭਿੰਨਤਾ ਹੈ। ਪੱਛਮੀ ਨਾਰੀਵਾਦ ਦੀ ਗੱਲ ਕਰਦਿਆਂ ਉੱਥੋਂ ਦੀ ਦੋ ਸੋ ਸਾਲ ਪੁਰਾਣੀ ਔਰਤ ਸਾਹਮਣੇ ਆ ਖਲੋਂਦੀ ਹੈ ਜਿਸ ਨੇ ਆਪਣੇ ਘਰ, ਦਫ਼ਤਰ, ਰਾਜਨੀਤੀ ਸਿੱਖਿਆ, ਸਮਾਜ, ਧਰਮ ਅਤੇ ਸਭਿਆਚਾਰ ਲਈ ਹੱਡ-ਭੰਨਵਾਂ ਸੰਘਰਸ਼ ਕੀਤਾ। ਦੂਜੇ ਪਾਸੇ ਭਾਰਤੀ ਦੇਸ਼ ਵਿੱਚ ਕੋਈ ਵੀ ਇਵੇਂ ਦੀ ਗੱਲ ਨਹੀਂ ਵਾਪਰਦੀ।

ਇੱਥੇ ਚਰਚਾ ਮੈਤਰੀ ਚੌਧਰੀ ਤੇ ਮਧੂ ਕਿਸ਼ਵਰ ਆਦਿ ਚਿੰਤਕਾਂ ਦੀ ਹੋਈ ਹੈ ਪਰ ਇਸ ਤੋਂ ਬਿਨਾਂ ਤਾਰਾ ਬਾਈ ਛਿੰਦੇ, ਅਨਾਮਿਕਾ ਅਜਿਹੇ ਹੋਰ ਨਾਰੀਵਾਦੀ ਚਿੰਤਕ ਹਨ, ਜਿਹਨਾਂ ਭਾਰਤ ਵਿੱਚ ਨਾਰੀਵਾਦੀ ਕ੍ਰਾਂਤੀ ਲਿਆਉਣ ਵਿੱਚ ਆਪਣਾ ਯੋਗਦਾਨ ਪਾਇਆ। ਭਾਰਤੀ ਨਾਰੀਵਾਦੀ ਚਿੰਤਕਾਂ ਦੀ ਗੱਲ ਕਰਦਿਆ ਸਿਰਫ਼ ਭਾਰਤੀ ਨਾਰੀਵਾਦੀ ਦੀ ਚਰਚਾ ਸਾਹਮਣੇ ਆਉਂਦੀ ਹੈ ਕੀ ਸਿਰਫ਼ ਭਾਰਤੀ ਪ੍ਰੰਪਾਵਾਂ ਦੇ ਆਧਾਰ ਉੱਪਰ ਹੀ ਕਿਸੇ ਨਾਰੀਵਾਦੀ ਸਿਧਾਂਤ ਦੀ ਸਿਰਜਣ ਦੀ ਗੱਲ ਹੋ ਸਕੇਗੀ? ਕਿਉਂ ਕਿ ਔਰਤ ਦਾ ਸਥਾਨ 'ਦੇਵੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਦੇਵੀਆਂ ਦੀ ਸ਼ਕਤੀ ਕਰਕੇ ਤੱਕੜੀ ਦਾ ਪੱਲਾ ਭਾਰੂ ਹੋ ਜਾਂਦਾ ਹੈ। ਕਿਤੇ ਲਕਸ਼ਮੀ, ਕਿਤੇ ਦੁਰਗਾ, ਸਰਸਵਤੀ, ਪਾਰਬਤੀ, ਅਤੇ ਕਾਲੀ, ਇਹ ਸਾਰੀਆਂ ਦੇਵੀਆਂ ਸ਼ਕਤੀ ਦੀਆਂ ਪ੍ਰਤੀਕ ਹਨ। ਜਿਹੜੇ ਵੀ ਵੱਡੇ-ਵੱਡੇ ਵਿਦਵਾਨ ਸ਼ਕਤੀ ਦਾ ਪ੍ਰਤੀਕ ਦੇਵੀਆਂ ਨੂੰ ਭਾਰਤੀ ਨਾਰੀਵਾਦ ਨਾਲ ਜੋੜਨ ਦੀ ਕੋਸ਼ਿਸ ਕਰਦੇ ਹਨ। ਉਹ ਭਾਰਤ (ਹਿੰਦੂ ਧਰਮ) ਦੀ ਅਮੀਰੀ ਉੱਚੀ-ਸੁੱਚੀ ਪਰੰਪਰਾ ਦੀ ਬਹੁਲਤਾ ਨੂੰ ਪੇਸ਼ ਕਰਨ ਦੀ ਕੋਸ਼ਿਸ ਕਰਦੇ ਹਨ।

ਰਾਜੇਸ਼ਵਰੀ ਸੁੰਦਰ ਰਾਜਨ ਕਹਿੰਦੀ ਹੈ ਕਿ ਇੰਦਰਾ ਗਾਂਧੀ, ਫੂਲਨ ਦੇਵੀ ਔਰਤਾਂ ਵੀ ਭਾਰਤੀ ਪਰੰਪਰਾ ਦਾ ਹੀ ਹਿੱਸਾ ਹਨ। ਉਹਨਾਂ ਸਮਾਜਾਂ ਦੀ ਵਧੇਰੇ ਬੁਰੀ ਹਾਲਤ ਹੈ ਜਿੱਥੇ ਦੇਵੀਆਂ ਅਤੇ ਨਾਰੀ-ਨੇਤਾਵਾਂ ਹਨ।

ਜੌਹਨ ਗਰਾਈਮਜ਼ ਅਨੁਸਾਰ ਕੇਰਲ ਪ੍ਰਾਂਤ ਵਿੱਚ ਸਾਖਰਤਾ ਦੀ ਦਰ ਉੱਚੀ ਵੀ ਹੈ ਅਤੇ ਔਰਤਾਂ ਦੀ ਗਿਣਤੀ ਭਾਰਤ ਦੇ ਦੂਜੇ ਪ੍ਰਾਤਾਂ ਨਾਲੋਂ ਜਿਆਦਾ ਹੈ ਪਰ ਫਿਰ ਵੀ ਉੱਥੇ ਦੇਵੀ ਪੂਜਾ ਦਾ ਕੋਈ ਮਜ਼ਬੂਤ ਆਧਾਰ ਨਹੀਂ ਹੈ।

ਟੈਰੇਸੀ ਪਿੰਚਮੈਨ (Teracy Pintchman) ਅਨੁਸਾਰ ਭਾਰਤ ਵਿੱਚ ਔਰਤ ਦੀ ਸਥਿਤੀ ਬੜੀ ਅਸਪੱਸ਼ਟ ਹੈ। ਭਾਰਤੀ ਦੇਵੀ ਅਤੇ ਅਜੋਕੀ ਔਰਤ ਦੇ ਵਿੱਚਕਾਰ ਪੈਤਰਿਕਤਾ ਨੇ ਬਿਨਾਂ ਕਿਸੇ ਵਿਰੋਧੀ ਦੇ ਗੂੜ੍ਹੀ ਲਕੀਰ ਵਾਹੀ ਹੋਈ ਹੈ। ਸਤਿਆਜੀਤ ਦੀ ਫਿਲਮ 'ਦੇਵੀ' ਸਾਬਤ ਕਰਦੀ ਹੈ ਕਿ ਜਦੋਂ ਕੋਈ ਵੀ ਔਰਤ ਦੇਵੀ ਬਣਦੀ ਹੈ ਤਾਂ ਉਹ ਔਰਤ ਨਹੀਂ ਰਹਿੰਦੀ -- ਸਿਰਫ਼ ਉਹ ਦੇਵੀ ਹੁੰਦੀ ਹੈ। ਜਦਕਿ ਰਾਜੇਸ਼ਵਰੀ ਸੁੰਦਰ ਰਾਜਨ ਦਾ ਇਹ ਮੰਨਣਾ ਹੈ ਕਿ ਹਿੰਦੂ ਦੇਵੀ ਨੂੰ ਅੱਜ ਦੇ ਸੰਦਰਭ ਵਿੱਚ ਨਾਰੀਵਾਦ ਦੇ ਰੂਪ ਵਿੱਚ ਪੇਸ਼ ਕਰਨਾ ਕਠਿਨ ਹੀ ਨਹੀਂ, ਸਗੋਂ ਬਹੁਤ ਮੁਸ਼ਕਿਲ ਹੈ। "ਇੱਕ ਤਾਂ ਇਸ ਦੇਵੀ ਵਿੱਚ ਅਨਿੱਖੜ ਨਾਰੀ ਸ਼ਕਤੀ (Undifferantiate women Power) ਦੇਖੀ ਜਾਂਦੀ ਹੈ ਅਤੇ ਦੂਸਰੇ ਇਸ ਨਾਲ ਇੱਕ ਖਾਸ ਕਿਸਮ ਦੇ ਅਤਿਵਾਦੀ (redicalised) ਹਿੰਦੂਤਵ ਨੂੰ ਪ੍ਰੋਤਸਾਹਨ ਮਿਲਦਾ ਹੈ।"[24]

ਰਾਜੇਸ਼ਵਰੀ ਵੀ ਉਸੇ ਖ਼ਤਰੇ ਦੀ ਗੱਲ ਕਰਦੀ ਹੈ ਜਿਹੜੀ ਮਧੂ ਕਿਸ਼ਵਰ ਨੇ ਕੀਤੀ ਸੀ। ਮਧੂ ਕਿਸ਼ਵਰ ਆਜ਼ਾਦੀ ਨੂੰ ਵਧੇਰੇ ਮਹੱਤਵ ਦਿੰਦੀ ਹੈ ਨਾ ਕਿ ਨਾਰੀ ਅਧਿਕਾਰਾਂ ਨੂੰ।ਫਲੇਵੀਆਂ ਏਗਨਜ਼ (Flavia Agnes) ਕਹਿੰਦੀ ਹੈ ਕਿ ਹਿੰਦੂ ਧਰਮ ਵਿੱਚ ਧਾਰਮਿਕ ਪ੍ਰਤੀਕਾਂ ਅਤੇ ਰੀਤਾਂ ਨੂੰ ਮਕੁੰਮਲ ਤੌਰ ਤੇ ਧਰਮ-ਨਿਰਪੱਖ ਮੰਨਿਆ ਗਿਆ ਹੈ। ਉਹ ਹਮੇਸ਼ਾਂ ਘੱਟ ਗਿਣਤੀ ਨਾਲ ਮੇਲ-ਜੋਲ ਰੱਖਣ ਵਾਲੀਆਂ ਔਰਤਾਂ ਨੂੰ ਅਣਗੌਲਿਆ ਕਰ ਦਿੰਦੇ ਹਨ। ਭਾਰਤੀ ਨਾਰੀਵਾਦ ਦੀ ਪੱਛਮੀ ਨਾਰੀਵਾਦ  ਨਾਲੋਂ ਗੱਲੋਂ ਭਿੰਨ ਹੈ ਕਿ ਇੱਥੇ ਕਦਰਾਂ ਕੀਮਤਾਂ, ਪ੍ਰੰਪਰਾਗਤ ਵਿਸ਼ਵਾਸ ਵਿਸਾਰੇ ਨਹੀਂ ਜਾਂਦੇ।

ਨਾਰੀਵਾਦ ਵਿਸ਼ਵ ਵਿਆਪੀ ਗਿਆਨ ਜਾਂ ਫਲਸਫ਼ਾ ਹੈ। ਭਿੰਨ-ਭਿੰਨ ਰਾਸ਼ਟਰੀਤਾ ਨਾਲ ਸੰਬੰਧ ਰੱਖਣ ਵਾਲੇ ਨਾਰੀ ਚਿੰਤਕ, ਪੱਛਮ ਨਾਰੀ ਚਿੰਤਕਾਂ ਵੱਲੋਂ ਪੇਸ਼ ਕੀਤੇ ਗਏ ਪੈਰਾਡਾਈਮ ਨਾਲ ਸਾਂਝ ਤਾਂ ਰੱਖਦੇ ਹਨ ਪਰ ਉੱਥੇ ਹੀ ਉਹ ਨਾਰੀਵਾਦੀ ਚਿੰਤਕਾਂ ਤੋਂ ਭਿੰਨਤਾ ਦੀ ਵੀ ਦੁਹਾਈ ਦਿੰਦੇ ਹਨ। ਏਂਗਲਜ਼ ਉਤਪਾਦਨ ਦੇ ਢੰਗਾਂ ਵਿੱਚ ਆਈਆਂ ਤਬਦੀਲੀਆਂ ਨਾਲ ਔਰਤ ਦੀ ਸਥਿਤੀ ਵਿੱਚ ਆ ਰਿਹਾ ਪਰਿਵਰਤਨ ਦੇਖਣ ਦੀ ਕੋਸ਼ਿਸ ਕਰਦਾ ਹੈ। ਜਾਗੀਰਦਾਰੀ ਯੁੱਗ ਤੋਂ ਗੱਲ ਤੁਰਦੀ ਹੋਈ, ਪੂੰਜੀਵਾਦੀ ਪ੍ਰਬੰਧ ਤੇ ਸਮਾਜਵਾਦੀ ਯੁੱਗ ਵਿੱਚ ਜਾ ਕੇ ਔਰਤ ਦੀ ਸਥਿਤੀ ਮਰਦ ਦੇ ਮੁਕਾਬਲੇ ਬਿਹਤਰ ਹੋ ਜਾਂਦੀ ਹੈ। ਉਥੇ ਹੀ ਜਾਨ ਸਟੂਅਰਟ ਮਿਲ ਕੇ ਔਰਤ ਦੇ ਮਰਦ ਨਾਲੋਂ ਕੁਝ ਭੇਦ ਸਵੀਕਾਰ ਕੀਤੇ ਹਨ ਜੋ ਜੀਵ ਸ਼ਾਸਤਰੀ ਹਨ ਪਰ ਨਾਲ ਹੀ ਉਸ ਨੂੰ ਬੌਧਿਕ ਅਤੇ ਨੈਤਿਕ ਪੱਖੋਂ ਇੱਕ ਸਮਾਨ ਹੀ ਮੰਨਿਆ ਹੈ। ਮਨੂੰ ਦਾ ਸਿਮਰਤੀ ਗ੍ਰੰਥ ਦੱਸਦਾ ਹੈ ਕਿ ਨਾਰੀ ਕਿਸੇ ਵੀ ਸਥਾਨ ਜਾਂ ਕਿਸੇ ਵੀ ਸਥਿਤੀ ਤੇ ਕਿਸੇ ਵੀ ਪੜਾ ਤੇ ਸਤੁੰਤਰ ਨਹੀਂ ਹੋਣੀ ਚਾਹੀਦੀ ਪਰ ਫਿਰ ਵੀ ਔਰਤ ਨੂੰ ਭਾਰਤੀ ਪਰੰਪਰਾ ਵਿੱਚ ਸ਼ਕਤੀ ਦੇ ਰੂਪ ਵਿੱਚ ਨਿਵਾਜਿਆ ਜਾਂਦਾ ਹੈ। ਅਹੱਲਿਆ, ਸਵਿੱਤਰੀ, ਸੀਤਾ ਅਤੇ ਰਾਧਾ ਦੀ ਹਿੰਦੂ ਧਰਮ ਵਿੱਚ ਪੂਜਾ ਕੀਤੀ ਜਾਂਦੀ ਹੈ। ਪੱਛਮੀ ਚਿੰਤਕ ਹੈਲੂਨ ਸ਼ਿਖੂ ਨੇ ਔਰਤ ਨੂੰ ਸਰੀਰਕ ਪੱਖੋਂ ਮਰਦ ਨਾਲੋਂ ਉੱਚੀ ਦੱਸਿਆ ਹੈ। ਜਾਨ ਸਟੂਅਰਟ ਮਿਲ ਔਰਤ ਦੀ ਗ਼ੁਲਾਮੀ ਨੂੰ ਪਰੰਪਰਾ, ਕਾਨੂੰਨ ਅਤੇ ਵਿਆਹ ਦੀ ਸੰਸਥਾ ਵਿੱਚ ਪੇਸ਼ ਕਰਨ ਦੀ ਕੋਸ਼ਿਸ ਕਰਦਾ ਹੈ। ਸੀਮੋਨ  ਦ ਬੋਅਵਾਰ ਔਰਤ ਦੇ ਰਹਿਣ-ਸਹਿਣ, ਸੁਭਾਅ ਨੂੰ ਸੱਭਿਆਚਾਰ ਦੀ ਦੇਣ ਮੰਨਦੀ ਹੈ। ਉੱਥੇ ਹੀ ਕੇਟ ਮਿਲੇਟ ਇਸਤਰੀ ਪਿੱਤਰੀ ਸੱਤਾ ਦੀ ਸ਼ਿਕਾਰ ਹੈ। ਅਤੇ ਪੱਛਮੀ ਸ਼ਵਾਲਟਰ ਔਰਤ ਨੂੰ ਮਰਦ ਨਾਲੋਂ ਵੱਖਰਾ ਤਾਂ ਕਹਿੰਦੀ ਹੈ ਪਰ ਨਾਲ ਹੀ ਉਹ ਇਹ ਦਰਸਾਉਣ ਦੀ ਕੋਸ਼ਿਸ ਵੀ ਕਰਦੀ ਹੈ ਕਿ ਔਰਤ ਇੱਕ wild Zone ਵਿੱਚੋਂ ਲੰਘਦੀ ਹੈ।

ਫਰਾਇਡ ਨੇ ਜੀਵਨ ਦਾ ਆਧਾਰ ਕਾਮ ਨੂੰ ਮੰਨਿਆ ਹੈ ਅਤੇ ਨਾਰੀ ਦੇ ਅਵਚੇਤਨ ਨੂੰ ਸਮਝਣ ਲਈ ਲਿੰਗ ਈਰਖਾ ਦਾ ਸਿਧਾਂਤ ਦਿੱਤਾ ਲਾਕਾਂ ਮਨੋਵਿਗਿਆਨੀ ਹੈ। ਉਸ ਨੇ ਔਰਤ ਦੀ ਗੱਲ ਮਰਦ ਦੀ ਲਿੰਗ ਸ਼ਕਤੀ ਦੇ ਆਧਾਰ ਤੇ ਕੀਤੀ।ਉੱਥੇ ਹੀ ਭਾਰਤੀ ਚਿੰਤਕ ਰਾਜਸ਼ਵੇਰੀ ਸੁੰਦਰ ਰਾਜਨ ਕਹਿੰਦੀ ਹੈ ਕਿ ਹਿੰਦੂ ਧਰਮ ਵਿੱਚਲੇ ਦੇਵੀ ਦੇ ਰੂਪ ਨੂੰ ਅੱਜ ਦੀ ਔਰਤ ਦੇ ਲਈ ਵਿੱਚਾਰਨਾ ਮੁਸ਼ਕਿਲ ਹੈ। ਭਾਰਤੀ ਨਾਰੀਵਾਦੀ ਚਿੰਤਕਾਂ ਦਾ ਪੱਛਮੀ ਨਾਰੀਵਾਦੀ ਨਾਲੋਂ ਇਸ ਗੱਲ ਦਾ ਵੀ ਵਖ਼ਰੇਵਾਂ ਹੈ ਕਿ ਪੱਛਮੀ ਨਾਰੀਵਾਦੀ ਚਿੰਤਕ ਔਰਤ ਦੀ ਮਾਨਸਿਕ ਸਥਿਤੀ ਨੂੰ ਤਾਂ ਮਹੱਤਵ ਦਿੰਦੇ ਹੀ ਹਨ ਜਿਵੇਂ ਕਿ ਲਾਕਾਂ ਨੇ ਮਨੋਵਿਗਿਆਨੀ ਹੁੰਦੇ ਹੋਏ ਔਰਤ ਦੀ ਮਾਨਸਕ ਸਥਿਤੀ ਨੂੰ ਸਮਝਿਆ ਪਰ ਗੱਲ ਖ਼ਤਮ ਹੁੰਦੀ ਹੈ ਜਾ ਕੇ ਫਿਰ ਸਰੀਰ (ਦੇਹ) ਤੇ ਹੀ। ਪੱਛਮੀ ਚਿੰਤਕ ਔਰਤ ਦੀ ਆਜ਼ਾਦੀ ਦੀ ਗੱਲ ਸਰੀਰਕ ਮੁਕਤੀ, ਸਰੀਰਕ ਸੁੰਦਰਤਾ ਅਤੇ ਸਰੀਰਕ ਆਨੰਦ ਨੂੰ ਹੀ ਮੁੱਖ ਰੱਖ ਕੇ ਕਰਦੇ ਹਨ। ਜੇਕਰ ਭਾਰਤੀ ਨਾਰੀਵਾਦ ਦੀ ਗੱਲ ਕੀਤੀ ਜਾਵੇ ਤਾਂ ਭਾਰਤੀ ਨਾਰੀਵਾਦੀ ਚਿੰਤਕ ਪਰੰਪਰਾ ਦੀਆਂ ਗਹਿਰਾਈਆਂ ਵਿੱਚ ਡੂੰਘੇ ਡਿੱਗੇ ਹੋਏ ਹਨ ਤੇ ਨਾਲ ਹੀ ਉਹ ਨਾਰੀਵਾਦ ਦੀ ਗੱਲ ਕਰਦੇ ਹੋਏ ਔਰਤ ਆਜ਼ਾਦੀ ਤੇ ਮੁਕਤੀ ਦੀ ਗੱਲ ਵੀ ਕਰਦੇ ਹਨ। ਪਰ ਔਰਤ ਨੂੰ ਆਜ਼ਾਦੀ ਪਰੰਪਰਾ ਸਭਿਆਚਾਰ ਅਤੇ ਸੰਸਕ੍ਰਿਤੀ ਤਿਆਗ ਕਰਨ ਵਾਲੀ ਆਜ਼ਾਦੀ,ਆਜ਼ਾਦੀ ਨਹੀਂ ਹੁੰਦੀ। ਨਾਰੀਵਾਦ ਦੀ ਗੱਲ ਫਰਾਂਸ ਤੋਂ ਸ਼ੁਰੂ ਹੋਈ ਤੇ ਉਸ ਤੋਂ ਬਾਅਦ ਇਹ ਪੱਛਮੀ ਦੇਸਾਂ ਵਿੱਚੋਂ ਹੁੰਦਾ ਹੋਇਆ ਇਹ ਹੌਲੀ-ਹੌਲੀ ਭਾਰਤ ਵਿੱਚ ਫੈਲਿਆ। ਇਹ ਔਰਤਾਂ ਵੱਲੋਂ ਕੀਤੇ ਅੰਦਲੋਨਾਂ, ਸਮਾਗਮਾਂ ਅਤੇ ਲਹਿਰਾਂ ਦਾ ਹੀ ਨਤੀਜਾ ਸੀ।ਜੇਕਰ ਔਰਤ ਅੰਦਰ ਨਾਰੀ ਚੇਤਨਾ ਹੀ ਜ਼ਾਗਿਤ ਨਾ ਹੁੰਦੀ ਤਾਂ ਨਾਰੀਵਾਦ ਨਾਂ ਦਾ ਸੰਕਲਪ ਕਦੇ ਵੀ ਕਿਸੇ ਦਿਮਾਗ ਵਿੱਚ ਆਉਣਾ ਹੀ ਨਹੀਂ ਸੀ। ਪੰਜਾਬ ਵਿੱਚ ਅੰਗਰੇਜ਼ਾਂ ਦੇ ਆਉਣ ਨਾਲ ਹੀ ਫ਼ਿਊਡਲਿਜ਼ਮ ਅਤੇ ਰਿਆਸਤਾਂ ਉਤਸ਼ਾਹਿਤ ਹੋਣ ਲੱਗੀਆਂ। ਜੇ ਕਾਰਖਾਨਿਆਂ ਵਿੱਚ ਕੰਮ ਕਰਦੀਆਂ ਔਰਤਾਂ ਜਾਂ ਹੋਰ ਮਿਹਨਤ-ਮਜ਼ਦੂਰੀ ਕਰਨ ਲਈ ਬਾਹਰ ਜਾਣ ਵਾਲੀਆਂ ਨਾਰੀਆਂ ਵਿੱਚ ਆਪਣੇ ਹੱਕਾਂ ਲਈ ਚੇਤਨਾ ਨਾ ਆਉਂਦੀ ਤਾਂ ਨਾਰੀ ਦੀ ਸਥਿਤੀ ਉਹੀ ਹੋਣੀ ਸੀ ਜੋ ਜਾਗੀਰਦਾਰੀ ਯੁੱਗ ਜਾਂ ਸਭਿੱਅਤਾ ਦੇ ਯੁੱਗ ਵਿੱਚ ਸੀ। ਪ੍ਰਭਾਵਸ਼ਾਲੀ ਨਾਰੀ ਚਿੰਤਕ ਨਾਰੀ ਦੀ ਸਥਿਤੀ ਵਿੱਚ ਪਰਿਵਰਤਨ ਲਿਆਉਣ ਦੇ ਅਹਿਮ ਹੱਕਦਾਰ ਹਨ, ਜਿਨ੍ਹਾਂ ਕਰਕੇ ਔਰਤ ਦੀ ਵਿਗੜੀ ਹੋਈ ਸਥਿਤੀ ਵਿੱਚ ਸੁਧਾਰ ਆਇਆ ਅਤੇ ਔਰਤ ਜਾਗੂਰਕ ਹੋਈ। ਨਾਰੀਵਾਦੀ ਕ੍ਰਾਂਤੀ ਕਾਰਨ ਹੀ ਅੱਜ ਦੀ ਔਰਤ ਆਪਣੀਆਂ ਮੁਸ਼ਕਿਲਾਂ ਨਾਲ ਆਪ ਹੀ ਨਜਿੱਠਣ ਦੀ ਭਰਪੂਰ ਹਿੰਮਤ ਰੱਖਦੀ ਹੈ। ਅੱਜ ਦੀ ਔਰਤ ਉਸ ਸਥਾਨ ਤੇ ਖੜੀ ਹੈ ।ਜਿੱਥੇ ਪਰੰਪਰਾ ਉਸਦੇ ਮੇਚ ਦੀ ਨਹੀਂ ਰਹਿ ਗਈ ਅਤੇ ਆਧੁਨਿਕਤਾ ਦੇ ਉਹ ਖੁਦ ਮੇਚ ਨਹੀਂ ਆ ਰਹੀ। ਉਹ ਜਿਊਣ ਲਈ ਨਵੇਂ-ਨਵੇਂ ਮਾਡਲਾਂ ਦੀ ਤਲਾਸ਼ ਵਿੱਚ ਗੁਜ਼ਰ ਰਹੀ ਹੈ। ਉਹ ਕਿਸੇ ਤੇ ਨਿਰਭਰ ਰਹਿਣਾ ਪਸੰਦ ਨਹੀਂ ਕਰਦੀ ਜਦ ਕਿ ਘਰ ਦੇ ਮੈਂਬਰ ਉਸ ਉੱਪਰ ਨਿਰਭਰ ਰਹਿਣ ਲੱਗ ਪਏ ਹਨ। ਉਹ ਅੰਦਰੋਂ ਮਜ਼ਬੂਤ ਹੋ ਗਈ ਹੈ ਇਹ ਸਭ ਨਾਰੀਵਾਦੀ ਕ੍ਰਾਂਤੀ ਸਦਕੇ ਹੀ ਹੋਇਆ ਹੈ।

## ਹਵਾਲੇ ਤੇ ਟਿੱਪਣੀਆਂ:

---

[1] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ-840
[2] ਪੰਜਾਬੀ ਸਾਹਿਤ ਦਾ ਇਤਿਹਾਸ (ਆਦਿ ਕਾਲ-ਭਗਤੀ ਕਾਲ) ਪੰਨਾ 28-29
[3] ਹਰਪ੍ਰੀਤ ਕੌਰ, (ਡਾ.), ਨਾਰੀਵਾਦ, ਪੰਨਾ-33
[4] ਗੁ. ਗ੍ਰੰ: ਪੰਨਾ-1013
[5] ਚਰਨਜੀਤ ਕੌਰ, (ਡਾ.), (ਸੰਪਾ.), ਨਾਰੀ ਦ੍ਰਿਸ਼ਟੀ,ਖਾਲਸਾ, ਰੂਬਲ ਸਿੰਘ, (ਡਾ.), 'ਪਛਾਣ ਦੀ ਤਲਾਸ਼', ਪੰਨਾ-81
[6] ਗੁਰਪ੍ਰੀਤ ਕੌਰ, (ਡਾ.) ਔਰਤ ਦਾ ਹਮਦਰਦ-ਗਿੱਲ ਮੋਰਾਂਵਾਲੀ (ਮੌਸਮ ਦਾ ਸੰਤਾਪ ਦੇ ਸੰਦਰਭ 'ਚ), ਪੰਨਾ-27
[7] ਮਾਰਕਸ ਕਾਰਲ ਅਤੇ ਏਂਗਲਜ, ਫ਼੍ਰੈਡਰਿਕ ਚੋਣਵੀਆਂ ਕਿਰਤਾਂ ਭਾਗ ਤਿੰਨ, ਪੰਨਾ-189
[8] ਏਂਗਲਜ, ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ, ਪੰਨਾ-73
[9] ਲੈਨਿਨ, ਔਰਤਾਂ ਦੀ ਬੰਦ ਖਲਾਸੀ ਬਾਰੇ,ਪੰਨਾ-111
[10] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-473

[11] ਰਾਮਾ ਕ੍ਰਿਸ਼ਨ ਤ੍ਰਿਪਾਠੀ, ਪ੍ਰਾਚੀਨ ਭਾਰਤ ਕਾ ਇਤਿਹਾਸ, ਪੰਨਾ-59
[12] ਕਿਸ਼ਨ ਸਿੰਘ (ਪ੍ਰੋ.), ਆਜ਼ਾਦ ਔਰਤ, 'ਮਨੁੱਖ ਦੀ ਆਜ਼ਾਦੀ ਦਾ ਮਸਲਾ', ਪੰਨਾ-34
[13] ਸੁਰਜੀਤ ਸਿੰਘ, ਭੱਟੀ, ਵਾਦ-ਚਿੰਤਨ, ਪੰਨਾ-121
[14] ਇੰਦਰਜੀਤ ਕੌਰ, ਨਾਰੀਵਾਦ ਸੰਵੇਦਨਾ ਅਤੇ ਦਲੀਪ ਕੌਰ ਟਿਵਾਣਾ ਦਾ ਗਲਪ, ਪੰਨਾ-21
[15] ਹਰਪ੍ਰੀਤ ਕੌਰ, ਨਾਰੀਵਾਦ, ਪੰਨਾ-23
[16] ਸੁਰਜੀਤ ਸਿੰਘ, ਭੱਟੀ, ਵਾਦ-ਚਿੰਤਨ, ਪੰਨਾ 120-121
[17] ਜਸਵੀਰ ਕੌਰ, (ਸੰਪਾ.), ਸੀਮੋਨ ਦ ਬੋਅਵਾਰ ਦੀ ਔਰਤਾਂ ਬਾਰੇ ਪ੍ਰਸਿੱਧ ਫਰੈਂਚ ਕਿਤਾਬ 'ਦ ਸੈਕਿੰਡ ਸੈਕਸ, ਪੰਨਾ 78-79
[18] ਸੁਰਜੀਤ ਸਿੰਘ, ਭੱਟੀ, ਵਾਦ-ਚਿੰਤਨ, ਪੰਨਾ-122
[19] ਚਰਨਜੀਤ ਕੌਰ, (ਡਾ.), ਨਾਰੀਵਾਦੀ ਦ੍ਰਿਸ਼ਟੀ, ਪੰਨਾ-69
[20] ਜਸਵੀਰ ਕੌਰ, (ਸੰਪਾ.), ਸੀਮੋਨ ਦ ਬੋਅਵਾਰ ਦੀ ਔਰਤਾਂ ਬਾਰੇ ਸੰਸਾਰ ਪ੍ਰਸਿੱਧ ਕਿਤਾਬ, ਭੂਮਿਕਾ, ਪੰਨਾ-15
[21] ਬੇਅੰਤ ਕੌਰ (ਡਾ.) ਨਾਰੀਵਾਦੀ ਚਿੰਤਕ, ਪਰਿਪੇਖ ਤੇ ਵਿਹਾਰ ਪੰਨਾ-26
22 Vidyut Bhagwat (Ed.) The feminist social thought, P. 292 ,ਉਧਰਿਤ, ਸੁਰਿੰਦਰ ਕੌਰ, ਭੱਠਲ (ਡਾ.), ਨਾਰੀਵਾਦ ਤੇ ਪੰਜਾਬੀ ਨਾਟਕ, ਪੰਨਾ-37

23 Ibid P.235 ਉਧਰਿਤ, ਉਹੀ, ਪੰਨਾ-42

[24] Maitrayee Chaudhry (ed.) Feminism in India, P. 326 , ਉਧਰਿਤ, ਸੁਰਿੰਦਰ ਕੌਰ, ਭੱਠਲ (ਡਾ.) ਨਾਰੀਵਾਦ ਤੇ ਪੰਜਾਬੀ ਨਾਟਕ , ਪੰਨਾ 55-56)

# ਅਧਿਆਇ-ਦੂਜਾ

# ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ

# ਅਧਿਆਇ-ਦੂਜਾ

# ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ

ਪਰਵਾਸ ਤੋਂ ਭਾਵ ਬਿਗਾਨੀ ਧਰਤੀ ਤੇ ਜਾ ਕੇ ਰਹਿਣਾ ਹੈ।ਲੋਕ ਆਰਥਕ, ਸਮਾਜਕ ਮਜ਼ਬੂਰੀਆਂ ਦੇ ਸਤਾਏ ਵਿਦੇਸ਼ਾਂ ਵੱਲ ਨੂੰ ਆਪਣਾ ਰੁੱਖ ਕਰਦੇ ਹਨ।"ਪਰਵਾਸੀ ਸ਼ਬਦ 'ਪਰ' ਤੇ 'ਵਾਸੀ' ਦੋ ਸ਼ਬਦਾਂ ਦਾ ਜੋੜ ਹੈ 'ਪਰ' ਤੋਂ ਭਾਵ ਹੈ 'ਦੂਸਰਾ' ਜਾਂ 'ਪਰਾਇਆ' ਅਤੇ 'ਵਾਸੀ' ਕਿਸੇ ਥਾਂ ਦੇ ਵਸਨੀਕ ਨੂੰ ਕਿਹਾ ਜਾਂਦਾ ਹੈ।"[1] ਪਰਵਾਸੀ ਕਿਸੇ ਥਾਂ ਤੇ ਜਾ ਕੇ ਵਸਣ ਵਾਲੇ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜੋ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਪਰਾਈ ਧਰਤੀ ਤੇ ਜਾ ਕੇ ਨਿਵਾਸ ਕਰਦਾ ਹੈ। ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਤੋਂ ਪਰਵਾਸ ਦੀ ਪ੍ਰਕਿਰਿਆ ਲੰਬੇ ਕਾਲ-ਅੰਤਰਾਲ ਵਿੱਚ ਫ਼ੈਲੀ ਹੋਈ ਹੈ।ਇਸ ਪ੍ਰਕਿਰਿਆ ਨੂੰ ਸਮਾਜ-ਵਿਗਿਆਨੀਆਂ ਨੇ ਪੰਜ ਕਿਸਮਾਂ ਵਿੱਚ ਵੰਡਿਆ ਹੈ। ਪਹਿਲੀ ਕਿਸਮ ਦੇ ਪਰਵਾਸ ਵਿੱਚ ਕੋਈ ਪਰਵਾਸੀ ਆਪਣੇ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਪੱਕੇ ਤੌਰ ਤੇ ਹੀ ਰਹਿਣ ਲਈ ਆ ਜਾਂਦਾ ਹੈ। ਦੂਸਰੀ ਕਿਸਮ ਦਾ ਪਰਵਾਸ ਕਿਰਤੀ-ਕਾਮਿਆਂ ਦਾ ਪਰਵਾਸ ਹੈ। ਤੀਸਰੀ ਕਿਸਮ ਦਾ ਪਰਵਾਸ ਸੈਰ-ਸੈਪਾਟੇ ਤੇ ਜਾਣ ਵਾਲੇ ਲੋਕ ਜੋ ਕੁੱਝ ਸਮੇਂ ਲਈ ਕੈਨੇਡਾ-ਅਮਰੀਕਾ ਘੁੰਮਣ ਲਈ ਜਾਂਦੇ ਹਨ। ਚੌਥੀ ਕਿਸਮ ਦੇ ਉਹ ਲੋਕ ਜੋ ਸ਼ਰਨਾਰਥੀ ਤੌਰ ਤੇ ਪੱਕੇ ਜਾਂ ਕੱਚੇ ਤੌਰ ਤੇ ਵੱਸਦੇ ਹਨ। ਪੰਜਵੀਂ ਕਿਸਮ ਦੇ ਉਹ ਲੋਕ ਹਨ ਜੋ ਬਾਹਰਲੇ ਮੁਲਕਾਂ ਵਿੱਚ ਰਹਿਣ ਲਈ ਜਾਂਦੇ ਹਨ ਪਰ ਪੱਕੇ ਹੋਣ ਲਈ ਉਹ ਗ਼ੈਰ-ਕਾਨੂੰਨੀ ਢੰਗ ਤਰੀਕਿਆਂ ਦੀ ਵਰਤੋਂ ਕਰਦੇ ਹਨ। ਸਮਾਜ ਵਿਗਿਆਨੀਆਂ ਨੇ ਅਜਿਹੇ ਕਾਰਨ ਲੱਭੇ ਹਨ ਜਿਹਨਾਂ ਸਦਕੇ ਪਰਵਾਸ ਧਾਰਨ ਕੀਤਾ ਜਾਂਦਾ ਹੈ। ਪਰਵਾਸ ਨਾਲ ਸੰਬੰਧ ਰੱਖਦੀਆਂ ਉਹਨਾਂ ਨੇ ਦੋ ਸ਼ਕਤੀਆਂ ਪੇਸ਼ ਕੀਤੀਆਂ ਹਨ, ਜਿਹਨਾਂ ਰਾਹੀਂ ਪਰਵਾਸ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਪਹਿਲੀ, ਉਹ ਤਾਕਤਾਂ ਜੋ ਆਦਮੀ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਵੱਲ ਨੂੰ ਧੱਕਦੀਆਂ ਹਨ।ਜਿਵੇਂ ਬੇਰੁਜ਼ਗਾਰੀ, ਗ਼ਰੀਬੀ ਸਮੁਦਾਇ ਤੋਂ ਉਦਾਸੀਨਤਾ ਸਰਕਾਰੀ ਨੀਤੀ, ਦੇਸ਼ ਵੰਡ, ਯੁੱਧ ਆਦਿ। ਦੂਸਰੀ ਸ਼ਕਤੀ ਪਰਵਾਸ ਸੰਬੰਧੀ ਕੋਈ ਖਿੱਚ ਹੁੰਦੀ ਹੈ ਭਾਵ ਕਿਸੇ ਵਿਅਕਤੀ ਨੂੰ ਕੋਈ ਜਗ੍ਹਾ ਸੋਹਣੀ ਲੱਗਦੀ ਹੈ ਉਹ ਉਸ ਜਗ੍ਹਾ ਵੱਲ ਖਿੱਚਿਆ ਹੀ ਚਲਾ ਜਾਂਦਾ ਹੈ। ਪੰਜਾਬੀਆਂ ਅੰਦਰ ਇੱਕ ਲਾਲਸਾ ਹੈ, ਬਾਹਰਲੇ ਮੁਲਕਾਂ ਵੱਲ ਜਾਣ ਦੀ। ਪੰਜਾਬੀ ਮਾਪੇ ਬਿਨਾਂ ਸੋਚੇ-ਸਮਝੇ ਆਪਣੀ ਫੁੱਲਾਂ ਵਾਂਗ ਪਾਲੀ ਧੀ ਨੂੰ, ਡਾਲਰਾਂ ਦੇ ਲਾਲਚ ਵਿੱਚ ਕਿਸੇ ਅੱਧਖੜ ਜਿਹੇ ਨਾਲ ਵਿਆਹ ਦਿੰਦੇ ਹਨ। ਲੜਕੇ ਵਾਲੇ ਲੜਕੀ ਵਾਲਿਆਂ ਤੋਂ ਲੱਖਾਂ ਰੁਪਏ ਬਟੋਰ, ਖੀਸੇ 'ਚ ਪਾ ਕੇ ਭਾਰਤ ਦੀ ਯਾਤਰਾ ਕਰਦੇ ਹਨ। ਕਈਆਂ ਦਾ ਤਾਂ ਵਿਆਹ ਤੋਂ ਬਾਅਦ ਪਤਾ ਵੀ ਨਹੀਂ ਲੱਗਦਾ ਤੇ ਝਾਂਸਾ ਦੇ ਕੇ ਚਲੇ ਜਾਂਦੇ ਹਨ ਤੇ ਕੁੜੀ ਵੀਜ਼ੇ ਦੀ ਉਡੀਕ 'ਚ ਰਹਿੰਦੀ ਹੈ ਪਰ ਉਹਨੂੰ ਪਲ ਫਿਰ ਭਰ ਵੀ ਮਹਿਸੂਸ ਨਹੀਂ ਹੁੰਦਾ ਕਿ ਉਸ ਨਾਲ ਠੱਗੀ ਹੋ ਗਈ ਹੈ। ਬਹੁਤ ਸਾਰੇ ਲੋਕਾਂ ਨੂੰ ਪਤਾ ਹੈ ਕਿ ਇਹ ਬਹੁਤ ਹੀ ਮੁਸ਼ਕਿਲ ਭਰਿਆ ਰਸਤਾ ਹੈ ਪਰ ਫਿਰ ਵੀ ਪੰਜਾਬ ਜਾਂ ਹੋਰ ਪ੍ਰਾਤਾਂ ਤੋਂ ਉੱਠ ਕੇ ਬਹੁਤ ਸਾਰੇ ਲੋਕਾਂ ਦਾ ਰੁੱਖ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਵੱਲ ਨੂੰ ਵੱਧਦਾ ਹੈ। ਰੁਜ਼ਗਾਰ ਦੀ ਭਾਲ ਵਿੱਚ ਇਹ ਲੋਕ ਆਪਣਾ ਘਰ-ਵਾਰ ਸਭ ਛੱਡ ਦਿੰਦੇ ਹਨ। ਆਰਥਿਕ ਤੰਗੀਆਂ ਦੇ ਸਤਾਏ, ਸ਼ਾਹੂਕਾਰਾਂ ਦੇ ਪੈਸਿਆਂ ਦੀ ਆੜ ਥੱਲੇ ਦੱਬੇ ਹੋਏ ਕਿਸਾਨ ਜੋ ਛੇ ਮਹੀਨੇ ਬਾਅਦ ਵੀ ਫ਼ਸਲ ਆਉਣ ਨਾਲ ਵੀ ਆਪਣਾ ਕਰਜ਼ਾ ਨਹੀਂ ਮੋੜ ਪਾਉਂਦੇ, ਉਹ ਆਰਥਿਕ ਮਜ਼ਬੂਰੀਆਂ ਕਾਰਨ ਯੂਰਪੀ ਦੇਸ਼ਾਂ ਵੱਲ ਮੁਹਾਰਾਂ ਮੋੜ ਲੈਂਦੇ ਹਨ। ਬਹੁਤੇ ਲੋਕਾਂ ਨੂੰ ਭਾਰਤ ਵਿੱਚ ਰਹਿਣਾ ਜਾਂ ਕੰਮ ਕਰਨਾ ਪਸੰਦ ਨਹੀਂ ਹੁੰਦਾ, ਉਹ ਵੀ ਆਪਣੀ ਜ਼ਿੰਦਗੀ ਨੂੰ ਕੋਈ ਮੁਕਾਮ ਦੇਣ ਲਈ ਜਾਂ ਸੁਹਾਵਣੇ ਮੌਸਮ ਦੀ ਆੜ ਵਿੱਚ ਕੈਨੇਡਾ ਜਾ ਵਸਦੇ ਹਨ ਕਿਉਂਕਿ ਕੈਨੇਡਾ ਨੂੰ ਬਹੁਤ ਹੀ ਸੋਹਣਾ ਅਤੇ ਸ਼ਾਂਤੀ ਵਾਲਾ ਮੁਲਕ ਮੰਨਿਆ ਜਾਂਦਾ ਹੈ। ਕੈਨੇਡੀਅਨ ਯੀਅਰ ਬੁੱਕ ਅਨੁਸਾਰ "ਪੰਜਾਬੀ ਸਿੱਖਾਂ ਦਾ ਪਹਿਲਾਂ ਟੋਲਾ ਵੈਨਕੂਵਰ ਦੀ ਬੰਦਰਗਾਹ ਪੋਰਟ ਮੂਡੀ ਉੱਤੇ 1904 ਵਿੱਚ ਪੁੱਜਾ। ਉਹ ਲੱਗਭਗ ਸਾਰੇ ਪਿੰਡਾਂ

ਦੇ ਅਨਪੜ੍ਹ ਕਿਸਾਨ ਸਨ, ਜਿਹੜੇ ਥੋੜ੍ਹੀ ਜ਼ਮੀਨ ਵਾਲੇ ਨਿਮਨ ਕਿਸਾਨ ਵਰਗ ਨਾਲ ਸੰਬੰਧ ਰੱਖਦੇ ਸਨ। ਉਹਨਾਂ ਦੀ ਰੀਸੇ 1905 ਤੋਂ 1908 ਤੱਕ ਪੰਜ ਹਜ਼ਾਰ ਦੇ ਕਰੀਬ ਪੰਜਾਬੀ ਕੈਨੇਡਾ ਦੀ ਧਰਤੀ ਉੱਤੇ ਪੁੱਜ ਗਏ ਸਨ ਅਤੇ ਥੋੜੇ ਸਾਲਾਂ ਵਿੱਚ ਉਹਨਾਂ ਦੀ ਗਿਣਤੀ 8000 ਤੱਕ ਪੁੱਜ ਗਈ। ਪੰਜਾਬੀਆਂ ਦੀ ਦਿਨੋ-ਦਿਨ ਵਧਦੀ ਆਬਾਦੀ ਨੂੰ ਵੇਖ ਕੇ ਉੱਥੇ ਦੇ ਵਸਨੀਕਾਂ ਖ਼ਾਸ ਕਰਕੇ ਪੱਛਮੀ ਮਜ਼ਦੂਰਾਂ ਵਿੱਚ ਈਰਖ਼ਾ ਪੈਦਾ ਹੋ ਗਈ, ਕਿਉਂਕਿ ਪੰਜਾਬੀ ਕਾਮੇ ਬਹੁਤ ਮਿਹਨਤੀ ਅਤੇ ਪੂਰੀ ਦਿਆਨਤਦਾਰੀ ਨਾਲ ਜਾਨ ਮਾਰ ਕੇ ਕੰਮ ਕਰਦੇ ਸਨ। ਪੱਛਮੀ ਮਜ਼ਦੂਰਾਂ ਅਤੇ ਆਮ ਸ਼ਹਿਰੀਆਂ ਦੀਆਂ ਝੂਠੀਆਂ ਸੱਚੀਆਂ ਸ਼ਿਕਾਇਤਾਂ ਸੁਣ ਕੇ ਕੈਨੇਡਾ ਦੀ ਸਰਕਾਰ ਨੇ 1914 ਵਿੱਚ ਕਾਨੂੰਨ ਪਾਸ ਕਰਕੇ ਪੰਜਾਬੀਆਂ ਦੇ ਕੈਨੇਡਾ ਵਿੱਚ ਦਾਖ਼ਲੇ ਉੱਤੇ ਕਈ ਰੋਕਾਂ ਲਾ ਦਿੱਤੀਆਂ।"[2]

ਇਹਨਾਂ ਰੋਕਾਂ ਦੇ ਬਾਵਜੂਦ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਵਿੱਚ ਕੋਈ ਕਮੀ ਨਹੀਂ ਆਈ, ਸਗੋਂ ਉਹ ਜਾਇਜ਼ ਨਜ਼ਾਇਜ਼ ਢੰਗ ਵਰਤ ਕੇ ਪੰਜਾਬੀਆਂ ਨੇ ਪਰਵਾਸ ਨੂੰ ਅੱਜ ਤੱਕ ਨਿਰੰਤਰ ਜਾਰੀ ਰੱਖਿਆ। ਕਾਮਾਗਾਟਮਾਰੂ ਦੀ ਘਟਨਾ ਤੋਂ ਲੈ ਕੇ ਮਾਲਟਾ ਕਾਂਡ ਵਰਗੇ ਦਿਲ-ਕੰਬਾਊ ਹਾਦਸਿਆਂ ਦੇ ਬਾਵਜੂਦ ਵੀ ਪੰਜਾਬੀਆਂ ਦਾ ਵਿਦੇਸ਼ਾਂ ਵੱਲ ਝੁਕਾਅ ਵੱਧਦਾ ਹੀ ਗਿਆ। ਪਰਵਾਸੀਆਂ ਦੀ ਆਮਦ ਨੇ ਬਾਹਰਲੇ ਮੁਲਕਾਂ ਵਿੱਚ ਮਜ਼ਦੂਰ ਸ਼੍ਰੇਣੀ ਵਿੱਚ ਕਾਫ਼ੀ ਰੋਸ ਪੈਦਾ ਕੀਤਾ, ਕਿਉਂਕਿ ਉਹਨਾਂ ਨੂੰ ਮਿਲਣ ਵਾਲੇ ਕੰਮ ਵਿੱਚ ਕਾਫ਼ੀ ਕਮੀ ਹੋ ਰਹੀ ਸੀ। ਇਹਨਾਂ ਨਸਲੀ ਵਿਤਕਰਿਆਂ ਸਦਕੇ ਨਸਲਵਾਦੀ ਹਮਲੇ ਹੋਣੇ ਆਰੰਭ ਹੋਏ "5 ਸਤੰਬਰ 1907 ਦੀ ਰਾਤ ਨੂੰ 60 ਦੇ ਕਰੀਬ ਯੂਰਪੀ ਨਸਲ ਦੇ ਲੋਕਾਂ ਦੀ ਭੀੜ ਨੇ ਪੰਜਾਬੀਆਂ ਦੇ ਟਿਕਾਣਿਆਂ ਉੱਤੇ ਅਚਾਨਕ ਹੱਲਾ ਕੀਤਾ। ਪੰਜਾਬੀਆਂ ਦਾ ਸਾਰਾ ਸਾਮਾਨ ਲੁੱਟ-ਪੁੱਟ ਲਿਆ। ਉਹ ਛਾਲਾਂ ਮਾਰਕੇ ਜਾਨਾਂ ਬਚਾ ਕੇ ਭਜ ਨਿਕਲੇ। ਬਹੁਤ ਅਧਨੰਗੇ ਪੰਜਾਬੀਆਂ ਨੂੰ ਉਹਨਾਂ ਨੇ ਘਸੀਟ ਕੇ ਬਾਹਰ ਸੁਟਿਆ। ਬਹੁਤੇ ਪੰਜਾਬੀਆਂ ਨੇ ਕੈਨੇਡਾ ਵਿੱਚ ਨਸ ਕੇ ਜਾਨਾਂ ਬਚਾਈਆਂ। ਉਹਨਾਂ ਵਿੱਚ 400 ਪੰਜਾਬੀਆਂ ਨੂੰ ਗ਼ੈਰ-ਕਾਨੂੰਨੀ ਦਾਖ਼ਲੇ ਕਾਰਣ ਜੇਲ੍ਹਾਂ ਵਿੱਚ ਡਕਿਆ ਗਿਆ।"[3]

ਪੰਜਾਬੀਆਂ ਦੇ ਹੋ ਰਹੇ ਸ਼ੋਸਣ ਅਤੇ ਬੁਰੀਆਂ ਸਥਿਤੀਆਂ ਸਦਕੇ, ਉਹਨਾਂ ਨੇ ਵੀ ਸੰਗਠਿਤ ਹੋਣਾ ਸ਼ੁਰੂ ਕੀਤਾ ਅਤੇ ਹਿੰਦੋਸਤਾਨੀ ਐਸ਼ੋਸੀਏਸ਼ਨ ਪਾਰਟੀ ਅਤੇ ਗ਼ਦਰ ਪਾਰਟੀ ਵਰਗੀਆਂ ਮਜ਼ਬੂਤ ਜਥੇਬੰਦੀਆਂ ਦੀ ਸਥਾਪਨਾ ਕੀਤੀ।1912 ਵਿੱਚ ਪੋਰਟ-ਲੈਂਡ ਵਿੱਚ ਅਜਿਹੀ ਹੀ ਪਾਰਟੀ ਬਣੀ ਜੋ ਗ਼ਦਰ ਪਾਰਟੀ ਦਾ ਆਰੰਭ ਮੰਨੀ ਜਾਂਦੀ ਹੈ। ਸੋਹਣ ਸਿੰਘ ਭਕਨਾ ਅਤੇ ਜੀ.ਡੀ. ਕਾਂਸ਼ੀ ਰਾਮ ਮੁੱਢਲੇ ਮੈਂਬਰ ਸਨ।ਅਜਿਹੀਆਂ ਹੀ ਜਥੇਬੰਦੀਆਂ ਤੇ ਪਾਰਟੀਆਂ ਨੂੰ ਹੁੰਗਾਰਾ ਦੇਣ ਲਈ ਗ਼ਦਰ ਪਾਰਟੀ ਨੇ 'ਗ਼ਦਰ' ਅਖ਼ਬਾਰ ਕੱਢਣ ਦਾ ਫੈਸਲਾ ਕੀਤਾ ਗਿਆ ਜਿਸ ਦਾ ਪਹਿਲਾ ਅੰਕ 1 ਨਵੰਬਰ 1913 ਨੂੰ ਪ੍ਰਕਾਸ਼ਿਤ ਹੋਇਆ, ਜਿਸਦੇ ਸੰਪਾਦਕ ਲਾਲਾ ਹਰਦਿਆਲ ਸਨ। ਗ਼ਦਰ ਲਹਿਰ ਇਨਕਲਾਬੀ ਲਹਿਰ ਸੀ। ਇਸ ਇਨਕਲਾਬ ਦੁਆਰਾ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ ਸੀ। ਇਹ ਮਨੋਰਥ ਉਸ ਸਮੇਂ ਛਪੀਆਂ ਕਵਿਤਾਵਾਂ ਵਿੱਚੋਂ ਸਾਫ਼ ਨਜ਼ਰ ਆਉਂਦਾ ਹੈ।

ਗ਼ਦਰੀ ਬਾਬਿਆਂ ਦਾ ਮੁੱਖ ਉਦੇਸ਼ ਆਪਸੀ ਬਰਾਬਰੀ ਅਤੇ ਲੋਕ-ਹਿਤ ਦੇ ਆਧਾਰ ਉੱਤੇ ਪੰਚਾਇਤੀ ਢੰਗ ਦਾ ਰਾਜ ਸਥਾਪਿਤ ਕਰਨਾ ਸੀ। ਦੇਸ਼ ਭਗਤਾਂ ਤੇ ਗ਼ਦਰੀ ਬਾਬਿਆਂ ਦਾ ਆਜ਼ਾਦੀ ਪ੍ਰਾਪਤ ਕਰਨ ਦਾ ਰਾਹ ਵੱਖੋ-ਵੱਖਰਾ ਸੀ। ਜਿੱਥੇ ਦੇਸ਼ ਭਗਤਾਂ ਦਾ ਰਸਤਾ ਸਾਂਤਮਈ ਅਹਿੰਸਾ ਵਾਲਾ ਸੀ। ਉੱਥੇ ਗ਼ਦਰੀ ਬਾਬਿਆਂ ਦਾ ਤਰੀਕਾ ਹਿੰਸਾ ਅਤੇ ਹਥਿਆਰ ਬੰਦ ਇਨਕਲਾਬ ਵਾਲਾ ਸੀ । ਸ਼ੁਰੂ-ਸ਼ੁਰੂ ਵਿੱਚ ਪ੍ਰੈੱਸ ਅਤੇ ਆਮ ਪਬਲਿਕ ਨੂੰ ਅਮਰੀਕਾ-ਕੈਨੇਡਾ ਵਿੱਚ ਰਹਿ ਰਹੇ ਪੰਜਾਬੀਆਂ ਨਾਲ ਕੋਈ ਹਮਦਰਦੀ ਨਹੀਂ ਸੀ। ਪੰਜਾਬੀ ਮਜ਼ਦੂਰਾਂ ਤੋਂ ਘੱਟ ਮਜ਼ਦੂਰੀ ਦੇ ਬਦਲੇ ਵੱਧ ਕੰਮ ਲਿਆ ਜਾਂਦਾ ਸੀ।ਵਿਦੇਸ਼ਾਂ ਵਿੱਚ ਕਾਫੀ ਸਮਾਂ ਗੁਜ਼ਾਰਨ ਪਿੱਛੋਂ ਸੰਵੇਦਨਸ਼ੀਲ ਸਾਹਿਤਕਾਰ ਉਥੋਂ ਦੀਆਂ ਬਦਲਦੀਆਂ ਪਰਿਸਥਿਤੀਆਂ, ਹਾਲਾਤਾਂ ਨੂੰ ਰਚਨਾ ਦਾ ਆਧਾਰ ਬਣਾਉਣ ਲੱਗੇ। ਸਭਿਆਚਾਰਕ ਕੀਮਤਾਂ ਦੀ ਟੁੱਟ ਭੱਜ, ਮਾਨਸਿਕ ਪ੍ਰੇਸ਼ਾਨੀ, ਆਰਥਕ ਮਜ਼ਬੂਰੀ, ਨਸਲੀ ਵਿਤਕਰੇ, ਭਾਸ਼ਾ ਦੀ ਸਮੱਸਿਆ ਆਦਿ ਪ੍ਰਮੁੱਖ ਹਨ। ਸਾਹਿਤ ਸਿਰਜਣਾ ਦਾ ਇਹ ਅਨੁਭਵ ਉਨਾਂ ਦੇ ਪਰਵਾਸੀ ਜੀਵਨ ਦੀਆਂ ਵਿਵਹਾਰਕ ਉਲਝਣਾਂ ਅਤੇ ਵਿਭਿੰਨ

ਪਰਸਥਿਤੀਆਂ ਦੇ ਫਲਸਰੂਪ ਪੈਦਾ ਹੋਇਆ। ਵਿਦੇਸ਼ੀ ਪੰਜਾਬੀਆਂ ਦੀ ਸਥਿਤੀ ਨੂੰ ਲੱਖਾ ਸਿੰਘ ਜੌਹਰ ਆਪਣੀਆਂ ਕਾਵਿ ਸਤਰਾਂ ਵਿੱਚ ਇਸ ਤਰ੍ਹਾਂ ਪੇਸ਼ ਕਰਦਾ ਹੈ:-

"ਅਸੀਂ ਪੈਸਿਆਂ ਦੇ ਭੁਖਿਆਂ ਨੇ ਬੇਸ਼ਕ ਪੌਂਡ ਕਮਾ ਲਏ।
ਇੱਜ਼ਤ, ਅਣਖ, ਧਰਮ ਤੇ ਗੈਰਤ ਸਣੇ ਔਲਾਦ ਗੁਆ ਲਏ।
ਬੋਲੀ ; ਸਭਿਆਚਾਰ ਤੇ ਸਭਿਅਤਾ ਕੁਝ ਵੀ ਰਿਹਾ ਨਾ ਪੱਲੇ।
ਖੱਟੀ ਖੱਟਣ ਆਏ ਸੀ, ਪਰ ਸਭ ਕੁਝ ਦੇ ਕੇ ਚੱਲੇ।
ਨਾ ਇਥੇ ਨਾ ਪਿੱਛੇ ਜੋਗੇ, ਫਿਰੀਏ ਭੁੱਲੇ ਭਟਕੇ।
ਅਰਸ਼ੋ ਟੁਟੇ ਤਾਰੇ ਵਾਗੂੰ, ਵਿੱਚ ਵਿੱਚਾਲੇ ਅਟਕੇ।"[4]

ਵਿਦੇਸ਼ਾਂ ਵਿੱਚ ਵਸਣ ਵਾਲੇ ਪਰਵਾਸੀ ਪੰਜਾਬੀ ਜੋ ਨਸਲੀ ਵਿਤਕਰੇ ਦੇ ਨਾਲ-ਨਾਲ ਮਾਨਸਕ ਪੱਧਰ ਤੇ ਹੀਣਤਾ ਦਾ ਵੀ ਸ਼ਿਕਾਰ ਹਨ। ਉਹਨਾਂ ਨੂੰ ਬਿਗਾਨੇ ਮੁਲਕ ਵਿੱਚ ਆਪਣੇ ਜ਼ਲੀਲ ਹੋਣ ਦਾ ਅਹਿਸਾਸ ਹੋ ਰਿਹਾ ਹੈ। ਆਪਣੇ ਦੇਸ਼ ਨਾਲੋਂ ਟੁੱਟ ਕੇ ਉਹ ਮਾਨਸਕ ਸੰਤਾਪ ਨੂੰ ਹੰਢਾ ਰਹੇ ਹਨ। ਸਭਿਆਚਾਰ ਦਾ ਵਿੱਚੋੜਾ ਤੇ ਭਾਸ਼ਾ ਦੀ ਬੇਗਾਨਗੀ ਉਹਨਾਂ ਨੂੰ ਖਟਕ ਰਹੀ ਹੈ। ਇਹਨਾਂ ਸਭ ਪਰਸਥਿਤੀਆਂ ਨੂੰ ਆਧਾਰ ਬਣਾ ਕੇ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਰਚਨਾਵਾਂ ਲਿਖੀਆਂ। ਸਾਹਿਤ ਦੇ ਹਰ ਰੂਪ ਵਿੱਚ ਪਰਵਾਸੀ ਕਲਮ ਅਜ਼ਮਾਈ ਗਈ। ਪਰਵਾਸੀ ਕਵੀਆਂ ਵੱਲੋਂ ਲਿਖੀ ਜਾਂਦੀ ਕਵਿਤਾ ਉੱਚ ਪਾਏ ਦੀ ਹੈ, ਜਿਸ ਵਿੱਚ ਉਹ ਆਪਣੇ ਵਤਨ ਪਿਆਰ, ਬੇਗਾਨਗੀ, ਸਭਿਆਚਾਰ ਦਾ ਜ਼ਿਕਰ ਕਰਦੇ ਹਨ। ਵਿਦੇਸ਼ੀ ਮੁਲਕਾਂ ਵਿੱਚ ਰਚੀ ਜਾਂਦੀ ਪੰਜਾਬੀ ਕਵਿਤਾ ਪ੍ਰਭਾਵਸ਼ਾਲੀ ਹੋਣ ਦੇ ਨਾਲ-ਨਾਲ, ਬਹੁਪਾਸਾਰੀ ਚਰਿੱਤਰ ਧਾਰਨ ਕਰਦੀ ਹੋਈ, ਕਾਂਵਿਕਤਾ ਦੇ ਪੱਖੋਂ ਸਮੁੱਚੀ ਪੰਜਾਬੀ ਕਵਿਤਾ ਵਿੱਚ ਮਹੱਤਵਪੂਰਨ ਸਥਾਨ ਪ੍ਰਾਪਤ ਕਰਦੀ ਹੈ। ਪਰਵਾਸੀ ਪੰਜਾਬੀ ਕਵਿਤਾ ਲਿਖਣ ਵਾਲੇ ਪੰਜਾਬੀ ਕਵੀਆਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਕਵਿਤਾ ਦੀ ਸਿਰਜਣਾ ਕੀਤੀ ਹੈ।ਪਰਵਾਸੀ ਪੰਜਾਬੀ ਕਵਿਤਾ ਦਾ ਮੁੱਢ ਵੀਂਹਵੀ ਸਦੀ ਦੇ ਦੂਜੇ ਦਹਾਕੇ ਦੌਰਾਨ ਅਮੀਰਕਾ ਤੇ ਕੈਨੇਡਾ ਦੇ ਪਰਵਾਸੀ ਪੰਜਾਬੀਆਂ ਵੱਲੋਂ ਰਚੀ ਜਾਂਦੀ ਸ਼ਾਇਰੀ ਨਾਲ ਸ਼ੁਰੂ ਹੁੰਦਾ ਹੈ। ਆਪਣੇ ਵਤਨ ਨੂੰ ਛੱਡ ਕੇ ਪਰਵਾਸੀ ਬਿਗਾਨੇ ਮੁਲਕ ਵਿੱਚ ਜਾ ਕੇ ਕੌੜੇ-ਮਿੱਠੇ ਤਜ਼ਰਬਿਆਂ ਦਾ ਅਨੁਭਵ ਕਰਦਾ ਹੈ ਤਾਂ ਉਸ ਸਮੇਂ ਦਿਲੀ ਭਾਵਨਾਵਾਂ ਨੂੰ ਵਿਅਕਤ ਕਰਦੇ ਹੋਏ ਪਰਵਾਸੀ ਕਵੀ ਕਵਿਤਾ ਦਾ ਮੁੱਢ ਬੰਨਦੇ ਹਨ। ਪਹਿਲਾਂ ਪਹਿਲ ਕਵਿਤਾ ਉੱਪਰ ਗ਼ਦਰ ਪਾਰਟੀ ਦਾ ਪ੍ਰਭਾਵ ਪੈਂਦਾ ਹੈ। ਉਸ ਤੋਂ ਬਾਅਦ ਹੌਲੀ-ਹੌਲੀ ਕਵਿਤਾ ਦੇ ਵਿਸ਼ੇ ਬਦਲਣੇ ਸ਼ੁਰੂ ਹੋ ਜਾਂਦੇ ਹਨ। ਵਤਨੋਂ ਬੇਵਤਨ ਹੋਣ ਅਤੇ ਘਰੋਂ ਬੇਘਰ ਹੋਣ ਦਾ ਅਹਿਸਾਸ, ਪਰਵਾਸੀ ਹੋਂਦ ਦਾ ਸਭ ਤੋਂ ਪਹਿਲਾ ਲੱਛਣ ਹੈ-

"ਜਦ ਕਦੀ ਅਤੀਤ ਦੇ ਸੁਪਨੇ 'ਚ ਘਿਰ ਜਾਂਦਾ ਹਾਂ ਮੈਂ
ਪੱਤਾ ਪੱਤਾ ਬਿਰਖ ਦਾ
ਬਣ ਕੇ ਕਿਰ ਜਾਂਦਾ ਹਾਂ ਮੈਂ"[5]
"ਇੱਕ ਪਾਸੇ ਤਾਂ ਜੀ ਕਰਦੈ ਮੁੜ ਜਾਵਾਂ
ਐਥੇ ਮੇਰਾ ਕੁਝ ਨਾ ਨਿਸ਼ਚਿਤ, ਨਾ ਪੱਕਾ ਸਿਰਨਾਵਾਂ
ਇਹ ਧਰਤੀ ਖ਼ਬਰੇ ਕਦ ਮੇਰੀ ਬਣਨੀ
ਬਣਨੀ ਕਿ ਨਾ ਬਣਨੀ
ਦੋਚਿੱਤੀ ਵਿੱਚ ਘਰ ਦੀਆਂ ਨੀਹਾਂ
ਸਦਾ ਕੱਚੀਆਂ

ਦੋਚਿੱਤੀ ਵਿੱਚ ਰੁੱਖ ਨਾ ਲਾਉਂਦੇ ਜੜ੍ਹਾਂ ਪੱਕੀਆਂ।"[6]

"ਫਿਰ ਹਾਲਾਤਾਂ ਦਾ ਵਾਸ਼ਪੀਕਰਣ
ਮੈਨੂੰ ਉਡਾ ਲਏਗਾ
ਫਿਰ ਖ਼ਲਾ ਦਾ ਆਦਮੀ
ਮੈਨੂੰ ਬਣਾ ਦਏਗਾ
ਤੇ ਇਹ ਸਿਲਸਿਲਾ
ਮੁੜ ਘਿੜ ਜਾਰੀ ਰਹੇਗਾ ।"[7]

ਪਰਵਾਸੀ ਪੰਜਾਬੀਆਂ ਦੀ ਕਵਿਤਾਵਾਂ, ਪਰਵਾਸ ਦੇ ਹਾਲਾਤਾਂ, ਪ੍ਰਭਾਵਾਂ ਅਤੇ ਉਸਦੇ ਮਨੋਰਥ ਨਾਲ ਜੁੜੀਆਂ ਹੋਈਆਂ ਹਨ। ਪ੍ਰਵਾਸੀ ਪੰਜਾਬੀ ਕਵਿਤਾ ਵਿੱਚ ਕੁੱਝ ਰੂਪਕ ਜਿਵੇਂ 'ਜੜਹੀਣ ਬਨਸਪਤੀ' ਜਾਂ ਪੰਛੀ ਅਤੇ ਘਰ ਸ਼ਬਦ ਵਾਰ-ਵਾਰ ਦੇਖਣ ਨੂੰ ਮਿਲਦੇ ਹਨ। ਸੁਖਵਿੰਦਰ ਕੰਬੋਜ ਲਿਖਦਾ ਹੈ :-

"ਰਿਸ਼ਤਿਆਂ ਦੀ ਛਾਨਣੀ 'ਚ ਛਣਦਾ,
ਗਰੀਬ ਕੁਲੰਬਸ ਜਦੋਂ ਘਰੋਂ ਤੁਰਿਆ ਸੀ
ਤਾਂ ਜੇਬ 'ਚ ਪਹਾੜੀਆਂ ਤੇ ਡੁੱਬ ਰਿਹਾ
ਸੂਰਜ ਨਹੀਂ ਸੀ
ਸਗੋਂ ਕੋਠੀ ਤੋਂ ਕੋਠੀ ਬਣਨ ਦਾ ਸੁਪਨਾ ਸੀ।"[8]

ਵੱਖ-ਵੱਖ ਪ੍ਰਵਾਸੀ ਕਵੀਆਂ ਨੇ ਵੱਖ-ਵੱਖ ਮੁਲਕਾਂ ਵਿੱਚ ਰਹਿ ਕੇ ਆਪਣੇ ਖਿਆਲਾਂ ਨੂੰ ਬਿਆਨ ਕੀਤਾ ਹੈ। ਪ੍ਰਵਾਸੀ ਜੀਵਨ ਕਿਸੇ ਨੂੰ ਕੌੜਾ, ਕਿਸੇ ਨੂੰ ਮਿੱਠਾ, ਅਨੁਭਵ ਦਿੰਦਾ ਹੈ। ਈਸ਼ਵਰ ਚਿੱਤਰਕਾਰ ਵੀ ਬਰਤਾਨੀਆ ਨਾਲ ਸੰਬੰਧ ਰੱਖਦਾ ਹੈ। 1960 ਤੋਂ ਲੈ ਕੇ 1968 ਤਕ ਇੰਗਲੈਂਡ ਰਹਿ ਕੇ ਉਸ ਨੇ ਸਾਹਿਤਕ ਮਾਹੌਲ ਸਿਰਜਿਆ ਅਤੇ ਕਵਿਤਾ ਵਿੱਚ ਆਪਣਾ ਯੋਗਦਾਨ ਪਾਇਆ। ਉਹ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵਿੱਚ ਵੀ ਸਰਗਰਮ ਰਿਹਾ ।ਗੋਪਾਲ ਸਿੰਘ ਪੁਰੀ ਦੀਆਂ ਕਾਵਿ-ਪੁਸਤਕਾਂ 'ਅਣਬਲਿਆ ਦੀਵਾ', 'ਲੋਅ ਦੀਵੇ ਦੀ', 'ਚਉ ਮੁਖੀਆ ਦੀਵਾ' ਆਦਿ ਕਿਤਾਬਾਂ ਛਪੀਆਂ। ਉਸ ਦੀਆਂ ਕਵਿਤਾਵਾਂ ਆਪਣੇ ਆਪ ਨਾਲ ਇੱਕ ਵਾਰਤਾਲਾਪ ਹਨ। ਦਰਸ਼ਨ ਸਿੰਘ ਗਿਆਨੀ ਦਾ ਕਾਵਿ-ਸੰ੍ਗਿਹ 'ਮਨ-ਤਰੰਗ' 1990 ਵਿੱਚ ਛਪਿਆ। ਉਹ ਸਾਹਿਤ ਸਭਾ ਸਾਊਥਾਲ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਸਨ। ਹਰਜੀਤ ਦੌਧਰੀਆ 1967 ਵਿੱਚ ਇੰਗਲੈਂਡ ਗਏ ਅਤੇ ਉਹਨਾਂ ਦੇ ਕਾਵਿ-ਸੰ੍ਗਹਿ ਹਨ, 'ਸੱਚੇ ਮਾਰਗ ਚਲਦਿਆਂ', 'ਹੈ ਭੀ ਸੱਚ', 'ਹੋਸੀ ਭੀ ਸੱਚ', 'ਆਪਣਾ ਪਿੰਡ ਪਰਦੇਸ'। ਨਿਰੰਜਨ ਸਿੰਘ ਨੂਰ ਨਸਲੀ ਵਿਤਕਰੇ ਵਿਰੁੱਧ ਅਧਿਕਾਰਾਂ ਲਈ ਖ਼ਾਸ ਤੌਰ ਤੇ ਕਾਫ਼ੀ ਸਰਗਰਮ ਰਹੇ। ਉਹ ਇੰਡੀਅਨ ਵਰਕਰਜ ਐਸ਼ੋਸੀਏਸ਼ਨ ਅਤੇ ਪ੍ਰੋਗਰੈਸਿਵ, ਰਾਈਟਰਜ਼ ਐਸ਼ੋਸੀਏਸ਼ਨ ਨਾਲ ਵੀ ਕੁੱਝ ਸਮਾਂ ਜੁੜੇ ਰਹੇ। ਪਹਿਲੀ ਵਾਰ ਉਹਨਾਂ ਨੇ ਇੰਗਲੈਂਡ ਵਿੱਚ ਬਲਿਸਟਨ ਕਮਿਊਨਟੀ ਕਾਲਜ ਵਿੱਚ ਐਮ.ਏ ਪੰਜਾਬੀ ਦੀ ਪੜਾਈ ਸ਼ੁਰੂ ਕਰਵਾਈ। ਨਿਰੰਜਨ ਨੂਰ ਦੀਆਂ ਕਾਵਿ-ਪੁਸਤਕਾਂ ਹਨ: 'ਮੁਕਤੀ', 'ਨੂਰ ਦਾ ਜਾਮ', 'ਹੋ ਚੀ ਮਿਨ', 'ਹਯਾਤੀ ਦੀ ਹੂਕ', 'ਹੜੱਪਾ ਤੋਂ ਹੀਰੋਸ਼ੀਮਾ ਵੱਲ', 'ਓਜ਼ੋਨ ਦੀ ਅੱਖ'। ਉਸ ਨੇ ਮਹਾਂਕਾਵਿ ਗੀਤ, ਗਜ਼ਲ ਅਤੇ ਆਜ਼ਾਦ ਨਜ਼ਮ ਵੀ ਲਿਖੀ।ਉਹ ਲਿਖਦਾ ਹੈ:-

"ਇਸ ਮੰਡੀ ਵਿੱਚ ਕਾਲਖ਼ ਵਿਕਦੀ
ਕਾਲਖ਼ ਗੋਰੇ ਰੰਗ ਦੀ।
ਪੱਥਰ-ਦਿਲ ਖੁਸ਼ਬੋਈ ਮੋਈ,

ਫੁੱਲ ਨੂੰ ਸੂਲੀ ਟੰਗਦੀ।

ਇੱਕ ਹੱਟੀ ਤੇ ਬੰਬ ਪਏ ਵਿਕਦੇ

ਬਾਈਬਲ ਵਿੱਚ ਲਪੇਟੇ,

ਸੂਲੀ ਦਾ ਬਿਉਪਾਰ ਕਰੇਂਦੇ

ਨਿਤ ਮਰੀਯਮ ਦੇ ਬੇਟੇ

ਇੱਕ ਹੱਟੀ ਤੇ ਮੌਤ ਲਲਾਰਨ,

ਸਸਤੇ ਖੱਫ਼ਣ ਰੰਗਦੀ।

ਕਾਲਖ਼ ਗੋਰੇ ਰੰਗਦੀ"[9]

ਪਰਵਾਸੀ ਪੰਜਾਬੀ ਕਵਿਤਾ ਵਿੱਚ ਕਿਤੇ ਖੁਸ਼ੀ ਹੈ ,ਕਿਤੇ ਗ਼ਮੀ ਪਰ ਬਹੁਤੀ ਪਰਵਾਸੀ ਕਵਿਤਾ ਗ਼ਮਗੀਨ ਮਾਹੌਲ ਨਾਲ ਹੀ ਸੰਬੰਧ ਰੱਖਦੀ ਹੈ, ਜਿੱਥੇ ਇਨਸਾਨੀਅਤ ਦੀ ਕਦਰ ਨਹੀਂ ਕੀਤੀ ਜਾਂਦੀ ਅਤੇ ਰਿਸ਼ਤਿਆਂ ਦੇ ਬਦਲ ਰਹੇ ਮਾਇਨੇ ਸਾਫ਼ ਦੇਖੇ ਜਾ ਸਕਦੇ ਹਨ। ਅਜਿਹੀ ਹੀ ਗੱਲ ਪਰਵਾਸੀ ਪੰਜਾਬੀ ਕਵੀ ਅਜਮੇਰ ਕਵੈਂਟਰੀ ਪੰਜਾਬੀ ਕਵਿਤਾ ਵਿੱਚ ਕਰਦਾ ਹੈ। ਅਜਮੇਰ ਕਵੈਂਟਰੀ ਪਿੰਡ ਮਾਹਲਪੁਰ ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ। ਅਧਿਆਪਕੀ ਕਰਦਾ-ਕਰਦਾ ਉਹ ਇੰਗਲੈਂਡ (1964) ਚਲਿਆ ਗਿਆ। ਉਹ ਨਕਸਲਬਾੜੀ ਲਹਿਰ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਉਸ ਦੀਆਂ ਕਾਵਿ-ਪੁਸਤਕਾਂ 'ਨਕਸਲਬਾੜੀ ਜਿੰਦਾਬਾਦ', 'ਜੋ ਤੇਗ਼ਮ', 'ਮਨ ਪ੍ਰਦੇਸੀ ਜੇ ਥੀਏ', 'ਸੜਦੀ ਵੰਝਲੀ' ਆਦਿ ਹਨ। ਉਹ ਭਾਰਤੀ ਮਜ਼ਦੂਰ ਸਭਾ ਗਰੇਟ ਬ੍ਰਿਟੇਨ ਦੇ ਸਪਤਾਹਿਕ ਮੈਗਜ਼ੀਨ 'ਲਲਕਾਰ' ਦੇ ਸੰਪਾਦਕ ਵੀ ਰਹੇ। ਉਹਨਾਂ ਦੀ ਕਵਿਤਾ ਦਾ ਵਿਸ਼ਾ ਮੁੱਖ ਤੌਰ ਤੇ ਜੁਝਾਰਵਾਦੀ ਰਿਹਾ ਹੈ। ਪਰਵਾਸੀ ਪੰਜਾਬੀ ਕਵੀ ਆਪਣੇ ਵਤਨ ਦੇ ਵਿੱਚੋੜੇ ਸਦਕਾ ਦਰਦਾਂ ਨੂੰ ਹੰਢਾ ਰਹੇ ਹਨ। ਆਪਣੇ ਪਿੰਡ ਦੀ ਗੱਲ ਕਰਦੇ ਹੋਏ ਅਵਤਾਰ ਜੰਡਿਆਲਵੀ ਆਪਣੇ ਦੇਸ਼ ਨਾਲ ਮੋਹ ਪਿਆਰ ਨੂੰ ਪ੍ਰਗਟਾਉਂਦਾ ਹੈ। ਅਵਤਾਰ ਜੰਡਿਆਲਵੀ ਜਲੰਧਰ ਦੇ ਪਿੰਡ ਜੰਡਿਆਲਾ ਮੰਜਕੀ ਵਿੱਚ ਪੈਦਾ ਹੋਏ ਅਤੇ ਇਸ ਸਮੇਂ ਇਗਲੈਂਡ ਵਿੱਚ ਰਹਿ ਕੇ ਆਪਣਾ ਕਾਰੋਬਾਰ ਕਰ ਰਹੇ ਹਨ। ਉਹਨਾਂ ਦੀਆਂ ਦੋ ਕਾਵਿ-ਪੁਸਤਕਾਂ 'ਕੱਪਰ ਛੱਲਾਂ' (1961) ਅਤੇ 'ਮੇਰੇ ਪਰਤ ਆਉਣ ਤੱਕ' (1983) ਛਪੀਆਂ। ਪਰਵਾਸ ਧਾਰਨ ਕਰਨ ਵਾਲੇ ਪੰਜਾਬੀਆਂ ਵਿੱਚੋਂ ਬਹੁਤੇ ਪੰਜਾਬੀ ਦੁਆਬੇ ਨਾਲ ਸੰਬੰਧਿਤ ਹਨ ਪਰ ਮਾਲਵੇ ਜ਼ਿਲੇ ਨਾਲ ਸੰਬੰਧਿਤ ਕਵੀ ਸੰਤੋਖ ਸਿੰਘ ਸੰਤੋਖ ਜਿਲ੍ਹਾ ਲੁਧਿਆਣਾ ਦੇ ਦੁਸਾਂਝ ਪਿੰਡ ਦੇ ਰਹਿਣ ਵਾਲੇ ਸਨ। 1962 ਵਿੱਚ ਉਹ ਇੰਗਲੈਂਡ ਚਲੇ ਗਏ। ਉਹ ਪੰਜਾਬੀ ਸਾਹਿਤ ਸਭਾ ਲੰਡਨ ਦੇ ਮੋਢੀ ਜਨਰਲ ਸਕੱਤਰ ਅਤੇ ਇੰਡੀਅਨ ਵਰਕਰ ਐਸ਼ੋਸੀਏਸ਼ਨ ਅਤੇ ਪ੍ਰੋਗਰੈਸਿਵ ਰਾਈਟਰਜ਼ ਐਸ਼ੋਸੀਏਸ਼ਨ ਵਿੱਚ ਵੀ ਸਰਗਰਮ ਰਹੇ। ਉਹਨਾਂ ਦੇ ਕਾਵਿ-ਸੰਗ੍ਰਹਿ ਹਨ , 'ਉਜਲੇ ਹਨੇਰੇ' (1968), 'ਰੰਗ ਰੂਪ' (1978), 'ਲਾਲ ਸ਼ੇਰ ਵਾਲਾ ਚੌਕ' (1978), 'ਯੋਧਾ' (1987), 'ਪੈਰਿਸ ਦੀ ਪਿਆਸ' (1998) ਆਦਿ। ਉਹ ਆਧੁਨਿਕ ਮਸ਼ੀਨੀ ਸਭਿਅਤਾ ਤੇ ਵਿਅੰਗ ਕਸਦੇ ਹਨ:-

"ਅੱਜ ਲਾਟ ਵਿਹੂਣੀ ਮਾਈਕਰੋਵੇਵ ਨੇ

ਛੂ-ਮੰਤਰ ਦੀ ਖੇਲ ਬਣਾਈ

ਤੱਤੀ ਕਰਦੀ ਰਿੰਨ੍ਹ ਪਕਾਈ

ਥੱਕੇ ਟੁਟੇ ਪੈਰਾਂ ਨੂੰ ਕਠੇ ਕਰ ਕੇ

ਜੇ ਯਾਰਾਂ, ਦਿਲਦਾਰਾਂ ਜਾਂ ਜਾਣਕਾਰਾਂ ਨੂੰ ਫੂਨ ਘੁਮਾਓ

ਸੁਨਣੇ ਲਈ ਬੋਲ ਪਿਆਰੇ

ਆਪਣੀ ਬਿਰਤੀ ਮੋਨ ਬਣਾਓ

ਰਟੇ ਰਟਾਏ ਬੋਲ ਨੇ ਸੁਣਦੇ
ਹੰਢੇ ਹੰਢਾਏ ਪਲ ਨੇ ਧੁਲਦੇ
ਇਸ ਜ਼ਿੰਦਗੀ ਨੂੰ ਖੋਰਦੀਆਂ
ਜਵਾਬੀ ਮਸ਼ੀਨਾਂ ਬੋਲਦੀਆਂ"[10]

ਮਸ਼ੀਨੀ ਸਭਿਅਤਾ ਕਾਰਨ ਮਨੁੱਖ ਦਾ ਤਾਣਾ-ਬਾਣਾ ਹੀ ਬਦਲ ਗਿਆ ਹੈ। ਕੰਮ ਜਲਦੀ ਹੋਣ ਦੀ ਸਥਿਤੀ ਨੂੰ ਬਿਆਨਦਾ ਪਰਵਾਸੀ ਕਵੀ ਸੰਤੋਖ ਸਿੰਘ ਵਿਹਲੇਪਨ ਅਤੇ ਮਸਤੀ ਮਾਰਨ ਵਾਲੇ ਸਮੇਂ ਨੂੰ ਕਵਿਤਾ ਵਿੱਚ ਬਿਆਨਦਾ ਹੈ। ਕਿਤੇ ਵਿਹਲ ਹੈ, ਕਿਤੇ ਜ਼ਿੰਦਗੀ ਕਾਹਲੀ ਨਾਲ ਬੀਤ ਰਹੀ ਹੈ।ਇਹੋ ਜਿਹੀ ਕਾਹਲੀ ਦੀ ਗੱਲ ਕਰਦਾ ਪਰਵਾਸੀ ਕਵੀ ਮੁਸ਼ਤਾਕ ਸਿੰਘ ਹੈ। ਮੁਸ਼ਤਾਕ ਸਿੰਘ ਨੇ 1967 ਤੋਂ 1993 ਤੱਕ ਇੰਗਲੈਂਡ ਵਿੱਚ ਸੁਰੱਖਿਆ ਵਿਭਾਗ ਵਿੱਚ ਕੰਮ ਕੀਤਾ। ਓਹਨਾਂ ਦੀਆਂ ਕਾਵਿ-ਪੁਸਤਕਾਂ 'ਤੁਰਦੇ ਜਾਵਣ ਪੈਰ', 'ਧਾਰ ਤੇ ਤੁਰਦੇ ਪੈਰ', 'ਰਤਜਗ', 'ਬੇਚਿਰਾਗ਼ ਗਲੀਆਂ', 'ਜੀਣ ਜੋਗੇ ', 'ਬੁੱਤ ਤੋੜਨਾ ਮਨ੍ਹਾ ਹੈ' ਅਤੇ 'ਤਨਹਾਈਆਂ'। ਉਹਨਾਂ ਨੇ ਗਜ਼ਲ ਵੀ ਲਿਖੀ ਅਤੇ ਖੁੱਲੀ ਕਵਿਤਾ ਵੀ। ਉਹ ਆਪਣੀਆ ਲਿਖਤਾਂ ਵਿੱਚ ਨਸਲੀ ਵਿਤਕਰੇ ਦਾ ਵਿਰੋਧ, ਸੰਸਾਰ ਅਮਨ ਦੀ ਗੱਲ, ਔਰਤ ਦਾ ਪੱਖ, ਗ਼ਰੀਬ ਮਜ਼ਦੂਰ ਦੇ ਹੱਕ ਨੂੰ ਬਿਆਨਦੇ ਹਨ।ਕਈ ਪਰਵਾਸੀ ਕਵੀ ਲੇਖਕ ਹੋਣ ਦੇ ਨਾਲ ਵਿੱਦਿਆ ਦੇ ਖੇਤਰ ਵਿੱਚ ਉਚੇਰੇ ਹੁੰਦੇ ਹਨ। ਸੰਤੋਖ ਧਾਲੀਵਾਲ ਪੰਜਾਬ ਵਿੱਚ ਅਧਿਆਪਕ ਸਨ ਅਤੇ ਸੱਠਵਿਆਂ ਵਿੱਚ ਉਹ ਇੰਗਲੈਂਡ ਪਹੁੰਚ ਗਏ। ਪ੍ਰੋਗਰੈਸਿਵ ਰਾਈਟਰਜ਼ ਐਸ਼ੋਸੀਏਸ਼ਨ ਦੀ ਨੋਟਿੰਘਮ ਬ੍ਰਾਂਚ ਦੇ ਸਕੱਤਰ ਵੀ ਰਹੇ। ਕਵਿਤਾ ਵਿੱਚ ਹੱਥ ਅਜ਼ਮਾਉਣ ਦੇ ਨਾਲ-ਨਾਲ ਉਹਨਾਂ ਨੇ ਕਹਾਣੀਆਂ ਵੀ ਲਿਖੀਆਂ। ਉਹਨਾਂ ਦੇ ਕਾਵਿ ਸੰਗ੍ਰਹਿ ਹਨ:- 'ਜਿੱਦ ਨਹੀਂ ਕਰੀਂਦੀ,' ਅਤੇ 'ਅਵਾਜ਼ਾਂ ਦਾ ਕਿਲਾ'। ਉਹਨਾਂ ਦੀ ਕਵਿਤਾ ਵਿੱਚ ਪਰਵਾਸੀ ਅਨੁਭਵ ਪ੍ਰਗਤੀਵਾਦ ਨਾਲ ਰਲ ਕੇ ਪੇਸ਼ ਹੋਇਆ ਹੈ। ਉਹਨਾਂ ਦੀ ਕਵਿਤਾ ਵਿੱਚ ਫ਼ਿਰਕੂ ਅੱਤਵਾਦ, ਹਿੰਸਾਵਾਦੀ ਨਸਲਵਾਦ ਅਤੇ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ-ਖਸੁੱਟ ਦੀ ਖਾਸ ਤੌਰ ਤੇ ਗੱਲ ਕੀਤੀ ਗਈ ਹੈ:-

"ਮੈ ਤਾਂ ਤਰਲਿਆਂ ਚੋਂ ਡਿੱਗੀ ਉਹ ਆਹ ਹਾਂ,
ਜਿਹੜੀ ਕਿਸੇ ਮਿੱਟੀ ਤੋਂ ਵੀ ਸਾਂਭੀ ਨਾ ਗਈ
ਆਪਣੇ ਵਡੇਰਿਆਂ ਵਾਗੂੰ ਮੈਨੂੰ ਵੀ ਢਿਡ ਲਈ
ਭਵਿੱਖ ਗਿਰਵੀ ਕਰਨਾ ਪਿਆ ਹੈ
ਉਨ੍ਹਾਂ ਤੋਂ ਕਰਾੜਾਂ ਦੇ ਲੇਖੇ ਅਰਥਾਏ ਨਾ ਗਏ,
ਮੈਥੋਂ ਚਿੱਟੇ-ਚੰਮ ਦੀ ਗਲਵਕੜੀ ਚੋਂ ਨਿਕਲ ਨਾ ਹੋਇਆ।
ਮੈਂ ਫੈਕਟਰੀਆਂ ਤੋਂ ਉਗੇ ਧੂਏਂ ਚ ਹੱਡ ਧੁਆਂਖ ਲਏ ਹਨ। "[11]

ਪਰਵਾਸੀ ਜੀਵਨ ਵਿੱਚ ਮਨੁੱਖ ਹੀ ਦੂਜੇ ਮਨੁੱਖ ਦਾ ਦੁਸ਼ਮਣ ਬਣਿਆ ਬੈਠਾ ਹੈ। ਨਸਲਵਾਦ ਕਰਕੇ ਲੋਕ ਇੱਕ ਦੂਜੇ ਨਾਲ ਨਫ਼ਰਤ ਕਰਦੇ ਹਨ। ਵਿਦੇਸ਼ੀ ਲੋਕ ਪਰਵਾਸੀਆਂ ਪੰਜਾਬੀਆਂ ਨਾਲ ਹਿੰਸਾਵਾਦੀ ਵਿਵਹਾਰ ਅਪਣਾਉਂਦੇ ਹਨ। ਜਿਸ ਦੀ ਝਲਕ ਪਰਵਾਸੀ ਪੰਜਾਬੀ ਕਵਿਤਾ ਵਿੱਚੋਂ ਸਾਫ਼ ਨਜ਼ਰ ਆਉਂਦੀ ਹੈ। ਪਰਵਾਸ ਧਾਰਨ ਕਰਨਾ ਉਹਨਾਂ ਦਾ ਸ਼ੌਕ ਘੱਟ ਤੇ ਮਜ਼ਬੂਰੀ ਜਿਆਦਾ ਹੁੰਦੀ ਹੈ। ਪੰਜਾਬ ਵਿੱਚ ਰਹਿ ਕੇ ਨੌਕਰੀ ਕਰਦਿਆਂ ਪੰਜਾਬੀਆਂ ਦੀ ਆਰਥਿਕ ਹਾਲਤ ਮਜ਼ਬੂਤ ਨਹੀਂ ਹੋ ਪਾਉਂਦੀ। ਚਾਹੇ ਉਹ ਅਧਿਆਪਕ ਹੋਵੇ ਜਾਂ ਚਪੜਾਸੀ ਉਹਨਾਂ ਦੇ ਵੇਤਨ ਵਿੱਚ ਕੋਈ ਜਿਆਦਾ ਫ਼ਰਕ ਨਹੀਂ ਹੁੰਦਾ। ਗੁਰਨਾਮ ਸਿੰਘ ਢਿਲੋਂ ਵੀ ਪੰਜਾਬ ਵਿੱਚ ਪਹਿਲਾਂ ਅਧਿਆਪਕ ਸਨ ਅਤੇ ਫਿਰ 1963 ਵਿੱਚ ਇੰਗਲੈਂਡ ਚਲੇ ਗਏ। ਉਹਨਾਂ ਦੀਆਂ ਕਾਵਿ-ਪੁਸਤਕਾਂ ਹਨ, ' ਅੱਗ ਦੇ

ਬੀਜ', 'ਹੱਥ ਤੇ ਹਥਿਆਰ', 'ਤੇਰੇ ਨਾਂ ਦਾ ਮੌਸਮ', 'ਤੂੰ ਕੀ ਜਾਣੇ' ਆਦਿ। ਉਹਨਾਂ ਦੀ ਕਵਿਤਾ ਦਾ ਵਿਸ਼ਾ ਧਾਰਮਕ ਪਾਖੰਡੀਆਂ ਉੱਪਰ ਰਾਜਸੀ ਵਿਅੰਗ, ਆਰਥਿਕ ਸ਼ੋਸ਼ਣ, ਫ਼ਿਰਕੂ ਵੰਡੀਆਂ ਖ਼ਿਲਾਫ਼ ਵਿਦਰੋਹ, ਵਿਦੇਸ਼ ਵਿੱਚ ਰਹਿਣ ਕਰਕੇ ਪੰਜਾਬ ਦਾ ਮੋਹ ਤੇ ਫ਼ਿਕਰ ਹੈ। ਉਹਨਾਂ ਨੇ ਗੀਤ, ਗਜ਼ਲ ਤੇ ਖੁੱਲੀ ਕਵਿਤਾ ਵੀ ਲਿਖੀ ਹੈ।

ਪਰਵਾਸੀ ਵਿਦੇਸ਼ੀ ਮੁਲਕਾਂ ਵਿੱਚ ਜਾ ਕੇ ਰਹਿਣ ਤਾਂ ਲੱਗ ਜਾਂਦੇ ਹਨ ਪਰ ਉਹਨਾਂ ਅੰਦਰੋਂ ਆਪਣੇ ਵਤਨ ਲਈ ਮੋਹ-ਪਿਆਰ ਨਹੀਂ ਜਾਂਦਾ। ਬਿਗਾਨੇ ਮੁਲਕਾਂ ਵਿੱਚ ਰਹਿ ਕੇ ਪਰਵਾਸੀਆਂ ਨੂੰ ਜੋ ਸਹਿਣਾ ਪੈਂਦਾ ਹੈ, ਉਹ ਸਿਰਫ਼ ਉਹੀ ਜਾਣਦੇ ਹਨ। ਸਾਹਿਤਕਾਰ ਦੀਆਂ ਵਿਅਕਤੀਗਤ ਪਰਿਸਥਿਤੀਆਂ ਦਾ ਰੂਪ ਕਿਤੇ ਨਾ ਕਿਤੇ ਸਾਹਿਤ ਵਿੱਚੋਂ ਜ਼ਰੂਰ ਮਿਲਦਾ ਹੈ। ਇਹੋ ਜਿਹਾ ਕੁੱਝ ਜਗਤਾਰ ਢਾਅ ਦੀ ਕਵਿਤਾ ਵਿੱਚੋਂ ਪ੍ਰਾਪਤ ਹੁੰਦਾ ਹੈ। ਪਰਵਾਸ ਧਾਰਨ ਕਰਨ ਤੋਂ ਬਾਅਦ ਉਸ ਨੂੰ ਕਿੰਨੀਆਂ ਹੀ ਮਾਨਸਕ ਪੀੜਾਂ ਝੱਲਣੀਆਂ ਪਈਆਂ ,ਜਿਸ ਦਾ ਵੇਰਵਾ ਉਸ ਦੀ ਕਵਿਤਾ ਵਿੱਚੋਂ ਮਿਲਦਾ ਹੈ। ਉਸ ਦੇ ਕਾਵਿ-ਸੰਗ੍ਰਹਿ : 'ਭਟਕਣ ਦਾ ਸਫ਼ਰ', 'ਗੁਆਚੇ ਘਰ ਦੀ ਤਲਾਸ਼', 'ਚਾਂਦੀ ਕਸਰ ਤੇ ਪਰਿੰਦਾ', 'ਇੱਕ ਵਾਰ ਫਿਰ ਮਿਲ', 'ਗਲਵਕੜੀ' ਆਦਿ ਹਨ। ਉਸ ਨੇ ਸ਼ੁਰੂ-ਸ਼ੁਰੂ ਵਿੱਚ ਕਾਰਾਂ ਦੀ ਫੈਕਟਰੀ ਵਿੱਚ ਅਤੇ ਫਿਰ ਨਰਸਿੰਗ ਵਿੱਚ ਕੰਮ ਕੀਤਾ। ਉਸ ਦੀਆਂ ਕਵਿਤਾਵਾਂ ਵਿੱਚ ਪਰਵਾਸੀ ਹੋਣ ਦਾ ਅੰਤਾਂ ਦਾ ਦਰਦ ਹੈ। ਉਹ ਮੁੜ-ਮੁੜ ਕੇ ਉਸ ਘਰ ਦੀ ਤਲਾਸ਼ ਵਿੱਚ ਭਟਕ ਰਿਹਾ ਹੈ, ਜੋ ਘਰ ਉਸ ਤੋਂ ਗੁਆਚ ਗਿਆ ਹੈ। ਜਿਸ ਦੀ ਚਰਚਾ ਉਹ ਆਪਣੀਆਂ ਕਵਿਤਾਵਾਂ ਵਿੱਚ ਕਰਦਾ ਹੈ।ਇਸ ਤੋਂ ਬਿਨਾਂ ਮਜ਼ਦੂਰਾਂ ਦਾ ਫੈਕਟਰੀਆਂ ਵਿੱਚ ਹੋ ਰਿਹਾ ਸ਼ੋਸ਼ਣ ਅਤੇ ਆਪਣੀ ਔਲਾਦ ਦੇ ਗੁਆਚ ਜਾਣ ਦਾ ਡਰ ਵੀ ਉਸ ਨੂੰ ਅੰਦਰੋ-ਅੰਦਰ ਖਾ ਰਿਹਾ ਹੈ। ਗਲਵਕੜੀ ਕਾਵਿ-ਸੰਗ੍ਰਹਿ ਤੱਕ ਪਹੁੰਚ ਕੇ ਉਸ ਦੀ ਕਵਿਤਾ ਦਾਰਸ਼ਨਿਕ ਹੋ ਨਿਬੜਦੀ ਹੈ।ਕਈ ਕਵੀ ਸਿਰਫ਼ ਕਵਿਤਾ ਹੀ ਨਹੀਂ ਲਿਖਦੇ। ਆਲੋਚਨਾ ਉੱਪਰ ਵੀ ਹੱਥ ਅਜ਼ਮਾਉਂਦੇ ਹਨ। ਅਜਿਹਾ ਜੀ ਲੇਖਕ ਦਵਿੰਦਰ ਚੰਦਨ ਹੈ ਉਸ ਨੇ ਕਵਿਤਾ ਤੋਂ ਇਲਾਵਾ ਆਲੋਚਨਾ ਦੇ ਖੇਤਰ ਵਿੱਚ ਵੀ ਆਪਣਾ ਯੋਗਦਾਨ ਪਾਇਆ। ਉਹ 1988 ਵਿੱਚ ਇੰਗਲੈਂਡ ਚਲੇ ਗਏ। ਕਾਵਿ-ਪੁਸਤਕਾਂ ਹਨ, 'ਇਸ ਤੋਂ ਪਹਿਲਾਂ ਕਿ' (1989), 'ਅਗਨ ਚੋਲਾ' (2002) ਦਵਿੰਦਰ ਚੰਦਨ ਦੀ ਕਵਿਤਾ ਵਿੱਚ ਜਿਆਦਾ ਕਰਕੇ ਔਰਤ ਦੇ ਨਜ਼ਰੀਏ ਦੀ ਗੱਲ ਕੀਤੀ ਗਈ ਹੈ।ਔਰਤ ਦੀ ਸਮਾਜ ਵਿੱਚ ਵਰਤਮਾਨ ਸਥਿਤੀ ਇੱਕ ਮਰਦ ਲੇਖਕ ਵੱਲੋਂ ਕਰਨੀ ਬੜੀ ਹੀ ਮਾਣਮੱਤੀ ਗੱਲ ਹੈ। ਬਹੁਤੇ ਪਰਵਾਸੀਆਂ ਵਿੱਚੋਂ ਬਹੁਤ ਘੱਟ ਮਰਦ ਲੇਖਕ ਹੋਣਗੇ, ਜੋ ਔਰਤ ਦੇ ਪੱਖ ਦੀ ਗੱਲ ਕਰਦੇ ਹੋਣਗੇ। ਪਰਵਾਸੀ ਲੋਕ ਜਿਆਦਾ ਕਰਕੇ ਆਪਣੇ ਵਤਨ ਦੀ ਗ਼ਮੀ ਨਾਲ ਸੰਬੰਧਿਤ ਹੀ ਕਵਿਤਾ ਲਿਖਦੇ ਹਨ ।ਮਹਿੰਦਰ ਸਿੰਘ ਗਿੱਲ 1964 ਵਿੱਚ ਇੰਗਲੈਂਡ ਗਏ ਅਤੇ ਡਾਕਟਰੀ ਦੀ ਪੜ੍ਹਾਈ ਕੀਤੀ। ਉਹਨਾਂ ਦੇ ਕਾਵਿ-ਸੰਗ੍ਰਹਿ ਹਨ : 'ਮੇਰੇ ਲੋਕ' (1985), 'ਬਿਨ ਬਰਸਾਤੀ ਮੇਘਲੇ' (1989), 'ਅੱਖ ਦੇ ਬੋਲ'।ਇੰਗਲੈਂਡ ਵਿੱਚ ਰਹਿਣ ਵਾਲੇ ਬਹੁਤ ਸਾਰੇ ਪ੍ਰਵਾਸੀ ਕਵੀ ਹਨ, ਜੋ ਆਪਣੀ ਕਵਿਤਾ ਵਿੱਚ ਕੋਈ ਨਾ ਕੋਈ ਦਰਦ ਬਿਆਨ ਕਰਦੇ ਹਨ। ਇਹਨਾਂ ਕਵੀਆਂ ਤੋਂ ਬਿਨਾਂ ਹੋਰ ਵੀ ਪ੍ਰਵਾਸੀ ਲੇਖਕ ਹਨ, ਜੋ ਇੰਗਲੈਂਡ ਵਿੱਚ ਵਸਦੇ ਹਨ। ਕੇਦਾਰ ਨਾਥ ਕੇਦਾਰ, ਅਵਤਾਰ ਸਿੰਘ ਅਰਪਨ, ਬਸੰਤ ਸਿੰਘ ਧੰਜਲ, ਐਸ.ਐਸ.ਅਮੋਲਕ, ਜੋਗਿੰਦਰ ਸਮਸ਼ੇਰ, ਕੈਲਾਸ਼ਪੁਰੀ, ਬੇਅੰਤ ਸਬਰਾ, ਹਰਬਖਸ਼ ਸਿੰਘ ਮਖ਼ਸੂਦਪੁਰੀ, ਪ੍ਰੀਤਮ ਸਿੱਧੂ, ਸ਼ਿਵਚਰਨ ਗਿੱਲ, ਅਵਤਾਰ ਸਾਦਿਕ, ਗੁਰਨਾਮ ਸਿੰਘ ਗਿੱਲ, ਬਲਿਹਾਰ ਸਿੰਘ ਰੰਧਾਵਾ, ਭੁਪਿੰਦਰ ਪੁਰੇਵਾਲ, ਦਰਸ਼ਨ ਬੁਲੰਦਵੀ, ਹਰਜੀਤ ਅਟਵਾਲ, ਬਲਵੀਰ ਸਿੰਘ ਪਰਵਾਨਾ, ਕੇਸਰ ਰਾਮਪੁਰੀ, ਸਾਥੀ ਲੁਧਿਆਣਵੀ, ਸਵਰਨ ਚੰਦਨ, ਅਮਰਜੀਤ ਚੰਦਨ, ਜਤਿੰਦਰ ਸਿੰਘ ਪੱਤੜ, ਗੁਰਦੇਵ ਬੁੱਟਰ, ਆਦਿ।

ਉੱਤਰੀ ਅਮਰੀਕਾ ਦੇ ਕੈਨੇਡਾ ਵਿੱਚ ਪੰਜਾਬੀ ਕਵਿਤਾ ਦਾ ਮੁੱਢ ਪਿਛਲੀ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਗ਼ਦਰੀ ਲਹਿਰ ਦੁਆਰਾ ਬੰਨਿਆ ਗਿਆ ਸੀ। ਪਹਿਲਾਂ ਵਾਲੀ ਕਵਿਤਾ ਹੁਣ ਦੀ ਪਰਵਾਸੀ ਕਵਿਤਾ ਨਾਲੋਂ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਵੱਖਰੀ ਹੈ। ਮੁੱਢਲੇ ਦੌਰ ਦੇ ਕਵੀਆਂ ਵਿੱਚੋਂ ਕੁੱਝ ਮੁੱਖ ਕਵੀ ਹਨ; ਕਰਤਾਰ ਸਿੰਘ ਸਮਸ਼ੇਰ, ਗੁਰਦੇਵ ਸਿੰਘ ਮਾਨ, ਅਜਾਇਬ ਸਿੰਘ ਢਿੱਲੋਂ, ਸੁਸ਼ੀਲ ਕੌਰ, ਗੁਰਚਰਨ ਰਾਮਪੁਰੀ, ਖੋਜੀ ਕਾਫ਼ਰ, ਤਰਲੋਚਨ ਸਿੰਘ ਗਿੱਲ, ਕੇਸਰ ਸਿੰਘ ਨੀਰ, ਰਵਿੰਦਰ ਰਵੀ। ਇਸ ਤੋਂ

ਅਗਲੇ ਪ੍ਰਵਾਸੀ ਕਵੀ ਹਨ ਜੋ ਪਰਵਾਸੀ ਸਾਹਿਤ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ, ਜਿਹਨਾਂ ਵਿੱਚੋਂ ਸਟੀਫ਼ਨ ਗਿੱਲ ਮੂਹਰਲੀ ਕਤਾਰ ਵਿੱਚ ਹਨ। ਸਟੀਫਨ ਗਿੱਲ ਦਾ ਜਨਮ 1932 ਨੂੰ ਸਿਆਲਕੋਟ ਵਿੱਚ ਹੋਇਆ। 1964 ਤੋਂ ਲੈ ਕੇ 1967 ਤੱਕ ਉਹਨਾਂ ਨੇ ਈਥੋਪੀਆ ਦੇ ਸਿੱਖਿਆ ਵਿਭਾਗ ਵਿੱਚ ਕੰਮ ਕੀਤਾ। ਉਸ ਤੋਂ ਬਾਅਦ ਇਹ ਕੈਨੇਡਾ ਵਿੱਚ ਜਾ ਕੇ ਵਸ ਗਏ।ਉਹਨਾਂ ਨੇ ਕੇਵਲ ਪੰਜਾਬੀ ਵਿੱਚ ਹੀ ਨਹੀਂ, ਸਗੋਂ ਅੰਗਰੇਜ਼ੀ ਵਿੱਚ ਵੀ ਕਵਿਤਾਵਾਂ ਲਿਖੀਆਂ।ਕਵਿਤਾ ਤੋਂ ਬਿਨਾਂ ਉਹਨਾਂ ਨੇ ਵਾਰਤਕ ਅਤੇ ਕਹਾਣੀ ਵੀ ਲਿਖੀ। ਪੰਜਾਬੀ ਵਿੱਚ ਉਹਨਾਂ ਦੇ ਕਾਵਿ-ਸੰਗ੍ਰਹਿ 'ਜ਼ਖਮੀ ਪ੍ਰਛਾਵੇਂ' (1980), 'ਅਮਨ ਦੀ ਘੁੱਗੀ' (1995) ਪ੍ਰਕਾਸ਼ਿਤ ਹੋਏ।ਹਰਭਜਨ ਸਿੰਘ ਮਾਂਗਟ ਭਾਰਤ ਵਿੱਚ ਰਹਿਣ ਸਮੇਂ ਵੀ ਕਵਿਤਾ ਲਿਖਦੇ ਸਨ। ਉਹਨਾਂ ਦੀਆਂ ਕਾਵਿ-ਪੁਸਤਕਾਂ ਹਨ, 'ਰਾਖੇ', 'ਮਹਿਕਾਂ', 'ਚੁੱਪ', 'ਚੁੱਪ ਦੀ ਦਹਿਲੀਜ਼' ਤੇ 'ਚਿਰਾਗਾਂ' ਆਦਿ।ਉਹਨਾਂ ਦੀ ਕਵਿਤਾ ਵਿੱਚ ਪਰਵਾਸੀ ਜੀਵਨ ਵਿੱਚ ਵਾਪਰ ਰਹੀਆਂ ਘਟਨਾਵਾਂ ਦੀਆਂ ਸੱਚਾਈ ਬਿਆਨ ਕੀਤੀ ਗਈ ਹੈ। ਕੁੱਝ ਕਵਿਤਾਵਾਂ ਮਨੋਬਚਨੀ ਵੀ ਹਨ :-

"ਚੁੱਪ ਦੀ ਦਹਿਲੀਜ਼ ਤੇ
ਮੈ ਤੇਰੇ ਹੱਥਾਂ ਤੇ ਸੱਚ ਦਾ ਸਿੱਕਾ ਰੱਖਿਆ
ਤੂੰ ਉਸ ਵੱਲ ਬਿਟ ਬਿਟ ਤੱਕਿਆ
ਤੇ ਆਖਿਆ ਇਹ ਸਿੱਕਾ ਤਾਂ ਖੋਟਾ ਹੈ
ਮੈਂ ਅਵਾਕ ਤੇਰੇ ਮੂੰਹ ਵੱਲ ਤੱਕ ਰਿਹਾ ਸੀ
ਜਿਸ ਵਿੱਚੋਂ ਇਹ ਸਿੱਕੇ ਬੰਦ ਬੋਲ ਰਿਹੇ ਸਨ
ਤੇ ਸੋਚ ਰਿਹਾ ਹਾਂ
ਝੱਲੀਏ! ਜੇ ਸਿੱਕੇ ਤੇਰੇ ਹੱਥਾਂ ਤੇ ਬਹਿਕੇ
ਆਪਣੀ ਹੋਂਦ ਗੁਆ ਬੈਠਾ ਏ
ਤਾਂ ਕਸੂਰ ਇਸਦਾ ਨਹੀਂ, ਤੇਰੇ ਸਿੱਕੇ ਵਾਂਗ
ਖੋਟੇ ਹੱਥਾਂ ਦਾ ਹੈ।"[12]

ਮਨ ਨਾਲ ਸੰਬੰਧ ਰੱਖਦੀਆਂ ਅਜਿਹੀਆਂ ਕਈ ਕਵਿਤਾਵਾਂ ਹਨ ਜੋ ਪਰਵਾਸੀ ਕਵੀਆਂ ਨੇ ਲਿਖੀਆਂ ਹਨ। ਔਰਤ ਦੇ ਮਨ ਦੀ ਸੰਵੇਦਨਾ ਨੂੰ ਡੂੰਘਿਆਈ ਤੋਂ ਸਮਝ ਕੇ ਬਿਆਨ ਕਰਨ ਵਾਲਾ ਇੱਕ ਕਵੀ ਹੈ ਗਿੱਲ ਮੋਰਾਂਵਾਲੀ, ਜਿਸ ਦਾ ਪੂਰਾ ਨਾਂ ਮਹਿੰਦਰ ਸਿੰਘ ਗਿੱਲ ਹੈ ਅਤੇ ਗਿੱਲ ਮੋਰਾਂਵਾਲੀ ਉਹ ਸ਼ਿਵ ਕੁਮਾਰ ਦੇ ਆਖਣ ਤੇ ਬਣਿਆ। ਉਹਨਾਂ ਦਾ ਜਨਮ 20 ਮਈ 1937 ਨੂੰ ਪਿੰਡ ਮੋਰਾਂਵਾਲੀ ਜ਼ਿਲਾ ਹੁਸ਼ਿਆਰਪੁਰ ਵਿੱਚ ਹੋਇਆ। 1970 ਵਿੱਚ ਉਹ ਕੈਨੇਡਾ ਚਲਿਆ ਗਿਆ। ਕਾਵਿ-ਸੰਗ੍ਰਹਿ ਹਨ,'ਹੰਝੂ ਹੌਕੇ', 'ਮੈਖ਼ਾਨਾ', 'ਲਲਕਾਰ', 'ਜਾਗ ਪਏ ਹਿੰਦ ਦੇ ਜਵਾਨ', 'ਗੀਤਮਣੀ', 'ਆਰ ਚਾਨਣ ਪਾਰ ਚਾਨਣ', 'ਚੰਬੇ ਦੀ ਡਾਲੀ', 'ਬੰਜਰ ਧਰਤੀ' 'ਜਿੰਦ ਬਲੇ ਅਧਮੋਈ', 'ਮਿੱਟੀ ਦੀ ਸਗੁੰਧ', 'ਗਜ਼ਲਮਣੀ', 'ਤਨਵੀਰ-ਏ-ਗਜ਼ਲ', 'ਕਾਵਿ-ਟੁਕੜੀਆਂ' ਆਦਿ। ਉਹ ਲਿਖਦਾ ਹੈ:-

"ਦਿਲ ਦੁਖਾਣੀ ਬਹਾਰ, ਕੀ ਕਰੀਏ
ਬਰਸਦੇ ਅੰਗਿਆਰ, ਕੀ ਕਰੀਏ
ਮੌਤ ਦੀ ਆਸ 'ਤੇ ਰਹੇ ਜੀਂਦੇ,
ਮੌਤ ਦਾ ਇੰਤਜ਼ਾਰ, ਕੀ ਕਰੀਏ।

ਦੀਦ ਨੂੰ ਤਰਸਦੇ ਰਹੇ ਦੀਦੇ,
ਉਹ ਸੁਣੇ ਨਾ ਪੁਕਾਰ, ਕੀ ਕਰੀਏ।"[13]

ਵਿਦੇਸ਼ੀ ਮੁਲਕਾਂ ਵਿੱਚ ਕੋਈ ਹੀ ਪਰਿਵਾਰਕ ਮੈਂਬਰ ਨਾਲੋਂ ਵੱਖ ਹੋ ਕੇ ਇੱਕਲਾ ਰਹਿ ਰਿਹਾ ਹੋਊ ਨਹੀਂ ਤਾਂ ਪਰਿਵਾਰਾਂ ਦੇ ਪਰਿਵਾਰ ਕੈਨੇਡਾ, ਅਮਰੀਕਾ, ਇੰਗਲੈਂਡ ਵਿੱਚ ਵਸੇ ਹੋਏ ਹਨ।ਨਵਤੇਜ ਭਾਰਤੀ ਅਤੇ ਅਜਮੇਰ ਰੋਡੇ ਦੋਨੋਂ ਕਵੀ ਆਪਸ ਵਿੱਚ ਭਰਾ ਹਨ ਅਤੇ ਇੱਕਠੇ ਰਹਿੰਦੇ ਹੋਏ ਕੈਨੇਡਾ ਦੀ ਧਰਤੀ ਤੇ ਆਪਣੀਆਂ ਕਵਿਤਾਵਾਂ ਦਾ ਲੋਹਾ ਮੰਨਵਾ ਰਹੇ ਹਨ। ਨਵਤੇਜ ਭਾਰਤੀ ਦੀ ਪਹਿਲੀ ਪੁਸਤਕ 'ਸਿੰਬਲ ਦੇ ਰੁੱਖ' 1968 ਵਿੱਚ ਛਪੀ ਅਤੇ ਕਵਿਤਾ ਦਾ ਇੱਕ ਵੱਡਾ ਗ੍ਰੰਥ ਅਜਮੇਰ ਰੋਡੇ ਨਾਲ ਸਾਂਝਾ 'ਲੀਲ੍ਹਾ' ਨਾਂ ਥੱਲੇ, ਜੋ 1997 ਵਿੱਚ ਛਪਿਆ। ਅਜਮੇਰ ਰੋਡੇ 1966 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। ਇਹਨਾਂ ਦੀ ਪਤਨੀ ਸੁਰਜੀਤ ਕਲਸੀ ਵੀ ਇੱਕ ਕਵਿੱਤਰੀ ਹੈ। ਅਜਮੇਰ ਰੋਡੇ ਨੇ ਕਵਿਤਾ ਤੋਂ ਬਿਨਾਂ ਇੱਕਾਂਗੀਆਂ ਅਤੇ ਵਾਰਤਕ ਵੀ ਲਿਖੀ।ਕਾਵਿ-ਸੰ੍ਗਹਿ ਹਨ , 'ਸੁਰਤੀ' (1979) 'ਸ਼ੁਭਚਿੰਤਨ' (1993)। ਉਹ ਗੁੰਝਲਤਾ ਦੀ ਥਾਂ ਸਾਦੇ ਸਪੱਸ਼ਟ ਸ਼ਬਦਾਂ ਦਾ ਰਚਣਹਾਰਾ ਹੈ:-

"ਸ਼ੁਭ ਨੀਤੀ ਤੋਂ ਸਖਣਾ ਚਿੰਤਨ, ਜੇ ਹੋਵੇ ਕਿਉਂ ਹੋਵੇ?
ਬਿਨ ਸ਼ੁਭ ਕਰਮ ਧਰਮ ਜੇ ਹੋਵੇ, ਨਾ ਮੰਨੀਏ ਕੀ ਖੋਵੇ
ਪਰਉਪਕਾਰ ਤੋਂ ਸੱਖਣੀ ਮਨਸਾ, ਜਦ ਤੋਂ ਸਾਡੀ ਹੋਈ।
ਸ਼ੁਭ ਪ੍ਰਭਾਤ ਉਦੈ ਨ ਹੁੰਦੀ, ਬਹੁਤ ਅਸ਼ੁਭ ਸੰਧਿਆ ਆਵੇ।"[14]

ਕੈਨੇਡਾ ਅਮਰੀਕਾ ਵਿੱਚ ਪਰਵਾਸੀ ਪੰਜਾਬੀ ਨੌਕਰੀਆਂ ਕਰਦੇ ਸਾਰਾ ਦਿਨ ਰੁੱਝੇ ਰਹਿੰਦੇ ਹਨ। ਉਹਨਾਂ ਦੇ ਨਿਤ ਦੇ ਕਾਰ-ਵਿਹਾਰ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਅੱਖਾਂ ਖੁਸ਼ੀਆਂ ਤੱਕਣ ਨੂੰ ਕਾਹਲੀਆਂ ਪੈ ਜਾਂਦੀਆਂ ਹਨ। ਇਹੋ-ਜਿਹੇ ਹੀ ਦਰਦਾਂ ਨੂੰ ਬਿਆਨ ਕਰਦਾ ਕਵੀ ਦਰਸ਼ਨ ਗਿੱਲ ਹੈ। ਦਰਸ਼ਨ ਗਿੱਲ 1972 ਵਿੱਚ ਕੈਨੇਡਾ ਗਏ। ਉਸ ਨੇ ਨਜ਼ਮ ਗੀਤ ਤੋਂ ਬਿਨਾਂ ਗਜ਼ਲ ਉੱਪਰ ਵੀ ਹੱਥ ਅਜ਼ਮਾਇਆ। ਉਸ ਦੇ ਕਾਵਿ- ਸੰ੍ਗਹਿ ਹਨ, 'ਜੰਗਲ ਦੀ ਅੱਗ', 'ਰੂਪ ਅਰੂਪ', 'ਖ਼ਲੀਜ਼', 'ਆਪਣੇ ਸਨਮੁੱਖ', 'ਕਾਲਾ ਸੂਰਜ', 'ਅੱਗ ਦਾ ਸਫ਼ਰ', 'ਨਜ਼ਮ', 'ਹਾਦਸਿਆਂ ਦੇ ਹਾਸਿਲ ਚੋਣਵਾਂ ਸੰਗ੍ਰਹਿ', ਅਤੇ ਸੰਪੂਰਨ ਕਾਵਿ 'ਨਜ਼ਮ ਦੀ ਤਲਾਸ਼ ਵਿੱਚ'। ਸਮਾਜ ਵਿੱਚ ਬਦਲਦੀਆਂ ਪ੍ਰਸਥਿਤੀਆਂ ਹੀ ਸਾਹਿਤ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਇੱਕਬਾਲ ਰਾਮੂਵਾਲੀਆ ਨੇ ਵੀ ਚਾਲੰਤ ਮਾਮਲਿਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ।ਇੱਕਬਾਲ ਰਾਮੂਵਾਲੀਆ ਕੁੱਝ ਸਮਾਂ ਅੰਗਰੇਜ਼ੀ ਲੈਕਚਰਾਰ, ਟੈਕਸੀ ਡਰਾਈਵਰ, ਫਿਰ ਫੈਕਟਰੀ ਵਰਕਰ ਅਤੇ ਬਾਅਦ ਵਿੱਚ ਸਕੂਲ ਅਧਿਆਪਕ ਬਣ ਗਏ।
ਉਹਨਾਂ ਨੇ ਕਵਿਤਾ ਦੀਆਂ ਪੰਜ ਪੁਸਤਕਾਂ ਲਿਖੀਆਂ । 'ਸੁਲਗਦੇ ਅਹਿਸਾਸ', 'ਕੁਝ ਵੀ ਨਹੀਂ', 'ਪਾਣੀ ਦਾ ਪ੍ਰਛਾਵਾਂ', 'ਕਵਿਤਾ ਮੈਨੂੰ ਲਿਖਦੀ ਹੈ', 'ਪਲੰਘ ਪੰਘੂੜਾ', ਆਦਿ। ਉਹ ਪਰਵਾਸੀ ਜੀਵਨ ਦੀ ਰੁਝੇਵੇਂ ਭਰੀ ਜ਼ਿੰਦਗੀ ਨੂੰ ਇਵੇਂ ਬਿਆਨ ਕਰਦਾ ਹੈ :-

"ਮੈਂ ਅੱਜ ਕਲ੍ਹ ਕਵਿਤਾ ਨਹੀਂ ਲਿਖਦਾ
ਕਿਉਂਕਿ ਕਵਿਤਾ ਅੱਜ ਕੱਲ
ਮੈਨੂੰ ਲਿਖਣ ਲੱਗ ਪਈ ਹੈ
ਜਿਵੇਂ ਮਸ਼ੀਨਾਂ ਹੁਣ ਮਨੁੱਖਾਂ ਨੂੰ ਚਲਾਉਂਦੀਆਂ ਨੇ
ਘਰਾਂ ਦੇ ਖ਼ਰੀਦਾਰਾਂ ਨੂੰ ਅਸਲ ਵਿੱਚ ਘਰ ਖਰੀਦ ਲੈਂਦੇ ਨੇ
ਵਰਦੀਆਂ ਮਨੁੱਖਾਂ ਨੂੰ ਪਹਿਨ ਲੈਂਦੀਆਂ ਨੇ

ਤੇ ਬੰਦੂਕਾਂ ਚਲਾਉਂਦੇ ਲੋਕਾਂ ਨੂੰ
ਅਸਲ ਵਿੱਚ ਬੰਦੂਕਾਂ ਚਲਾਉਂਦੀਆਂ ਨੇ
ਇੰਝ ਹੀ ਕਵਿਤਾ ਅੱਜਕਲ ਮੈਨੂੰ ਲਿਖਣ ਲੱਗ ਪਈ ਹੈ।"[15]

ਸੁਖਿੰਦਰ ਪੰਜਾਬੀ ਦੇ ਪ੍ਰਸਿੱਧ ਕਵੀ ਅਤੇ ਆਲਚੋਕ ਸਤਿੰਦਰ ਸਿੰਘ ਨੂਰ ਅਤੇ ਚਿੰਤਕ ਗੁਰਭਗਤ ਸਿੰਘ ਦਾ ਛੋਟਾ ਭਰਾ ਹੈ। ਪਰਵਾਸੀ ਜੀਵਨ ਦੀਆਂ ਸਥਿਤੀਆਂ ਨੂੰ ਪੇਸ਼ ਕਰਦੇ ਉਹਨਾਂ ਦੇ ਕਾਵਿ-ਸੰਗ੍ਰਿਹ ਹਨ, 'ਸ਼ਹਿਰ ਧੁੰਦ ਤੇ ਰੋਸ਼ਨੀਆਂ', 'ਲੱਕੜ ਦੀਆਂ ਮੱਛੀਆਂ', ਸਕਿਜ਼ੋਫਰੇਨੀਆ' ਆਦਿ। ਉਹ ਆਪਣੀ ਇੱਕ ਕਵਿਤਾ ਵਿੱਚ ਵਿਦੇਸ਼ੀ ਲੋਕਾਂ ਵੱਲੋਂ ਭਾਰਤੀ ਲੋਕਾਂ ਦੀ ਕੀਤੀ ਜਾਂਦੀ ਬੇਕਦਰੀ ਉੱਤੇ ਵਿਅੰਗ ਕੱਸਦਾ ਹੈ:-

"ਅਮਰੀਕਨ - ਅਮਰੀਕਨ ਕੁੱਤੇ ਰਖਦੇ ਹਨ।
ਅੰਗਰੇਜ਼ - ਅੰਗਰੇਜ਼ ਕੁੱਤੇ ਰੱਖਦੇ ਹਨ !!
ਅਤੇ ਭਾਰਤੀ ? ਭਾਰਤੀ ਕੁੱਤੇ !!!
ਕੁੱਤੇ - ਜੋ ਮੌਸਮੀ ਤਾਪਮਾਨ ਦੇਖ ਕੇ
ਆਪਣੀਆਂ ਪੂਛਾਂ ਦੀ ਸਲਾਮੀ ਦੀ ਪੱਧਰ
ਨਿਸ਼ਚਿਤ ਕਰਦੇ ਹਨ !!!"[16]

ਪੰਜਾਬੀ ਪਰਵਾਸੀਆਂ ਨਾਲ ਵਿਦੇਸ਼ਾਂ ਵਿੱਚ ਹੋ ਰਿਹਾ ਨਸਲੀ ਵਿਤਕਰਾ ਅਤੇ ਰੁਜ਼ਗਾਰ ਦੀ ਖ਼ਾਤਰ ਉਹਨਾਂ ਦਾ ਸ਼ੋਸ਼ਣ, ਉਹਨਾਂ ਨੂੰ ਅੰਦਰੋਂ-ਅੰਦਰ ਚੁੱਭਦਾ ਤਾਂ ਹੈ ਪਰ ਆਰਥਿਕ ਮਜ਼ਬੂਰੀਆਂ ਕਰਕੇ ਪੰਜਾਬੀਆਂ ਨੂੰ ਇਹ ਸਭ ਸਹਿਣਾ ਪੈਂਦਾ ਹੈ।ਕੰਮ ਭਾਵੇਂ ਕੋਈ ਵੀ ਹੋਵੇ ਉੱਥੇ ਜਾ ਕੇ ਪੰਜਾਬੀਆਂ ਨੂੰ ਵਿਦੇਸ਼ੀ ਲੋਕਾਂ ਅੱਗੇ ਝੁਕਣਾ ਪੈਂਦਾ ਹੈ।

ਮੰਗਾ ਸਿੰਘ ਬਾਸੀ ਜਲੰਧਰ ਤੋਂ ਕੈਨੇਡਾ ਜਾ ਕੇ ਉੱਥੇ ਰੀਅਲ ਸਟੇਟ ਦਾ ਕੰਮ ਕਰਨ ਲੱਗਿਆ। ਕਾਵਿ-ਪੁਸਤਕਾਂ ਹਨ,'ਬਰਫ਼ ਦਾ ਮਾਰੂਥਲ', 'ਵਿੱਚ ਪਰਦੇਸਾਂ ਦੇ', 'ਮੈਂ ਤੇ ਕਵਿਤਾ', ਹਨ। ਉਸ ਦੀ ਕਵਿਤਾ ਵਿੱਚ ਦੇਸ਼ ਨਾਲੋਂ ਟੁੱਟਣ ਦਾ ਡਰ, ਬਿਗਾਨੇ ਦੇਸ਼ ਵਿੱਚ ਰਹਿਣ ਦਾ ਦੁੱਖ ਹੈ।ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਪਰਵਾਸੀ ਕਵੀ ਹਨ, ਜਿਹਨਾਂ ਨੇ ਪਰਵਾਸ ਧਾਰਨ ਕਰਕੇ ਕਵਿਤਾ ਵਿੱਚ ਆਪਣਾ ਹੱਥ ਅਜ਼ਮਾਇਆ ਜਿਵੇਂ, ਨਦੀਮ ਪਰਮਾਰ, ਇੱਕਬਾਲ ਅਰਪਨ, ਮਿੱਤਰ ਰਾਸਾ, ਸੂਫ਼ੀ ਅਮਰਜੀਤ, ਪ੍ਰੀਤਮ ਸਿੰਘ ਧੰਜਲ, ਹਰਚੰਦ ਸਿੰਘ ਬਾਗੜੀ, ਮਹਿੰਦਰ ਸਿੰਘ ਸੋਮਲ, ਸਾਧੂ ਬਿਨਿੰਗ, ਸੁਰਿੰਦਰ ਧੰਜਲ, ਅਮਨ ਪਾਲ ਸਾਰਾ, ਸੁਖਪਾਲ, ਸੁਰਜੀਤ ਕਲਸੀ, ਇੱਕਬਾਲ ਖਾਨ, ਮੋਹਨ ਗਿੱਲ, ਜੀਵਨ ਰਾਮਪੁਰੀ, ਹਰੀ ਸਿੰਘ ਤਾਤਲਾ, ਗੁਰਦਰਸ਼ਨ ਬਾਦਲ, ਕ੍ਰਿਸ਼ਨ ਭਨੋਟ, ਮੇਜਰ ਮਾਂਗਟ, ਅੰਮ੍ਰਿਤ ਦੀਵਾਨਾ, ਰਵਿੰਦਰ ਸਿੰਘ ਗਿੱਲ ਆਦਿ ਹਨ। ਸਿਰਫ਼ ਕੈਨੇਡਾ ਵਿੱਚ ਹੀ ਨਹੀਂ,ਅਮਰੀਕਾ ਵਿੱਚ ਅਜਿਹੇ ਪਰਵਾਸੀ ਪੰਜਾਬੀ ਕਵੀ ਹਨ,ਜਿਹਨਾਂ ਨੇ ਪਰਵਾਸੀ ਕਵਿਤਾ ਵਿੱਚ ਆਪਣਾ ਯੋਗਦਾਨ ਪਾਇਆ ਹੈ।ਅਮਰੀਕਾ ਵਿੱਚ ਗ਼ਦਰੀਆਂ ਦਾ ਕੇਂਦਰ ਸਨਫਰਾਂਸਿਸਕੋ ਵਿੱਚ ਹੈ। ਸਭ ਤੋਂ ਪਹਿਲਾ ਪਰਵਾਸ ਇੰਗਲੈਂਡ ਤੇ ਫਿਰ ਕੈਨੇਡਾ ਵਿੱਚ ਸ਼ੁਰੂ ਹੋਇਆ। ਅਮਰੀਕਾ ਦਾ ਪਰਵਾਸ ਪਿਛਲੇ ਸਮੇਂ ਜਾ ਕੇ ਸ਼ੁਰੂ ਹੋਇਆ। ਅਮਰੀਕਾ ਵਿੱਚ ਵੀ ਪਹਿਲਾਂ ਉਹਨਾਂ ਲੋਕਾਂ ਨੇ ਹੀ ਸਾਹਿਤ ਰਚਣ ਦਾ ਮੁੱਢ ਬੰਨਿਆ, ਜੋ ਪਹਿਲਾਂ ਹੀ ਭਾਰਤ ਵਿੱਚ ਸਾਹਿਤ ਰਚ ਚੁੱਕੇ ਸਨ।ਉਦਾਹਰਨ ਦੇ ਤੌਰ ਤੇ ਮਨੋਹਰ ਸਿੰਘ ਮਾਰਕੋ, ਕੈਪਟਨ ਗੁਰਦਿਆਲ ਸਿੰਘ, ਕਰਨੈਲ ਸਿੰਘ ਗਿਆਨੀ, ਹਰਭਜਨ ਸਿੰਘ ਬੈਂਸ ਅਤੇ ਕੁਲਦੀਪ ਸਿੰਘ ਸਨ। ਇਹਨਾਂ ਵਿੱਚੋਂ ਚੋਣਵੇਂ ਕੁ ਲੇਖਕਾਂ ਦਾ ਵੇਰਵਾ ਹਾਜ਼ਰ ਹੈ। ਜਿਨ੍ਹਾਂ ਪਰਵਾਸੀ ਕਵਿਤਾ ਰਚਣ ਵਿੱਚ ਮੱਲਾਂ ਮਾਰੀਆਂ।ਰਣਧੀਰ ਸਿੰਘ 1976 ਤੋਂ ਨਿਊਯਾਰਕ

ਵਿੱਚ ਹਨ। ਕਾਵਿ-ਪੁਸਤਕਾਂ: 'ਚਾਨਣ ਸਿਆਹੀ ਦਾ', 'ਨਿੱਕੀਆਂ ਗਜ਼ਲਾਂ', 'ਲਘੂ ਰੁਬਾਈਆਂ', 'ਕਿਣ ਮਿਣੀਆਂ ਕਿਨ ਮਿਣੀਆਂ', 'ਤ੍ਰੇਲ ਨੂੰ ਤ੍ਰੇਲੀਆਂ', 'ਸੌ ਕਵਿਤਾਵਾਂ ਪੰਜ ਸਫ਼ਿਆਂ ਤੇ', 'ਮਾਂ ਮਹੁੱਬਤ' ਆਦਿ। ਉਸ ਨੇ ਰੁਬਾਈ, ਗਜ਼ਲ ਅਤੇ ਕਵਿਤਾ ਲਿਖੀ। ਗੁਰਮੇਲ ਸਿੰਘ ਸਿੱਧੂ ਕੈਲੇਫ਼ੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਵਿੱਚ ਜੈਨੇਟਿਕਸ ਅਤੇ ਬਾਇਓਟੈਕਨਾਲੋਜੀ ਦੇ ਪ੍ਰੋਫ਼ੈਸਰ ਡਾਇਰੈਕਟਰ ਹਨ।ਕਾਵਿ-ਸੰਗ੍ਰਹਿ ਹਨ, 'ਦੁਬਿਧਾ' (1966), 'ਬੇਚੈਨ ਸਦੀ' (1975), 'ਅਪੈਰੀਆਂ ਵਾਟਾਂ' (1977), 'ਸਿਫਰ ਸਿਫਰ' (1984), 'ਸੁਰਖੀਆਂ' (1995)ਹਨ। ਉਸ ਦੀ ਕਵਿਤਾ ਵਿੱਚ ਮਾਨਵਵਾਦੀ ਸੁਰ ਬਲਵਾਨ ਹੈ। ਕਵੀ ਪੰਜਾਬ ਦੀ ਨਿਘਰ ਰਹੀ ਸਥਿਤੀ ਅਤੇ ਲੋਕਾਂ ਦੀ ਬਦਲੀ ਹੋਈ ਮਾਨਸਿਕ ਸੋਚ ਨੂੰ ਬਿਆਨ ਕਰਦਾ ਹੈ:-

"ਤਿਪ ਤਿਪ ਕਰਕੇ ਚੋ ਗਿਆ ਮੈਲਾ
ਕਸਬੇ ਪਿੰਡ ਗਰਾਵਾਂ ਦਾ
ਗੇਰੂ ਰੰਗਾ ਰੰਗ ਹੋ ਗਿਆ
ਪਾਣੀ ਪੰਜ ਦਰਿਆਵਾਂ ਦਾ।"[17]

ਮਰਦ ਕਵੀਆਂ ਦੇ ਨਾਲ-ਨਾਲ ਪਰਵਾਸੀ ਕਵਿੱਤਰੀਆਂ ਨੇ ਵੀ ਪਰਵਾਸੀ ਜੀਵਨ ਨੂੰ ਬਿਆਨ ਕਰਦੀ ਹੋਈ ਕਵਿਤਾ ਲਿਖੀ। ਪਰਵਾਸੀ ਜੀਵਨ ਤੋਂ ਬਿਨਾਂ ਭਾਰਤ ਦੇ ਪੁਰਾਤਨ ਰਸਮਾਂ- ਰਿਵਾਜਾਂ ਅਤੇ ਪ੍ਰੰਪਰਾਗਤ ਵਿੱਚਾਰਾਂ ਦੇ ਪ੍ਰਚਲਨ ਕਰਕੇ ਔਰਤ ਦੀ ਸਮਾਜ ਵਿੱਚ ਸਥਿਤੀ ਦਾ ਵਰਣਨ ਕੀਤਾ ਗਿਆ। ਔਰਤ ਦੀ ਨਿਘਰ ਰਹੀ ਸਥਿਤੀ ਲਈ ਬਲੁੰਦ ਆਵਾਜ਼ ਚੁੱਕਣ ਵਾਲੀ ਕਵਿੱਤਰੀ ਸ਼ਸੀ ਸਮੁੰਦਰਾ ਹੈ। ਸਸ਼ੀ ਸਮੁੰਦਰਾ ਨਰਸ ਦਾ ਕਿੱਤਾ ਕਰ ਰਹੀ ਹੈ। ਉਸ ਦਾ ਪ੍ਰਸਿੱਧ ਕਾਵਿ-ਸ੍ਰੰਗਹਿ 'ਬੋਗਨਵਿਲਾ ਦੇ ਵਸਤਰ' ਹੈ। ਉਸ ਦੀ ਕਵਿਤਾ ਵਿੱਚ ਕੇਵਲ ਪਰਵਾਸੀ ਚੇਤਨਾ ਹੀ ਨਹੀਂ, ਸਗੋਂ ਔਰਤ ਦੀ ਚੇਤਨਾ ਵੀ ਝਲਕ ਰਹੀ ਹੈ।ਪਰਵਾਸੀ ਕਵੀ ਸੁਖਵਿੰਦਰ ਕੰਬੋਜ 1984 ਵਿੱਚ ਅਮਰੀਕਾ ਗਏ। ਉਹਨਾਂ ਦੀ ਆਲੋਚਨਾ ਤੇ ਸੰਪਾਦਨਾ ਵਿੱਚ ਵੀ ਦਿਲਚਪਸੀ ਹੈ। ਉਹਨਾਂ ਦੀ ਪੁਸਤਕ 'ਨਵੇਂ ਸੂਰਜ' 1992 ਵਿੱਚ ਅਤੇ ਦੂਜੀ ਪੁਸਤਕ 'ਜਾਗਦੇ ਅੱਖਰ' 1995 ਵਿੱਚ ਛਪੀ। ਉਸ ਦੀ ਕਵਿਤਾ ਵਿੱਚ ਅਮਰੀਕੀ ਸਭਿਆਚਾਰ ਦੀ ਸੱਚਾਈ ਨੂੰ ਪੇਸ਼ ਕੀਤਾ ਹੈ।ਸੁਖਵਿੰਦਰ ਕੰਬੋਜ਼ ਪਰਵਾਸੀਆਂ ਦੀ ਰੁਝੇਵੇਂ ਭਰੀ ਜ਼ਿੰਦਗੀ ਨੂੰ ਬਿਆਨ ਕਰ ਰਿਹਾ ਹੈ। ਕਿਸੇ ਵੀ ਵਿਅਕਤੀ ਕੋਲ ਦੂਜੇ ਵਿਅਕਤੀ ਦੇ ਦੁਖੜੇ ਸੁਣਨ ਦੀ ਵਿਹਲ ਨਹੀਂ।ਪਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਦਾ ਪਰਵਾਸੀ ਕਵੀ ਰਵਿੰਦਰ ਸਹਿਰਾਅ ਮਾਰਕਸਵਾਦ ਤੋਂ ਪ੍ਰਭਾਵਿਤ ਹੈ ਅਤੇ ਖੁੱਲੀ ਕਵਿਤਾ ਲਿਖਣ ਵਿੱਚ ਮਾਹਿਰ ਹੈ। ਉਸ ਦੇ ਕਾਵਿ- ਸ੍ਰੰਗਹਿ ਹਨ 'ਚੁਰਾਏ ਪਲਾਂ ਦਾ ਹਿਸਾਬ' (1980), 'ਜਖ਼ਮੀਪਲ' (1993), 'ਰਿਸ਼ਤਾ ਸ਼ਬਦ ਸਲੀਬਾਂ ਦਾ' (1998) । ਰਾਣੀ ਨਗੇਂਦਰ ਨਿਊਯਾਰਕ ਵਿੱਚ ਬਰਾਡ ਕਾਸਟਿੰਗ ਨੈਟਵਰਕ ਨਾਲ ਜੁੜੇ ਰਹੇ ਅਤੇ ਇਸ ਤੋਂ ਬਿਨਾਂ ਸਿਹਤ ਵਿਭਾਗ ਨਾਲ ਸੰਬੰਧ ਕਾਇਮ ਰੱਖਿਆ।ਕਹਾਣੀਆਂ ਅਤੇ ਵਾਰਤਕ ਤੋਂ ਬਿਨਾਂ ਕਵਿਤਾ ਵੀ ਲਿਖੀ।'ਨੀਲੀਆਂ ਮੋਰਨੀਆਂ' ਇਹਨਾਂ ਦੀ ਪੁਸਤਕ 1995 ਵਿੱਚ ਛਪੀ। ਕਵਿਤਾ ਵਿੱਚ ਉਹ ਅਜੋਕੀ ਔਰਤ ਦੀ ਬਦਲ ਰਹੀ ਸਥਿਤੀ ਦੀ ਬਿਆਨ ਕਰਦੀ ਹੈ। ਸੁਖਪਾਲ ਸੰਘੇੜਾ ਇਨਫਰਮੇਸ਼ਨ ਸੁਪਰ ਹਾਈਵੇਜ਼ ਨੈਟ ਸਕੇਪ ਅਤੇ ਐਮ.ਪੀ. ਥਰੀ ਕੰਮਪਿਊਟਰ ਤਕਨੀਕਾਂ ਨੂੰ ਵਿਕਸਿਤ ਕਰਨ ਵਿੱਚ ਯੋਗਦਾਨ ਪਾਉਣ ਤੋਂ ਇਲਾਵਾ ਬਿੰਗ ਬੈਂਸ ਥਿਊਰੀ ਨੂੰ ਪਰਖਣ ਵਾਲੇ ਖੱਬੇ ਪੱਖੀ ਲਹਿਰ ਨਾਲ ਜੁੜਿਆ ਰਿਹਾ ਹੈ।ਕਾਵਿ-ਪੁਸਤਕਾਂ, 'ਕਿੱਸਿਆਂ ਦੇ ਕੈਦੀ', 'ਗੋਦ ਲਏ ਗੀਤ','ਟੱਕਰ'ਅਤੇ 'ਭੂਤ-ਨਗਰੀ' ਹਨ।

ਇੰਗਲੈਂਡ, ਅਮਰੀਕਾ, ਕੈਨੇਡਾ , ਅਫ਼ਰੀਕਾ ਅਤੇ ਯੂਰਪ ਦੇ ਹੋਰ ਦੇਸ਼ਾਂ ਤੋਂ ਇਲਾਵਾ ਏਸ਼ੀਆ ਵਿੱਚ ਵੀ ਪ੍ਰਵਾਸੀ ਕਵਿਤਾ ਰਚੀ ਜਾਂਦੀ ਹੈ। ਸੋਹਣ ਸਿੰਘ ਜੋਸ਼, ਜਸਬੀਰ ਧੀਮਾਨ, ਜਗਜੀਤ ਗਿੱਲ, ਰਾਜਵਿੰਦਰ, ਸੋਹਣ ਕਾਦਰੀ, ਸਵਰਨ ਪਰਵਾਨਾ, ਦਿਲਗੀਰ, ਅਮਰ ਜਿਉਤੀ, ਪ੍ਰਮਿੰਦਰ ਸੋਢੀ, ਹੋਰ ਵੱਖ-ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਕਵੀ ਹਨ। ਜਿਹਨਾਂ ਨੇ ਪ੍ਰਵਾਸ ਧਾਰਨ ਕਰਕੇ ਪ੍ਰਵਾਸੀ

ਪੰਜਾਬੀ ਕਵਿਤਾ ਵਿੱਚ ਯੋਗਦਾਨ ਪਾਇਆ। ਕੋਈ ਵੀ ਪਰਵਾਸੀ ਜਦੋਂ ਆਵਾਸੀ ਬਣ ਜਾਂਦਾ ਹੈ ਤਾਂ ਉਸ ਦੀ ਰਚਨਾ ਵਿੱਚ ਵੱਖਰਾ ਹੀ ਰੰਗ ਪੈਦਾ ਹੋਜਾਂਦਾ ਹੈ। ਮੁਲਕ ਤੋਂ ਮੁਲਕ ਪਰਵਾਸ ਧਾਰਨ ਕਰਨ ਵਾਲੇ ਵਿਅਕਤੀ ਵਿਸ਼ੇਸ ਦੀ ਉਮਰ, ਜਾਤ, ਲਿੰਗ ਸਿੱਖਿਆ ਅਤੇ ਧਰਮ ਅਨੁਸਾਰ ਅਨੁਭਵ ਵੱਖਰੇ-ਵੱਖਰੇ ਹਨ। ਸਾਰੇ ਹੀ ਪਰਵਾਸੀਆਂ ਨੂੰ ਇੱਕ ਰੱਸੀ ਵਿੱਚ ਨਹੀਂ ਬੰਨਿਆ ਜਾ ਸਕਦਾ। ਸਮੁੱਚੀ ਪਰਵਾਸੀ ਕਵਿਤਾ ਵਿੱਚ ਧਾਰਮਕ, ਭਾਸ਼ਾਈ, ਨਸਲੀ, ਘੱਟ ਗਿਣਤੀ ਹੋਣ ਦਾ ਸੰਤਾਪ ਹਾਜ਼ਰ ਰਹਿੰਦਾ ਹੈ। ਘੱਟ ਗਿਣਤੀ ਹੋਣ ਕਾਰਨ ਸਭਿਆਚਾਰ ਦੇ ਖੁਸ ਜਾਣ ਦਾ ਖ਼ਤਰਾ ਰਹਿੰਦਾ ਹੈ।ਦੇਸ਼ ਉਦਰੇਵੇਂ ਨਾਲ ਜੁੜ ਜਾਂਦਾ ਹੈ ਅਤੇ ਸਭਿਆਚਾਰਕ ਤਣਾਉ ਜਨਮ ਲੈਂਦਾ ਹੈ। ਜਦੋਂ ਨਵੀਂ ਪੀੜੀ ਉੱਥੋਂ ਦੇ ਸਭਿਆਚਾਰ ਵਿੱਚ ਢਲ ਜਾਂਦੀ ਹੈ ਤਾਂ ਸਭਿਆਚਾਰਕ ਤਣਾਉ ਪੀੜ੍ਹੀ ਪਾੜੇ ਵਿੱਚ ਪਰਿਵਰਤਤ ਹੋ ਜਾਂਦਾ ਹੈ। ਇਸ ਕਰਕੇ ਹੀ ਪ੍ਰਵਾਸੀ ਕਵਿਤਾ ਤਣਾਉ ਦੀ ਪੇਸ਼ਕਾਰੀ ਕਰਦੀ ਹੈ। ਬਹੁਤੇ ਪਰਵਾਸੀ ਕਵੀਆਂ ਨੇ ਆਰਥਿਕ ਕਾਰਨਾਂ ਅਤੇ ਮੁਸ਼ਕਿਲਾਂ ਕਰਕੇ ਪ੍ਰਵਾਸ ਧਾਰਨ ਕੀਤਾ। ਸਾਰੇਹੀ ਪ੍ਰਵਾਸੀ ਕਵੀ ਪ੍ਰਗਤੀਵਾਦੀ ਚੇਤਨਾ ਵਾਲੇ ਕਵੀ ਹਨ। ਪਰਵਾਸੀਆਂ ਵੱਲੋਂ ਗੰਭੀਰ ਅਤੇ ਉੱਚ ਪਾਏ ਦੀ ਸਾਰਥਕ ਕਵਿਤਾ ਦੀ ਸਿਰਜਣਾ ਕੀਤੀ ਜਾ ਰਹੀ ਹੈ। ਪਰਵਾਸੀ ਸਾਹਿਤ ਨੂੰ ਕਈ ਪਿਛਲੇ ਸਾਲਾਂ ਤੋਂ ਡਾਇਸਪੋਰਾ ਦੇ ਸੰਦਰਭ ਵਿੱਚ ਰੱਖ ਕੇ ਮੁੱਲਾਂਕਿਤ ਕੀਤਾ ਜਾਣ ਲੱਗ ਪਿਆ ਹੈ:-

"ਪੰਜਾਬੀ ਸਾਹਿਤ ਵਿੱਚ ਡਾਇਸਪੋਰਾ ਸ਼ਬਦ ਦੇ ਪ੍ਰਯੋਗ ਨੇ ਬੌਧਿਕ ਹਲਕਿਆਂ ਵਿੱਚ ਇੱਕ ਨਵੀ ਬਹਿਸ ਨੂੰ ਜਨਮ ਦਿੱਤਾ ਹੈ। ਕਈ ਪੰਜਾਬੀ ਵਿਦਵਾਨ ਇਸ ਮਤ ਦੇ ਧਾਰਨੀ ਹਨ ਕਿ ਪਰਵਾਸੀ ਪੰਜਾਬੀਆਂ ਬਾਰੇ ਡਾਇਸਪੋਰਾ ਸ਼ਬਦ ਦਾ ਪ੍ਰਯੋਗ ਇਸ ਲਈ ਨਹੀਂ ਕੀਤਾ ਜਾ ਸਕਦਾ ਕਿਉਂ ਜੋ ਪੰਜਾਬੀਆਂ ਦਾ ਪਰਵਾਸ ਜਾਂ ਉਜਾੜਾ ਕੋਈ ਜਬਰੀ ਕੀਤਾ ਉਜਾੜਾ ਜਾਂ ਪਰਵਾਸ ਨਹੀਂ ਸੀ। ਉਂਝ ਜੇਕਰ ਇਸ ਪਰਵਾਸ ਦੇ ਕਾਰਨਾਂ ਦੀ ਤਲਾਸ਼ ਕਰਨੀ ਹੋਵੇ, ਤਾਂ ਇਸ ਦੇ ਵੀ ਕਾਰਨਾਂ ਵਿੱਚ ਆਰਥਿਕ ਰੂਪ ਵਿੱਚ ਖੁਸ਼ਹਾਲ ਹੋਣ ਦੀ ਲੋਚਾ, ਆਰਥਿਕ ਸੰਪੰਨਤਾ ਦੀ ਖ਼ਾਹਿਸ਼ ਅਤੇ ਭਾਰਤ ਵਿੱਚ ਕਿਸੇ ਉਚਿਤ ਰੋਜ਼ਗਾਰ ਦਾ ਨਾ ਮਿਲਣਾ ਕਿਹਾ ਜਾ ਸਕਦਾ ਹੈ। ਉਂਝ ਵੇਖਿਆ ਜਾਵੇ ਤਾਂ ਪੂੰਜੀਵਾਦੀ ਪ੍ਰਬੰਧ ਲੋਕਾਂ ਦੇ ਪਰਵਾਸ ਦਾ ਕਾਰਨ ਬਣਦਾ ਹੈ।"[18]

ਪਰਵਾਸੀ ਕਵੀਆਂ ਵੱਲੋਂ ਰਚੀ ਜਾਂਦੀ ਕਵਿਤਾ ਦਾ ਵਿਸ਼ਾ ਅਲੱਗ-ਅਲੱਗ ਹੁੰਦਾ ਹੈ। ਬੇਸ਼ੱਕ ਇਹ ਸਾਰੇ ਪ੍ਰਵਾਸੀ ਕਵੀ ਪਰਵਾਸ ਧਾਰਨ ਕਰਕੇ ਅੰਦਰੋਂ ਆਪਣੇ ਦੇਸ਼ ਲਈ ਦੁਖੀ ਹਨ, ਪਰ ਉਹ ਪੀੜਾ ਕਿਸੇ ਇੱਕ ਕਸੌਟੀ ਤੇ ਨਹੀਂ, ਬਲਕਿ ਕਈ ਰੂਪਾਂ-ਰੰਗਾਂ ਵਿੱਚ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੈ। ਮੁੱਖ ਤੌਰ ਤੇ ਮੁੱਢਲੀ ਕਵਿਤਾ ਵਿੱਚ ਪਰਵਾਸੀ ਕਵੀਆਂ ਨੇ ਗ਼ਦਰ ਲਹਿਰ ਨਾਲ ਸੰਬੰਧਿਤ ਕਵਿਤਾ ਲਿਖੀ। ਉਹਨਾਂ ਦੀ ਕਵਿਤਾ 20ਵੀਂ ਸਦੀ ਦੇ ਉਤਰਾਅ-ਚੜਾਅ, ਸਾਮਰਾਜੀ ਸੰਘਰਸ਼ਾਂ, ਗ਼ਦਰੀ ਸੰਗਰਾਮਾਂ ਦੀ ਚਰਚਾ ਕਰਦੀ ਹੈ। ਆਰਥਿਕ ਮਜ਼ਬੂਰੀਆਂ ਕਾਰਨ ਪ੍ਰਵਾਸੀਆਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਆਪਣਾ ਦੇਸ਼ ਛੱਡ ਕੇ ਬਿਗਾਨੀ ਧਰਤੀ ਤੇ ਵਿੱਚਰਨਾ ਪੈਂਦਾ ਹੈ। ਫਿਰ ਉੱਥੋਂ ਦੇ ਸਭਿਆਚਾਰ ਵਿੱਚ ਰਲ ਕੇ ਵੱਖਰੀਆਂ ਸਥਿਤੀਆਂ ਵਿਕਾਸ ਵਿਰੋਧਾਂ, ਮਜ਼ਬੂਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਸਾਹਿਤ ਸਮਾਜ ਦਾ ਸੀਸ਼ਾ ਹੁੰਦਾ ਹੈ। ਪਰਵਾਸੀ ਪੰਜਾਬੀ ਕਵੀ ਪਰਵਾਸ ਧਾਰਨ ਕਰਨ ਉਪਰੰਤ ਸਾਹਮਣੇ ਆ ਰਹੀਆਂ ਚੁਣੌਤੀਆਂ ਨੂੰ ਬਿਆਨ ਕਰਦੇ ਹਨ। ਇਹਨਾਂ ਮਜ਼ਬੂਰੀਆਂ ਨੂੰ ਆਪਣੀ ਕਵਿਤਾ ਵਿੱਚ ਪੇਸ਼ ਕਰਦੇ ਹੋਏ ਉਹ ਕਵਿਤਾ ਉਪੱਰ ਇੱਕ ਰੰਗ ਚੜ੍ਹਾ ਦਿੰਦੇ ਹਨ। ਕੋਈ ਇੱਕ ਵਿਸ਼ਾ ਲੈ ਕੇ ਉਹ ਕਵਿਤਾ ਦੀ ਰਚਨਾ ਕਰਦੇ ਹਨ। ਕਵਿਤਾ ਵਿੱਚ ਦੁਖੜੇ, ਤਨਹਾਈਆਂ , ਆਪਣੇ ਦੇਸ਼ ਨੂੰ ਛੱਡਣ ਦਾ ਵਿਯੋਗ ਪਰੋ-ਪਰੋ ਕੇ ਨਪੀੜਿਆ ਹੋਇਆ ਹੁੰਦਾ ਹੈ। ਇਹਨਾਂ ਸਭ ਪਿੱਛੇ ਕਈ ਕਾਰਨ ਢੁਕਵੇਂ ਹੋ ਸਕਦੇ ਹਨ।ਜਿਹੋ-ਜਿਹਾ ਉਹਨਾਂ ਪਰਵਾਸੀਆਂ ਦੀ ਨਿੱਜੀ ਜਿੰਦਗੀ ਵਿੱਚ ਬੀਤਦਾ ਚਲਿਆ ਜਾਂਦਾ ਹੈ, ਉਵੇਂ ਦੇ ਹੀ ਮਨ ਵਿੱਚ ਭਾਵ ਉੱਠਦੇ ਹਨ ਤੇ ਉਹ ਭਾਵ ਕਵਿਤਾ ਦਾ ਰੂਪ ਧਾਰਨ ਕਰ ਲੈਂਦੇ ਹਨ।ਪਰਵਾਸੀ ਕਵੀਆਂ ਵੱਲੋਂ ਲਿਖੀ ਜਾਂਦੀ ਕਵਿਤਾ ਦੇ ਵਿਸ਼ੇ ਅਲੱਗ-ਅਲੱਗ ਹਨ, ਜਿਹਨਾਂ ਦਾ ਵੇਰਵਾ ਇਵੇਂ ਹੈ:-

**ਆਰਥਿਕ ਸੰਕਟ:** ਰੋਜ਼ੀ-ਰੋਟੀ ਦੇ ਸਤਾਏ ਲੋਕ ਜਦੋਂ ਵਿਦੇਸ਼ਾਂ ਵੱਲ ਨੂੰ ਮੁਹਾਰਾਂ ਮੋੜਦੇ ਹਨ ਤਾਂ ਕਿਸੇ ਕੋਲ ਪੈਲੀ ਨਹੀਂ ਹੁੰਦੀ, ਕਿਸੇ ਨੇ ਸ਼ਾਹੂਕਾਰਾਂ ਦੇ ਕਰਜ਼ੇ ਚੁਕਾਉਣੇ ਹੁੰਦੇ ਹਨ, ਕਈ ਘਰੋਂ ਜਮਾਂਦਰੂ ਹੀ ਗ਼ਰੀਬ ਹੁੰਦੇ ਹਨ। ਕਰਜ਼ੇ ਦੀਆਂ ਪੰਡਾਂ ਲਾਹੁਣ

ਲਈ ਡਾਲਰਾਂ ਦੀ ਚਮਕ-ਦਮਕ ਉਹਨਾਂ ਨੂੰ ਵਿਦੇਸ਼ਾਂ ਵੱਲ ਖਿੱਚ ਲੈ ਆਉਂਦੀ ਹੈ। ਪੰਜਾਬ ਵਿੱਚਲੀ ਗ਼ਰੀਬੀ ਅਤੇ ਆਰਥਿਕ ਤੰਗੀ ਕਰਕੇ ਜਿੱਥੇ ਇੱਕ ਕਿਸਾਨ ਮਿੱਟੀ ਨਾਲ ਮਿੱਟੀ ਹੁੰਦਾ ਸਾਰਾ ਦਿਨ ਲੰਘਾ ਕੇ ਵੀ ਕੁੱਝ ਨਹੀਂ ਕਮਾ ਪਾਉਂਦਾ, ਅਜਿਹੀ ਜ਼ਿੰਦਗੀ ਤੋਂ ਲੋਕ ਦੁਖੀ ਹੋਣ ਲੱਗਦੇ ਹਨ। ਉਹ ਅਕੇਵਾ ਮਹਿਸੂਸ ਕਰਦੇ ਹੋਏ, ਪੈਸਿਆਂ ਦੀ ਮਜ਼ਬੂਰੀ ਕਾਰਨ ਇੰਗਲੈਂਡ, ਅਮਰੀਕਾ, ਕੈਨੇਡਾ ਵੱਲ ਨੂੰ ਵਹੀਰਾਂ ਘੱਤ ਲੈਂਦੇ ਹਨ।

**ਭੂ-ਹੇਰਵਾ:** ਭੂ-ਹੇਰਵਾ ਤੋਂ ਭਾਵ ਪਿਛੋਕੜ ਤੋਂ ਲਿਆ ਜਾਂਦਾ ਹੈ। ਉਹ ਲੋਕ ਜੋ ਵਿਦੇਸ਼ਾਂ ਵਿੱਚ ਆ ਬੈਠੇ ਹਨ। ਉਹਨਾਂ ਵਿੱਚੋਂ ਕਈ ਟੱਬਰਾਂ ਦੇ ਟੱਬਰ ਪਿੱਛੇ ਛੱਡ ਆਉਂਦੇ ਹਨ ਅਤੇ ਕੋਈ ਆਪਣੀ ਪਤਨੀ, ਬੱਚੇ, ਜਾਂ ਮਾਂ-ਬਾਪ ਨੂੰ ਛੱਡ ਕੇ ਪ੍ਰਦੇਸ ਆ ਵਸਦੇ ਹਨ। ਕਵਿਤਾ ਵਿੱਚ ਕੋਈ ਪਰਵਾਸੀ ਕਵੀ ਪਰਵਾਸ ਧਾਰਨ ਕਰਨ ਤੋਂ ਬਾਅਦ ਆਪਣੇ ਪਿੰਡ ਦੀਆਂ ਯਾਦਾਂ ਦੀ ਦੁਹਾਈ ਦਿੰਦਾ ਹੈ। ਕਿਸੇ ਨੂੰ ਯਾਰ-ਬੇਲੀ ਯਾਦ ਆਉਂਦੇ ਹਨ, ਕਿਸੇ ਨੂੰ ਬਾਗ਼ ਦੇ ਅੰਬਾਂ ਦਾ ਚੇਤਾ ਆਉਂਦਾ ਹੈ, ਕਿਸੇ ਨੂੰ ਬਚਪਨ ਦੀਆਂ ਤੋਤਲੀਆਂ-ਗੱਲਾਂ , ਕਿਸੇ ਨੂੰ ਬਾਬਿਆਂ ਦੀ ਬੋਹੜ ਥੱਲੇ ਖੁੰਢ-ਚਰਚਾ ਯਾਦ ਆਉਂਦੀ ਹੈ। ਪਰਵਾਸੀ ਕਵੀ ਕਵਿਤਾ ਵਿੱਚ ਬੀਤੇ ਹੋਏ ਨੂੰ ਤ੍ਰਾਹ-ਤ੍ਰਾਹ ਕਰਦੇ ਹੋਏ ਆਵਾਜ਼ਾਂ ਮਾਰਦੇ ਹਨ। ਉਹ ਡਾਲਰਾਂ ਦੀ ਚਮਕ ਤੇ ਸੁਹਾਵਣੀ ਧਰਤੀ ਦੇਖ ਕੇ ਸਰੀਰਕ ਤੌਰ ਤੇ ਇੱਥੇ ਹੀ ਰਹਿਣ ਤਾਂ ਲੱਗ ਪੈਂਦਾ ਹੈ, ਪਰ ਉਸ ਦਾ ਮਨ ਪਿੱਛੇ ਹੀ ਰਹਿੰਦਾ ਹੈ, ਜਿੰਦ ਕਲਾਵੇ ਵੱਢਦੀ ਹੈ, ਆਤਮਾ ਕਰਲਾਉਂਦੀ ਹੋਈ ਪਿੰਡ ਵੱਲ ਜਾਣ ਦੀ ਦੁਹਾਈ ਪਾਉਂਦੀ ਹੈ। ਇਹੀ ਮਾਨਸਿਕ ਅਵਸਥਾਵਾਂ ਕਿਸੇ ਪਰਵਾਸੀ ਕਵੀ ਨੂੰ ਆਪਣੇ ਪਿਛੋਕੜ ਦੀਆਂ ਗੱਲਾਂ ਕਵਿਤਾ ਵਿੱਚ ਉਤਾਰਨ ਲਈ ਕਾਹਲੀਆਂ ਪੈਂਦੀਆਂ ਹਨ ।

**ਸਭਿਆਚਾਰਕ ਵਖਰੇਵਾਂ:** ਬਿਗਾਨੇ ਮੁਲਕਾਂ ਤੇ ਜਦੋਂ ਭਾਰਤੀ ਲੋਕ ਆ ਕੇ ਰਹਿਣ ਲੱਗਦੇ ਹਨ ਤਾਂ ਮਜ਼ਬੂਰਨ ਵੱਸ ਹੋ ਕੇ ਉਹਨਾਂ ਨੂੰ ਵਿਦੇਸ਼ੀ ਸਭਿਆਚਾਰ ਨੂੰ ਅਪਨਾਉਣਾ ਪੈਂਦਾ ਹੈ। ਅੰਦਰੋਂ ਆਤਮਾ ਇਸ ਗੱਲ ਲਈ ਗਵਾਹੀ ਨਹੀਂ ਭਰਦੀ, ਪਰ ਫਿਰ ਵੀ ਆਪਣੀ ਆਮਦਨ ਜਾਂ ਕਮਾਈ ਦੀ ਖਾਤਰ ਉਹਨਾਂ ਨੂੰ ਸਭ ਕੁੱਝ ਸਹਿਣਾ ਪੈਂਦਾ ਹੈ। ਜਦੋਂ ਉਹਨਾਂ ਦੇ ਬੱਚੇ ਵਿਦੇਸ਼ੀ ਸਭਿਆਚਾਰ ਵਿੱਚ ਰਲ ਕੇ ਅਜੀਬ ਢੰਗ ਦੇ ਕੱਪੜੇ ਪਾਉਣ ਲੱਗਦੇ ਹਨ,ਵਿਦੇਸ਼ੀ ਭਾਸ਼ਾ ਬੋਲਣ ਲੱਗਦੇ, ਅਜੀਬ ਵਿਵਹਾਰ ਕਰਨ ਲੱਗਦੇ ਹਨ, ਤਾਂ ਉਹ ਅੰਦਰ-ਅੰਦਰੋਂ ਬਹੁਤ ਦੁਖੀ ਹੁੰਦੇ ਹਨ। ਆਪਣੇ ਭਾਰਤੀ ਸਭਿਆਚਾਰ ਨੂੰ ਉਹ ਮਨੋਂ ਵਿਸਾਰ ਨਹੀਂ ਸਕਦੇ ਤੇ ਵਿਦੇਸ਼ੀ ਸਭਿਆਚਾਰ ਵਿੱਚ ਰਚੇ ਹੋਏ ਬੱਚਿਆਂ ਨੂੰ ਉਹ ਮੋੜ ਨਹੀਂ ਸਕਦੇ ।

"ਇੰਡੀਆ ਨੂੰ ਬਹੁਤਾ ਯਾਦ ਨਾ ਕਰਿਆ ਕਰੋ ਭੈਣ ਜੀ। ਆਪਾਂ ਕਿਹੜਾ ਉੱਥੇ ਰਾਜ਼ੀ-ਖੁਸ਼ੀ ਇੱਥੇ ਹੋਰ ਗਾਲਣ ਆਉਂਨੇ ਆਂ । ਜੇ ਉੱਥੇ ਰੋਟੀ-ਟੁੱਕ ਮਿਲ ਜਾਂਦਾ ਤਾਂ ਜ਼ਰੂਰੀ ਏਥੇ ਖੁੱਚਾਂ ਵਢਾਉਣੀਆਂ ਸੀਗੀਆਂ। ਹੁਣ ਤਾਂ ਬਈ ਮੈਂ ਜਾਣਦੀ ਆਂ ਸਾਡਾ ਇਹੋ ਇੰਡੀਆ-ਇਆਂ। ਬੰਦੇ ਨੂੰ ਜਿੱਥੇ ਢਿੱਡ ਭਰਨ ਨੂੰ ਰੋਟੀ ਮਿਲਜੇ ਉਹੋ ਉਹਦਾ ਘਰ ਇਆਂ।"[19]

**ਨਸਲੀ-ਵਿਤਕਰਾ:** ਕੋਈ ਵੀ ਨਸਲ ਦੂਜੀ ਨਸਲ ਨਾਲੋਂ ਵਖਰੇਵਾਂ ਰੱਖਦੀ ਹੈ। ਇਹ ਵਖਰੇਵਾਂ ਜੈਵਿਕ, ਬੌਧਿਕ ਜਾਂ ਸਭਿਆਚਾਰਕ ਤੌਰ ਤੇ ਹੋ ਸਕਦਾ ਹੈ। ਹਰ ਨਸਲ ਆਪਣੇ ਆਪ ਨੂੰ ਚੰਗੇਰਾ ਸਾਬਿਤ ਕਰਨ ਵਿੱਚ ਰੁੱਝੀ ਰਹਿੰਦੀ ਹੈ ਤੇ ਦੂਜੀ ਨੂੰ ਨਿਕੰਮਾ। ਕੋਈ ਉਹ ਵਿਸ਼ਵਾਸ ਜਾਂ ਝੁਕਾਅ ਜਾਂ ਵਿਹਾਰ-ਵਰਤਾਰਾ ਜੋ ਕਿਸੇ ਇੱਕ ਨਸਲ ਦੀ ਹੀ ਹਿਮਾਇਤ ਕਰੇ, ਉਹ ਨਸਲੀ ਵਿਤਕਰਾ ਅਖਵਾਉਂਦਾ ਹੈ। ਸਿੱਧੇ ਤੌਰ ਤੇ ਨਸਲੀ ਵਿਤਕਰੇ ਤੋਂ ਭਾਵ ਇਨਸਾਨਾਂ ਨੂੰ ਰੰਗ, ਨਸਲ, ਧਰਮ ਅਤੇ ਜਾਤ ਦੇ ਆਧਾਰ ਤੇ ਵੰਡਣਾ, ਫਿਰ ਉਹਨਾਂ ਨੂੰ ਉੱਚਾ ਜਾਂ ਨੀਵਾਂ ਸਮਝਣਾ। ਗ਼ਰੀਬ ਅਤੇ ਮਜ਼ਦੂਰ ਲੋਕਾਂ ਤੋਂ ਲਿਆ ਜਾਂਦਾ ਭਾਰੀ ਕੰਮ, ਉਹਨਾਂ ਉੱਪਰ ਕੀਤਾ ਜਾਂਦਾ ਤਸ਼ਦੱਦ ਅਤੇ ਗੋਰਿਆਂ ਦੇ ਮੁਕਾਬਲੇ ਭਾਰਤੀ ਦੀ ਘੱਟ ਤਨਖ਼ਾਹ ਉਨ੍ਹਾਂ ਨੂੰ ਰੜਕਦੀ ਹੈ। ਇੰਨਾ ਹੀ ਕਾਫ਼ੀ ਨਹੀਂ ਇੰਗਲੈਂਡ, ਕੈਨੇਡਾ ਵਿੱਚਲੇ ਗੋਰਿਆਂ ਨੇ ਭਾਰਤੀਆਂ ਨੂੰ ਕਾਲੇ, ਅਸਭਿਅ, ਗਵਾਰ ਅਤੇ ਕੁੱਤੇ ਸ਼ਬਦਾਂ ਨਾਲ ਸੰਬੋਧਿਤ ਵੀ ਕੀਤਾ। ਕਾਰਖਾਨਿਆਂ, ਫੈਕਟਰੀਆਂ ਵਿੱਚ ਉਹਨਾਂ ਨਾਲ ਭੇਦ-ਭਾਵ ਰੱਖਿਆ ਜਾਂਦਾ ਹੈ। ਸਕੂਲਾਂ, ਕਾਲਜਾਂ ਵਿੱਚ ਦਾਖਲੇ ਸਮੇਂ ਵੀ ਨਸਲੀ-ਅੜਚਣਾਂ ਆਉਂਦੀਆਂ ਹਨ। ਗੋਰੇ ਬੱਚੇ ਭਾਰਤੀ ਬੱਚਿਆਂ ਨਾਲ ਨਫ਼ਰਤ ਕਰਦੇ ਹਨ ਅਤੇ ਉਹਨਾਂ ਨਾਲ ਬੈਠਣਾ ਅਤੇ ਖਾਣਾ ਪਸੰਦ

ਨਹੀਂ ਕਰਦੇ ਪਰ ਭਾਰਤੀਆਂ ਨੂੰ ਫਿਰ ਵੀ ਮਜ਼ਬੂਰ ਹੋ ਕੇ ਇਹ ਸਭ ਸਹਿਣਾ ਪੈਂਦਾ ਹੈ। ਇਹ ਮਾਨਸਿਕ ਸੰਤਾਪ ਪਰਵਾਸੀ ਕਵੀਆਂ ਨੂੰ ਅੰਦਰ ਤੱਕ ਹਿਲਾ ਦਿੰਦਾ ਹੈ, ਜਿਸ ਕਰਕੇ ਪਰਵਾਸੀ ਕਵਿਤਾ ਵਿੱਚ ਨਸਲੀ ਵਿਤਕਰੇ ਦਾ ਜ਼ਿਕਰ ਕਰਨਾ ਲਾਜ਼ਮੀ ਹੋ ਜਾਂਦਾ ਹੈ।

**ਸਮਾਜਿਕ ਆਧਾਰ:** ਪੱਛਮ ਵੱਲ ਨੂੰ ਲੋਕਾਂ ਦਾ ਝੁਕਾਅ ਇੱਕ ਦਿਲਚਸਪੀ ਬਣ ਚੁੱਕਿਆ ਹੈ। ਵਿਦੇਸ਼ ਜਾਣ ਲਈ ਲੋਕ ਕੁੱਝ ਵੀ ਕਰ ਸਕਦੇ ਹਨ। ਕਿਤੇ ਸੱਤਰ ਸਾਲਾਂ ਦੇ ਬਾਬੇ ਨਾਲ ਵੀਹ ਸਾਲਾਂ ਦੀ ਕੁੜੀ ਵਿਆਹ ਦਿੱਤੀ ਜਾਂਦੀ ਹੈ, ਕਿਤੇ ਪੈਸਿਆਂ ਦੇ ਬਦਲੇ ਵਿਆਹ ਕਰ ਦਿੱਤਾ ਜਾਂਦਾ ਹੈ। ਵਿਦੇਸ਼ੀ ਮੁੰਡਾ ਦੇਖ ਕੇ ਘਰਵਾਲੇ ਕੁੜੀ ਦਾ ਵਿਆਹ ਕਰ ਦਿੰਦੇ ਹਨ। ਪਰ ਪਤਾ ਉਦੋਂ ਲੱਗਦਾ ਹੈ, ਜਦੋਂ ਵਿਦੇਸ਼ੀ ਲਾੜੇ ਦਾ ਨਾ ਕੋਈ ਫ਼ੋਨ ਤੇ ਨਾ ਹੀ ਕੁੜੀ ਨੂੰ ਕੋਈ ਸੱਦਾ-ਪੱਤਰ ਆਉਂਦਾ ਹੈ ਤੇ ਆਪਣੇ ਨਾਲ ਹੋਈ ਠੱਗੀ ਲਈ ਉਹ ਸ਼ਰਮਸਾਰ ਹੁੰਦੇ ਰਹਿੰਦੇ ਹਨ। ਪਤੀ ਆਪ ਤਾਂ ਖੁੱਲੇ ਮਾਹੌਲ ਵਿੱਚ ਵਿੱਚਰਦਾ ਹੈ, ਕਲੱਬਾਂ ਵਿੱਚ ਜਾਂਦਾ ਹੈ, ਦੋਸਤਾਂ ਨਾਲ ਪਾਰਟੀਆਂ ਕਰਦਾ ਹੈ ਪਰ ਪਤਨੀ ਨੂੰ ਸਤੀ-ਸਵਿੱਤਰੀ ਬਣੀ ਰਹਿਣ ਲਈ ਕਹਿੰਦਾ ਹੈ ਤੇ ਪੱਛਮੀ ਮਾਹੌਲ ਦੀ ਰੰਗਤ ਤੋਂ ਦੂਰ ਰੱਖਦਾ ਹੈ। ਬੱਚੇ ਹੱਥੋਂ ਨਿਕਲ ਜਾਂਦੇ ਹਨ ਅਤੇ ਆਪਣੀ ਮਰਜ਼ੀ ਕਰਨ ਲੱਗਦੇ ਹਨ। ਗੋਰਿਆਂ ਵੱਲੋਂ ਕੀਤੀ ਜਾਂਦੀ ਬੇਇਜ਼ਤੀ ਵੀ ਲੋਕਾਂ ਨੂੰ ਚੁੱਭਦੀ ਹੈ। ਇਹ ਸਾਰੀਆਂ ਮਾਨਸਿਕ ਸੰਕਟ ਦੀਆਂ ਪਰਿਸਥਿਤੀਆਂ, ਜੋ ਖ਼ੁਦ ਇੱਕ ਕਵੀ ਪਰਵਾਸੀ ਹੋ ਕੇ ਹੰਢਾ ਰਿਹਾ ਹੈ। ਉਹ ਪਰਵਾਸੀ ਕਵਿਤਾ ਦਾ ਵਿਸ਼ਾ ਬਣ ਜਾਂਦਾ ਹੈ।

**ਪੰਜਾਬ ਸੰਕਟ:** 1984 ਦੇ ਹੋਏ ਦੰਗਿਆਂ ਨੇ ਸਭ ਦਾ ਮਨ ਵਲੂੰਧਰ ਕੇ ਰੱਖ ਦਿੱਤਾ। ਇਸ ਦੰਗਿਆਂ ਨਾਲ ਸਿਰਫ਼ ਭਾਰਤ ਰਹਿੰਦੇ ਪੰਜਾਬੀਆਂ ਨੂੰ ਸੰਕਟ ਨਹੀਂ ਭੋਗਣਾ ਪਿਆ, ਸਗੋਂ ਪਰਵਾਸੀ ਪੰਜਾਬੀਆਂ ਦੀ ਆਤਮਾ ਵੀ ਡਿੱਗ- ਡੋਲੇ ਖਾਣ ਲੱਗੀ। ਪਰਵਾਸੀ ਸਾਹਿਤਕਾਰਾਂ ਨੇ 1984 ਦੇ ਦੰਗਿਆਂ ਨੂੰ ਸਾਹਿਤ ਦਾ ਹਿੱਸਾ ਬਣਾਇਆ। ਇਸੇ ਵਿਸ਼ੇ ਤੇ ਕਵੀ ਮੁਸ਼ਤਾਕ ਲਿਖਦਾ ਹੈ : -

"ਅੱਤਵਾਦੀ ਅਤੇ ਸ਼ਹੀਦਾਂ ਦਾ,
ਮਾਸੂਮ ਜਿਹੇ ਕੁਝ ਲੋਕਾਂ ਦਾ
ਚਿਹਰਾ ਜਾ ਖ਼ੂਨ ਨਹਾਉਂਦਾ ਏ
ਤਾਂ ਸਜਦਾ ਏ ਅਖ਼ਬਾਰਾਂ ਤੇ"[20]

**ਆਧੁਨਿਕਤਾ:** ਪੱਛਮੀ ਦੇਸ਼ਾਂ ਵਿੱਚ ਵਿਗਿਆਨ ਦੀ ਤਰੱਕੀ ਨਾਲ ਤਕਨੀਕੀ ਯੁੱਗ ਕਰਕੇ ਹਰ ਚੀਜ਼ ਸੌਖਾਲੀ ਹੋ ਗਈ ਹੈ। ਲੋਕ ਇੰਨੇ ਅੱਗੇ ਵਧ ਗਏ ਹਨ ਕਿ ਉਹ ਇੱਕ ਮਸ਼ੀਨ ਬਣ ਕੇ ਰਹਿ ਗਏ ਹਨ। ਕਿਸੇ ਕੋਲ ਵੀ ਸਮਾਂ ਨਹੀਂ ਕਿਸੇ ਦੇ ਦੁਖੜੇ ਸੁਣਨ ਦਾ।ਭੀੜ-ਭੜੱਕੇ ਦੀ ਇਸ ਦੁਨੀਆ ਵਿੱਚ ਕਿਸੇ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ। ਸਾਰਾ ਕੰਮ ਮਸ਼ੀਨੀ ਹੋਣ ਕਰਕੇ ਲੋਕਾਂ ਦੇ ਦਿਲ ਪੱਥਰ ਦੇ ਹੋ ਕੇ ਰਹਿ ਗਏ ਹਨ। ਹਰ ਰੋਜ਼ ਦਾ ਇੱਕੋ ਹੀ ਤਾਣਾ-ਬਾਣਾ ਜ਼ਿੰਦਗੀ ਨੂੰ ਨੀਰਸ ਬਣਾ ਛੱਡਦਾ ਹੈ। ਜਿੰਦਗੀ ਦੀ ਪਹੇਲੀ ਜਿੰਨੀ ਕੋਈ ਸੁਲਝਾਉਂਦਾ ਜਾਂਦਾ ਹੈ, ਇਹ ਉੱਨੀ ਹੀ ਉਲਝਦੀ ਜਾਂਦੀ ਹੈ। ਡਾਲਰਾਂ ਦੀ ਦੌੜ ਵਿੱਚ ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਬੱਚੇ ਆਧੁਨਿਕ ਹੋ ਗਏ ਹਨ ਉਹਨਾਂ ਨੂੰ ਸੰਸਕ੍ਰਿਤੀ, ਸਭਿਆਚਾਰ ਦੀ ਗੱਲ ਹਾਸੋਹੀਣੀ ਜਾਪਦੀ ਹੈ। ਉਹ ਪਰੰਪਰਾਵਾਂ ਦੀ ਵਲੱਗਣ ਵਿੱਚ ਸਮਾਉਣਾ ਨਹੀਂ ਚਾਹੁੰਦੇ। ਇਹੋ ਜਿਹੇ ਵਿਸ਼ਿਆਂ ਨੂੰ ਪਰਵਾਸੀ ਕਵੀ ਕਵਿਤਾ ਵਿੱਚ ਪਰੋਂਦੇ ਹਨ। ਆਪਣੇ ਮਾਨਸਿਕ ਸੰਕਟ ਨੂੰ ਹੌਲਾ ਕਰਨ ਦੀ ਉਹ ਕੋਸ਼ਿਸ ਕਰਦੇ ਹਨ। ਸਾਹਿਤਕਾਰਾਂ ਨੇ ਵੀ ਪੁਰਾਣੀਆਂ ਸੋਚਾਂ ਅਤੇ ਲਿਖਤਾਂ ਨੂੰ ਤਿਆਗ ਦਿੱਤਾ ਹੈ ਅਤੇ ਨਵੇ ਢੰਗਾਂ ਨਾਲ ਲਿਖਣਾ ਤੇ ਸੋਚਣਾ ਆਰੰਭ ਕਰ ਦਿੱਤਾ ਹੈ। ਮਸ਼ੀਨੀਕਰਣ ਹੋਣ ਕਰਕੇ ਲੋਕ ਆਪਣੀ ਸੰਸਕ੍ਰਿਤੀ ਤੋਂ ਟੁੱਟਣ ਲੱਗ ਪਏ ਹਨ।

**ਇਕੱਲਤਾ:** ਪਰਦੇਸ ਗਏ ਲੋਕਾਂ ਨੂੰ ਜਦੋਂ ਵਤਨ ਦੀ ਯਾਦ ਆਉਂਦੀ ਹੈ ਤਾਂ ਉਹ ਕੋਨਿਆਂ ਵਿੱਚ ਬਹਿ-ਬਹਿ ਕੇ ਰੋਂਦੇ ਹਨ। ਆਪਣੇ ਪਰਿਵਾਰ ਨੂੰ ਛੱਡ ਕੇ ਰੋਜ਼ੀ-ਰੋਟੀ ਦੀ ਖਾਤਰ ਵਿਦੇਸ਼ ਜਾਣ ਵਾਲੇ ਬੰਦੇ ਨੂੰ ਆਪਣੇ ਪਰਿਵਾਰ ਦੀ ਯਾਦ ਸਤਾਉਂਦੀ ਹੈ

ਅਤੇ ਇੱਕਲਾਪਣ ਉਸ ਨੂੰ ਵੱਢ-ਵੱਢ ਖਾਂਦਾ ਹੈ।ਉਸ ਸਮੇਂ ਇੱਕਲੇਪਣ ਨੂੰ ਦੂਰ ਕਰਨ ਲਈ ਕਿਸੇ ਪਰਵਾਸੀ ਕਵੀ ਦਾ ਸਹਾਰਾ ਕਵਿਤਾ ਹੀ ਹੁੰਦੀ ਹੈ।ਪਰਵਾਸੀ ਕਵੀ ਤਾਂ ਕਵਿਤਾ ਦੀ ਰਚਨਾ ਕਰਦੇ ਹਨ।ਹੋਰ ਪਰਵਾਸੀ ਸਾਹਿਤਕਾਰ ਜੋ ਨਾਵਲ, ਨਾਟਕ, ਕਹਾਣੀ ਅਤੇ ਵਾਰਤਕ ਦੀ ਰਚਨਾ ਵੀ ਕਰਦੇ ਹਨ ਪਰ ਜੋ ਰਸ ਕਵਿਤਾ ਵਿੱਚ ਹੈ ਉਸ ਦਾ ਅਲੱਗ ਹੀ ਸੁਆਦ ਹੈ। ਪਰਵਾਸੀ ਕਵੀਆਂ ਨੇ ਪੰਜਾਬ ਤੋਂ ਆਏ ਲੋਕਾਂ ਦੇ ਸੰਘਰਸ਼ਾਂ, ਜੱਦੋ-ਜਹਿਦ, ਮਜ਼ਬੂਰੀਆਂ ਦੀ ਕਹਾਣੀ ਨੂੰ ਬੜੇ ਹੀ ਸਹਿਜੇ ਢੰਗ ਨਾਲ ਬਿਆਨ ਕੀਤਾ ਹੈ। ਕੀ ਕਿਵੇਂ ਇਨਸਾਨ ਸਵੇਰ ਤੋਂ ਰਾਤ ਤੱਕ ਅਤੇ ਰਾਤ ਤੋਂ ਸਵੇਰ ਤੱਕ ਇੱਕ ਮਸ਼ੀਨ ਵਾਂਗ ਚੱਲਦਾ ਹੀ ਰਹਿੰਦਾ ਹੈ। ਜਿਵੇਂ ਬੈਟਰੀ ਤੇ ਚੱਲਣ ਵਾਲਾ ਕੋਈ ਖਿਡੌਣਾ ਹੋਵੇ। ਮਾਨਸਕ ਕਠਿਨਾਈਆਂ ਵਿੱਚੋਂ ਗੁਜ਼ਰਦਾ ਹੋਇਆ ਕਵੀ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਗੱਲ ਹੋਰ ਵੀ ਡੂੰਘੇਰੀ ਕਰ ਜਾਂਦਾ ਹੈ।ਪ੍ਰਾਕ੍ਰਿਤਕ ਚਿਤਰਣ ਕਰਦਾ ਹੋਇਆ ਕਵੀ ਕੈਨੇਡਾ ਦੀ ਸੋਹਣੀ ਦਿੱਖ ਦਾ ਵੀ ਰੱਜ ਕੇ ਖੁਲਾਸਾ ਕਰਦਾ ਹੈ ਕਿ ਪੜ੍ਹਨ ਤੇ ਸੁਣਨ ਵਾਲੇ ਨੂੰ ਵੀ ਆਨੰਦ ਆ ਜਾਵੇ।ਪਰਵਾਸੀ ਕਵੀਆਂ ਦਾ ਵੇਰਵਾ ਦਿੰਦੇ ਹੋਏ, ਉਹਨਾਂ ਦੇ ਮਾਨਸਕ ਸੰਤਾਪ ਦੀ ਗੱਲ ਕਰਦੇ ਹੋਏ ਇਹ ਪਤਾ ਲੱਗ ਜਾਂਦਾ ਹੈ ਕਿ ਉਹ ਲੋਕ ਪਰਵਾਸ ਧਾਰਨ ਕਰਕੇ ਕਿੰਨੇ ਦੁੱਖ ਭੋਗ ਰਹੇ ਹਨ। ਕੀ ਹਰ ਇਨਸਾਨ ਇਸੇ ਤਰ੍ਹਾਂ ਹੀ ਦੁੱਖਾਂ ਵਿੱਚ ਉਤਪੋਤ ਰਹੇਗਾ? ਕੀ ਉਹ ਆਪਣੇ ਦੁੱਖਾਂ ਵਿੱਚੋਂ ਨਿਕਲਣ ਲਈ ਜਾਗੂਰਕ ਨਹੀਂ ਹੋਵੇਗਾ। ਇਹਨਾਂ ਦੁੱਖਾਂ ਵਿੱਚੋਂ ਨਿਕਲਣ ਲਈ ਪਰਵਾਸੀ ਲੋਕਾਂ ਨੂੰ ਜ਼੍ਰਾਗਿਤ ਹੋਣਾ ਪਵੇਗਾ। ਮਨ ਅੰਦਰ ਚੰਗੇ ਮਾੜੇ ਨੂੰ ਸਮਝ ਸਕਣ ਦੀ ਸ਼ਕਤੀ ਹੋਣੀ ਜ਼ਰੂਰੀ ਹੈ। ਮਨ ਉਦੋਂ ਚੇਤੰਨ ਹੋ ਜਾਂਦਾ ਹੈ, ਜਦੋਂ ਉਸ ਅੰਦਰ ਚੇਤਨਾ ਦਾ ਵਾਸਾ ਹੋ ਜਾਂਦਾ ਹੈ। ਪਰਵਾਸੀ ਚੇਤਨਾ ਦੋ ਸ਼ਬਦਾਂ ਦਾ ਸੁਮੇਲ ਹੈ। ਜਿੱਥੇ ਪਰਵਾਸੀ ਨੂੰ immigrant ਅਤੇ ਚੇਤਨਾ ਨੂੰ Conciousness ਕਿਹਾ ਜਾਂਦਾ ਹੈ। ਇਹ ਮਨੁੱਖੀ ਦਿਮਾਗ ਦਾ ਇੱਕ ਵਿਸ਼ਸਿਟ ਗੁਣ ਹੈ, ਜਿਸਦੇ ਸ਼ਾਬਦਿਕ ਅਰਥ ਵੱਖ-ਵੱਖ ਕੋਸ਼ਾਂ ਵਿੱਚ ਬੁੱਧੀ, ਮਨੋਬਿਰਤੀ, ਗਿਆਨਾਤਮਕ ਮਨੋਬਿਰਤੀ, ਵਿੱਚਾਰਨਾ, ਸਮਝਣਾ, ਜਾਨਣਾ,ਸੋਚਣਾ, ਹੋਸ਼, ਧਿਆਨ, ਗਿਆਨ, ਵਿਵੇਚਨਾ ਆਦਿ ਸਮਝੇ ਜਾਂਦੇ ਹਨ। "ਮਨੁੱਖ ਦੇ ਦਿਮਾਗ ਵਿੱਚ ਬਾਹਰ ਵਰਤੀ ਵਰਤਾਰਿਆਂ ਦਾ ਪ੍ਰਤੀਬਿੰਬ ਤੇ ਉਸ ਪ੍ਰਤੀਬਿੰਬ ਦੇ ਅੰਦਰ ਗੁੰਝਲਦਾਰ ਪ੍ਰਕਿਰਿਆ ਦਾ ਨਾਂ ਚੇਤਨਾ ਹੈ। ਚੇਤਨਾ ਕੇਵਲ ਵਰਤਮਾਨ ਦਾ ਬਿੰਬ ਜਾਂ ਪ੍ਰਤੀਬਿੰਬ ਨਹੀਂ ਹੁੰਦੀ, ਸਗੋਂ ਇਸ ਵਿੱਚ ਭੂਤ ਦਾ ਗਿਆਨ ਅਤੇ ਭਵਿੱਖ ਦੀ ਕਲਪਨਾ ਵੀ ਸ਼ਾਮਿਲ ਹੈ। ਸਾਹਿਤ ਸਿਰਜਣ ਵਾਲੀ ਭਾਵੁਕ ਪ੍ਰਕਿਰਿਆ ਨੂੰ ਵੀ ਚੇਤਨਾ ਆਪਣੇ ਕਾਬੂ ਵਿੱਚ ਤੋਰਦੀ ਹੈ।"[21]

ਚੇਤਨਾ ਮਨ ਨਾਲ ਹੀ ਸੰਬੰਧ ਰੱਖਦੀ ਹੈ। ਆਪਣੇ ਦਿਮਾਗ ਰਾਹੀਂ ਹੀ ਇਨਸਾਨ ਸੋਚਦਾ, ਵਿੱਚਾਰਦਾ, ਕਲਪਨਾ ਕਰਦਾ ਹੈ। "ਬਦੇਸ਼ੀ ਪੰਜਾਬੀ ਸਾਹਿਤ ਦੀ ਪ੍ਰਧਾਨ ਸੁਰ ਪਰਵਾਸੀ ਚੇਤਨਾ ਹੈ। ਉੱਪਰੀ ਧਰਤੀ ਤੇ ਰੁਜ਼ਗਾਰ ਦੀ ਤਲਾਸ਼ ਵਿੱਚ ਮਾਨਸਕ ਤੌਰ ਤੇ ਅਸਥਾਈ ਰੂਪ ਵਿੱਚ ਰਹਿੰਦੇ ਹੋਏ, ਸਥਾਨਕ ਸਥਿਤੀਆਂ ਤੇ ਪ੍ਰਸਥਿਤੀਆਂ ਨਾਲ ਦੋ ਚਾਰ ਹੁੰਦੇ ਹੋਏ ਪੈਦਾ ਹੋਈ ਹਾਲਤ ਨੂੰ ਮਾਨਸਿਕ ਸੰਤਾਪ ਵਜੋਂ ਹੰਢਾ ਰਹੇ ਲੋਕਾਂ ਦੀ ਚੇਤਨਾ ਨੂੰ ਹੀ ਪਰਵਾਸੀ ਚੇਤਨਾ ਦਾ ਨਾਂ ਦਿੱਤਾ ਗਿਆ।"[22]

ਵਿਦੇਸ਼ਾਂ ਵਿੱਚ ਰਹਿੰਦੇ ਪਰਵਾਸੀ ਪੰਜਾਬੀ ਜੋ ਕੰਮਾਂ-ਕਾਰਾਂ ਦੀ ਤਲਾਸ਼ ਵਿੱਚ ਇੱਥੇ ਆ ਕੇ ਰਹਿਣ ਲੱਗਦੇ ਹਨ। ਉਹ ਆਰਥਿਕ ਮਜ਼ਬੂਰੀਆਂ ਦੇ ਸਤਾਏ ਹੋਏ ਹੁੰਦੇ ਹਨ। ਉਹ ਮਾਨਸਕ, ਆਰਥਕ, ਸਮਾਜਕ ਸੰਤਾਪ ਹੰਢਾਉਂਦੇ ਹੋਏ ਜਦੋਂ ਆਪਣੇ ਦੁੱਖਾਂ ਪ੍ਰਤੀ ਜ਼੍ਰਾਗਿਤ ਹੋਣ ਲੱਗਦੇ ਹਨ ਤਾਂ ਉਹਨਾਂ ਦੇ ਮਨ ਅੰਦਰ ਚੇਤਨਾ ਆਉਣੀ ਸ਼ੁਰੂ ਹੋ ਜਾਂਦੀ ਹੈ। ਪਰਵਾਸੀ ਚੇਤਨਾ ਤੋਂ ਭਾਵ ਉਹ ਮਨੁੱਖਾਂ ਦੀ ਉਹ ਮਾਨਸਕ ਹਾਲਤ ਜਾਂ ਸਥਿਤੀ ਜੋ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਦੀ ਭਾਲ ਵਿੱਚ ਸੁੱਖ-ਸਹੂਲਤਾਂ ਦੀ ਖ਼ਾਤਰ ਆਪਣਾ ਦੇਸ਼ ਛੱਡ ਕੇ ਪਰਾਈ ਧਰਤੀ ਤੇ ਵਸ ਗਏ ਹਨ ਅਤੇ ਉੱਥੇ ਰਹਿ ਕੇ ਉਥੋਂ ਦੀਆਂ ਪ੍ਰਸਥਿਤੀਆਂ ਕਾਰਨ ਪੈਦਾ ਹੋਏ ਮਾਨਸਕ ਸੰਤਾਪ ਨੂੰ ਹੰਢਾ ਰਹੇ ਹਨ। ਇੱਥੇ ਰਹਿੰਦੇ ਹੀ ਕਾਫ਼ੀ ਲੇਖਕਾਂ ਨੇ ਸੰਘਰਸ਼ ਕਰਦੇ, ਮਜ਼ਦੂਰੀਆਂ ਕਰਦੇ ਲੋਕਾਂ ਦੀ ਹਾਲਤ ਦੇਖ ਕੇ ਪਰਵਾਸੀ ਸਾਹਿਤ ਦੀ ਰਚਨਾ ਕੀਤੀ। ਜਦੋਂ ਪਰਵਾਸੀਆਂ ਨੇ ਵਿਦੇਸ਼ੀ ਧਰਤੀ ਤੇ ਪੈਰ ਰੱਖਿਆ ਤਾਂ ਉਹਨਾਂ ਨੂੰ ਨਸਲੀ ਵਿਤਕਰਾ, ਸਭਿਆਚਾਰ ਸੰਕਟ ਅਤੇ ਕਈ ਮਾਨਸਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਇਸੇ ਮਾਨਸਕਤਾ ਵਿੱਚੋਂ ਹੀ ਉੱਭਰ ਕੇ ਪਰਵਾਸੀ ਚੇਤਨਾ

ਪੈਦਾ ਹੋਈ। ਇਹ ਪਰਵਾਸੀ ਚੇਤਨਾ ਪ੍ਰਾਪਤ ਯਥਾਰਥ ਦੀ ਸ਼ਕਲ ਵਿੱਚ ਪਰਵਾਸੀਆਂ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਤੇ ਉਹਨਾਂ ਦੁਆਰਾ ਝੱਲੀਆਂ ਪਰੇਸ਼ਾਨੀਆਂ ਤੋਂ ਉਪਜਦੀ ਹੈ।ਪਰਵਾਸੀ ਪੰਜਾਬੀ ਲੋਕਾਂ ਨੇ ਵਿਦੇਸ਼ਾਂ ਵਿੱਚ ਵਿੱਚਰਦੇ ਹੋਏ ਮਾਨਸਕ ਸੰਤਾਪ ਨੂੰ ਹੰਢਾਇਆ, ਉਸ ਵਿੱਚ ਕੇਵਲ ਮਰਦ ਹੀ ਨਹੀਂ ਸਨ, ਔਰਤਾਂ ਵੀ ਸ਼ਾਮਿਲ ਸਨ। ਜੇਕਰ ਮਰਦ ਸਮਾਜਿਕ ਵਰਤਾਰੇ ਦਾ ਗੁਲਾਮ ਸੀ, ਪੱਛਮੀ ਤਾਣੇ-ਬਾਣੇ ਤੋਂ ਵਿਭਿੰਨ ਸੀ। ਉੱਥੇ ਹੀ ਔਰਤ ਮਰਦ ਦੀ ਗ਼ੁਲਾਮ ਸੀ। ਮਰਦ ਦੀ ਮਰਜ਼ੀ ਨਾਲ ਹੀ ਔਰਤ ਬਾਹਰ ਨਿਕਲ ਕੇ ਕੰਮ ਕਰਦੀ ਸੀ ਅਤੇ ਪੱਛਮੀ ਰੰਗਤ ਤੋਂ ਮਰਦ ਉਸ ਨੂੰ ਦੂਰ ਰੱਖਣ ਦੀ ਕੋਸ਼ਿਸ ਕਰਦਾ ਸੀ। ਪਰ ਜਦੋਂ ਔਰਤਾਂ ਘਰ ਦਾ ਗੁਜ਼ਾਰਾ ਨਾ ਚੱਲਦਾ ਦੇਖ ਕੇ ਕੰਮ ਤੇ ਲੱਗੀਆਂ ਤਾਂ ਪੱਛਮ ਵਿੱਚ ਵਿੱਚਰ ਰਹੀ ਨਾਰੀ ਨੂੰ ਦੇਖਿਆ, ਸਮਝਿਆ ਅਤੇ ਉਸ ਦੇ ਜ਼ਿੰਦਗੀ ਜੀਵਣ ਦੇ ਤੌਰ-ਤਰੀਕੇ ਤੇ ਸਲੀਕੇ ਦੇਖੇ ਤਾਂ ਭਾਰਤੀ ਨਾਰੀ ਵੀ ਪੱਛਮੀ ਨਾਰੀ ਵਾਂਗ ਆਜ਼ਾਦ ਸੋਚ ਦੀ ਧਾਰਨੀ ਹੋਣ ਲੱਗੀ। ਉਸ ਦੇ ਪਹਿਰਾਵੇ ਦੇ ਨਾਲ ਉਸ ਦੀ ਸੋਚ ਵੀ ਬਦਲ ਗਈ।ਉਸ ਨੂੰ ਸਮਝ ਆ ਗਈ ਕਿ ਮੱਥੇ ਤੇ ਸੰਧੂਰ ਤੇ ਮੋਟੀ ਬਿੰਦੀ ਸਜਾ ਕੇ ਰਸੋਈ ਵਿੱਚ ਰੋਟੀਆਂ ਪਕਾਉਣ ਵਾਲੀ ਨਾਰੀ ਨੂੰ ਨਾਰੀ ਨਹੀਂ ਕਿਹਾ ਜਾਂਦਾ, ਸਗੋਂ ਆਪਣੇ ਆਪੇ ਦੀ ਪਛਾਣ ਨੂੰ, ਆਪਣੇ ਵਜੂਦ ਨੂੰ ਪਹਿਚਾਨਣਾ ਹੀ ਔਰਤ ਸ਼ਕਤੀ ਹੈ। ਔਰਤ ਆਪਣੇ ਹੱਕਾਂ ਪ੍ਰਤੀ ਜਾਗ੍ਰੂਕ ਹੋਈ। ਉਸ ਨੂੰ ਜ਼ਿੰਦਗੀ ਜਿਊਣ ਦੀ ਅਸਲ ਸਮਝ ਆਉਣ ਲੱਗੀ। ਪਰਵਾਸੀ ਔਰਤਾਂ ਵਿੱਚ ਵਿਦੇਸ਼ੀ ਨਾਰੀਵਾਦੀ ਚਿੰਤਕਾਂ ਦੇ ਸਾਹਿਤ ਦੇ ਫਲਸਰੂਪ ਚੇਤਨਾ ਆਉਣੀ ਸ਼ੁਰੂ ਹੋਈ। ਜ਼੍ਰਾਗਿਤ ਹੋਈ ਨਾਰੀ ਪ੍ਰਤੀ-ਬਹੁਤ ਸਾਰੇ ਪ੍ਰਵਾਸੀ ਕਵੀਆਂ ਨੇ ਆਪਣੀ ਕਲਮ ਅਜ਼ਮਾਈ।ਨਾਰੀ ਚੇਤਨਾ ਦੇ ਸੰਦਰਭ ਵਿੱਚ ਕਵਿਤਾ ਲਿਖਣ ਵਾਲਾ ਕਵੀ 'ਗਿੱਲ ਮੋਰਾਂਵਾਲੀ' ਹੈ।'ਗਿੱਲ ਮੋਰਾਂਵਾਲੀ' ਨੂੰ ਨਾਰੀ ਸਰੋਕਾਰਾਂ ਵਾਲੀ ਸ਼ਾਇਰੀ ਦਾ ਸਿਰਜਕ, ਨਾਰੀ ਸੰਵੇਦਨਾ ਦਾ ਕਵੀ, ਧੀਆਂ ਦੇ ਦੁੱਖਾਂ ਦਾ ਦਰਦੀ, ਧੀਆਂ ਦੀ ਸੁੱਖ ਲੋੜਦਾ ਅਤੇ ਨਾਰੀ ਵੇਦਨਾ ਦਾ ਕਵੀ ਕਿਹਾ ਜਾਂਦਾ ਹੈ। ਪਰਵਾਸੀ ਕਵੀ ਗਿੱਲ ਮੋਰਾਂਵਾਲੀ ਦੇ ਕਾਵਿ-ਸੰਗ੍ਰਹਿ ਔਰਤਾਂ ਦੇ ਸੰਤਾਪ, ਔਰਤ ਦੇ ਦੁੱਖਾਂ ਦੀ ਕਹਾਣੀ ਨੂੰ ਬਿਆਨ ਕਰਦੇ ਹਨ। ਗਿੱਲ ਮੋਰਾਂਵਾਲੀ ਕਲਾ ਦਾ ਸਿਰਜਕ, ਸੁਹਜਵਾਦੀ, ਸੂਖ਼ਮਵਾਦੀ ਅਤੇ ਸੰਵੇਦਨਸ਼ੀਲ ਵਿਅਕਤਿਤਵ ਦਾ ਸੁਆਮੀ ਹੈ। ਉਸਨੇ ਵਿਗਿਆਨਕ ਦ੍ਰਿਸ਼ਟੀ ਅਪਣਾਉਂਦੇ ਹੋਏ ਨਾਰੀ ਨੂੰ ਉਸਦੇ ਹੱਕਾਂ ਲਈ ਜਾਗ੍ਰੂਕ ਕੀਤਾ।ਗਿੱਲ ਮੋਰਾਂਵਾਲੀ ਆਪਣੀਆਂ ਕਵਿਤਾਵਾਂ ਵਿੱਚ ਜ਼ਾਹਿਰ ਕਰ ਰਿਹਾ ਹੈ ਕਿ ਪ੍ਰੰਪਰਾਗਤ ਔਰਤ ਨਾਲੋਂ ਵਰਤਮਾਨ ਯੁੱਗ ਦੀ ਔਰਤ ਦੀ ਸਮਾਜਿਕ ਸਥਿਤੀ ਬਦਲ ਚੁੱਕੀ ਹੈ :-

> "ਪਹਿਲੀ ਔਰਤ ਹੋਰ ਸੀ,
> ਔਰਤ ਹੁਣ ਦੀ ਹੋਰ।
> ਪਹਿਲਾਂ ਫਰਜਾਂ 'ਤੇ ਸਿਗਾ
> ਹੁਣ ਹੱਕਾਂ ਤੇ ਜ਼ੋਰ।"[23]

ਗਿੱਲ ਮੋਰਾਂਵਾਲੀ ਇੱਕ ਮਰਦ ਹੋ ਕੇ ਵੀ ਔਰਤ ਦੇ ਹੱਕ ਦੀ ਗੱਲ ਕਰਦਾ ਹੈ। ਔਰਤ ਦਾ ਪੱਖ ਪੂਰਦਾ ਹੋਇਆ ਔਰਤ ਨੂੰ ਵਡਿਆਈ ਦੀ ਪਾਤਰ ਦੱਸਦਾ ਹੈ।ਗਿੱਲ ਮੋਰਾਂਵਾਲੀ ਔਰਤ ਦੀ ਤ੍ਰਾਸ ਭਰੀ ਅਵਸਥਾ ਲਈ ਚਿੰਤਾ ਤਾਂ ਕਰਦਾ ਹੈ ਪਰ ਉਹ ਉਦਾਸ ਨਹੀਂ ਹੁੰਦਾ, ਉਹ ਕਹਿੰਦਾ ਹੈ ਕਿ ਅਜਿਹਾ ਵਕਤ ਆਏਗਾ ਜਦੋਂ ਔਰਤ ਮਰਦ ਦੇ ਬਰਾਬਰ ਅਧਿਕਾਰਾਂ ਦੀ ਮੰਗ ਕਰੇਗੀ। ਭਰੂਣ ਹੱਤਿਆ ਸੰਬੰਧੀ ਵੀ ਉਸ ਨੇ ਰੱਜ ਕੇ ਕਲਮ ਚਲਾਈ। ਗਿੱਲ-ਮੋਰਾਂਵਾਲੀ ਨੂੰ ਨਾਰੀ-ਵੇਦਨਾ ਅਤੇ ਨਾਰੀ-ਸੰਵੇਦਨਾ ਦਾ ਕਵੀ ਕਿਹਾ ਜਾਂਦਾ ਹੈ ਕਿਉਂ ਕਿ ਉਸ ਦਾ ਸਾਰਾ ਕਾਵਿ ਹੀ ਨਾਰੀ, ਨਾਲ ਸੰਬੰਧਿਤ ਹੈ।ਨਾਰੀ ਚੇਤਨਾ ਨਾਲ ਸੰਬੰਧਿਤ ਉਸਦੇ ਕਾਵਿ-ਸੰਗ੍ਰਹਿ ਹਨ, 'ਮੌਸਮ ਦਾ ਸੰਤਾਪ,' 'ਸੁਣ ਮਾਏ ਸੁਣ ਬਾਬਲਾ,' 'ਬਾਬਲ ਜਾਈ ਕੀ ਕਰੇ,' 'ਅੰਮੀ ਜਾਈ ਕੀ ਕਰੇ' ਆਦਿ ਹਨ। ਗਿੱਲ-ਮੋਰਾਂਵਾਲੀ ਨੇ ਨਾਰੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਕੇ ਸਮਾਜ 'ਚ ਨਾਰੀ ਨੂੰ ਮਰਦ ਦੇ ਬਰਾਬਰ ਖੜ੍ਹੇ ਰਹਿਣ ਦੀ ਗੱਲ ਕੀਤੀ ਹੈ।ਨਾਰੀ ਸਰੋਕਾਰਾਂ ਦੀ ਗੱਲ ਦਵਿੰਦਰ ਚੰਦਨ ਨੇ ਵੀ ਕੀਤੀ। ਉਹ ਔਰਤ ਦੇ ਨਜ਼ਰੀਏ ਤੋਂ ਔਰਤ-ਮਰਦ ਦੇ ਸੰਬੰਧਾਂ

ਨੂੰ ਦੇਖਦਾ ਹੈ। ਸਮਾਜ ਵਿੱਚ ਵਿੱਚਰ ਰਹੀ ਔਰਤ ਨਾਲ ਦੁਰਵਿਹਾਰ ਹੋ ਰਿਹਾ ਹੈ। ਪਰ ਉਸ ਦੇ ਬਾਵਜੂਦ ਵੀ ਔਰਤ ਰਿਸ਼ਤਿਆਂ ਨੂੰ ਚੰਗੇ ਤਰੀਕੇ ਨਾਲ ਨਿਭਾਉਂਦੀ ਹੈ।ਅਜਿਹੀ ਹੀ ਸਥਿਤੀ ਦਾ ਦਵਿੰਦਰ ਚੰਦਨ ਨੇ ਆਪਣੀ ਕਵਿਤਾ ਵਿੱਚ ਜ਼ਿਕਰ ਕੀਤਾ ਹੈ-

"ਜਦੋਂ ਕੋਈ ਭੈਣ ਔਰਤ ਵਾਂਗ ਸਾਹ ਲੈਂਦੀ ਹੈ।
ਭਰਾ ਨੂੰ ਦਮੇ ਦਾ ਰੋਗ ਹੋ ਜਾਂਦਾ ਹੈ,
ਜਦੋਂ ਕੋਈ ਧੀ ਔਰਤ ਵਾਂਗ ਸਾਹ ਲੈਂਦੀ ਹੈ
ਬਾਪੂ ਰੂਹ ਤੱਕ ਕੈਂਸਰਿਆ ਜਾਂਦਾ ਹੈ,
ਜਦੋਂ ਕੋਈ ਪਤਨੀ ਔਰਤ ਵਾਂਗ ਸਾਹ ਲੈਂਦੀ ਹੈ
ਪਤੀ ਦੇ ਖ਼ੂਨ ਦਾ ਦੌਰਾ ਦਿਮਾਗ਼ੀ ਨਸ ਫੱਟਣ ਤੀਕ ਪਹੁੰਚ ਜਾਂਦਾ ਹੈ।"[24]

ਔਰਤ ਹੋਣ ਦੇ ਨਾਤੇ ਇੱਕ ਕਵਿੱਤਰੀ ਹੀ ਔਰਤ ਦੀ ਦੁਰਦਸ਼ਾ ਨੂੰ ਚੰਗੀ ਤਰ੍ਹਾਂ ਸਮਝ ਕੇ ਬਿਆਨ ਕਰ ਸਕਦੀ ਹੈ। ਰਾਣੀ ਨਗੇਂਦਰ ਪਰਵਾਸੀ ਕਵਿੱਤਰੀ ਹੈ।ਉਸਦੀ ਕਵਿਤਾ ਦਾ ਵਿਸ਼ਾ ਨਾਰੀ ਚੇਤਨਾ ਨਾਲ ਸੰਬੰਧਿਤ ਹੈ। ਉਸ ਨੇ ਆਪਣੀ ਵਿੱਚਾਰਧਾਰਾ ਅਨਕੂਲ ਕਵਿਤਾ ਵਿੱਚ ਨਵੇਂ ਯੁੱਗ ਵਿੱਚ ਔਰਤ ਦੀ ਬਦਲ ਰਹੀ ਸਥਿਤੀ ਦੀ ਗਾਥਾ ਨੂੰ ਬਿਆਨ ਕੀਤਾ ਹੈ:-

"ਮੈਂ ਔਰਤ ਹਾਂ ਦੇਵੀ ਨਹੀਂ
ਮੈ ਗਮਲਿਆਂ 'ਚ ਬੀਜਿਆ ਪੌਦਾ ਨਹੀਂ।
ਮੈਂ ਧਰਤੀ 'ਚ ਬੀਜੀ ਔਰਤ ਹਾਂ
ਅੱਜ ਦੇ ਯੁੱਗ ਦੀ ਹਾਣੀ।
ਨ ਕੋਈ ਮਾਣ ਨ ਕੋਈ ਮੇਹਣਾ,
ਨਾ ਕੋਈ ਰਿਆਯਤ ਮੰਗਦੀ ਹਾਂ।
ਮੈਂ ਇੱਕ ਔਰਤ ਹਾਂ।"[25]

ਜਗਤਾਰ ਢਾਅ ਇੱਕ ਸੰਵੇਦਨਸ਼ੀਲ ਕਵੀ ਹੈ। ਉਹ ਆਪਣੀ ਕਵਿਤਾ ਵਿੱਚ ਨਾਰੀ ਸੰਵੇਦਨਾ ਦੀ ਗੱਲ ਕਰਦਾ ਹੋਇਆ, ਔਰਤ ਦੇ ਸਾਰੇ ਰੂਪਾਂ ਨੂੰ ਪੇਸ਼ ਕਰਦਾ ਹੈ। ਸਮਾਜ ਵਿੱਚ ਵਿੱਚਰ ਰਹੀ ਔਰਤ ਚਾਹੇ ਧੀ ਦੇ ਰੂਪ ਵਿੱਚ ਹੋਵੇ ਜਾਂ ਮਾਸ਼ੂਕ ਦੇ ਰੂਪ ਵਿੱਚ, ਔਰਤ ਸਭ ਤੋਂ ਪਹਿਲਾਂ ਇੱਕ ਔਰਤ ਹੀ ਹੁੰਦੀ ਹੈ। ਧੀ ਦੀਆਂ ਸੱਧਰਾਂ ਉਦੋਂ ਖੇਰੂੰ-ਖੇਰੂੰ ਹੋ ਜਾਂਦੀਆਂ ਹਨ, ਜਦੋਂ ਬਾਪ ਆਰਥਿਕ ਮਜ਼ਬੂਰੀਆਂ ਕਾਰਨ ਕਰਜ਼ੇ ਵਿੱਚ ਫ਼ਸ ਜਾਂਦਾ ਹੈ ਅਤੇ ਧੀ ਵੀ ਆਪਣੇ ਆਪ ਨੂੰ ਬਾਬਲ ਉੱਪਰ ਕਰਜ਼ਾ ਹੀ ਮਹਿਸੂਸ ਕਰਦੀ ਹੈ:-

"ਬਾਬਲ ਮੇਰੇ, ਸਿਰ ਉੱਤੇ ਪੰਡ ਕਰਜ਼ਿਆਂ ਦੀ 'ਚ
ਸਭ ਤੋਂ ਵੱਡਾ
ਕਰਜ਼ਾ ਧੀ ਦਾ
ਇੱਕ ਦਿਨ ਉਹੀ ਕਰਜ਼ਾ ਅੜਿਆ
ਬਣ ਗਿਆ ਮੇਰੀਆਂ ਸੱਧਰਾਂ ਦੀ ਫਾਹੀ।"[26]

ਔਰਤ ਦੀ ਨਿਘਰ ਰਹੀ ਸਥਿਤੀ ਅਤੇ ਉਸ ਨੂੰ ਦਬਾ ਕੇ ਰੱਖਣ ਦੀ ਭਾਵਨਾ ਸਮਾਜ ਦੇ ਲੋਕਾਂ ਦੇ ਮਨ ਵਿੱਚ ਘਰ ਗਈ ਹੈ। ਔਰਤ ਨੂੰ ਮਰਦ ਵੱਲੋਂ ਅਤੇ ਸਮਾਜ ਦੇ ਲੋਕਾਂ ਵੱਲੋਂ ਹਰ ਖੇਤਰ ਵਿੱਚ ਪਿਛਾੜਿਆ ਜਾਂਦਾ ਹੈ।ਸਹੁਰੇ ਘਰ ਵਿੱਚ ਵਿੱਚਰ ਰਹੀ ਨੂੰਹ ਦੀ ਸਥਿਤੀ ਨੂੰ ਜਗਤਾਰ ਢਾਅ ਕਵਿਤਾ ਰਾਹੀਂ ਬਿਆਨ ਕਰਦੇ ਹਨ:-

"ਸਮਝ ਨਾ ਲੱਗੇ
ਪੈਰ ਦੀ ਜੁੱਤੀ ਦਾ ਹੋਏ ਜਿਸ
ਦਰਦ ਹੰਢਾਇਆ
ਕਿਉਂ ਬਣਾ ਕਿਸੇ ਨੂੰ ਜੁੱਤੀ
ਆਪਣੇ ਪੈਂਰੀ ਉਹ ਪਾਉਣਾ ਚਾਹੇ
ਤੜਫ਼ੀ ਹੋਏ ਜੇ
ਸੱਸ ਚੋਂ ਮਾਂ ਲੱਭਣ ਲਈ
ਉਹ ਕਿਉਂ ਸੱਸ ਬਣ-ਬਣ ਦਿਖਲਾਏ।"[27]

ਔਰਤ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੀ ਹੋਈ ਹਮੇਸ਼ਾਂ ਤੋਂ ਹੀ ਤ੍ਰਾਸਦੀ ਦਾ ਪਾਤਰ ਰਹੀ ਹੈ। ਉਸ ਨੂੰ ਜਿਆਦਾ ਖੁੱਲ ਇਸ ਕਰਕੇ ਨਹੀਂ ਦਿੱਤੀ ਜਾਂਦੀ ਕਿਉਂਕਿ ਔਰਤ ਨੇ ਹੀ ਸਮਾਜ ਅਤੇ ਪਰਿਵਾਰ ਦੀ ਲਾਜ ਰੱਖਣੀ ਹੁੰਦੀ ਹੈ। ਔਰਤ ਬੰਦਿਸ਼ਾਂ ਅਤੇ ਮਰਿਯਾਦਾ ਵਿੱਚ ਜੀਵਨ ਬਤੀਤ ਕਰਦੀ ਹੈ। ਵਿਦੇਸ਼ੀ ਔਰਤ ਦੀ ਸਥਿਤੀ ਨੂੰ ਇੱਕਬਾਲ ਰਾਮੂਵਾਲੀਆ ਕਵਿਤਾਵਾਂ ਰਾਹੀਂ ਬਿਆਨ ਕਰਦੇ ਹਨ।ਇੱਕਬਾਲ ਰਾਮੂਵਾਲੀਆ ਨੇ ਆਪਣੀਆਂ ਕਵਿਤਾਵਾਂ ਵਿੱਚ ਨਾਰੀ ਦੀ ਤ੍ਰਾਸਦੀ ਦੀ ਗੱਲ ਕੀਤੀ ਹੈ।ਔਰਤਾਂ ਦੀ ਸਥਿਤੀ ਸਮਾਜ ਵਿੱਚ ਦੱਬੀ-ਘੁੱਟੀ ਨਾਰੀ ਦੀ ਹੈ ਪਰ ਇਸ ਦੇ ਬਾਵਜੂਦ ਵੀ ਨਾਰੀ ਮਰਦ ਨੂੰ ਸ਼ਕਤੀ ਦਿੰਦੀ ਹੈ। ਉਸ ਨੂੰ ਸਮਾਜ ਨੇ ਚਾਰ ਦੀਵਾਰੀ ਵਿੱਚ ਬੰਦ ਰੱਖਣ ਵਾਲੀ ਵਸਤੂ ਸਮਝਿਆ।ਉਹ ਘਰ ਦੀਆਂ ਸਮੱਸਿਆਵਾਂ ਵਿੱਚ ਉਲਝੀ ਰਹਿੰਦੀ ਹੈ। ਪੰਜਾਬ ਵਿੱਚ ਰਹਿਣ ਵਾਲੇ ਲੋਕ ਆਪਣੀ ਭੋਲੀ-ਭਾਲੀ ਕੁੜੀ ਦਾ ਵਿਆਹ ਪ੍ਰਵਾਸੀ ਲਾੜੇ ਨਾਲ ਕਰ ਦਿੰਦੇ ਹਨ ਭਾਵੇਂ ਉਹ ਬੁੱਢਾ ਹੀ ਕਿਉਂ ਨਾ ਹੋਵੇ। ਸਭਿਆਚਾਰ ਦੀ ਚਮਕ-ਦਮਕ ਦੇਖ ਇਹ ਕੁੜੀਆਂ ਸਾਰੀ ਉਮਰ ਬੇਵਸੀ ਤੇ ਲਾਚਾਰੀ ਭਰਿਆ ਜੀਵਨ ਹੰਢਾਉਣ ਲਈ ਮਜ਼ਬੂਰ ਹੋ ਜਾਂਦੀਆਂ ਹਨ :-

"ਮੈਂ ਉਨ੍ਹਾਂ ਬੀਵੀਆਂ ਨੂੰ ਜਾਣਦਾ ਹਾਂ
ਜੋ ਬੀਅਰ ਵਿੱਚ ਗੱਚ ਪਤੀਆਂ ਨੂੰ
ਫਰਿਜਾਂ ਚੋਂ ਉਠਾ ਕੇ
ਤਵੇ ਤੇ ਸਹਿਜ ਭਾਅ ਗਰਮਾਉਂਦੀਆਂ ਨੇ
ਗਿੱਲੀਆਂ ਲੱਕੜੀਆਂ ਨੂੰ ਪੋਟਿਆਂ ਦਾ ਸੇਕ ਦੇ ਕੇ
ਜਿਵੇਂ ਵੀ ਹੋ ਸਕੇ
ਉਵੇਂ ਜਗਾਉਣਾ ਚਾਹੁੰਦੀਆਂ ਨੇ
-----------------
ਉਹ ਆਪਣੇ ਆਪ ਨੂੰ ਪੀਂਦੀਆਂ ਨੇ
ਉਹ ਆਪਣੇ ਆਪ ਨੂੰ ਪੀਂਦੀਆਂ ਨੇ"[28]

ਇਕਬਾਲ ਰਾਮੂਵਾਲੀਆ ਦੀ ਕਵਿਤਾ ਤੋਂ ਜ਼ਾਹਿਰ ਹੈ ਕਿ ਔਰਤ ਨੂੰ ਸਿਰਫ਼ ਭੋਗਣ ਦੀ ਵਸਤੂ ਸਮਝ ਕੇ ਉਸ ਦੀ ਬੇਵਸੀ ਦਾ ਫਾਇਦਾ ਉਠਾਇਆ ਜਾਂਦਾ ਹੈ। ਔਰਤ ਪ੍ਰਤੀ ਰਵੱਈਆ ਜਗੀਰੂ ਸਮਾਜ ਵਾਲਾ ਹੈ। ਮਰਦ ਪ੍ਰਧਾਨ ਸਮਾਜ ਦੇ ਲੋਕ ਇਹੀ ਸੋਚਦੇ ਹਨ ਕਿ "ਔਰਤਾਂ ਅਤੇ ਰੰਨਾਂ ਜਿੰਨਾ ਭੰਡੀਏ, ਉਨਾ ਚੰਗਾ।" ਔਰਤ ਘਰ ਤੋਂ ਬਾਹਰ ਨਿਕਲ ਕੇ ਕੰਮ ਕਰਕੇ ਆਮਦਨ ਲਿਆਉਂਦੀ ਹੈ ਪਰ ਫਿਰ ਵੀ ਉਸ ਨੂੰ ਮਰਦ ਦੇ ਬਰਾਬਰ ਨਹੀਂ ਰੱਖਿਆ ਜਾਂਦਾ। ਔਰਤ ਨਾਲ ਹੋ ਰਹੇ ਵਿਤਕਰੇ ਦੀ ਗੱਲ ਅਮਰ

ਜਿਉਤੀ ਆਪਣੀਆਂ ਕਵਿਤਾਵਾਂ ਵਿੱਚ ਕਰਦੀ ਹੈ। ਉਹ ਨਾਰੀ ਚੇਤਨਾ, ਨਾਰੀ ਸੰਘਰਸ਼, ਨਾਰੀ ਦੀ ਤਰਸ ਭਰੀ ਸਥਿਤੀ ਦੀ ਗੱਲ ਕਰਦੀ ਹੈ। ਉਹ 1982 ਵਿੱਚ ਵਿਆਹ ਤੋਂ ਬਾਅਦ ਨੀਂਦਰਲੈਂਡ ਜਾ ਵਸੀ। ਪਰਵਾਸ ਧਾਰਨ ਕਰਨ ਉਸਨੇ ਨਾਰੀ ਸੰਦਰਭ ਵਿੱਚ ਕਵਿਤਾਵਾਂ ਲਿਖ ਸੁੱਟੀਆਂ। ਉਸ ਨੂੰ ਲੱਗ ਰਿਹਾ ਹੈ, ਸੱਸੀ ਵਾਂਗ ਉਹ ਵੀ ਥਲਾਂ ਵਿੱਚ ਭੁੱਜ ਰਹੀ ਹੈ।ਮਾਰੂਥਲ ਦੀ ਤੱਤੀ ਰੇਤ ਉਸ ਦੇ ਪੈਰਾਂ ਨੂੰ ਸਾੜ ਰਹੀ ਹੈ। ਔਰਤਾਂ ਦੇ ਸੰਘਰਸ਼ ਦੀ ਗੱਲ ਕਰਦੀ ਹੋਈ ਉਹ ਕਹਿੰਦੀ ਹੈ ਕਿ ਕੇਵਲ ਇਹ ਤਪਦੇ ਪੈਰ ਉਸਦੇ ਹੀ ਨਹੀਂ ਹੋਰ ਪਤਾ ਨਹੀਂ ਕਿੰਨੇ ਕੁ ਪੈਰ ਇਸ ਮਾਰੂਥਲ ਵਿੱਚ ਅੰਗਿਆਰ ਵਾਂਗ ਤਪਦੇ ਰੇਤ ਉੱਪਰ ਤੁਰ ਰਹੇ ਹਨ। ਉਹ ਜੇਕਰ ਨਾਰੀ ਦੀ ਤਰਸ ਭਰੀ ਸਥਿਤੀ ਨੂੰ ਬਿਆਨ ਵੀ ਕਰਨਾ ਚਾਹਵੇ ਤਾਂ ਉਸ ਨੂੰ ਨਿਰਾਸ਼ਾ ਤੇ ਤਰਸ ਦੀ ਭਾਵਨਾ ਦੇ ਵੇਗ ਵਿੱਚ ਨਹੀਂ ਪੇਸ਼ ਕਰਦੀ, ਸਗੋਂ ਇਸ ਨੂੰ ਚੇਤਨਾ ਦੀ ਦਰਗਾਹ ਤੱਕ ਲਿਜਾ ਕੇ ਬਿਆਨ ਕਰਨ ਦੀ ਕੋਸ਼ਿਸ ਕਰਦੀ ਹੈ। ਉਸ ਦੀ ਪੇਸ਼ਕਾਰੀ ਦੀ ਸਭ ਤੋਂ ਵੱਡੀ ਵਿਸ਼ੇਸਤਾ ਇਹ ਹੈ ਕਿ ਉਹ ਭਾਰਤੀ ਮਿਥਿਹਾਸ, ਇਤਿਹਾਸ ਨਾਲ ਸੰਬੰਧਿਤ ਨਾਰੀ ਪਾਤਰਾਂ ਸੀਤਾ, ਅਹੱਲਿਆ ਅਤੇ ਯਸ਼ੋਧਰਾ ਆਦਿ ਦੇ ਸਮਾਂਨਾਤਰ ਅੱਜ ਦੀ ਨਾਰੀ ਦਾ ਬਿੰਬ ਪੇਸ਼ ਕਰਦੀ ਹੈ :-

"ਮੈਨੂੰ ਸੀਤਾ ਨਾ ਕਹੋ
ਮੈਂ ਜਿੰਦਗੀ ਦੀ ਅਗਨੀ ਪ੍ਰੀਖਿਆ
ਦੇਣ ਤੋਂ ਪਹਿਲਾਂ
ਆਪਣੇ ਹਮਸਫ਼ਰ ਸੰਗ
ਦਲੀਲ ਨਾਲ
ਗੱਲ ਕਰਨੀ ਹੈ।"[29]

ਅਮਰ ਜਿਉਤੀ ਦੀਆਂ ਕਵਿਤਾਵਾਂ ਵਿੱਚਲੀ ਪਾਤਰ ਬਣੀ ਨਾਰੀ, ਅਹੱਲਿਆ ਵਾਂਗ ਹਜ਼ਾਰਾਂ ਸਾਲ ਬੁੱਤ ਬਣ ਕੇ ਨਹੀਂ ਉਡੀਕਣਾ ਚਾਹੁੰਦੀ ਤੇ ਨਾ ਹੀ ਉਸਨੂੰ ਸੀਤਾ ਬਣਕੇ ਹੀ ਸਮਾਜ ਵਿੱਚ ਵਿੱਚਰਨਾ ਪਸੰਦ ਹੈ। ਹੁਣ ਉਹ ਗੌਤਮ ਦੀ ਵੀ ਆਗਿਆ ਦਾ ਪਾਲਣ ਨਹੀਂ ਕਰਨਾ ਚਾਹੁੰਦੀ। ਉਹ ਉਸ ਸਥਿਤੀ ਤੋਂ ਵਾਕਿਫ਼ ਹੋ ਕੇ ਉਸ ਨੂੰ ਚੰਗੀ ਤਰਾਂ ਬਿਆਨ ਕਰਦੀ ਹੈ, ਜਿੱਥੇ ਨਾਰੀ ਧੀ ਜੰਮਣ ਦਾ ਸੰਤਾਪ ਹੰਢਾਉਂਦੀ ਹੈ। ਬਿਨਾਂ ਕਿਸੇ ਕਸੂਰ ਤੋਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਸਾਰੀ ਜਿੰਦਗੀ ਉਸ ਦੀ ਹਾਉਕਿਆਂ-ਹਾਵਿਆਂ ਤੇ ਤਰਸ ਦਾ ਪਾਤਰ ਬਣ ਕੇ ਹੀ ਨਿਕਲ ਜਾਂਦੀ ਹੈ, ਉਸ ਦਾ ਮੁੱਲ ਇੱਕ ਖਿਡੌਣੇ ਤੋਂ ਵੱਧ ਕੁੱਝ ਵੀ ਨਹੀਂ ਪੈਂਦਾ।ਅਮਰ ਜਿਉਤੀ ਦੀ ਸਾਹਿਤਕ ਸੇਵਾ ਬਦਲੇ ਭਾਸ਼ਾ ਵਿਭਾਗ ਪੰਜਾਬ ਨੇ 2000 ਵਿੱਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ ਪੁਰਸਕਾਰ) ਨਾਲ ਉਸ ਨੂੰ ਸਨਮਾਨਿਤ ਕੀਤਾ। ਨਾਰੀ ਦਾ ਭਾਰਤੀ ਸੰਸਕ੍ਰਿਤੀ ਵਿੱਚ ਰੰਗੇ ਹੋਣ ਕਰਕੇ ਉਸ ਦੇ ਪਤੀ ਪ੍ਰਤੀ ਫਰਜ਼ ਦੀ ਗੱਲ ਕਰਦੀ ਹੋਈ ਉਹ ਲਿਖਦੀ ਹੈ :-

"ਆਪਣੀ ਉਮਰਾਂ ਦਾ ਦਾਨ ਕਰਕੇ
ਪਤੀ ਪ੍ਰਮੇਸ਼ਰ ਪਾਉਂਦੀਆਂ
ਦਾਸੀਆਂ ਬਣਕੇ ਖੁਸ਼
ਗੁਲਾਮੀ ਦੇ ਅਰਥ ਹੰਢਾਉਂਦੀਆਂ
ਕਰਵਾ ਚੌਥ ਮਨਾਉਂਦੀਆਂ।"[30]

ਅਮਰ ਜਿਉਤੀ ਕਵਿਤਾਵਾਂ ਰਾਹੀਂ ਬਿਆਨ ਕਰਦੀ ਹੈ ਕਿ ਕਿੰਨੀਆਂ ਹੀ ਇਸਤਰੀਆਂ ਨੂੰ ਮਰਦ ਸਾਹਮਣੇ ਅਗਨੀ ਪ੍ਰੀਖਿਆ ਦੇਣੀ ਪੈਂਦੀ ਹੈ। ਕਰਵਾ ਚੌਥ ਵਰਗਾ ਵਰਤ ਰੱਖ ਕੇ ਔਰਤ ਖ਼ੁਦ ਹੀ ਮਰਦ ਦੀ ਗੁਲਾਮ ਬਣ ਰਹੀ ਹੈ। ਅਮਰ ਜਿਉਤੀ ਦੀਆਂ ਸਾਰੀਆਂ ਹੀ ਕਵਿਤਾਵਾਂ ਦੇ ਵਿਸ਼ੇ ਟੁੰਬਵੇ ਹਨ। ਉਹ 'ਭ੍ਰਿਸ਼ਟਾਚਾਰ' 'ਕੁੜੀਆਂ ਤੇ ਧਰੇਕਾਂ', 'ਜੰਜ਼ੀਰਾਂ', 'ਅਨਾਰ ਕਲੀ', 'ਨੇੜ੍ਹੇ

ਦਾ ਉਹਲਾ', 'ਹਯਾਤੀ ਦੀ ਹੂਕ', 'ਕਵੀ ਨੂੰ ਸਰਧਾਂਜਲੀ' ਕਵਿਤਾਵਾਂ ਰਚਦੀ ਹੈ।'ਖਾਮੋਸ਼ੀ ਦੀ ਅਵਾਜ਼' ਕਾਵਿ-ਸ੍ਰੰਗਹਿ ਨਾਲ ਉਹ ਅੱਠ ਸਾਲਾਂ ਦੀ ਖਾਮੋਸ਼ੀ ਤੋੜਦੀ ਹੈ। ਅਮਰ ਜਿਉਤੀ ਆਪਣੀਆਂ ਰਚਨਾਵਾਂ ਵਿੱਚ ਬਿਆਨ ਕਰਦੀ ਹੈ ਕਿ ਇੱਕ ਆਮ ਔਰਤ ਨਾਲ ਬਾਜ਼ਾਰ ਦੀ ਔਰਤ ਵਰਗਾ ਦੁਰਵਿਹਾਰ ਕੀਤਾ ਜਾਂਦਾ ਹੈ। ਇੱਕ ਆਮ ਔਰਤ ਤਾਂ ਕੀ ਸੀਤਾ ਤੱਕ ਨੂੰ ਵੀ ਇਸ ਸਮਾਜ ਨੇ ਨਹੀਂ ਬਖ਼ਸਿਆ:-

"ਸੀਤਾ ਨੂੰ ਅੱਗ ਵਿੱਚ ਜਲਾ ਦਿੱਤਾ ਗਿਆ,
ਮਰਿਯਾਦਾ ਦੀ ਖਾਤਿਰ
ਮਰਿਯਾਦਾ ਮਰ ਗਈ ਪਰ
ਸੀਤਾ ਜਿੰਦਾ ਰਹੀ,
ਧਰਤੀ ਦੇ ਗਰਭ 'ਚ ਪਏ ਸੱਤਾ ਘੜਿਆਂ 'ਚ'
ਮੁੜ ਸੀਤਾ ਉੱਗ ਪਈ,
ਸਰਾਪ ਜਿੰਦਾ ਛੱਡ ਗਈ।"[31]

ਸਮਾਜ ਵਿੱਚ ਵਿੱਚਰ ਰਹੀਆਂ ਕਿੰਨੀਆਂ ਹੀ ਇਸਤਰੀਆਂ ਨੂੰ ਅਗਨੀ ਪ੍ਰੀਖਿਆ ਦੇਣੀ ਪੈਂਦੀ ਹੈ। ਸੀਤਾ ਦਾ ਜਾਗਣਾ ਇਹ ਦਰਸਾਉਂਦਾ ਹੈ ਕਿ ਮਿਥਿਕ ਦੁਨੀਆਂ ਦੇ ਪਾਸਾਰੀ ਸਫ਼ਰ ਰਾਹੀਂ ਇਸ ਕਾਵਿ ਸਤਰਾਂ ਵਿੱਚ ਪੇਸ਼ ਪਾਤਰ ਬੰਦ ਮਾਹੌਲ ਤੋਂ ਬਾਹਰ ਦੌੜਨ ਦਾ ਰਸਤਾ ਤਲਾਸ਼ ਕਰਦੇ ਨਜ਼ਰ ਆਉਂਦੇ ਹਨ। ਸੀਤਾ ਦਾ ਜਾਗਣਾ ਭਾਵ ਤੀਜੀ ਅੱਖ ਦਾ ਖੁੱਲ ਕੇ ਉਸ ਦਾ ਸੁਚੇਤ ਹੋ ਜਾਣਾ। ਸਸ਼ੀ ਸਮੁੰਦਰਾ ਕਾਵਿ ਵਿੱਚਲੀ ਔਰਤ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੀ ਹੋਈ, ਆਪਣੇ ਹੱਕ ਪ੍ਰਤੀ ਚੇਤੰਨ ਹੈ।ਉਹ ਮਰਦ ਪ੍ਰਧਾਨ ਸਮਾਜ ਦਾ ਵਿਰੋਧ ਕਰਦੀ ਹੈ ਅਤੇ ਪਰੰਪਰਾ ਵਾਲੀਆਂ ਕਦਰਾਂ- ਕੀਮਤਾਂ ਅਤੇ ਮੁੱਲਾਂ ਤੋਂ ਮੁਕਤ ਹੋਣਾ ਲੋਚਦੀ ਹੈ। ਸਸ਼ੀ ਸਮੁੰਦਰਾ ਦੇ ਕਾਵਿ ਵਿੱਚਲੀ ਔਰਤ ਮਾਨਸਿਕ ਪੀੜਾ ਹੰਢਾਉਂਦੀ ਹੋਈ ਤਣਾਉ ਗ੍ਰਸਤ ਹੋ ਜਾਂਦੀ ਹੈ। ਉਹ ਮਰਦ ਪ੍ਰਧਾਨ ਸਮਾਜ ਵਿੱਚ ਨਾਂਹ ਪੱਖੀ ਕਦਰਾਂ-ਕੀਮਤਾਂ ਅਤੇ ਨਾਰੀ ਵਿਰੋਧੀ ਮਰਦ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ ਤੇ ਨਾਲ ਹੀ ਉਹ ਆਦਰਸ਼ਕ ਮਰਦ ਦੀ ਭਾਲ ਵਿੱਚ ਲੱਗੀ ਰਹਿੰਦੀ ਹੈ। ਸਸ਼ੀ ਸਮੁੰਦਰਾ ਦੀ ਪੂਰੀ ਕਵਿਤਾ ਹੀ 'ਔਰਤ' ਕੇਂਦ੍ਰਿਤ ਹੈ। ਉਹ ਆਪਣੀਆਂ ਕਵਿਤਾਵਾਂ ਵਿੱਚ ਔਰਤਾਂ ਦੀਆਂ ਜਟਿਲ ਸਮੱਸਿਆਵਾਂ ਨੂੰ ਬਾਖ਼ੂਬੀ ਚਿਤਰਦੀ ਹੈ:-

"ਪਰਦੇ ਪਿਛਲਾ ਹੁਸਨ
ਮੂਰਖ ਮਰਦਾਂ ਨੂੰ ਭਾਉਂਦਾ ਹੋਊ
ਪਰ ਪਰਦੇ ਪਿਛਲੀ ਔਰਤ
ਇੱਕ ਅਪਾਹਿਜ ਹੁੰਦੀ ਹੈ"[32]

ਉਸ ਨੇ ਕਾਵਿ ਵਿੱਚਲੀ ਔਰਤ ਸਮਾਜਕ ਚੌਗਿਰਦੇ ਵਿੱਚ ਵਿੱਚਰ ਕੇ ਆਪਣੀ ਇੱਕ ਵੱਖਰੀ ਥਾਂ ਬਣਾਉਣਾ ਚਾਹੁੰਦੀ ਹੈ ਅਤੇ ਪਰੰਪਰਕ ਕਦਰਾਂ ਕੀਮਤਾਂ ਨੂੰ ਤਿਆਗ ਕੇ ਆਧੁਨਿਕ ਸੋਚ ਦੀ ਧਾਰਨੀ ਹੋਣਾ ਵੀ ਲੋਚਦੀ ਹੈ।

ਸਸ਼ੀ ਸਮੁੰਦਰਾ ਕਵਿਤਾ ਵਿੱਚਲੀ ਔਰਤ ਬਾਰੇ ਲਿਖਦੀ ਹੈ ਉਹ ਔਰਤ ਹਾਲੇ ਇੱਕੱਲੀ ਹੈ ਅਨਜਾਣ ਹੈ ਅਤੇ ਸਮਾਜ ਵਿੱਚ ਵਿੱਚਰਦੀ ਹੋਈ ਉਹ ਹੌਲੀ-ਹੌਲੀ ਜੀਵਨ ਜਾਚ ਸਿੱਖ ਹੀ ਲਵੇਗੀ।ਸਸ਼ੀ ਸਮੁੰਦਰਾ ਕਵਿਤਾ ਵਿੱਚ ਮਨੁੱਖ ਦੀ ਬਦਲ ਰਹੀ ਵਪਾਰਕ ਸੋਚ, ਆਰਥਿਕ ਤਾਣੇ-ਪੇਟੇ ਵਿੱਚ ਕਾਮੁਕ ਰੁਚੀ, ਰਿਸ਼ਤਿਆਂ ਦੀ ਬਦਲਦੀ ਸਥਿਤੀ ਪ੍ਰਤੀ ਵਿਅੰਗਮਈ ਵਤੀਰਾ ਅਪਣਾਉਂਦੀ ਹੋਈ ਲਿਖਦੀ ਹੈ :-

"ਇੱਕ ਔਰਤ ਲਈ,

ਦੋ ਮਰਦ ਲੜੇ

ਜਿਵੇਂ

ਇੱਕ ਬੋਟੀ ਲਈ

ਦੋ ਕੁੱਤੇ।"[33]

ਸਸ਼ੀ ਸਮੁੰਦਰਾ ਦੀ ਇਹ ਕਵਿਤਾ ਤ੍ਰਾਸਦੀ ਨਾਲ ਸੰਬੰਧਿਤ ਹੈ ਕਿ ਕਿਵੇਂ ਸਮਾਜਿਕ ਵਾਤਾਵਰਣ ਵਿੱਚ ਔਰਤ ਦੀ ਖਿੱਚ ਧੂਹ ਹੋ ਰਹੀ ਹੈ, ਮਰਦ ਜੋ ਸਿਰਫ਼ ਭੋਗ ਦੀ ਵਸਤੂ ਸਮਝ ਕੇ ਹੀ ਔਰਤ ਨਾਲ ਭੋਗਣ ਵਰਗਾ ਹੀ ਵਿਵਹਾਰ ਕਰਦੇ ਹਨ।ਪਰਵਾਸੀ ਪੰਜਾਬੀ ਕਵਿਤਾ ਵਿੱਚ ਨਾਰੀ ਚੇਤਨਾ ਨਾਲ ਸੰਬੰਧਿਤ ਮਹੱਤਵਪੂਰਨ ਕਵਿੱਤਰੀ ਹੈ ਕੈਲਾਸ਼ਪੁਰੀ ।ਉਹ ਆਪਣੀ ਕਵਿਤਾ ਵਿੱਚ ਔਰਤ ਜਾਤ ਦੀ ਨਿਖੇਧਾਤਮਕ ਸਥਿਤੀ ਦਾ ਜ਼ਿਕਰ ਕਰਦੀ ਹੋਈ, ਆਜ਼ਾਦ ਔਰਤ ਦੀ ਗੱਲ ਕਰਦਿਆਂ, ਪੱਛਮ ਵਿੱਚ ਚੱਲੀ ਨਾਰੀ ਮੁਕਤੀ ਲਹਿਰ ਦੇ ਉਦੇਸ਼ ਨੂੰ ਬਿਆਨ ਕਰਦੀ ਹੈ। ਲੇਖਿਕਾ ਇੱਕ ਇਸਤਰੀ ਹੋਣ ਕਰਕੇ ਔਰਤ ਦੀ ਮਾਨਸਿਕਤਾ ਨੂੰ ਸਮਝਦੀ ਹੈ। ਸਮਾਜ ਵਿੱਚ ਔਰਤ ਨਾਲ ਹੋ ਰਹੇ ਵਿਤਕਰੇ ਅਤੇ ਵਧੀਕੀਆਂ ਦੀ ਉਸਨੂੰ ਚੰਗੀ ਤਰ੍ਹਾਂ ਸੂਝ ਹੈ।ਕੈਲਾਸ਼ਪੁਰੀ ਨੂੰ ਅਫ਼ਰੀਕਨ ਔਰਤ ਦੇ ਕਰੂਪ ਹੋਣ ਦਾ ਵੀ ਦੁੱਖ ਹੈ। ਉਹ ਚਿੰਤਤ ਹੈ ਕਿ ਉਸ ਪ੍ਰਮਾਤਮਾ ਨੇ ਉਹਨਾਂ ਔਰਤਾਂ ਨੂੰ ਖੂਬਸੂਰਤੀ ਨਹੀਂ ਬਖ਼ਸੀ ਅਤੇ ਔਰਤ ਜੋ ਸਹੁੱਪਣ ਕਰਕੇ ਹੀ ਜਾਣੀ ਜਾਂਦੀ ਹੈ ਉਸ ਪ੍ਰਮੇਸ਼ਵਰ ਨੇ ਉਹਨਾਂ ਨੂੰ ਰੂਪ ਤੋਂ ਵਾਂਝਾ ਰੱਖਿਆ :-

"ਰੱਬਾ ਇਹ ਤੂੰ ਕੇਹਾ ਵਰ ਦਿੱਤਾ

ਜ਼ੁਲਫ ਨਾ ਬਖਸ਼ੀ ਰੂਪ ਨਾ ਦਿੱਤਾ

ਨਾ ਤੂੰ ਉਜਲਾ ਰੰਗ ਦਿੱਤਾ

ਇਹ ਵੀ ਕੀ ਤੂੰ ਜ਼ੁਲਮ ਕਮਾਇਆ ?

ਤੀਵੀਂ ਦੀ ਤੂੰ ਜਾਤ ਬਖਸ਼ ਕੇ

ਹੁਸਨ ਤੇ ਰੂਪ ਨੂੰ ਧੱਬਾ ਲਾਇਆ ?"[34]

ਕੈਲਾਸ਼ਪੁਰੀ ਔਰਤ ਦੇ ਸਰਬਸ਼ਕਤੀਮਾਨ ਹੋਣ ਦੀ ਗੱਲ ਕਰਦੀ ਹੈ। ਉਹ ਮਿਥਿਹਾਸਕ ਅਤੇ ਇਤਿਹਾਸਕ ਔਰਤ ਪਾਤਰਾਂ ਨੂੰ ਲੈ ਕੇ ਉਹਨਾਂ ਦੇ ਸਰਬ ਸ਼ਕਤੀਮਾਨ ਹੋਣ ਦਾ ਅਹਿਸਾਸ ਕਰਵਾਉਂਦੀ ਹੈ:

"ਮੈਂ ਚੰਡੀ,

ਮੈਂ ਸਰਸਵਤੀ

ਮੈਂ ਦੁਰਗਾ, ਮੈਂ ਲਕਸ਼ਮੀ,

ਮੈਂ ਝਾਂਸੀ ਰਾਣੀ, ਦੇਵਕੀ

ਮੈਂ ਸੀਤਾ, ਮੀਰਾ, ਭਾਗਵਤੀ

ਮੈਂ ਰਾਧਾ ਮੈਂ ਪਾਰਵਤੀ।

ਕੋਈ ਦੱਸੇ ਮੇਰਾ ਰੁਤਬਾ

ਤੇ ਹਿੱਸੇ ਆਇਆ ਵਿਤਕਰਾ

ਮੈਂ ਤਵਾਰੀਖ ਹਿੰਦ ਦੀ

ਛਾਤੀ ਤੇ ਨਕਸ਼ਾ ਉਕਰਿਆ

ਉਹ ਮੇਰਾ, ਮੈਂ ਹਰਦਮ ਉਸ ਦੀ

ਭਾਣਾ ਇਹੋ ਰੱਬ ਦਾ
ਜੇ ਮੰਨੂੰ ਜੁੱਤੀ ਆਖਿਆ
ਰਾਜ-ਜਣਨੀ, ਨਾਨਕ ਭਾਖਿਆ
ਕੋਈ ਆਖੇ ਅਕਲ ਕਿੱਲੇ ਟੰਗ
-----------------
ਇਹ ਲਕਸ਼ਮੀ ਇਹ ਪਾਰੋ
ਇਹ ਮੇਣੁਕਾ
ਕੋਈ ਦੱਸੇ ਇਹ ਮਰਾਤਬਾ ?"[35]

ਪਰਵਾਸੀ ਪੰਜਾਬੀ ਕਵਿਤਾ ਦੇ ਦੋ ਮਹੱਤਵਪੂਰਨ ਕਵੀ ਨਵਤੇਜ ਭਾਰਤੀ ਅਤੇ ਅਜਮੇਰ ਰੋਡੇ ਹਨ। ਉਹਨਾਂ ਨੇ ਇੱਕ ਸਾਂਝਾ ਕਵਿਤਾ ਦਾ ਗ੍ਰੰਥ 'ਲੀਲ੍ਹਾ' ਲਿਖਿਆ, ਜਿਸ ਵਿੱਚ ਕੁੱਝ ਕਵਿਤਾਵਾਂ ਨਾਰੀ ਚੇਤਨਾ, ਨਾਲ ਸੰਬੰਧਿਤ ਹਨ। ਉਹ ਕਵਿਤਾ 'ਅਹੱਲਿਆ' ਵਿੱਚ ਲਿਖਦੇ ਹਨ :-

"ਮਨੁੱਖ ਨੂੰ ਜਦ-ਜਦ ਵੀ ਪਤਾ ਚੱਲਦਾ ਹੈ'
ਕਿ ਨਾਰੀ ਵੇਖਣ ਲਗ ਪਈ ਹੈ
ਉਹ ਉਸਦੀ ਅੱਖ ਬੰਦ ਕਰ ਦਿੰਦਾ ਹੈ
ਨਾਰੀ ਦਾ ਆਪਣੀ ਅੱਖ ਨਾਲ ..
ਵੇਖਣਾ ਹੀ ਉਸਦਾ ਸਰਾਪ ਹੈ ----
ਤੇਰਾ ਸਰਾਪ ਲੈ ਕੇ
ਮੈਂ ਤੈਥੋਂ ਮੁਕਤ ਹੋ ਗਈ ਹਾਂ
ਮੈਂ ਆਪਣੇ ਸਾਰੇ ਅੰਗ ਤੈਥੋਂ
ਵਾਪਸ ਮੰਗਦੀ ਹਾਂ
ਪੱਥਰ ਦੇ ਹੀ ਸਹੀ
ਪਰ ਹੁਣ ਉਹ ਮੇਰੇ ਹਨ।"[36]

ਸੁਖਵਿੰਦਰ ਕੰਬੋਜ ਪਰਵਾਸੀ ਕਵੀ ਹੈ। ਉਸਦੀ ਕਵਿਤਾ ਵਿੱਚ ਨਾਰੀ ਸਰੋਕਾਰਾਂ ਦੀ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ।'ਜਾਗਦੇ ਅੱਖਰ' ਕਾਵਿ-ਸੰਗ੍ਰਹਿ ਵਿੱਚ ਸੁਖਵਿੰਦਰ ਕੰਬੋਜ ਨਾਰੀ ਦੇ ਦਰਿਆ ਦਿਲ ਹੋਣ ਦੀ ਗੱਲ ਕਰਦਾ ਹੈ।ਉਹ ਔਰਤ ਨੂੰ ਸ਼ਕਤੀ ਵੀ ਮੰਨਦਾ ਹੈ ਅਤੇ ਨਰਮ ਤੇ ਨਾਜ਼ੁਕ ਦਿਲ ਵਾਲੀ ਔਰਤ ਵੀ। ਉਹ ਲਿਖਦਾ ਹੈ:-

"ਨਾਰੀ ਦਾ ਦਿਲ ਅੰਬਰ ਵਰਗਾ,
ਸਾਗਰ ਵਰਗਾ ਜੇਰਾ ਹੋ,
ਸਹਿ ਜਾਵੇ ਤਾਂ ਫੱਟ ਸਹੇ ਇਹ,
ਨਾਰੀ ਸਬਰ ਇਹ ਤੇਰਾ ਹੋ।
ਨਾ ਸਹੇ ਤਾਂ ਕੰਢੇ ਚੋਭ ਵੀ,
ਜ਼ਿੰਦਗੀ ਤੋਂ ਵੱਧ ਭਾਰੀ ਹੋ,

ਨਾਰੀ ਜੱਗ ਦੀ ਮਮਤਾ

---------------

ਨਾਰੀ ਹਿੱਸੇ ਨਾ ਕੋਈ ਸੂਰਜ,

ਨਾ ਕੋਈ ਚੰਨ ਨਾ ਤਾਰਾ ਹੋ

ਹਿੱਸੇ ਇਹਦੇ ਦਰਿਆ ਹੰਝੂ

ਰੰਗ ਜਿਨ੍ਹਾਂ ਦਾ ਖ਼ਾਰਾ ਹੋ

ਸੀਨੇ ਲੈ ਕੇ ਮਰ ਜਾਵੇ ਇਹ,

ਆਪਣੀ ਰੀਝ ਕੁਆਰੀ ਹੋ।"[37]

ਸੁਰਿੰਦਰ ਪਾਲ ਕੌਰ ਬਰਾੜ ਬੜੀ ਹੀ ਰਵਾਂ ਸੋਚ ਵਾਲੀ ਪਰਵਾਸੀ ਕਵਿੱਤਰੀ ਹੈ। ਉਸਦੀ ਪਰਪੱਕ ਸੋਚ ਦੇ ਨਾਲ-ਨਾਲ ਉਸਦੀ ਕਲਮ ਵਿੱਚ ਅੰਤਾਂ ਦੀ ਰਵਾਨਗੀ ਹੈ। ਉਹਨਾਂ ਨੇ ਕਵਿਤਾ ਰਾਹੀਂ ਬਹੁਤ ਸਾਰੇ ਵਿਸ਼ਿਆਂ 'ਚ ਹੱਥ ਅਜ਼ਮਾਇਆ ਹੈ, ਜਿਹਨਾਂ ਵਿੱਚੋਂ ਇੱਕ ਵਿਸ਼ਾ ਨਾਰੀ ਚੇਤਨਾ ਵੀ ਹੈ। ਉਹ ਲਿਖਦੀ ਹੈ:-

"ਮੈਂ ਜੀਉਣਾ ਸਿੱਖ ਰਹੀ ਹਾਂ

ਕਿੰਝ ਵਕਤ ਨੂੰ ਹੱਥ 'ਚ ਫੜ ਕੇ,

ਕਿੰਝ ਭਵ-ਸਾਗਰ ਨੂੰ ਪਾਰ ਕਰੀਦਾ

ਕਿੰਜ ਕਿਸੇ ਮਹਾਨ ਕੋਸ਼ ਦੇ ਅਰਥਾਂ ਨੂੰ

ਆਪਣੀ ਕੰਨ੍ਹੀ ਨਾਲ ਬੰਨ ਕੇ

ਕਿਸੇ ਸਮੁੰਦਰ ਦੇ ਸਫ਼ਰ ' ਤੇ ਨਿਕਲ ਜਾਈਦਾ।"[38]

ਪਰਵਾਸੀ ਕਵਿਤਾ ਵਿੱਚ ਇੰਦਰਜੀਤ ਕੌਰ ਸਿੱਧੂ ਨੂੰ ਬੜਾ ਉੱਚਾ ਸਥਾਨ ਪ੍ਰਾਪਤ ਹੈ। ਉਹ ਆਪਣੀਆਂ ਕਵਿਤਾਵਾਂ ਵਿੱਚ ਪਰੰਪਰਕ ਕਦਰਾਂ ਕੀਮਤਾਂ ਤੋਂ ਲੈ ਕੇ ਆਧੁਨਿਕ ਯੁੱਗ ਵਿੱਚ ਵਿੱਚਰ ਰਹੀ ਨਾਰੀ ਦੀ ਸੋਚ ਨੂੰ ਬਿਆਨ ਕਰਦੀ ਹੈ। ਉਸ ਦੀਆਂ ਕਵਿਤਾਵਾਂ ਦਾ ਵਿਸ਼ਾ ਨਾਰੀ ਚੇਤਨਾ ਹੈ। ਉਸ ਦੇ ਸੱਤ ਕਾਵਿ-ਸੰਗ੍ਰਹਿ ਨਾਰੀ ਚੇਤਨਾ ਅਤੇ ਔਰਤ ਦੀ ਸਮਾਜ ਵਿੱਚ ਤ੍ਰਾਸਦੀ ਭਰੀ ਸਥਿਤੀ ਨਾਲ ਸੰਬੰਧਿਤ ਹਨ।ਇੰਦਰਜੀਤ ਕੌਰ ਸਿੱਧੂ ਨਾਰੀ ਦੀ ਆਜ਼ਾਦੀ ਦੀ ਗੱਲ ਕਰਨ ਦੇ ਨਾਲ-ਨਾਲ ਔਰਤ ਦੇ ਅੰਦਰ ਆਜ਼ਾਦੀ ਲਈ ਛੁਪੇ ਭਰਮ ਨੂੰ ਉਜਾਗਰ ਕਰਨ ਦੀ ਵੀ ਕੋਸ਼ਿਸ ਕਰਦੀ ਹੈ। ਇੰਦਰਜੀਤ ਸਿੱਧੂ ਦੀਆਂ ਕਵਿਤਾਵਾਂ ਮਨੋਬਚਨੀ ਵੀ ਹਨ। ਉਸ ਦੀ ਕਵਿਤਾ ਵਿੱਚਲੀ ਨਾਰੀ ਮਾਨਸਕ ਪੀੜਾ ਦੀ ਸ਼ਿਕਾਰ ਨਜ਼ਰ ਤਾਂ ਆਉਂਦੀ ਹੀ ਹੈ ਪਰ ਉਹ ਆਪਣੀਆਂ ਮੁਸ਼ਕਿਲਾਂ ਦਾ ਹੱਲ ਵੀ ਆਪ ਹੀ ਕੱਢਣ ਦਾ ਯਤਨ ਕਰਦੀ ਹੈ।ਇੰਦਰਜੀਤ ਕੌਰ ਸਿੱਧੂ ਨੇ ਘਰਾਂ ਵਿੱਚ ਵਸਦੀਆਂ ਨਾਰੀਆਂ ਅਤੇ ਨੌਕਰੀਆਂ ਕਰਦੀਆਂ ਨਾਰੀਆਂ ਦੇ ਦੁਖੜੇ ਆਪਣੀ ਕਵਿਤਾ ਵਿੱਚ ਪਰੋਏ ਹਨ।ਔਰਤ ਦੀ ਸਮਾਜ ਵਿੱਚ ਸਥਿਤੀ ਬਾਰੇ ਉਹ ਲਿਖਦੀ ਹੈ :-

"ਔਰਤ ਦੀ ਹੋਂਦ ਤੇ,

ਪੁੱਤਰ ਇੱਕ

ਰਸੀਦੀ ਟਿਕਟ ਦੀ ਤਰ੍ਹਾਂ

ਲਗ ਜਾਂਦੈ ਤੇ

ਔਰਤ ਮਨਜ਼ੂਰ ਹੋ ਜਾਂਦੀ ਏ

ਸੀਤਾ ਤੇ ਅੱਜ ਵੀ

ਤੁਹਮਤਾਂ ਹਨ

ਉਹਦੇ ਪੈਰਾਂ ਵਿੱਚ ਜੰਜ਼ੀਰਾਂ ਹਨ

ਅੱਜ ਵੀ ਘਰ ਮਰਦ ਦਾ ਹੈ

ਬਦਲਿਆ ਕੁੱਝ ਵੀ ਨਹੀਂ

ਬਦਲਦਾ ਕੁੱਝ ਵੀ ਨਹੀਂ।"[39]

ਕੈਨੇਡਾ ਵਿੱਚ ਰਹਿਣ ਵਾਲੀ ਇੱਕ ਹੋਰ ਕਵਿੱਤਰੀ ਸ਼ੁਸੀਲ ਕੌਰ ਹੈ।ਹੁਣ ਤੱਕ ਉਹਨਾਂ ਦੀਆਂ ਤਿੰਨ ਕਾਵਿ-ਪੁਸਤਕਾਂ ਆ ਚੁੱਕੀਆਂ ਹਨ-'ਝਰੀਆ', 'ਮੋਮਬੱਤੀਆਂ' ਅਤੇ 'ਪਿੱਪਲ ਪੱਤੇ'। ਕੈਨੇਡਾ ਵਿੱਚ ਵਸਦੀ ਹੋਣ ਕਰਕੇ ਸ਼ੁਸੀਲ ਕੌਰ ਉੱਥੇ ਵਸਦੀਆਂ ਔਰਤਾਂ ਦੇ ਦੁੱਖ,ਚਿੰਤਾਵਾਂ, ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੈ। ਕੈਨੇਡਾ ਵਿੱਚ ਵਸਦੀ ਪੰਜਾਬੀ ਔਰਤ ਦੀ ਹਰ ਸਥਿਤੀ ਨੂੰ ਬਿਆਨ ਕਰਨ ਦੀ ਸ਼ੁਸੀਲ ਕੌਰ ਨੇ ਪੂਰੀ ਕੋਸ਼ਿਸ ਕੀਤੀ ਹੈ।ਸ਼ੁਸੀਲ ਕੌਰ ਬਾਰੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦੇ ਹਨ:-

"ਸ਼ੁਸੀਲ ਕੌਰ ਬੁਨਿਆਦੀ ਤੌਰ ਤੇ ਕਵਿਤਰੀ ਹੈ। ਕਵਿਤਾ ਦੀ ਰਚਨਾ ਉਸਦੀ ਰਚਨਾਤਮਕ ਪ੍ਰਤਿਭਾ ਦੇ ਜਿਆਦਾ ਅਨੁਕੂਲ ਹੈ। ਉਸ ਕੋਲ ਜ਼ਜਬਿਆਂ ਦਾ ਹੜ੍ਹ ਹੈ, ਤਜ਼ਰਬਿਆਂ ਦਾ ਵੇਗ ਹੈ, ਸ਼ਬਦਾਂ ਦੀ ਜੜਤ ਹੈ ਅਤੇ ਖੂਬਸੂਰਤ ਬਿੰਬਾਵਲੀ ਹੈ। ਕਵਿਤਾ ਕਹਿਣ ਦੀ ਉਸ ਵਿੱਚ ਪ੍ਰੇਰਨਾ ਹੈ।"[40]

ਕੈਨੇਡਾ ਵਿੱਚ ਵਸਣ ਕਰਕੇ ਵੀ ਕਈ ਲੋਕਾਂ ਦੇ ਮਨਾਂ ਅੰਦਰੋਂ ਭਾਰਤ ਦੇ ਪੁਰਾਣੇ ਰਸਮੋ-ਰਿਵਾਜ ਨਹੀਂ ਜਾਂਦੇ, ਇਹਨਾਂ ਰਸਮਾਂ-ਰਿਵਾਜਾਂ ਦਾ ਜ਼ਿਕਰ ਪਰਵਾਸੀ ਪੰਜਾਬੀ ਕਵੀਆਂ ਅਤੇ ਕਵਿੱਤਰੀਆਂ ਦੀ ਕਵਿਤਾ ਵੀ ਵੇਖਣ ਨੂੰ ਮਿਲਦਾ ਹੈ। ਇਹ ਸਥਿਤੀ ਸਾਨੂੰ ਇਸ ਗੱਲ ਤੋਂ ਜਾਣੂ ਕਰਵਾਉਂਦੀ ਹੈ ਕਿ ਭਾਰਤੀ ਲੋਕਾਂ ਦੀ ਮਾਨਸਿਕ ਸੋਚ ਨਹੀਂ ਬਦਲਦੀ। ਜਿੱਥੇ ਵੀ ਚਲੇ ਜਾਣ ਚਾਹੇ ਉਹ ਕੈਨੇਡਾ, ਅਮਰੀਕਾ, ਇਗਲੈਂਡ ਹੀ ਕਿਉਂ ਨਾ ਹੋਵੇ, ਉਹਨਾਂ ਦੀ ਸੋਚ ਭਾਰਤੀ ਵਿਵਸਥਾ ਨਾਲ ਜੁੜੀ ਹੋਈ ਹੁੰਦੀ ਹੈ।ਔਰਤ ਭਾਰਤੀ ਸੰਸਕਾਰਾਂ, ਰੀਤੀ-ਰਿਵਾਜ਼ਾਂ, ਥੱਲੇ ਦੱਬ ਕੇ ਰਹਿ ਜਾਂਦੀ ਹੈ।ਸ਼ੁਰੂ ਤੋਂ ਲੈ ਕੇ ਅੱਜ ਤੱਕ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਨਹੀਂ ਦਿੱਤਾ ਗਿਆ। ਇਸ ਸੰਬੰਧੀ ਮਨਜੀਤ ਮੀਤ ਆਪਣੀ ਕਵਿਤਾ ਵਿੱਚ ਨਾਰੀ ਦੇ ਹੱਕ ਦੀ ਗੱਲ ਕਰਦਾ ਹੈ। ਮਨਜੀਤ ਮੀਤ ਜਦੋਂ ਕਵਿਤਾ ਦੀ ਰਚਨਾ ਕਰ ਰਿਹਾ ਹੁੰਦਾ ਹੈ ਤਾਂ ਢੁਕਵੇਂ ਸ਼ਬਦ ਆਸਾਨੀ ਨਾਲ ਹੀ ਸਤਰਾਂ ਵਿੱਚ ਚਿਣੇ ਜਾਂਦੇ ਹਨ। ਜਿਵੇਂ ਕਿ ਨਾਰੀ ਚੇਤਨਾ ਦੀ ਗੱਲ ਕਰਦੇ ਹੋਏ ਉਹ ਬੁਲੰਦ ਹੌਸਲੇ ਨਾਲ ਲਿਖਦਾ ਹੈ :-

"ਕੀਕਣ ਰੂਹ ਮੇਰੀ ਅਜ਼ਲਾਂ ਤੋਂ

ਰੋ-ਰੋ ਹੌਕੇ ਭਰਦੀ

ਕੀਕਣ ਦੱਸਾਂ ਸੁਰ ਵੰਝਦੀ ਦੀ,

ਨਾ ਜਿਉਂਦੀ ਨਾ ਮਰਦੀ।"[41]

ਮਨਜੀਤ ਮੀਤ ਕਵਿਤਾਵਾਂ ਵਿੱਚ ਬਿਆਨ ਕਰਨ ਦੀ ਕੋਸ਼ਿਸ ਕਰਦਾ ਹੈ ਕਿ ਹੁਣ ਸਮਾਂ ਆ ਗਿਆ ਹੈ, ਜਦ ਆਪਣੇ ਆਪ ਨੂੰ ਪਛਾਣਿਆ ਜਾ ਸਕਦਾ ਹੈ। ਅੱਜ ਦੀ ਔਰਤ ਆਪਣੇ ਆਪੇ ਪ੍ਰਤੀ ਚੇਤੰਨ ਹੋ ਗਈ ਹੈ। ਕੈਨੇਡੀਅਨ ਪੰਜਾਬੀ ਸਮਾਜ ਵਿੱਚਲੀ ਔਰਤ ਦੀਆਂ ਭਾਵਨਾਵਾਂ ਨੂੰ ਕਵਿਤਾ ਰਾਹੀਂ ਬਿਆਨ ਕਰਨ ਵਾਲੀ ਕਵਿੱਤਰੀ ਸੁਖਵਿੰਦਰ ਕੌਰ ਬ੍ਰਾਹਮ ਔਰਤ ਦੀ ਗ਼ੁਲਾਮੀ ਤੇ ਸਵਾਲੀਆ ਚਿੰਨ੍ਹ ਲਾਉਂਦੀ ਹੋਈ ਲਿਖਦੀ ਹੈ :-

"ਬਹੁਤ ਕੁੱਝ ਐਸਾ ਲੱਭਿਆ

ਜੋ ਕਦੇ ਸੋਚਿਆ ਵੀ ਬਹੁਤ ਨਹੀਂ ਸੀ

ਉਝ ਸੋਚਿਆ ਤਾਂ ਬਹੁਤ ਵੇਰ ਸੀ,

ਕਿ ਰੂਹ ਆਜ਼ਾਦ ਕਿਉਂ ਨਹੀਂ?"[42]

ਕੈਨੇਡੀਅਨ ਪੰਜਾਬੀ ਕਵਿੱਤਰੀ ਸੁਰਜੀਤ ਕਲਸੀ ਇੱਕ ਉੱਘੀ ਲੇਖਿਕਾ ਹੈ। ਪੱਛਮੀ ਜੀਵਨ ਜਾਚ ਵਿੱਚ ਪਸੀਜ ਰਹੀ ਔਰਤ ਦੀ ਵੇਦਨਾ ਨੂੰ ਬਿਆਨ ਕਰਦੀ ਹੋਈ ਸੁਰਜੀਤ ਕਲਸੀ ਔਰਤ ਦੀ ਬੇਬਸੀ ਨੂੰ ਘਰ ਅਤੇ ਬਾਹਰ ਦੀਆਂ ਦੂਹਰੀਆਂ ਸ਼ਿਫ਼ਟਾਂ ਦੇ ਚੱਕਰਾਂ ਰਾਹੀਂ ਬਿਆਨ ਕਰਦੀ ਹੈ :-

"ਨਾ ਦਿਨ ਹੈ ਨਾ ਰਾਤ ਹੈ, ਨਾ ਦੁਪੈਹਰ ਨਾ ਸਵੇਰ
ਇੱਥੇ ਸੂਰਜ ਚੜਨ ਦੀ ਉਡੀਕ ਨਹੀਂ ਕੋਈ ਕਰਦਾ ----
ਖੇਤ ਮਜ਼ਦੂਰ ਮਾਵਾਂ ਬੱਚਿਆਂ ਨੂੰ ਚੁੱਕ
ਟ੍ਰਕੀ 'ਚ ਲੱਦ ਖੇਤ ਨੂੰ ਤੁਰ ਪੈਂਦੀਆਂ
ਇੱਥੇ ਰਾਤ ਨੂੰ ਬਾਲ ਮਾਵਾਂ ਤੋਂ
ਬਾਤਾਂ ਸੁਣਨ ਦੀ ਜ਼ਿੱਦ ਨਹੀਂ ਕਰਦੇ
ਅੱਧੀ ਰਾਤ ਅਗਲੇ ਦਿਨ ਲਈ ਪੱਕਦੇ
ਆਲੂ ਵਾਲੇ ਪਰਾਉਂਠਿਆਂ' ਦੀ ਵਾਸ਼ਨਾ ਨਾਲ ਹੀ
ਚੁੱਪ-ਚਾਪ ਸੌਂ ਜਾਂਦੇ।"[43]

ਸੁਰਜੀਤ ਕਲਸੀ ਦੀਆਂ ਕਵਿਤਾਵਾਂ ਦੀ ਮੂਲ ਸੁਰ ਔਰਤ ਦੀ ਸ਼ਖਸੀਅਤ ਦੀ ਮਾਣ ਭਰਪੂਰ ਸਥਾਪਨਾ ਦੁਆਲੇ ਕੇਂਦਰਿਤ ਹੈ। ਉਸਦਾ ਵਿੱਚਾਰ ਹੈ ਕਿ ਇਹ ਮਰਦਾਂ ਦੇ ਵਿਰੁੱਧ ਹੋ ਕੇ ਨਹੀਂ, ਸਗੋਂ ਸਮਾਜ ਵਿੱਚਲੀਆਂ ਗਲਤ ਧਾਰਨਾਵਾਂ ਦੇ ਵਿਰੁੱਧ ਹੋ ਕੇ ਹੀ ਸਥਾਪਿਤ ਕੀਤੀ ਜਾ ਸਕਦੀ ਹੈ :-

"ਜਦ ਸੋਚ ਨਹੀਂ ਦਾਇਰਿਆਂ ਤੋਂ ਮੁਕਤ ਹੋਈ
ਜ਼ਿੰਦਗੀ ਨੂੰ ਬੰਧਨਾਂ ਤੋਂ ਨਿਜਾਤ ਦੁਆਏ ਕਿਵੇਂ
ਸੰਸਕਾਰਾਂ ਦੀਆਂ ਸਲਾਖਾਂ ਕੱਟ ਨਾ ਹੋਈਆਂ
ਦਿਲ ਨੂੰ ਗੁਲਾਮੀ ਤੋਂ ਆਜ਼ਾਦ ਕਰਾਏ ਕਿਵੇਂ!"[44]

ਬਰਜਿੰਦਰ ਕੌਰ ਢਿਲੋਂ ਕਿੱਤੇ ਵਜੋਂ ਅਧਿਆਪਕਾ ਹੈ ਪਰ ਉਹਨਾਂ ਨੇ ਵੀ ਨਾਰੀ ਦੀ ਸਮਾਜ ਵਿੱਚਲੀ ਸਥਿਤੀ ਬਾਰੇ ਕਵਿਤਾ ਲਿਖ ਕੇ ਨਾਰੀ ਚੇਤਨਾ  ਆਪਣਾ ਅਹਿਮ ਯੋਗਦਾਨ ਪਾਇਆ ਹੈ। ਉਹ ਅਜੋਕੇ ਸਮਾਜ ਵਿੱਚ ਔਰਤ ਨੂੰ ਦਿੱਤੀ ਗਈ ਅਖੌਤੀ ਆਜ਼ਾਦੀ ਤੇ ਵਿਅੰਗ ਕਸਦਿਆ ਲਿਖਦੀ ਹੈ :-

"ਨਾ ਖੇੜਾ ਮੇਰੇ ਜੰਮਣ ਦਾ
ਨਾ ਗ਼ਮ ਹੈ ਮੇਰਾ ਮਰਨ ਦਾ
ਨਾ ਕੋਈ ਮੇਰਾ ਆਪਣਾ ਘਰ ਹੈ।
ਨਾ ਕੋਈ ਮੇਰਾ ਆਪਣਾ ਦਰ ਹੈ।
ਲੱਖ ਕੋਈ ਮੇਰੀ ਲੋਹੜੀ ਮਨਾਵੇ।
ਮੇਰੀ ਦਸ਼ਾ ਬਦਲ ਨਹੀਂ ਜਾਵੇ।
ਹਾਲੇ ਵੀ ਮੈਂ ਨਫ਼ਰਤ ਦੀ ਪਾਤਰ।
ਹਾਲੇ ਵੀ ਮੈਂ ਰਹਿਣ ਦੀ ਮੁੰਤਜ਼ਰ।"[45]

ਇਸ ਤੋਂ ਬਿਨਾਂ ਨਾਰੀ ਦੇ ਹੱਕ ਦੀ ਗੱਲ ਕਰਨ ਵਾਲੀਆਂ ਹੋਰ ਨਵੀਆਂ ਉੱਭਰ ਰਹੀਆਂ ਪਰਵਾਸੀਆਂ ਕਵਿੱਤਰੀਆਂ ਇੰਦਰਜੀਤ ਨੀਨੂ, ਸੁੱਖੀ ਸਿੱਧੂ, ਰੁਪਿੰਦਰ ਖੈਰ੍ਹਾ ਹਨ।ਔਰਤ ਜਗਤ-ਜਨਣੀ ਹੈ, ਪਰ ਫਿਰ ਵੀ ਮਰਦ ਸਮਾਜ ਦੁਆਰਾ ਉਸ ਨੂੰ ਤ੍ਰਿਸਕਾਰਿਆ ਜਾਂਦਾ ਹੈ। ਉਸ ਦਾ ਬਣਦਾ ਹੱਕ ਉਸ ਨੂੰ ਨਹੀਂ ਦਿੱਤਾ ਜਾਂਦਾ। ਇਸ ਗੱਲ ਨੂੰ ਸਪੱਸ਼ਟ ਕਰਦੇ ਹੋਏ ਡਾ: ਅਰਵਿੰਦਰ ਪਾਲ ਕੌਰ ਲਿਖਦੀ ਹੈ :-

"ਇਤਿਹਾਸ ਗਵਾਹ ਹੈ ਕਿ ਔਰਤ ਨੂੰ ਮਨੁੱਖ ਨੇ ਜਾਂ ਤਾਂ ਦੇਵੀ ਦੇ ਰੂਪ ਵਿੱਚ ਪੂਜਿਆ ਹੈ ਜਾਂ ਵੇਸਵਾ ਦੇ ਰੂਪ ਵਿੱਚ ਤ੍ਰਿਸਕਾਰਿਆ ਹੈ। ਉਸਦੇ ਮਾਨਵੀ ਸਰੂਪ ਨੂੰ ਮਰਦ ਪ੍ਰਧਾਨ ਸਮਾਜ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੋਈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤ ਮਰਦ ਦੀ ਰਚਨਾ ਦਾ ਪ੍ਰੇਰਨਾ ਦਾ ਸੋਮਾ ਸਦੀਆਂ ਤੋਂ ਬਣੀ ਰਹੀ ਹੈ ਪਰੰਤੂ ਉਸਨੂੰ ਨਿੱਜੀ ਸਰੂਪ ਤੇ ਸਤੁੰਤਰ ਰੂਪ ਵਿੱਚ ਆਤਮ ਵਿਸ਼ਾਦ ਤੇ ਪੀੜਾ ਦੀ ਪੇਸ਼ਕਾਰੀ ਦਾ ਮੌਕਾ ਆਧੁਨਿਕ ਯੁਗ ਵਿੱਚ ਹੀ ਨਸੀਬ ਹੋਇਆ ਹੈ।"[46]

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਔਰਤ ਭਾਵੇਂ ਭਾਰਤ ਵਿੱਚ ਵਸਦੀ ਹੈ ਭਾਵੇਂ ਕਿਸੇ ਪੱਛਮੀ ਮੁਲਕ ਵਿੱਚ। ਉਹ ਪੂਰਨ ਤੌਰ ਤੇ ਆਜ਼ਾਦ ਨਹੀਂ। ਇਹ ਅਹਿਸਾਸ ਅਤੇ ਅਨੁਭਵ ਪਰਵਾਸੀ ਪੰਜਾਬੀ ਕਵਿਤਾ ਵਿੱਚ ਬੜੀ ਹੀ ਸ਼ਿੱਦਤ ਨਾਲ ਪੇਸ਼ ਹੋਇਆ ਹੈ ਜਿਸਦੀ ਚਰਚਾ ਪਿਛਲੇ ਸਫ਼ਿਆਂ ਵਿੱਚ ਕੀਤੀ ਗਈ ਹੈ। ਪਰਵਾਸੀ ਪੰਜਾਬੀ ਕਵਿਤਾ ਔਰਤ ਦੀ ਇਸ ਸਥਿਤੀ ਨੂੰ ਬਿਆਨ ਕਰਨ ਦੇ ਨਾਲ-ਨਾਲ ਔਰਤ ਅੰਦਰ ਜਾਗੀ ਚੇਤਨਾ ਨੂੰ ਵੀ ਬਾਖ਼ੂਬੀ ਬਿਆਨ ਕਰਦੀ ਹੈ, ਜਿਸ ਤੋਂ ਇਹ ਸਪੱਸ਼ਟ ਹੈ ਕਿ ਅੱਜ ਦੀ ਔਰਤ ਆਪਣੀ ਸਥਿਤੀ ਅਤੇ ਆਪਣੇ ਹੱਕਾਂ ਪ੍ਰਤੀ ਪੂਰੀ ਤਰ੍ਹਾਂ ਜ਼ਾਗਿਤ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਉਹ ਸਮਾਜ ਵਿੱਚ ਆਪਣਾ ਬਣਦਾ ਸਥਾਨ ਪ੍ਰਾਪਤ ਕਰ ਲਵੇਗੀ।

## ਹਵਾਲੇ ਤੇ ਟਿੱਪਣੀਆਂ:

[1] ਖੋਜ ਪਤ੍ਰਿਕਾ, ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ ਅੰਕ 401, ਪੰਨਾ-8
[2] ਹਰਚਰਨ ਸਿੰਘ (ਡਾ.) ਪੰਜਾਬੀਆਂ ਦਾ ਉੱਤਰੀ ਅਮਰੀਕਾ ਵਿੱਚ ਪਰਵਾਸ, ਪੰਨਾ-2
[3] ਉਹੀ, ਪੰਨਾ-26
[4] ਹਰਭਜਨ ਸਿੰਘ, ਭਾਟੀਆ, (ਸੰ.), ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ, ਸ.ਪ. ਸਿੰਘ, 'ਪਰਵਾਸੀ ਪੰਜਾਬੀ ਸਾਹਿਤ ਨਵੇਂ ਪਰਿਪੇਖ', ਪੰਨਾ-432
[5] ਪਰਵਾਸੀ ਪੰਜਾਬੀ ਕਵਿਤਾ, ਪੰਨਾ-124 ਉਧਰਿਤ ਰਵਿੰਦਰ ਕੌਰ ਚੀਮਾ, (ਡਾ.) ਕੈਨੇਡਾ ਦੀ ਪੰਜਾਬੀ ਕਵਿਤਾ-ਪਾਰ ਸੱਭਿਆਚਾਰ ਸਰੋਕਾਰ, ਪੰਨਾ-241
[6] ਅਜਮੇਰ ਰੋਡੇ, ਸ਼ੁਭਚਿੰਤਨ, ਪੰਨਾ-47
[7] ਜਗਤਾਰ ਢਾਅ, ਗੁਆਚੇ ਘਰ ਦੀ ਤਲਾਸ਼, ਪੰਨਾ-61
[8] ਸੁਖਵਿੰਦਰ ਕੰਬੋਜ, ਉਮਰ ਦੇ ਇਸ ਮੋੜ ਤੀਕ, ਪੰਨਾ-325
[9] ਰਾਜਿੰਦਰਪਾਲ ਸਿੰਘ (ਸੰਪਾ.), ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ-325
[10] ਉਹੀ, ਪੰਨਾ-327
[11] ਉਹੀ, ਪੰਨਾ-327
[12] ਉਹੀ, ਪੰਨਾ-335
[13] ਉਹੀ, ਪੰਨਾ-336
[14] ਅਜਮੇਰ ਰੋਡੇ, ਸ਼ੁਭ-ਚਿੰਤਨ ਪੰਨਾ-13
[15] ਇੱਕਬਾਲ ਰਾਮੂਵਾਲੀਆ, ਕਵਿਤਾ ਮੈਨੂੰ ਲਿਖਦੀ ਹੈ, ਪੰਨਾ 13-14
[16] ਰਾਜਿੰਦਰ ਪਾਲ ਸਿੰਘ (ਸੰਪਾ.), ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ-341
[17] ਉਹੀ, ਪੰਨਾ-345
[18] ਸੁਦਰਸ਼ਨ ਗਾਸੋ, (ਡਾ.) ਪਰਵਾਸੀ ਪੰਜਾਬੀ ਕਵਿਤਾ ਵਿਚਾਰਧਾਰਕ ਪਰਿਪੇਖ, ਪੰਨਾ-9

[19] ਸਵਰਨ ਚੰਦਨ, ਕੱਚੇ ਘਰ, ਪੰਨਾ-132
[20] ਮੁਸ਼ਤਾਕ, ਤਨਹਾਈਆਂ, ਪੰਨਾ-24
[21] ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਪੰਨਾ-320
[22] ਸੁਰਿੰਦਰ ਪਾਲ ਸਿੰਘ (ਸੰਪਾ.) ਪਰਵਾਸੀ ਪੰਜਾਬੀ ਸਾਹਿਤ, ਪੰਨਾ-7
[23] ਤੇਜਵੰਤ ਸਿੰਘ, ਭਗਵੰਤ ਸਿੰਘ, (ਡਾ.), (ਸੰਪਾ.), ਗਿੱਲ ਮੋਰਾਂਵਾਲੀ ਦੀ ਨਾਰੀ ਚੇਤਨਾ ਦਾ ਮਰਦਾਵੀਂ ਚਿੰਤਨ, ਗੁਲਜ਼ਾਰ ਸਿੰਘ ਕੰਗ, (ਡਾ.), 'ਨਾਰੀ ਸੰਵੇਦਨਾ ਦਾ ਕਵੀ: ਗਿੱਲ ਮੋਰਾਂਵਾਲੀ,' ਪੰਨਾ-66
[24] ਰਾਜਿੰਦਰ ਪਾਲ ਸਿੰਘ (ਸੰਪਾ.) ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ-331
[25] -ਉਹੀ, ਪੰਨਾ-347
[26] ਜਗਤਾਰ ਢਾਅ, ਇੱਕ ਸੁਪਨਾ ਮਛਲੀ ਦਾ, ਪੰਨਾ-37
[27] ਉਹੀ, ਪੰਨਾ 41
[28] ਇਕਬਾਲ ਰਾਮੂਵਾਲੀਆ, ਪਾਣੀ ਦਾ ਪਰਛਾਵਾਂ, ਪੰਨਾ-21
[29] ਅਮਰ ਜਿਉਤੀ, ਮੈਨੂੰ ਸੀਤਾ ਨਾ ਕਹੋ, ਪੰਨਾ-24
[30] ਅਮਰ ਜਿਉਤੀ, ਖਾਮੋਸ਼ੀ ਦੀ ਆਵਾਜ਼, ਪੰਨਾ-78
[31] ਉਹੀ, ਪੰਨਾ-44
[32] ਸ਼ਸੀ ਸਮੁੰਦਰਾ, ਬੋਗਨਵਿਲਾ ਦੇ ਵਸਤਰ, ਪੰਨਾ-34
[33] ਉਹੀ, ਪੰਨਾ-24
[34] ਕੈਲਾਸ਼ਪੁਰੀ, ਮੇਰੀ ਕਵਿਤਾ, ਪੰਨਾ-62-63
[35] ਉਹੀ, ਪੰਨਾ-207-208
[36] ਨਵਤੇਜ ਭਾਰਤੀ ਤੇ ਅਜਮੇਰ ਰੋਡੇ, ਲੀਲ੍ਹਾ, (ਅਹੱਲਿਆ) ਪੰਨਾ-309-314
[37] ਸੁਖਵਿੰਦਰ ਕੰਬੋਜ, ਜਾਗਦੇ ਅੱਖਰ, ਪੰਨਾ-115
[38] ਮੋਹਨ ਗਿੱਲ, ਇੰਦਰਜੀਤ ਕੌਰ ਸਿੱਧੂ, (ਸੰਪਾ.), ਕਲਮਾਂ ਦਾ ਸਫ਼ਰ, ਸੁਰਿੰਦਰ ਕੌਰ ਬਰਾੜ, (ਪ੍ਰਿੰ.), 'ਮੈਂ ਜੀਉਣਾ ਸਿੱਖ ਰਹੀ ਹਾਂ', ਪੰਨਾ-115
[39] ਇੰਦਰਜੀਤ ਕੌਰ ਸਿੱਧੂ, ਤਨ-ਮਨ, ਪੰਨਾ-66
[40] ਪ੍ਰੇਮ ਪ੍ਰਕਾਸ਼ ਸਿੰਘ (ਡਾ.) ਪਰਵਾਸੀ ਪੰਜਾਬੀ ਸਾਹਿਤ, ਮੁੱਲ ਤੇ ਮੁਲਾਂਕਣ, ਪੰਨਾ-180
[41] ਮਨਜੀਤ ਮੀਤ, ਨਿਖੰਭੜੇ, ਪੰਨਾ-49
[42] ਸੁਖਵਿੰਦਰ ਕੌਰ ਬ੍ਰਾਹਮ, ਕੈਦ ਹਵਾ, ਪੰਨਾ-32
[43] ਸੁਰਜੀਤ ਕਲਸੀ, 'ਏਥੇ ਸੂਰਜ ਚੜਨ ਦੀ ਕੋਈ ਉਡੀਕ ਨਹੀਂ ਕਰਦਾ', ਪੰਨਾ-7
[44] ਉਹੀ, ਰੋਮ-ਰੋਮ ਵਿੱਚ ਜਗਦੇ ਦੀਵੇ, ਪੰਨਾ-53
[45] ਮੋਹਨ ਗਿੱਲ, ਇੰਦਰਜੀਤ ਕੌਰ ਸਿੱਧੂ, (ਸੰਪਾ.) ਕਲਮਾਂ ਦਾ ਸਫ਼ਰ, ਬਰਜਿੰਦਰ ਕੌਰ ਢਿਲੋਂ, 'ਮੇਰਾ ਕਿਹੜਾ ਘਰ ਹੈ', ਪੰਨਾ-192
[46] ਅਰਵਿੰਦਰ ਪਾਲ ਕੌਰ, ਨਾਰੀ ਸੰਵੇਦਨਾ ਅਤੇ ਆਧੁਨਿਕ ਪੰਜਾਬੀ ਨਾਰੀ ਕਾਵਿ, (ਆਰੰਭਿਕਾ), ਪੰਨਾ-7

# ਅਧਿਆਇ–ਤੀਜਾ

# ਸੁਰਜੀਤ ਕਲਸੀ

# ਦੀ ਕਵਿਤਾ ਵਿੱਚ

# ਨਾਰੀ ਚੇਤਨਾ

# ਅਧਿਆਇ-ਤੀਜਾ

# ਸੁਰਜੀਤ ਕਲਸੀ ਦੀ ਕਵਿਤਾ ਵਿੱਚ ਨਾਰੀ ਚੇਤਨਾ

ਸੁਰਜੀਤ ਕਲਸੀ ਪਰਵਾਸੀ ਪੰਜਾਬੀ ਸਾਹਿਤ ਵਿੱਚ ਬਹੁਤ ਹੀ ਉੱਘੜਵਾਂ ਨਾਮ ਹੈ। ਸੁਰਜੀਤ ਕਲਸੀ ਪਿਛਲੇ ਚਾਰ ਦਹਾਕਿਆਂ ਤੋਂ ਕੈਨੇਡਾ ਵਿੱਚ ਰਹਿ ਰਹੀ ਹੈ। ਸਾਹਿਤ ਦੇ ਖੇਤਰ ਵਿੱਚ ਉਸਨੇ ਕਵਿਤਾ, ਕਹਾਣੀ, ਨਾਟਕ, ਸੰਪਾਦਨਾ ਅਤੇ ਅਨੁਵਾਦ ਆਦਿ ਵਿੱਚ ਆਪਣੀ ਕਲਮ ਅਜ਼ਮਾਈ ਹੈ। ਸੁਰਜੀਤ ਕਲਸੀ ਦੀਆਂ ਪੰਜ ਪੁਸਤਕਾਂ ਪੰਜਾਬੀ ਵਿੱਚ ਛਪ ਚੁੱਕੀਆਂ ਹਨ, 'ਪੌਣਾਂ ਨਾਲ ਗਫ਼ਤਗੂ' (1979), 'ਔਰਤ ਸ਼ਬਦ ਤੇ ਸ਼ਕਤੀ' (1990), 'ਰੋਮ-ਰੋਮ ਵਿੱਚ ਜਗਦੇ ਦੀਵੇ' (2005), 'ਨਾਮ ਤਿਹਾਰੇ' (2006) ਅਤੇ 'ਰੰਗ-ਮੰਡਲ' (2014)। ਉਸ ਦੀਆਂ ਚਾਰ ਕਾਵਿ-ਪੁਸਤਕਾਂ ਅੰਗਰੇਜ਼ੀ ਵਿੱਚ ਵੀ ਛਪੀਆਂ ਹਨ, 'Speaking to the winds' (1982), 'Foot prints of silence' (1988), 'Sandscape' (1970) and 'Colours of my heart' (2011) ।ਸੁਰਜੀਤ ਕਲਸੀ ਨੇ ਲਗਭਗ ਹਰ ਵਿਸ਼ੇ ਨੂੰ ਆਪਣੀਆਂ ਰਚਨਾਵਾਂ ਵਿੱਚ ਥਾਂ ਦਿੱਤੀ ਹੈ ਪਰ ਉਸ ਦੀ ਮੁੱਖ ਸੁਰ ਨਾਰੀਵਾਦੀ ਹੈ। ਸੁਰਜੀਤ ਕਲਸੀ ਦੀ ਕਵਿਤਾ ਵਿੱਚਲਾ ਨਾਰੀਵਾਦ ਪੱਛਮੀ ਨਾਰੀਵਾਦ ਤੋਂ ਪ੍ਰਭਾਵਿਤ ਹੁਣ ਦੇ ਨਾਲ-ਨਾਲ ਗੰਭੀਰ ਤੇ ਚੇਤੰਨ ਹੈ। ਜਿੱਥੇ ਪੱਛਮੀ ਔਰਤ ਆਪਣੇ ਅਧਿਕਾਰਾਂ ਪ੍ਰਤੀ ਬੜਬੋਲੀ, ਬੇਬਾਕ ਹੈ ਅਤੇ ਬਾਹਰਮੁਖੀ ਹੈ ਉੱਥੇ ਸੁਰਜੀਤ ਕਲਸੀ ਦਾ ਨਾਰੀਵਾਦ ਨਿਵੇਕਲਾ ਅਤੇ ਕਟਾਕ੍ਸ਼ਸੀ ਹੈ।ਸੁਰਜੀਤ ਕਲਸੀ ਨੇ ਆਪਣੀ ਕਾਵਿ-ਪੁਸਤਕ 'ਔਰਤ ਸ਼ਬਦ ਤੇ ਸ਼ਕਤੀ' ਵਿੱਚ ਔਰਤ ਦੀ ਸ਼ਕਤੀ ਨੂੰ ਇਵੇਂ ਬਿਆਨ ਕੀਤਾ ਹੈ:-

"ਮੈਂ ਔਰਤ ਹਾਂ ਸ਼ਬਦ ਹਾਂ
ਸ਼ਬਦੋਂ ਹੀ ਮੇਰੀ ਸ਼ਕਤੀ ਹੈ!"

ਸੁਰਜੀਤ ਕਲਸੀ ਨੇ ਆਪਣੇ ਪਰਵਾਸੀ ਜੀਵਨ ਵਿੱਚ ਬੜੇ ਕੌੜੇ -ਮਿੱਠੇ ਤਜ਼ਰਬੇ ਅਨੁਭਵ ਕੀਤੇ ਹਨ। ਉਸ ਨੇ ਪਰਵਾਸੀ ਜੀਵਨ ਵਿੱਚ ਸਮਾਜਕ ਨਾ- ਬਰਾਬਰੀ, ਵਿਤਕਰੇ ਅਤੇ ਔਰਤਾਂ ਉੱਤੇ ਹੋ ਰਹੇ ਤਸ਼ਦੱਦ ਨੂੰ ਆਪਣੀ ਕਲਮ ਰਾਹੀਂ ਬਿਆਨਿਆ ਹੈ। ਅਜਿਹਾ ਕਰਦਿਆ ਸੁਰਜੀਤ ਕਲਸੀ ਨੇ ਜਿੱਥੇ ਬੜੇ ਹੀ ਮੁਲਵਾਨ ਸਾਹਿਤ ਦੀ ਰਚਨਾ ਕੀਤੀ, ਉੱਥੇ ਆਪਣੀ ਵਿੱਲਖਣ ਪਛਾਣ ਵੀ ਬਣਾਈ ਹੈ।ਕਿੱਤੇ ਵਜੋਂ ਥੈਰੇਪਿਸਟ ਦਾ ਕੰਮ ਕਰਨ ਵਾਲੀ ਸੁਰਜੀਤ ਕਲਸੀ ਕਾਊਸਲਿੰਗ ਸਾਈਕਲੌਜੀ ਦੀ ਡਿਗਰੀ ਵੀ ਪਾਸ ਹੈ। ਉਹ ਨਾਰੀਵਾਦੀ ਚੇਤਨਾ ਦੀ ਕਾਊਂਸਲਰ ਹੈ, ਜੋ ਪਰਿਵਾਰਾਂ ਵਿੱਚ ਹੋ ਰਹੇ ਤਸ਼ਦੱਦ ਦੀ ਰੋਕਥਾਮ ਲਈ, ਪਰਿਵਾਰਾਂ ਨੂੰ ਸਹਾਰਾ ਤੇ ਸਿੱਖਿਆ ਦਿੰਦੀ ਹੈ। ਉਹ ਜ਼ਿੰਦਗੀ ਵਿੱਚੋਂ ਸਟਰੈਸ ਘਟਾਉਣ, ਗੁੱਸੇ ਨੂੰ ਕੰਟਰੋਲ ਕਰਨ, ਸਵੈਮਾਣ ਵਧਾਉਣ ਅਤੇ ਪਰਿਵਾਰਕ ਮਸਲਿਆਂ ਬਾਰੇ ਕਈ ਵਰਕਸ਼ਾਪਾਂ ਦੀ ਸੇਵਾ ਪ੍ਰਦਾਨ ਕਰਦੀ ਹੈ।ਸੁਰਜੀਤ ਕਲਸੀ ਘਰ ਪਰਿਵਾਰ ਦੀਆਂ ਜਿੰਮੇਵਾਰੀਆਂ ਦੇ ਨਾਲ-ਨਾਲ ਪੰਜਾਬੀ ਲੇਖਕ ਮੰਚ ਦੀ ਪਿਛਲੇ ਪੱਚੀ ਸਾਲਾਂ ਤੋਂ ਮੈਂਬਰ ਹੈ ਅਤੇ 1990 ਅਤੇ 2006 ਵਿੱਚ ਮੰਚ ਦੀ ਕੋਆਰਡੀਨੇਟਰ ਵੀ ਰਹੀ। ਪੰਦਰਾਂ ਸਾਲ ਉਹ ਕੈਨੇਡਾ ਦੀ ਰਾਈਟਰਜ਼ ਯੂਨੀਅਨ ਦੀ ਮੈਂਬਰ ਰਹੀ ਅਤੇ ਫਿਰ ਸੁਸਾਇਟੀ ਆਫ ਟ੍ਰਾਂਸਲੇਟਰਜ਼ ਐਂਡ ਇੰਟਰਪ੍ਰੇਟਰਜ਼ ਆਫ਼ ਬੀ.ਸੀ. ਦੀ ਪਿਛਲੇ ਦਸ ਸਾਲਾਂ ਤੋਂ ਮੈਂਬਰ ਹੋਣ ਦੇ ਨਾਤੇ ਉਸ ਨੇ 2002 -2004 ਦੇ ਦੌਰਾਨ ਬੋਰਡ ਮੈਂਬਰ ਤੇ ਰਜਿਸਟ੍ਰਾਰ ਦੇ ਤੌਰ ਤੇ ਯੋਗਦਾਨ ਪਾਇਆ। ਯੂਨੀਵਰਸਿਟੀ ਔਫ਼ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਵਿਭਾਗ ਵੱਲੋਂ 2014 ਵਿੱਚ ਦਿੱਤੇ ਗਏ 'ਰਾਈਟਰਜ਼ ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਤੋਂ ਅਸੀਂ ਉਸ ਦੇ ਸਾਹਿਤ ਨੂੰ ਯੋਗਦਾਨ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਸੁਰਜੀਤ ਕਲਸੀ ਦੀ ਨਾਰੀਵਾਦ ਨੂੰ ਦੇਣ ਅਮੁੱਕ ਹੈ। ਉਸ ਦੀਆਂ ਬਹੁਤੀਆਂ ਰਚਨਾਵਾਂ ਨਾਰੀ ਚੇਤਨਾ ਅਤੇ ਨਾਰੀਵਾਦ ਨਾਲ ਸੰਬੰਧਿਤ ਹਨ। ਸੁਰਜੀਤ ਕਲਸੀ ਦੀਆਂ ਦੋ ਕਾਵਿ-ਪੁਸਤਕਾਂ 'ਰੋਮ ਰੋਮ ਵਿੱਚ ਜਗਦੇ ਦੀਵੇ' ਅਤੇ 'ਰੰਗ ਮੰਡਲ'ਕਾਵਿ-ਸੰਗ੍ਰਹਿਆਂ ਦਾ ਅਧਿਐਨ ਕੀਤਾ ਗਿਆ ਹੈ। ਦੋਨਾਂ ਹੀ ਕਾਵਿ-ਸੰਗ੍ਰਹਿਾਂ ਦੀਆਂ ਕਵਿਤਾਵਾਂ ਵਿੱਚ ਸੁਰਜੀਤ ਕਲਸੀ ਨੇ ਨਾਰੀ ਦੀ ਸੰਘਰਸ਼ਮਈ ਸਥਿਤੀ ਅਤੇ ਨਾਰੀ ਦੇ ਤਸ਼ੱਦਦ ਭਰੇ ਜੀਵਨ ਨੂੰ ਬਿਆਨ ਕੀਤਾ ਹੈ।

ਸੁਰਜੀਤ ਕਲਸੀ ਦਾ ਕਾਵਿ-ਸ੍ਰੰਗਹਿ 'ਰੋਮ ਰੋਮ ਵਿੱਚ ਜਗਦੇ ਦੀਵੇ' 2005 ਵਿੱਚ ਪ੍ਰਕਾਸ਼ਿਤ ਹੋਇਆ। ਇਸ ਕਾਵਿ ਸ੍ਰੰਗਹਿ ਨੂੰ ਉਸ ਨੇ ਕ੍ਰਮਵਾਰ ਚਾਰ ਭਾਗਾਂ ਵਿੱਚ ਵੰਡਿਆ ਹੈ। ਪਹਿਲਾ 'ਵੇਦਨਾ ਸੰਵੇਦਨਾ' ਤੇ ਦੂਜਾ 'ਰੋਮ ਰੋਮ' ਵਿੱਚ ਜਗਦੇ ਦੀਵੇ' ਤੀਜਾ 'ਰੇਤ ਦਾ ਰਿਸ਼ਤਾ' ਅਤੇ ਚੌਥਾ ਹੈ 'ਵਿਪਾਸਨਾ'। ਇਹਨਾਂ ਚਾਰਾਂ ਭਾਗਾਂ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧ ਰੱਖਦੀਆਂ ਕਵਿਤਾਵਾਂ ਹਨ ਪਰ ਸੁਰਜੀਤ ਕਲਸੀ ਦੀ ਕਵਿਤਾ ਦਾ ਮੁੱਖ ਵਿਸ਼ਾ 'ਨਾਰੀ ਚੇਤਨਾ' ਹੈ। ਉਹ ਨਾਰੀ ਦੀ ਸਮਾਜ ਵਿੱਚਲੀ ਸਥਿਤੀ ਦੀ ਗੱਲ ਬੜੀ ਹੀ ਬੇਝਿਜਕ ਤੇ ਹੌਸਲੇ ਨਾਲ ਕਰਦੀ ਹੈ ਜਿਵੇਂ ਕੋਈ ਨਾਰੀ ਦੀ ਕਰੁਣਾਮਈ ਸਥਿਤੀ ਦੇਖ ਕੇ ਉਸ ਦੇ ਅੰਦਰ ਸ਼ਬਦਾਂ ਦਾ ਹੜ੍ਹ ਹੀ ਆ ਗਿਆ ਹੋਵੇ।'ਰੋਮ ਰੋਮ ਵਿੱਚ ਜਗਦੇ ਦੀਵੇ' ਦੀ ਭੂਮਿਕਾ ਵਿੱਚ ਡਾ: ਸੁਰਿੰਦਰ ਧੀਰ ਸੁਰਜੀਤ ਕਲਸੀ ਬਾਰੇ ਲਿਖਦੇ ਹਨ :-

"ਸੁਰਜੀਤ ਦੀ ਕਵਿਤਾ ਡੂੰਘੀਆਂ ਸਮਾਧੀਆਂ ਜਾਂ ਮਨੁਖੀ ਮਨ ਦੀਆਂ ਸਿਮਰਤੀਆਂ ਦਾ ਰੂਹਾਨੀ ਬੋਲ ਹੈ। ਇਹ ਬੋਲ ਅਜਿਹੇ ਹੁੰਦੇ ਹਨ ਜੋ ਮਨੁੱਖੀ ਅਵਚੇਤਨ ਵਿੱਚੋਂ ਪੈਦਾ ਹੁੰਦੇ ਹਨ-ਇੱਕ ਤਰ੍ਹਾਂ ਨਾਲ ਆਪਣੇ ਧੁਰ ਅੰਦਰਲੇ ਮਨ ਨਾਲ ਕੀਤੇ ਹੋਏ ਬੋਲ। ਇਹਨਾਂ ਬੋਲਾਂ ਵਿੱਚ ਜੋ ਮੈਨੂੰ ਤਨਜ਼ ਨਜ਼ਰ ਆਈ ਹੈ ਉਹ ਮਨੁੱਖੀ ਰਿਸ਼ਤਿਆਂ ਦੇ ਸੰਸਕਾਰਾਂ ਦੀ ਹੋਣੀ ਹੈ।"[1]

ਪੰਜਾਬੀ ਸਾਹਿਤ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਸੁਰਜੀਤ ਕਲਸੀ ਦੀ ਵਿੱਚਾਰਧਾਰਾ ਪੰਜਾਬੀ ਦੀਆਂ ਹੋਰ ਕਵਿੱਤਰੀਆਂ ਨਾਲੋਂ ਕਾਫ਼ੀ ਵੱਖਰੀ ਹੈ। ਉਸ ਉੱਪਰ ਪੱਛਮੀ ਨਾਰੀਵਾਦ ਦਾ ਪ੍ਰਭਾਵ ਹੈ ਪਰ ਗੌਰ ਨਾਲ ਦੇਖੀਏ ਤਾਂ ਇਸ ਦਾ ਪਿਛੋਕੜ ਪੂਰਬੀ ਸੰਸਕ੍ਰਿਤੀ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਹਨ। ਇਹ ਬੜੀ ਹੀ ਧਿਆਨ ਯੋਗ ਗੱਲ ਹੈ ਕਿ ਉਹ ਪੱਛਮੀ ਕਦਰਾਂ- ਕੀਮਤਾਂ ਨੂੰ ਕਬੂਲਦੀ ਹੋਈ ਵੀ ਪੂਰਬੀ ਸਭਿਆਚਾਰ ਦੀਆਂ ਸੀਮਾਵਾਂ ਅਤੇ ਸਮਾਜਿਕ ਮਰਿਯਾਦਾ ਦੀਆਂ ਹੱਦਾਂ ਤੋਂ ਵੀ ਸੁਚੇਤ ਰਹਿੰਦੀ ਹੈ ਅਤੇ ਇਹਨਾਂ ਦੋਹਾਂ ਦੇ ਸੁਮੇਲ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰਦੀ ਹੈ। ਜਿੱਥੇ ਪੱਛਮੀ ਰਹਿਣ-ਸਹਿਣ ਅਤੇ ਸਭਿਆਚਾਰ ਵਿੱਚ ਪੱਛਮੀ ਔਰਤ ਆਪਣੇ ਅਧਿਕਾਰਾਂ ਪ੍ਰਤੀ ਬੜਬੋਲੀ, ਬੇਬਾਕ ਅਤੇ ਬਾਹਰਮੁਖੀ ਹੈ, ਉੱਥੇ ਸੁਰਜੀਤ ਕਲਸੀ ਦਾ ਨਾਰੀਵਾਦ ਮੱਠਾ ਅਤੇ ਅੰਦਰਮੁਖੀ ਹੈ।

'ਰੋਮ-ਰੋਮ ਵਿੱਚ ਜਗਦੇ ਦੀਵੇ' ਦੇ ਪਹਿਲੇ ਭਾਗ 'ਵੇਦਨਾ', 'ਸੰਵੇਦਨਾ' ਵਿੱਚ ਮਾਨਸਿਕ ਪੀੜਾ ਦੇ ਅਹਿਸਾਸ ਦੀ ਅਭਿਵਿਅਕਤੀ ਕੀਤੀ ਗਈ ਹੈ ।ਮੱਧ ਯੁੱਗ ਦੀ ਔਰਤ ਦੁੱਖਾਂ-ਕਲੇਸ਼ਾਂ ਨੂੰ ਸਹਿੰਦੀ ਹੋਈ ਸਾਂਤ ਹੋ ਜਾਂਦੀ ਸੀ ਪਰ ਅੱਜ ਦੇ ਯੁੱਗ ਦੀ ਔਰਤ ਸਭ ਕੁੱਝ ਮਹਿਸੂਸ ਕਰਦਿਆ ਹੋਇਆ ਵੀ ਕੁੱਝ ਨਾ ਕਰ ਸਕਣ ਦੀ ਮਜ਼ਬੂਰੀ ਕਰਕੇ ਚੁੱਪ ਹੋ ਜਾਂਦੀ ਹੈ। ਮਜ਼ਬੂਰੀ ਦਾ ਕਾਰਣ ਸਿਰਫ਼ ਇਹ ਹੈ ਕਿ ਪਹਿਲਾਂ ਤੋਂ ਹੀ ਚੱਲੇ ਆ ਰਹੇ ਮਰਦ ਪ੍ਰਧਾਨ ਸਮਾਜ ਦੀਆਂ ਹਾਵੀ ਕਦਰਾਂ- ਕੀਮਤਾਂ ਨਾਲ ਉਹ ਸਿੱਧੀ ਟੱਕਰ ਨਹੀਂ ਲੈ ਸਕਦੀ। ਇਸ ਤਰ੍ਹਾਂ ਦੀਆਂ ਹੀ ਮਜ਼ਬੂਰੀਆਂ ਨੂੰ ਸੁਰਜੀਤ ਕਲਸੀ 'ਵੇਦਨਾ 2' ਕਵਿਤਾ ਰਾਹੀਂ ਬਿਆਨ ਕਰਦੀ ਹੈ :-

"ਜ਼ਿੰਦਗੀ ਤਾਂ ਰੇਤ ਦੇ ਕਿਣਕਿਆਂ ਵਾਂਗ
ਕਿਣਕਾ ਕਿਣਕਾ ਰੋਜ਼ ਕਿਰਦੀ ਰਹੀ
ਇੱਕ ਕਿਰਨ ਆਸ ਦੀ ਅਜਿਹੀ ਸੀ
ਜੋ ਹਰ ਮੌਸਮ ਪਿੰਡੇ ਜਰਦੀ ਰਹੀ।"[2]

ਸੁਰਜੀਤ ਕਲਸੀ ਦੀ ਕਵਿਤਾ ਵਿੱਚ ਔਰਤ ਦੀ ਕਰੁਣਾਮਈ ਸਥਿਤੀ ਦਾ ਜ਼ਿਕਰ ਮਿਲਦਾ ਹੈ। ਔਰਤ ਦੇ ਸਮਾਜਕ ਦਰਜੇ ਵਿੱਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਸਦੀਆਂ ਬੀਤ ਗਈਆਂ, ਯੁੱਗ ਬੀਤ ਗਏ ਪਰ ਔਰਤ ਦੀ ਸਮਾਜਕ ਸਥਿਤੀ ਨਹੀਂ ਬਦਲੀ। ਹਰ ਯੁੱਗ ਵਿੱਚ ਔਰਤ ਦੀ ਭੌਤਿਕ ਸ਼ਕਤੀ ਅਤੇ ਮਾਨਸਕ ਊਰਜਾ ਖਾਰਜ ਹੁੰਦੀ ਰਹੀ ਹੈ। ਸੁਰਜੀਤ ਕਲਸੀ ਦੀ ਕਵਿਤਾ ਸੁਚੇਤਤਾ ਅਤੇ ਸਪੱਸ਼ਟਟਾ ਦਾ ਸਹਾਰਾ ਲੈ ਕੇ ਪਰੰਪਰਾ ਤੋਂ ਮੁਕਤ ਅਤੇ ਸਵੈ ਵਿਸ਼ਵਾਸ ਨਾਲ ਹਰ ਮੁਕਾਬਲੇ ਦਾ ਸਾਹਮਣਾ ਕਰਨ ਲਈ ਤਿਆਰ ਹੈ। ਉਸ ਦੀ ਸਾਰੀ ਕਵਿਤਾ ਹੀ ਪੜ੍ਹਨਯੋਗ ਤੇ ਮਾਨਣਯੋਗ ਹੈ।'ਰੋਮ ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰਗ੍ਰਹਿ ਦਾ ਪਹਿਲਾ ਭਾਗ 'ਵੇਦਨਾ ਸੰਵੇਦਨਾ' ਅਤਿ ਸੂਖ਼ਮ ਵਿਸ਼ੇ ਨੂੰ ਇਤਨੀ ਸਹਿਜਤਾ ਨਾਲ ਕਾਵਿ-ਸ਼ਾਸਤਰ ਰਾਹੀਂ ਪੇਸ਼ ਕਰਦਾ ਹੈ ਕਿ ਪਾਠਕ ਆਨੰਦ ਮਹਿਸੂਸ ਕਰਦਾ ਹੈ। ਵੇਦਨਾ ਤੋਂ ਭਾਵ ਹੈ ਮਾਨਸਿਕ ਸੰਤਾਪ। ਅਜਿਹਾ ਮਾਨਸਿਕ ਤਣਾਉ ਮਨੁੱਖ ਨੂੰ ਭਟਕਣਾ ਦੇ ਦਿੰਦਾ ਹੈ ਪਰ ਜਦੋਂ ਇਹੀ ਵੇਦਨਾ, ਸੰਵੇਦਨਾ ਵਿੱਚ ਬਦਲ ਜਾਂਦੀ ਹੈ ਤਾਂ ਆਸ਼ਾ ਦੀ ਚਿਣਗ ਨਾਲ ਨਵਾਂ ਰਸਤਾ ਦਿਖਾਈ ਦਿੰਦਾ ਹੈ।ਇਹ ਰੌਸ਼ਨੀ ਮਨੁੱਖ ਨੂੰ ਸੁੱਖ ਸ਼ਾਂਤੀ ਪ੍ਰਦਾਨ ਕਰਦੀ ਹੈ ਤਾਂ ਉਸ ਨੂੰ ਨਵੀਂ ਸੋਝੀ ਦਾ ਗਿਆਨ ਵੀ ਪ੍ਰਾਪਤ ਹੁੰਦਾ ਹੈ।ਇਸ ਵੇਦਨਾ ਤੇ ਸੰਵੇਦਨਾ ਨੂੰ ਆਹਮੋ-ਸਾਹਮਣੇ ਪੰਨਿਆਂ ਤੇ ਰੱਖ ਕੇ ਕੀਤੀ ਰਚਨਾ, ਅਜਿਹੀ ਕਾਵਿ-ਵਿਧੀ ਹੈ, ਜਿਸਨੂੰ ਤਰਤੀਬਣਾ ਅਤੇ ਵਿਉਂਤਣਾ ਇੱਕ ਬਹੁਤ ਹੀ ਮੁਸ਼ਕਿਲ ਭਰਿਆ ਕਾਰਜ ਹੈ ਪਰ ਇਸਨੂੰ ਸੁਰਜੀਤ ਕਲਸੀ ਨੇ ਬੜੇ ਵਧੀਆ ਢੰਗ ਨਾਲ ਤਰਤੀਬ ਦੇ ਕੇ ਅਤੇ ਵਿਉਂਤ ਕੇ ਸਿਰੇ ਚਾੜ੍ਹਿਆ ਹੈ।ਸੁਰਜੀਤ ਕਲਸੀ ਸੰਵੇਦਨਸ਼ੀਲ ਕਵਿੱਤਰੀ ਹੈ। ਉਹ ਭਾਰਤੀ ਸੱਭਿਆਚਾਰ ਨੂੰ ਅੱਖੋਂ ਉਹਲੇ ਨਹੀਂ ਕਰਦੀ ਬੇਸ਼ੱਕ ਉਸਨੇ ਨਾਰੀ ਦੀ ਸਥਿਤੀ ਵਿੱਚ ਆਏ ਬਦਲਾਵ ਦੀ ਗੱਲ ਕਵਿਤਾ ਵਿੱਚ ਕਰ ਦਿੱਤੀ ਹੈ, ਜੋ ਨਾਰੀ ਦੀ ਮਾਨਸਿਕ ਅਵਸਥਾ ਨੂੰ ਉੱਚਾ ਉਠਾਉਣ ਲਈ ਕਾਫ਼ੀ ਹੈ।

'ਰੋਮ-ਰੋਮ ਵਿੱਚ ਜਗਦੇ ਦੀਵੇ', ਸਦੀਵੀ ਔਰਤ ਦੇ ਸਦੀਵੀ ਜੱਦੋ-ਜ਼ਹਿਦ ਦੇ ਸਫ਼ਰ ਦਾ ਬਿਆਨ ਕਰਦੀ ਹੈ। ਇਸ ਕਵਿਤਾ ਵਿੱਚ ਕਵਿੱਤਰੀ ਉਸ ਸੰਘਰਸ਼ ਦੀ ਗੱਲ ਕਰਦੀ ਹੈ, ਜਿਸ ਨੇ ਉਸ ਦੇ ਰੋਮ-ਰੋਮ ਵਿੱਚ ਦੀਵੇ ਜਗਾ ਕੇ ਰੱਖ ਦਿੱਤੇ ਹਨ। ਔਰਤ ਦੇ ਸੰਘਰਸ਼ ਦੀ ਗੱਲ ਉਸ ਨੇ ਬੜੇ ਹੀ ਬਲਵਾਨ ਸ਼ਬਦਾਂ ਨਾਲ ਕੀਤੀ ਹੈ। ਜਿੱਥੇ ਉਹ ਔਰਤ ਨੂੰ ਸਿਰਫ਼ ਤੇ ਸਿਰਫ਼ ਜਿਸਮ ਹੀ ਨਹੀਂ ਮੰਨਦੀ ,ਉੱਥੇ ਉਸ ਦੀ ਨਜ਼ਰ ਵਿੱਚ ਔਰਤ ਉਹ ਮੂਰਤ ਹੈ, ਜਿਸਦੇ ਅੰਦਰ ਭਾਵਨਾਵਾਂ ਦਾ ਸਾਗਰ ਹੈ। ਉਹ ਸਿਰਫ਼ ਜਿਸਮ ਰੂਪੀ ਇੱਕ ਪੱਥਰ ਦੀ ਮੂਰਤੀ ਨਹੀਂ ਹੈ। ਭਾਵਨਾਵਾਂ ਦੇ ਵਹਿਣ ਕਰਕੇ ਹੀ ਉਸ ਦਾ ਸਫ਼ਰ ਅੱਥਰੂਆਂ ਤੋਂ ਸ਼ੁਰੂ ਹੋਇਆ ਹੈ।ਔਰਤ ਦੀਆਂ ਭਾਵਨਾਵਾਂ ਨੂੰ ਸੁਰਜੀਤ ਕਲਸੀ ਕਾਵਿ ਵਿੱਚ ਇਉਂ ਬਿਆਨ ਕਰਦੀ ਹੈ:-

"ਰੇਤ ਦੇ ਸਹਿਰਾ ਨੂੰ ਸਮੁੰਦਰ ਕਰਦੀ ਕਰਦੀ
ਅੱਖੀਆਂ ਦੇ ਸਾਰੇ ਹੰਝੂ ਪੱਥਰ ਕਰ ਬੈਠੀ
ਰੇਤ ਜਿਹਾ ਰਿਸ਼ਤਾ ਕਣ-ਕਣ ਕਿਰਦਾ ਤਕਦੀ
ਦਿਲ ਦੇ ਜਖ਼ਮ ਸੁਨਹਿਰੀ ਰੇਤੇ ਨਾਲ ਭਰ ਬੈਠੀ।"[3]

ਇਹ ਕਵਿਤਾ ਇੱਕ ਅਜਿਹੀ ਔਰਤ ਦੀ ਕਵਿਤਾ ਹੈ, ਜੋ ਵੇਦਨਾ ਸੰਵੇਦਨਾ ਦੇ ਦੁੱਖ ਦਰਦ ਵਿੱਚੋਂ ਲੰਘ ਚੁੱਕੀ ਹੈ, ਅਤੇ ਸੰਘਰਸ਼ ਕਰਦੀ- ਕਰਦੀ ਉਹ ਹਾਰੀ ਨਹੀਂ, ਸਗੋਂ ਜੇਤੂਆਂ ਵਾਂਗ ਉੱਭਰ ਕੇ ਸਾਹਮਣੇ ਆਈ ਹੈ।ਉਹ ਔਰਤ ਆਪਣੇ ਜ਼ਖ਼ਮਾਂ ਨੂੰ ਛੁਪਾ ਕੇ ਦੁਸ਼ਵਾਰੀਆਂ ਝੱਲਦੀ ਹੋਈ ਵੀ ਆਪਣਾ ਹੌਸਲਾ ਕਾਇਮ ਰੱਖਦੀ ਹੈ।ਉਸ ਔਰਤ ਨੂੰ ਦਰਦ ਤਾਂ ਹੁੰਦਾ ਹੈ,ਕਿਉਂ ਜੁ ਉਹ ਵੀ ਇਨਸਾਨ ਹੈ ਪਰ ਉਹ ਆਪਣੇ ਦੁੱਖਾਂ ਨੂੰ ਜੱਗ-ਜ਼ਾਹਿਰ ਨਹੀਂ ਕਰਨਾ ਚਾਹੁੰਦੀ।ਉਹ ਮਰਦ ਪ੍ਰਧਾਨ ਸਮਾਜ ਵੱਲੋਂ ਦਿੱਤੇ ਕੌੜੇ ਹੰਝੂਆਂ ਨੂੰ ਪੀ ਕੇ ਅੰਦਰੋਂ-ਅੰਦਰ ਹੋਰ ਮਜ਼ਬੂਤ ਹੋਈ ਜਾ ਰਹੀ ਹੈ।ਕਵਿੱਤਰੀ ਔਰਤ ਦੀ ਉਸ ਤਪਸ਼ ਨੂੰ ਬਿਆਨ ਕਰਦੀ ਹੈ,ਜੋ ਉਹ ਨਾਰੀ ਹੋਣ ਕਰਕੇ ਦਿਨ-ਰਾਤ ਸਹਿੰਦੀ ਹੈ।ਕਦੇ ਮਾਨਸਕ ਤਸ਼ਦੱਦ ਉਸ ਦੇ ਸਰੀਰ ਤੇ ਭਾਰੂ ਹੋ ਜਾਂਦਾ ਹੈ ਅਤੇ ਕਦੇ ਸਰੀਰਕ

ਤਸ਼ਦੱਦ ਉਸ ਦੇ ਮਨ ਤੇ ਭਾਰੂ ਹੋ ਜਾਂਦਾ ਹੈ। ਸੁਰਜੀਤ ਕਲਸੀ ਔਰਤ ਦੀਆਂ ਹੱਡ-ਬੀਤੀਆਂ, ਦੁਸ਼ਵਾਰੀਆਂ ਦਾ ਪ੍ਰਗਟਾਵਾ ਕਰਦੀ ਹੈ ਅਤੇ ਔਰਤ ਦੇ ਰਿਸਦੇ ਹੋਏ ਜਖ਼ਮਾਂ ਤੇ ਮਲ੍ਹਮ ਲਗਾਉਂਦੀ ਹੋਈ ਕਹਿੰਦੀ ਹੈ-

"ਹਰ ਰਾਤ ਜ਼ਿੰਦ ਟੋਟੇ-ਟੋਟੇ ਹੁੰਦੀ ਰਹੀ
ਰੂਹ ਤੇ ਦੇਹੀ ਦੀ ਤਾਰ ਤਾਰ ਟੁਟਦੀ ਰਹੀ
ਕਦੀ ਬੂਹੇ ਦੇ ਪਿੱਛੇ ਲੁਕ ਕੇ ਰੋਂਦੀ ਰਹੀ
ਕਦੀ ਆਪਣੇ ਆਪ ਨੂੰ ਵਰਾਉਂਦੀ ਰਹੀ!"[4]

ਔਰਤ ਦੁੱਖਾਂ ਦੀ ਭਾਗੀਦਾਰ ਰਹੀ ਹੈ। ਉਸ ਨੂੰ ਦੁੱਖਾਂ ਤੋਂ ਸਿਵਾਏ ਕੁੱਝ ਨਹੀਂ ਮਿਲਿਆ। ਹਮੇਸ਼ਾਂ ਉਸ ਦੀ ਰੂਹ ਉਦਾਸ ਹੀ ਰਹੀ ਹੈ ਅਤੇ ਹੰਝੂਆਂ ਨੇ ਕਦੇ ਉਸ ਦਾ ਸਾਥ ਨਹੀਂ ਛੱਡਿਆ।ਔਰਤ ਨਾਲ ਕਦਮ-ਕਦਮ ਤੇ ਵਧੀਕੀਆਂ ਹੀ ਹੁੰਦੀਆਂ ਆਈਆਂ ਹਨ ਪਰ ਜਦੋਂ-ਜਦੋਂ ਵੀ ਔਰਤ ਦੁਖੀ ਹੋਈ ,ਉਹ ਆਪਣਾ ਸਹਾਰਾ ਆਪ ਬਣੀ ਹੈ।ਸੁਰਜੀਤ ਕਲਸੀ ਆਪਣੀਆਂ ਰਚਨਾਵਾਂ ਵਿੱਚਲੀ ਔਰਤ ਰਾਹੀਂ ਬਿਆਨ ਕਰਦੀ ਹੈ ਕਿ ਜੇ ਔਰਤ ਉਦਾਸ ਹੋ ਕੇ ਢੇਰੀ ਢਾਹ ਕੇ ਬੈਠ ਜਾਵੇਗੀ ਤਾਂ ਉਹ ਜ਼ਿੰਦਗੀ ਦੀ ਲੜਾਈ ਹਾਰ ਜਾਵੇਗੀ।ਜੀਵਨ ਨੂੰ ਬੇਹਤਰ ਬਣਾਉਣ ਲਈ ਕਿਸੇ ਸਹਾਰੇ ਦੀ ਜ਼ਰੂਰਤ ਨਹੀਂ,ਸਗੋਂ ਮਨ ਦੇ ਹਨੇਰੇ ਨੂੰ ਦੂਰ ਕਰਕੇ ਦੁੱਖਾਂ ਦਾ ਹੱਲ ਲੱਭਿਆ ਜਾ ਸਕਦਾ ਹੈ:-

"ਵੇਦਨਾ ਵਿੱਚ ਹੋਰ ਨਾ ਹੋ ਉਦਾਸ
ਚੇਤਨ ਮਸਤਕ ਨਾਲ
ਆਪਣੀ ਜੋਤ ਜਗਾ ਕੇ ਦੇਖ ਕਦੀ!
ਦਿਲ ਦੇ ਆਂਗਣ ਉਤਰ ਆਇਆ
ਚੜ੍ਹਦੇ ਸੂਰਜ ਦਾ ਪ੍ਰਕਾਸ਼
ਦੁਖ-ਦਾਰੂ ਸ਼ਬਦਾਂ ਦੀ ਲੋਅ
ਵਿੱਚ ਜਿੰਦ ਬਹਾ ਕੇ ਦੇਖ ਕਦੀ !"[5]

ਸੁਰਜੀਤ ਕਲਸੀ ਆਪਣੀ ਸ਼ਇਰੀ ਵਿੱਚ ਅਜੋਕੀ ਚਰਚਾ ਅਤੇ ਅਜੋਕੇ ਦੋਸ਼ਾਂ ਤੋਂ ਉਦੋਂ ਮੁਕਤ ਹੋ ਜਾਂਦੀ ਹੈ, ਜਦੋਂ ਉਹ ਸੰਵੇਦਨਾਤਮਿਕ ਸੋਚਣੀਆਂ'ਚ ਗ੍ਰਸਤ ਹੋਈ ਕਵਿਤਾ ਦੀ ਰਚਨਾ ਕਰਦੀ ਹੈ। ਸੁਰਜੀਤ ਕਲਸੀ ਦੀ ਸ਼ਾਇਰੀ ਜ਼ਿੰਦਗੀ 'ਚ ਭਟਕਣਾ ਤੋਂ ਸੰਤੁਸ਼ਟਤਾ ਲਿਆਉਂਦੀ ਹੈ। ਉਹ ਆਪਣੀ ਸ਼ਾਇਰੀ ਰਾਹੀਂ ਕਮਜ਼ੋਰ ਹੋਏ ਜੀਵਨ ਨੂੰ ਸਹਾਰਾ ਦਿੰਦੀ ਹੈ। ਉਸ ਦੀ ਕਵਿਤਾ ਬੰਧਨ ਮੁਕਤ ਹੈ। ਉਸਦੇ ਕਾਵਿ ਸੰਗ੍ਰਹਿ 'ਰੋਮ-ਰੋਮ ਵਿੱਚ ਜਗਦੇ ਦੀਵੇ' ਵਿੱਚਲੀ ਕਵਿਤਾ ਦੇ ਬੋਲ ਮਨੁੱਖੀ ਮਨ ਲਈ ਰੂਹਾਨੀ ਬੋਲ ਸਾਬਤ ਹੁੰਦੇ ਕਈ ਤਰ੍ਹਾਂ ਦੇ ਪ੍ਰਸ਼ਨ ਵੀ ਪੈਦਾ ਕਰ ਦਿੰਦੇ ਹਨ। ਸੁਰਜੀਤ ਕਲਸੀ ਨੇ ਆਪਣੀ ਕਵਿਤਾ ਰਾਹੀਂ ਸੰਦੇਸ਼ ਦੇ ਨਾਲ-ਨਾਲ ਕਵਿਤਾ ਦੇ ਸੁਹਜ ਸਵਾਦ ਨੂੰ ਵੀ ਪੂਰੀ ਲਗਨ ਨਾਲ ਬਰਕਰਾਰ ਰੱਖਿਆ ਹੈ। ਉਸ ਨੇ ਆਪਣੀ ਰਚਨਾ ਨੂੰ ਕੁਦਰਤ ਅਤੇ ਆਧੁਨਿਕ ਬਿੰਬਾਂ,ਮੌਟਿਫ਼ਾਂ, ਪ੍ਰਤੀਕਾਂ, ਅਲੰਕਾਰਾਂ ਦੇ ਗਹਿਣਿਆਂ ਨਾਲ ਸ਼ਿੰਗਾਰਿਆ ਹੈ।

ਰਿਸ਼ਤਿਆਂ ਦੇ ਟੁੱਟਣ ਤੇ ਜੁੜਨ ਦੀ ਪ੍ਰਕਿਰਿਆ ਚੱਲਦੀ ਹੀ ਰਹਿੰਦੀ ਹੈ। ਅੱਜ ਰਿਸ਼ਤੇ ਬਣਦੇ ਹਨ ਅਤੇ ਕੱਲ੍ਹ ਟੁੱਟ ਜਾਂਦੇ ਹਨ। ਹਉਮੈ, ਤ੍ਰਿਸ਼ਨਾ, ਲਾਲਸਾ, ਕਾਮ, ਕ੍ਰੋਧ, ਮੋਹ, ਅਤੇ ਲੋਭ ਨਾਲ ਲਬਰੇਜ਼ ਹੋਈਆਂ ਕਾਮਨਾਵਾਂ ਅਤੇ ਮਨੁੱਖੀ ਇੱਛਾਵਾਂ ਦੇ ਕਾਰਣ ਮਨ ਵਿੱਚ ਖਲਬਲੀ ਪੈਦਾ ਹੋ ਜਾਂਦੀ ਹੈ। ਜਿਸ ਦਾ ਦੁੱਖ ਅਤੇ ਪੀੜਾ ਜ਼ਿੰਦਗੀ ਸਾਰੀ ਉਮਰ ਭੋਗਦੀ ਰਹਿੰਦੀ ਹੈ। ਔਰਤ ਰੀਤਾਂ-ਰਿਵਾਜਾਂ ਅਤੇ ਸੰਸਕਾਰਾਂ ਦੀ ਚੱਕੀ ਵਿੱਚ ਪਿਸਦੀ ਆਈ ਹੈ।ਪੁਰਾਤਨ ਔਰਤ ਤਾਂ ਇਸ ਨੂੰ ਆਪਣੀ ਕਿਸਮਤ ਸਮਝ ਕੇ

ਜ਼ਿੰਦਗੀ ਦੀ ਡੋਰ ਅੱਗੇ ਤੋਰੀ ਜਾਂਦੀ ਹੈ ਪਰ ਆਧੁਨਿਕ ਔਰਤ ਪੜ੍ਹੀ-ਲਿਖੀ ਤੇ ਸਵੈ-ਨਿਰਭਰ ਹੋਣ ਕਰਕੇ ਪਰੰਪਰਾ ਵਿੱਚ ਘਿਰੀ ਨਹੀਂ ਰਹਿਣਾ ਚਾਹੁੰਦੀ। ਸੁਰਜੀਤ ਕਲਸੀ ਪੜ੍ਹੀ-ਲਿਖੀ ਔਰਤ ਨੂੰ ਇਵੇਂ ਬਿਆਨ ਕਰਦੀ ਹੈ:-

"ਉਂਜ ਤਾਂ ਸ਼ਬਦਾਂ ਦਾ ਸਾਗਰ ਸੀ
ਗਹਿਰਾ ਤੇ ਠਾਠਾਂ ਮਾਰਦਾ ਆਸ ਪਾਸ ਮੇਰੇ
ਪਰੰਪਰਾ ਦੇ ਪਾਣੀ ਮਗਰ ਤਰ ਨਾ ਸਕੀ
ਜ਼ਿੰਦਗੀ ਲਾਗਿਉਂ ਬੇਲਾਗ ਜਿਹੀ ਲੰਘਦੀ ਰਹੀ
ਸਰਾਪੀ ਜ਼ਿੰਦ ਜਿਉਂਣ ਦਾ ਬੁੱਕ ਭਰ ਨਾ ਸਕੀ!"[6]

ਸੁਰਜੀਤ ਕਲਸੀ ਦੀ ਕਵਿਤਾ ਵਿੱਚਲੀ ਔਰਤ ਪਰੰਪਰਾ ਦੀ ਲਛਮਣ ਰੇਖਾ ਵਿੱਚ ਘਿਰੀ ਦੂਹਰਾ ਸੰਤਾਪ ਹੰਢਾਉਂਦੀ ਹੈ। ਇਹ ਪਰੰਪਰਾ ਦੀ ਵਲੱਗਣ ਤੋੜ ਕੇ ਜਿਸ ਰਾਹ ਉੱਪਰ ਉਸ ਨੇ ਤੁਰਨਾ ਹੈ, ਉਸ ਦੇ ਹਰ ਮੋੜ ਤੇ ਮੁਸੀਬਤਾਂ ਹੀ ਮੁਸੀਬਤਾਂ ਹਨ। ਮਰਦ ਪ੍ਰਧਾਨ ਸਮਾਜ ਵਿੱਚ ਉਸ ਨਾਲ ਵਿਤਕਰਾ ਕੀਤਾ ਜਾਂਦਾ ਰਿਹਾ ਹੈ।ਇਸ ਤੋਂ ਬੇਪਰਵਾਹ ਹੁੰਦੀ ਹੋਈ ਉਹ ਆਪਣੀ ਮੰਜ਼ਿਲ ਵੱਲ ਵੱਧਦੀ ਹੈ। ਔਰਤ ਆਪਣੇ ਆਪ ਨੂੰ ਦੁੱਖਾਂ ਵਿੱਚ ਰਹਿ-ਰਹਿ ਕੇ ਐਨਾ ਮਜ਼ਬੂਤ ਕਰ ਲੈਂਦੀ ਹੈ ਕਿ ਉਸ ਦਾ ਨਾ ਤਾਂ ਸਾਹਸ ਟੁੱਟਦਾ ਹੈ ਨਾ ਹੀ ਉਹ ਮੁਸੀਬਤਾਂ ਤੋਂ ਡਰ ਕੇ ਆਪਣਾ ਰਸਤਾ ਛੱਡਦੀ ਹੈ। ਇਸ ਜੋਖ਼ਮ ਭਰੇ ਰਸਤੇ ਪ੍ਰਤੀ ਕਦਮ ਚੁੱਕਣ ਦਾ ਫ਼ੈਸਲਾ ਉਸ ਨੇ ਪਹਿਲਾਂ ਹੀ ਆਪਣੀ ਮਰਜ਼ੀ ਨਾਲ ਲਿਆ ਹੁੰਦਾ ਹੈ।'ਸੰਵੇਦਨਾ-6' ਵਿੱਚ ਸੁਰਜੀਤ ਕਲਸੀ ਔਰਤ ਨੂੰ ਔਖੇ ਰਸਤਿਆਂ ਨੂੰ ਸਰ ਕਰਨ ਲਈ ਹੱਲਾਸ਼ੇਰੀ ਦਿੰਦੀ ਹੈ।ਕਵਿਤਾ ਰਾਹੀਂ ਔਰਤ ਨੂੰ ਪੀੜਾਂ ਅਤੇ ਗ਼ਮ ਭੁਲਾ ਕੇ,ਆਉਣ ਵਾਲੇ ਸਮੇਂ ਲਈ ਨਵੀਂਆਂ ਆਸਾਂ ਤੇ ਧਿਆਨ ਕ੍ਰੇਂਦਿਤ ਕਰਨ ਲਈ ਕਹਿੰਦੀ ਹੈ:-

"ਪੀੜ ਦੇ ਇਸ ਸਿਖ਼ਰ ਨੂੰ ਇੱਕਲਿਆਂ ਹੀ ਜਰਨਾ
ਸਜਰੇ ਜ਼ਖ਼ਮਾਂ ਤੇ ਫੈਹੈ ਪੋਟੇ ਆਪਣਿਆਂ ਹੀ ਧਰਨਾ!"[7]

"ਨਾ ਮੰਜ਼ਿਲ ਦਾ ਸੀ ਪਤਾ ਨਾ ਰਸਤੇ ਦਾ
ਲਛਮਣ ਰੇਖਾ ਅੰਦਰ ਜਿੰਦ ਘੁਟਦੀ ਰਹੀ
ਅਸਮਾਨ ਦੇ ਛੋਟੇ ਜਿਹੇ ਇੱਕ ਟੁਕੜੇ ਤੋਂ ਪਰਾਂ
ਹੋਰ ਵੀ ਕੋਈ ਹੈ ਅੰਬਰ
ਇਸ ਦੀ ਨਾ ਕੋਈ ਸੋਝੀ ਰਹੀ।"[8]

'ਰੋਮ-ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰਗ੍ਰਹਿ ਦਾ ਦੂਜਾ ਪੜਾਅ ਹੈ 'ਰੋਮ-ਰੋਮ ਵਿੱਚ ਜਗਦੇ ਦੀਵੇ'। ਇਸ ਵਿੱਚ ਪੜਾਅ ਵਿੱਚ ਸੁਰਜੀਤ ਕਲਸੀ ਨੇ ਨਾਰੀ ਦੇਹ ਨੂੰ ਵੱਖ-ਵੱਖ ਰੂਪਾਂ ਵਿੱਚ ਪੇਸ਼ ਕੀਤਾ ਹੈ। ਨਾਰੀ ਨੂੰ ਮਰਦ-ਪ੍ਰਧਾਨ ਸਮਾਜ ਇੱਕ ਭੋਗਣ ਵਾਲੀ ਵਸਤੂ ਸਮਝਦਾ ਹੈ। ਸੁਰਜੀਤ ਕਲਸੀ ਨੇ ਨਾਰੀ ਕੋਈ ਭੋਗਣ ਵਾਲੀ ਵਸਤੂ ਨਾ ਕਹਿ ਕੇ ਰੂਹ ਦਾ ਮੰਦਰ ਕਹਿ ਕੇ ਸਤਿਕਾਰਿਆ ਹੈ।ਸੁਰਜੀਤ ਕਲਸੀ ਨੇ ਸਮਾਜਿਕ ਨਾ ਬਰਾਬਰੀ, ਵਿਤਕਰੇ ਅਤੇ ਔਰਤਾਂ ਉੱਪਰ ਹੋ ਰਹੇ ਜ਼ੁਲਮ ਖਿਲਾਫ਼ ਆਵਾਜ਼ ਉਠਾਈ ਹੈ। ਔਰਤਾਂ ਦੀਆਂ ਮੁਸ਼ਕਿਲਾਂ, ਦੁੱਖਾਂ, ਸੰਕਟਾਂ, ਸੰਤਾਪਾਂ ਨੂੰ ਦੂਰ ਕਰਨ ਅਤੇ ਸਮਾਜਿਕ ਚੇਤਨਾ ਲਿਆਉਣ ਲਈ ਔਰਤਾਂ ਨੂੰ ਜਥੇਬੰਦ ਕਰਨ ਦਾ ਸਮਾਜਿਕ ਯੋਗਦਾਨ ਪਾਇਆ, ਜਿਸ ਅਧੀਨ ਉਸ ਨੇ 'ਸਮਾਨਤਾ' ਅਤੇ 'ਸਹਾਰਾ' ਵਰਗੀਆਂ ਔਰਤਾਂ ਦੀਆਂ ਜਥੇਬੰਦੀਆਂ ਵਿੱਚ ਬੜਾ ਅਹਿਮ ਰੋਲ ਅਦਾ ਕੀਤਾ ਹੈ ਅਤੇ ਹਾਲੇ ਵੀ ਇਸ ਪ੍ਰਤੀ ਉਹ ਹਾਲੇ ਵੀ ਸੰਘਰਸ਼ ਕਰ ਰਹੀ ਹੈ। ਸੁਰਜੀਤ ਕਲਸੀ ਚਾਹੁੰਦੀ ਹੈ ਕਿ ਨਾਰੀ ਦਾ ਦਰਜਾ ਸਮਾਜ ਵਿੱਚ ਸਮਾਨ ਹੋ ਜਾਵੇ ਅਤੇ ਔਰਤਾਂ ਨੂੰ ਉਹਨਾਂ ਦੇ ਬਣਦੇ ਹੱਕ ਮਿਲ ਜਾਣ ।ਖ਼ੁਦ ਔਰਤ ਹੋਣ ਦੇ ਨਾਤੇ ਸੁਰਜੀਤ ਕਲਸੀ ਹਰ ਔਰਤ ਦੀ ਪੀੜ ਨੂੰ ਆਪਣੀ ਪੀੜ ਦੱਸਦੀ ਹੈ। ਮਰਦ ਪ੍ਰਧਾਨ ਸਮਾਜ

ਹਰ ਸਮੇਂ ਔਰਤ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ। ਔਰਤ ਅਜਿਹੇ ਸਮਾਜ ਵਿੱਚ ਆਪਣੇ ਆਪ ਨੂੰ ਸਤੁੰਤਰ ਰੂਪ ਵਿੱਚ ਸਥਾਪਿਤ ਨਹੀਂ ਕਰ ਪਾਉਂਦੀ।ਔਰਤ ਵੱਲੋਂ ਘਰ ਦਾ ਸਾਰਾ ਕੰਮ ਕਰਨਾ, ਬੱਚੇ ਪਾਲਣਾ ਤੇ ਬਾਹਰ ਜਾ ਕੇ ਨੌਕਰੀ ਕਰਨੀ। ਕੰਮ ਦੇ ਬੋਝ ਕਰਕੇ ਉਸ ਕੋਲ ਆਪਣੇ ਲਈ ਸਮਾਂ ਨਹੀਂ ਹੁੰਦਾ।ਉਸ ਅੰਦਰ ਮਘਦੀਆਂ ਭਾਵਨਾਵਾਂ ਤੇ ਉੱਭਰ ਰਹੇ ਸ਼ੌਕ ਵੀ ਮਰ ਜਾਂਦੇ ਹਨ। ਜ਼ਿੰਦਗੀ ਵਿੱਚ ਬਹੁਤ ਹੀ ਜਿਆਦਾ ਸੰਘਰਸ਼ ਕਰਨ ਦੇ ਬਾਵਜੂਦ ਵੀ ਉਹ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੇ ਹੋਏ ਉੱਪਰ ਨਹੀਂ ਉੱਠ ਪਾਉਂਦੀਆਂ।ਸੰਸਾਰ ਭਰ ਵਿੱਚ ਔਰਤਾਂ ਲਗਾਤਾਰ ਸੰਘਰਸ਼ ਕਰਦੀਆਂ ਰਹੀਆਂ ।ਬਹੁਤ ਸਮਾਂ ਪਾ ਕੇ ਔਰਤ ਨੂੰ ਕਿਤੇ ਜਾ ਕੇ ਆਵਾਜ਼ ਮਿਲੀ, ਪਹਿਚਾਣ ਮਿਲੀ ਪਰ ਫਿਰ ਵੀ ਔਰਤ ਨੂੰ ਹਮੇਸ਼ਾਂ ਦੂਜੇ ਦਰਜੇ ਦੀ ਸ਼ਹਿਰੀ ਹੀ ਸਮਝਿਆ ਗਿਆ।

'ਰੋਮ-ਰੋਮ ਵਿੱਚ ਜਗਦੇ ਦੀਵੇ' ਦੇ ਦੂਜੇ ਪੜਾਅ ਵਿੱਚ ਦੇਹੀ ਪ੍ਰਵੇਸ਼, ਦੇਹੀ ਨਿਵਾਰਨ, ਦੇਹੀ ਦਰਪਣ, ਦੇਹੀ ਵੇਦਨਾ ਤੇ ਦੇਹੀ ਸੰਵੇਦਨਾ ਦਾ ਵਿਸਥਾਰਿਤ ਵੇਰਵਾ ਕਾਵਿਕ ਸੁਰ ਵਿੱਚ ਸੁਰਜੀਤ ਕਲਸੀ ਨੇ ਬਿਆਨਿਆ ਹੈ:-

"ਜਿਸ ਦੇਹੀ ਵਿੱਚ ਵਿਗਸੇ ਪਿਆਰ
ਜਿਸ ਦੇਹੀ ਵਿੱਚ ਜਗੇ ਬਿਰਹੜਾ
ਉਹ ਬਣ ਸਮੁੰਦਰ ਜਾਂਦੀ!
ਜਿਸ ਸੋਚ ਵਿੱਚ ਵਿਥਾਂ ਮਿਟੀਆਂ
ਉਹ ਵਿਸ਼ਾਲ ਸਮੁੰਦਰ ਅਖਵਾਉਂਦੀ।"[9]

ਸੁਰਜੀਤ ਕਲਸੀ 'ਰੋਮ ਰੋਮ ਵਿੱਚ ਜਗਦੇ ਦੀਵੇ'ਦੇ ਦੂਜੇ ਭਾਗ ਵਿੱਚ ਮਨ ਨੂੰ ਮੰਦਰ ਥਾਪ ਕੇ ਅਨੇਕ ਪ੍ਰਕਾਰ ਦੇ ਵਿਸੇਸ਼ਣਾਂ ਨਾਲ ਬਿਆਨ ਕਰਦੀ ਹੈ, ਜਿਵੇਂ ਦੇਹੀ-ਪ੍ਰਵੇਸ਼, ਅਰਦਾਸ ਵੰਧਨਾ, ਮਸਤਕ ਸ਼ਾਜ, ਸੰਗੀਤ, ਸਮੁੰਦਰ ਆਦਿ। ਉਸ ਦੀ ਕਵਿਤਾ ਵਿੱਚਲੀ ਔਰਤ ਮਨ ਨੂੰ ਉਹ ਆਪਣੀ ਸਮਾਧੀ ਰਾਹੀਂ ਇੰਨਾ ਮਜ਼ਬੂਤ ਤੇ ਤਕੜਾ ਕਰ ਲੈਂਦੀ ਹੈ ਕਿ ਉਦਾਸੀ ਵਿੱਚੋਂ ਉਹ ਆਰਾਮ ਨਾਲ ਬਾਹਰ ਨਿਕਲ ਜਾਂਦੀ ਹੈ।ਉਸ ਦਾ ਸਮਾਧੀ ਵਿੱਚ ਲੀਨ ਹੋਇਆ ਮਨ ਅਵਚੇਤਨ ਦੀ ਡੂੰਘਾਈ ਤੱਕ ਪਹੁੰਚ ਜਾਂਦਾ ਹੈ ਅਤੇ ਆਪਣੇ ਅੰਦਰ ਕਿਸੇ ਗੁੱਝੇ ਪਏ ਰਿਸ਼ਤੇ ਦੀ ਪਛਾਣ ਕਰਨ ਦੇ ਨਾਲ-ਨਾਲ ਸਵੈ ਨੂੰ ਵੀ ਪੜਚੋਲਦਾ ਹੈ।ਕਦੇ ਖੁਸ਼ੀ ਤੇ ਕਦੇ ਉਦਾਸੀ ਦੀ ਅਵਸਥਾ ਆਉਂਦੀ -ਜਾਂਦੀ ਰਹਿੰਦੀ ਹੈ। ਮਨ ਦੀ ਇਸ ਡਾਂਵਾਡੋਲ ਸਥਿਤੀ ਕਾਰਨ ਔਰਤ ਅਚਾਨਕ ਮੁੜਕੇ ਉਹਨਾਂ ਦੀ ਲਪੇਟ ਵਿੱਚ ਆ ਜਾਂਦੀ ਹੈ ਜੋ ਉਸ ਦੀ ਅੰਤਰਮੁਖਤਾ ਲਈ ਉਕਸਾਊ ਸਿੱਧ ਹੁੰਦੇ ਹਨ। ਅਜਿਹੀਆਂ ਹਾਲਤਾਂ ਦੀ ਸਥਿਤੀ ਮਰਦ ਪ੍ਰਧਾਨ ਸਮਾਜ ਦੀਆਂ ਪਰੰਪਰਾਗਤ ਕਦਰਾਂ-ਕੀਮਤਾਂ ਨੂੰ ਔਰਤ ਉੱਤੇ ਠੋਸਣ ਕਰਕੇ ਹੀ ਪੈਦਾ ਹੁੰਦੀ ਹੈ। ਜਿਹਨਾਂ ਦਾ ਡਰ ਔਰਤ ਦੇ ਹਾਵਾਂ-ਭਾਵਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੰਦਾ ਹੈ। ਸੁਰਜੀਤ ਕਲਸੀ ਦੀ ਕਵਿਤਾ ਵਿੱਚੋਂ ਸਾਫ਼ ਨਜ਼ਰ ਆਉਂਦਾ ਕਿ ਉਸਦੀ ਜ਼ਿੰਦਗੀ ਵਿੱਚ ਪਿਆਰ ਦੀ ਘਾਟ ਜੋ ਬਚਪਨ ਤੇ ਜਵਾਨੀ ਵਿੱਚ ਰਹੀ ਤੇ ਜਿਸ ਨਿਹਮਤ ਲਈ ਉਹ ਜੀਵਨ ਵਿੱਚ ਤਰਸਦੀ ਰਹੀ ਅਤੇ ਰੂਹਾਨੀ ਅਵਸਥਾ ਵਿੱਚ ਪੁੱਜ ਕੇ ਉਸਨੂੰ ਨਿਗੂਣੀ ਜਾਪਣ ਲੱਗ ਪਈ:-

"ਹੇ ਜਾਣੀ-ਜਾਣ!
ਬਚਪਨ ਤੋਂ ਜਵਾਨੀ ਤੇ ਜਵਾਨੀ ਤੋਂ ਹੁਣ ਤੱਕ
ਮੋਹ ਪਿਆਰ ਦੀ ਲਾਲਸਾ ਕਰਦੀ ਰਹੀ ਜ਼ਿੰਦਗੀ
ਕਦੀ ਨਾ ਚੱਲ ਕੇ ਆਇਆ ਪਿਆਰ ਦਿਲ ਦੁਆਰੇ
ਨਿਗੂਣੀ ਨੇਹਮਤ ਲਈ ਭਟਕਦੀ ਰਹੀ ਜ਼ਿੰਦਗੀ।"[10]

ਸੁਰਜੀਤ ਕਲਸੀ 'ਔਰਤ-ਕਾਵਿ' ਭਾਗ ਵਿੱਚ ਔਰਤ ਦੇ ਵਿਭਿੰਨ ਰੰਗਾਂ ਨੂੰ ਪੇਸ਼ ਕਰਦੀ ਹੋਈ ਉਸ ਦੀ ਪੈਰਵਾਈ ਕਰਦੀ ਹੈ।ਕਵਿੱਤਰੀ ਆਪਣੀਆਂ ਰਚਨਾਵਾਂ ਵਿੱਚ ਔਰਤ ਦੀਆਂ ਸਿਰਫ਼ ਸੀਮਿਤ ਜ਼ਰੂਰਤਾਂ ਨੂੰ ਹੀ ਬਿਆਨ ਨਹੀਂ ਕਰਦੀ ਸਗੋਂ ਉਹਨਾਂ ਦੀਆਂ ਮਾਨਸਕ ਅਤੇ ਸਰੀਰਕ ਖਾਹਿਸ਼ਾਂ ਨੂੰ ਵੀ ਪੇਸ਼ ਕਰਦੀ ਹੈ।ਸੁਰਜੀਤ ਕਲਸੀ ਦੀ ਕਾਵਿ ਸੰਵੇਦਨਾ ਨਾਰੀ ਪਰਿਪੇਖ ਦੇ ਅਨੇਕਾਂ ਸਰੋਕਾਰਾਂ ਨੂੰ ਉਭਾਰਦੀ ਨਵੀਨ ਦਿਸਹੱਦੇ ਸਿਰਜਦੀ ਹੈ। ਸਦੀਆਂ ਤੋਂ ਹੀ ਔਰਤ ਨੂੰ ਧ੍ਰਿਕਾਰਿਆ ਗਿਆ ਹੈ। ਔਰਤ ਨੇ ਇਹ ਜਿਸਮ ਦੇ ਕਰਜ਼ੇ ਪਰੰਪਰਾ ਤੇ ਸੰਸਕਾਰਾਂ ਦੇ ਨਾਂ ਹੇਠ ਸਦੀਆਂ ਤੋਂ ਲਾਹੇ ਹਨ। ਔਰਤ ਦੀ ਦੇਹੀ ਵਿੱਚੋਂ ਪੀਰ ਪੈਗੰਬਰ,ਰਿਸ਼ੀ-ਮੁਨੀ, ਰਾਜੇ-ਮਹਾਰਾਜੇ ਪੈਦਾ ਹੋਏ ਪਰ ਇਹੀ ਕੁੱਖੋਂ ਜਦੋਂ ਕੁੜੀ ਪੈਦਾ ਹੁੰਦੀ ਹੈ ਤਾਂ ਉਸ ਸਮੇਂ ਉਸ ਨੂੰ ਤ੍ਰਿਸਕਾਰਿਆ ਕਿਉਂ ਜਾਂਦਾ ਹੈ। 'ਔਰਤ, ਸ਼ਬਦ ਤੇ ਸ਼ਕਤੀ' ਕਾਵਿ-ਪੁਸਤਕ ਵਿੱਚ 'ਸ਼ਕਤੀ ਭਾਗ ਵਿੱਚ ਭਰੂਣ-ਹੱਤਿਆ ਅਤੇ ਲਿੰਗ-ਚੋਣ ਦੇ ਮਸਲੇ ਬਾਰੇ ਦਿਲ ਟੁੰਬਵਾ ਬਿਆਨ ਮਿਲਦਾ ਹੈ:-

"ਹੁਣੇ ਹੁਣੇ ਪਰੰਪਰਾ ਦੀ ਖ਼ੂੰਖਾਰ ਇੱਲ
ਚੌੜੇ ਖੰਭ ਖਿਲਾਰ ਸਿਰ ਤੇ ਮੰਡਰਾਈ ਹੈ
ਜਿਸ ਮਾਂ ਤੋਂ ਪੁੱਤਰ ਦੀ ਮੰਗ ਪਾਈ ਹੈ
ਮੈਨੂੰ ਫ਼ੀਤਾ-ਫ਼ੀਤਾ ਕਰਕੇ ਰੋਹੜ ਦੇਣ ਲਈ
ਲੋਕਾਂ ਤਕਨੀਕੀ ਲਿੰਗ-ਚੋਣ ਕ੍ਰਿਸ਼ਮੇ ਦੀ ਬਾਤ ਪਾਈ ਹੈ
ਮੈਂ ਅਣਜੰਮੀ ਕੁੱਖ ਵਿੱਚ ਚੀਖ਼ੀ ਕੁਰਲਾਈ
ਮਾਂ ਦੇ ਕੰਨਾਂ ਤੱਕ ਵੀ ਪਹੁੰਚ ਪਾਈ ਮੇਰੀ ਦੁਹਾਈ।"[11]

ਸੁਰਜੀਤ ਕਲਸੀ ਵੱਲੋਂ ਲਿਖੀਆਂ ਗਈਆਂ ਇਹ ਸਤਰਾਂ ਵਿੱਚ ਸਮਾਜ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਹੈ ਅਤੇ ਔਰਤ ਦੀ ਮਜ਼ਬੂਰੀ ਦੇਖ ਕੇ ਉਸ ਪ੍ਰਤੀ ਹਮਦਰਦੀ ਅਤੇ ਨੇਹ ਪਿਆਰ ਵੀ ਜਨਮ ਲੈਂਦਾ ਹੈ। ਸੁਰਜੀਤ ਕਲਸੀ ਦੀ ਕਵਿਤਾ ਦਾ ਮਨੋਰਥ ਸਮਾਜਿਕ ਕੁਰੀਤੀਆਂ ਪ੍ਰਤੀ ਇਨਸਾਨ ਦੀ ਵੇਦਨਾ ਨੂੰ ਪ੍ਰਚੰਡ ਕਰਨਾ ਹੈ ਜੋ ਉਪਰੋਕਤ ਕਵਿਤਾ ਵਿੱਚ ਭਲੀਭਾਂਤ ਉਜਾਗਰ ਹੋ ਰਿਹਾ ਹੈ। ਇਸ ਕਵਿਤਾ ਤੇ ਅਖ਼ੀਰ ਵਿੱਚ ਅਣਜੰਮੀ ਬੱਚੀ ਦੀ ਪੁਨਰ ਜਨਮ ਲੈਣ ਦੀ ਜ਼ਿੱਦ ਦਾ ਵਰਣਨ ਕਰਦਿਆਂ ਉਹ ਲਿਖਦੀ ਹੈ:-

"ਮੈਂ ਜਨਮਾਂਗੀ ਮੈਂ ਵਾਰ-ਵਾਰ ਹਰ ਯੁੱਗ ਜਨਮਾਂਗੀ।"

'ਔਰਤ ਸ਼ਬਦ ਤੇ ਸ਼ਕਤੀ'' ਕਾਵਿ-ਸੰਗ੍ਰਹਿ ਵਿੱਚਲੀ ਕਵਿਤਾ ਨਾਰੀ ਦੇ ਦੁੱਖ ਦਰਦ, ਨਾਰੀ ਸੰਤਾਪ, ਨਾਰੀ ਭਾਵਾਂ ਨੂੰ ਪੇਸ਼ ਕਰਦੀ ਹੈ। ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੀ ਹੋਈ ਨਾਰੀ ਮਰਦ ਵੱਲੋਂ ਕੀਤਾ ਜਾਂਦਾ ਹਰ ਜ਼ੁਲਮ ਸਹਿ-ਸਹਿ ਕੇ ਆਪਣੇ ਆਪ ਨੂੰ ਮਜ਼ਬੂਤ ਬਣਾ ਲੈਂਦੀ ਹੈ। ਹੌਲੀ-ਹੌਲੀ ਆਪਣੇ ਨਾਲ ਹੋ ਰਹੇ ਅਨਿਆਂ ਤੋਂ ਵਾਕਿਫ਼ ਹੋਣ ਲੱਗਦੀ ਹੈ। ਔਰਤ ਸ਼ਕਤੀ ਵੀ ਹੈ, ਦੇਵੀ ਹੈ, ਔਰਤ ਮਹਾਨ ਹੈ, ਪੂਜਣਯੋਗ ਹੈ, ਫਿਰ ਵੀ ਔਰਤ ਨਾਲ ਸਮਾਜ ਵਿੱਚ ਵਿਤਕਰਾ ਹੀ ਹੁੰਦਾ ਆਇਆ ਹੈ ।ਸਿਰਫ਼ ਔਰਤ ਹੀ ਹੈ ਜੋ ਇਹਨਾਂ ਵਧੀਕੀਆਂ ਨੂੰ ਸਹਿ ਸਕਦੀ ਹੈ ।ਔਰਤ ਅੰਦਰ ਅਥਾਹ ਸਹਿਣ ਸ਼ਕਤੀ ਹੈ।ਉਹ ਵੱਡੀਆਂ-ਵੱਡੀਆਂ ਦੁਸ਼ਵਾਰੀਆਂ ਨੂੰ ਹੱਸ-ਹੱਸ ਕੇ ਜ਼ਰ ਲੈਂਦੀ ਹੈ।ਪ੍ਰਮਾਤਮਾ ਨੇ ਉਸ ਨੂੰ ਰੱਜ ਕੇ ਸਬਰ-ਸੰਤੋਖ ਬਖ਼ਸ਼ਿਆ ਹੈ :-

"ਇਹ ਔਰਤ ਦਾ ਦਿਲ ਹੈ
ਜੋ ਹੈ ਫੁੱਲ ਫੌਲਾਦ
ਇਹ ਔਰਤ ਦਾ ਹੀ ਜੇਰਾ
ਜੋ ਸੁਣ ਸੁਣ ਇਹ ਸ਼ਬਦ
ਹੋ ਜਾਂਦੀ ਹੈ ਹੈਰਾਨ

ਸੱਚ-ਮੁੱਚ ਉਹਦਾ ਹਿਰਦਾ ਹੈ ਮਹਾਨ।"[12]

'ਰੋਮ-ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਸਾਰੇ ਦੁਨਿਆਵੀ ਰਿਸ਼ਤੇ ਫ਼ੋਕੇ ਨਜ਼ਰ ਆਉਂਦੇ ਹਨ।ਇਸ ਭਾਗ ਵਿੱਚ ਅਜਿਹੇ ਦੀਵਿਆਂ ਦਾ ਜ਼ਿਕਰ ਹੈ ਜੋ ਰੋਮ-ਰੋਮ ਵਿੱਚ ਵੱਸਕੇ ਚਾਨਣ ਬਿਖ਼ੇਰ ਰਹੇ ਹਨ ਅਤੇ ਜਿਸਨੂੰ ਝੱਖੜ, ਹਨੇਰੀ, ਤੂਫ਼ਾਨ ਬੁਝਾ ਨਹੀਂ ਸਕਦੇ ।ਇਸ ਜਗਦੇ ਦੀਵਿਆਂ ਦਾ ਅਨੁਭਵ ਸਮੁੱਚੀ ਦੇਹੀ ਵਿੱਚ ਫ਼ੈਲ ਕੇ ਅੰਦਰਲੀ ਰੂਹ ਤੱਕ ਨੂੰ ਰੁਸ਼ਨਾ ਦਿੰਦਾ ਹੈ।ਰੂਹ ਦੇ ਅੰਦਰ ਮਘਦੇ ਸੂਰਜ ਵਰਗਾ ਅਹਿਸਾਸ ਹੁੰਦਾ ਹੈ।ਉਹ ਦੀਵੇ ਜੋ ਅੰਦਰਲੀ ਅੱਖ ਦਿੱਬ-ਦ੍ਰਿਸ਼ਟੀ ਨਾਲ ਲਟ-ਲਟ ਜਗੇ ਤੇ ਜਗਦੇ ਰਹਿਣਗੇ। ਇਹ ਦੀਵੇ ਜੋਤ ਨਾਲ ਜੋਤ ਜਗਣ ਕਰਕੇ ਅਬੁੱਝ ਹੋ ਜਾਂਦੇ ਹਨ:-

"ਆਪਸੀ ਸਮਝ ਦੇ ਚਾਨਣ ਦਾ ਆਗਮਨ
ਪੱਥਰਾਂ ਦੀ ਕੈਦ 'ਚੋਂ ਆਜ਼ਾਦ ਹਿਰਦੇ- ਮਨ
ਰੂਹ-ਮੰਦਰ ਵਿੱਚ ਉਹ ਆਪ ਸਮਾਇਆ
ਜ਼ਿੰਦਗੀ ਦੇ ਕਰਜ਼ ਦੀ ਪਹਿਚਾਨ ਦੇ ਗਿਆ
ਰੋਮ-ਰੋਮ ਵਿੱਚ ਦੀਵੇ ਜਗਾ ਗਿਆ।"[13]

ਸੁਰਜੀਤ ਕਲਸੀ ਅਜੋਕੀ ਔਰਤ ਦੀ ਗੱਲ ਕਰਦੀ ਹੋਈ ਲਿਖਦੀ ਹੈ ਕਿ ਔਰਤ ਦਾ ਆਪਣਾ ਵੀ ਕੋਈ ਵਜੂਦ ਹੈ ਇਸ ਲਈ ਉਸ ਨੂੰ ਮਰਦ-ਪ੍ਰਧਾਨ ਸਮਾਜ ਵਿੱਚ ਲਿਫ਼ ਕੇ ਨਹੀਂ ਰਹਿਣਾ ਚਾਹੀਦਾ। ਔਰਤ ਅਤੇ ਮਰਦ ਦੋ ਅਟੱਲ ਸੱਚਾਈਆਂ ਹਨ ਜੋ ਇੱਕ ਦੂਜੇ ਲਈ ਬਣੇ ਹਨ ਤਾਂ ਜੋ ਉਹ ਸੰਸਾਰ ਵਿੱਚ ਸੁਹਿਰਦ ਸੁਮੇਲ ਸਦਕਾ ਸੰਗੀਤ, ਪਿਆਰ ਖੁਸ਼ੀਆਂ ਖੇੜੇ ਭਰਨ ਪਰ ਉਹਨਾਂ ਨੇ ਇੱਕ ਦੂਜੇ ਨਾਲ ਟਕਰਾ ਟਕਰਾ ਕੇ ਸਾਰਾ ਕੁੱਝ ਤਹਿਸ ਨਹਿਸ ਕਰ ਲਿਆ। ਜਿੱਥੇ ਪਰੰਪਰਾਗਤ ਔਰਤ ਮਰਦ ਉੱਪਰ ਨਿਰਭਰ ਸੀ ਉੱਥੇ ਸੁਰਜੀਤ ਕਲਸੀ ਦੀ ਕਵਿਤਾ ਵਿੱਚਲੀ ਔਰਤ ਮਰਦ ਉੱਪਰ ਨਿਰਭਰ ਨਹੀਂ ਹੈ। ਅਜੋਕੀ ਔਰਤ ਹੁਣ ਪੜ੍ਹੀ-ਲਿਖੀ ਹੈ, ਕਮਾਊ ਵੀ ਹੈ, ਚੰਗੀ ਪਤਨੀ ਵੀ ਹੈਅਤੇ ਮਰਦ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਹ ਕੰਮ ਕਰ ਰਹੀ ਹੈ ਪਰ ਫਿਰ ਵੀ ਉਸ ਦੇ ਅਤੇ ਮਰਦ ਵਿੱਚਲਾ ਫਾਸਲਾ ਘਟਣ ਦੀ ਥਾਂ ਵਧਦਾ ਜਾ ਰਿਹਾ ਹੈ।ਮਰਦ ਪ੍ਰਧਾਨ ਸਮਾਜ ਦੀ ਪ੍ਰਧਾਨਗੀ ਕਰਕੇ ਮਰਦ ਔਰਤ ਨੂੰ ਆਪਣੇ ਬਰਾਬਰ ਦਰਜਾ ਨਹੀਂ ਦਿੰਦਾ।ਔਰਤ ਮਰਦ ਪਾਸੋਂ ਹਮੇਸ਼ਾਂ ਪਿਆਰ ਅਤੇ ਸਤਿਕਾਰ ਵਾਲੀ ਭਾਵਨਾ ਦੀ ਆਸ ਰੱਖਦੀ ਹੈ।ਇਹ ਭੇਦ-ਭਾਵ ਤੇ ਵਖਰੇਵਾਂ ਔਰਤ-ਮਰਦ ਦੇ ਰਿਸ਼ਤਿਆਂ ਵਿੱਚ ਕੜਵਾਹਟ ਘੋਲ ਦਿੰਦਾ ਹੈ :-

"ਦੇਹੀ ਗੁਵਾਚੇ ਪਲਾਂ ਦੀ ਵੇਦਨਾ
ਉਹ ਹੀ ਦੁੱਖ ਦੀ ਡੂੰਘੀ ਥਾਹ ਜਾਣੇ!
"ਗੁਲਾਮ ਫਰੀਦ ਦਿਲ ਉਥੇ ਦੇਈਏ
ਜਿਥੇ ਅਗਲਾ ਕਦਰ ਪਛਾਣੇ!"[14]

'ਰੋਮ-ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰਗ੍ਰਹਿ ਦਾ ਇੱਕ ਪੂਰਾ ਹਿੱਸਾ ਹੀ ਸੁਰਜੀਤ ਕਲਸੀ ਨੇ ਦੇਹੀ ਨੂੰ ਸਮਰਪਿਤ ਕੀਤਾ ਹੈ। ਔਰਤ ਆਪਣੇ ਤੇ ਹੋ ਰਹੇ ਜ਼ੁਲਮ ਤੇ ਤਸ਼ਦੱਦ ਨੂੰ ਪੱਥਰ ਦੀ ਮੂਰਤੀ ਬਣ ਕੇ ਸਭ ਕੁੱਝ ਹੱਸ ਕੇ ਬਰਦਾਸ਼ਤ ਕਰ ਰਹੀ ਹੈ।ਔਰਤ ਪੂਰੀ ਜ਼ਿੰਦਗੀ ਆਪਣੀ ਦੇਹੀ ਤੇ ਦੁੱਖ ਹੰਢਾਉਂਦੀ ਹੈ।ਪਰੰਪਰਾ ਦੇ ਰੀਤੀ-ਰਿਵਾਜ਼ ਤੇ ਸੰਸਕਾਰਾਂ ਦੀ ਪਰਛਾਈ ਉਸਦਾ ਪਿੱਛਾ ਨਹੀਂ ਛੱਡਦੀ।ਪਰੰਪਰਾ ਸਾਡੀ ਚਮੜੀ ਵਾਂਗ ਹੈ। ਇਸ ਤੋਂ ਆਜ਼ਾਦ ਹੋਣਾ ਕੋਈ ਸੌਖਾ ਕੰਮ ਨਹੀਂ। ਵਰਤਮਾਨ ਯੁੱਗ ਵਿੱਚ ਰਿਸ਼ਤਿਆਂ ਵਿੱਚੋਂ ਸ਼ਕਤੀ ਮੁਕ ਰਹੀ ਹੈ, ਜ਼ਿੰਦਗੀਆਂ ਵਿੱਚ ਹਨੇਰੇ ਵਧ ਰਹੇ ਹਨ। ਉਹ ਹੁਣ ਤੱਕ ਮਰਦ ਦੀ ਗ਼ੁਲਾਮ ਸੀ।ਅੱਜ ਦੀ ਔਰਤ ਆਜ਼ਾਦ ਹੋ ਗਈ ਹੈ, ਮਰਦ ਤੋਂ, ਆਪਣੀਆਂ ਜ਼ਿੰਮੇਵਾਰੀਆਂ ਤੋਂ ।ਔਰਤ ਪਰੰਪਰਾ ਦੇ ਬੰਧਨਾਂ ਨੂੰ ਪਾਰ ਕਰ ਚੁੱਕੀ ਹੈ,ਹੁਣ ਓਹ ਪਿੱਛੇ ਮੁੜ ਕੇ ਨਹੀਂ ਦੇਖਣਾ ਚਾਹੁੰਦੀ।ਸੰਸਕਾਰਾਂ ਵਾਲੇ ਰਸਤੇ ਨੂੰ ਤਿਆਗ ਕੇ ਉਹ ਆਜ਼ਾਦ ਸੋਚ ਦੀ ਧਾਰਨੀ ਹੋ ਗਈ ਹੈ :-

"ਪਰੰਪਰਾ ਦੀ ਦਹਿਲੀਜ਼ ਟੱਪ ਕੇ
ਦਿਲ ਦਰਵਾਜ਼ੇ ਭੰਨ ਕੇ
ਸੰਸਕਾਰ ਦੀਆਂ ਦੀਵਾਰਾਂ ਲੰਘ ਕੇ
ਵਲਗਣਾ ਦੇ ਆਰ ਪਾਰ
ਦਰ ਤੇਰੇ ਦੇਹੀ ਮੇਰੀ ਆਣ ਖੜੀ
ਮੈਂ ਦਸਤਕ ਹਾਂ ਇਸ ਘੜੀ!"[15]

'ਦੇਹੀ ਦਸਤਕ' ਸਿਰਲੇਖ ਦੀ ਕਵਿਤਾ ਬੜੀ ਹੀ ਸ਼ਿੱਦਤ ਨਾਲ ਬਿਆਨੀ ਗਈ ਹੈ। ਇਹ ਪੇਸ਼ ਕੀਤੀਆਂ ਗਈਆਂ ਸਤਰਾਂ 'ਚੋਂ ਸੱਚ ਨੂੰ ਪੇਸ਼ ਕੀਤਾ ਗਿਆ ਹੈ।ਸੰਸਕਾਰਾਂ ਵਿੱਚ ਘਿਰੀ ਹੋਣ ਕਰਕੇ ਨਾਰੀ ਨੂੰ ਮਰਦ ਦਾ ਜਿੰਨਾ ਕੁ ਵੀ ਸਾਥ ਪ੍ਰਾਪਤ ਹੋਇਆ ਹੈ,ਇਹ ਸਾਥ ਨਾ ਤਾਂ ਉਸ ਦੀਆਂ ਭਾਵਨਾਵਾਂ ਦੀ ਤ੍ਰਿਪਤੀ ਕਰ ਸਕਿਆ ਤੇ ਨਾ ਹੀ ਉਸ ਦੇ ਖ਼ਿਆਲਾਂ ਦੀ ਦੁਨੀਆਂ ਦੀ ਥਾਹ ਪਾ ਸਕਿਆ । 'ਦੇਹੀ ਸਾਜ਼' ਕਵਿਤਾ ਵਿੱਚ ਵੀ ਔਰਤ ਦੀ ਆਸ਼ਾ, ਨਿਰਾਸ਼ਾ, ਸੁਪਨੇ, ਰੀਝਾਂ, ਦੁੱਖ, ਸੁੱਖ, ਵਰਗੀਆਂ ਕ੍ਰਿਆਵਾਂ ਸਭ ਇੱਕੋ ਸਮੇਂ ਵਿੱਚ ਹੀ ਰੂਹ ਅਤੇ ਦੇਹ ਵਿੱਚੋਂ ਉਜਾਗਰ ਹੋ ਰਹੀਆਂ ਹਨ। ਸੁਰਜੀਤ ਕਲਸੀ ਜਿਵੇਂ 'ਦੇਹੀ-ਸਾਜ਼' ਕਵਿਤਾ ਵਿੱਚ ਇੱਕੋ ਸਮੇਂ ਗ਼ਮ ਅਤੇ ਖੁਸ਼ੀ ਦਾ ਗੀਤ ਲਿਖਦੀ ਹੈ:-

"ਔਰਤ ਜਦ ਪਰਨਾਈ ਆਈ
ਨਾਲ ਆਪਣੇ ਦੇਹੀ-ਸਾਜ਼ ਲਿਆਈ!
ਕਾਲੀਆਂ ਸੁੰਨੀਆਂ ਅਣਗਿਣਤ ਰਾਤਾਂ
ਇੱਕਲਤਾ ਆਪਣੇ ਪਿੰਡੇ ਹੰਡਾਈ!
ਉਡੀਕਦੀ ਸਾਜ਼ਿੰਦੇ ਦੇ ਪੋਟਿਆਂ ਨੂੰ
ਜੋ ਸਾਜ਼ 'ਚੋਂ ਸੰਗੀਤ ਵਜਾ ਸਕਦਾ
ਜੋ ਦੇਹੀ-ਨਾਦ ਦਾ ਗੀਤ ਸੁਣਾ ਸਕਦਾ
ਜੋ ਦੇਹੀ ਦੀ ਵੇਦਨਾ ਜਾਣ ਸਕਦਾ
ਥੋੜੀ ਕੁ ਸੰਵੇਦਨਾ ਤਾਨ ਗਾ ਸਕਦਾ"। [16]

ਇਸ ਕਾਵਿ-ਸੰਗ੍ਰਹਿ ਦੇ ਤੀਸਰੇ ਹਿੱਸੇ ਵਿੱਚ 'ਰੇਤ ਦਾ ਰਿਸ਼ਤਾ' ਸਿਰਲੇਖ ਹੇਠ ਕਵਿੱਤਰੀ ਨੇ ਬਿਆਨ ਕੀਤਾ ਕਿ ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਰਹੀ ਹੈ। ਲੋਕਾਂ ਵਿੱਚ ਤੰਗ ਦਿਲੀ ਪੈਦਾ ਹੋ ਗਈ ਹੈ।ਰਿਸ਼ਤੇ ਦੀ ਪ੍ਰੀਭਾਸ਼ਾ ਵਿੱਚ ਦੋ ਧਿਰਾਂ ਨਜ਼ਰ ਆਉਂਦੀਆਂ ਹਨ। ਰੇਤ ਦੀ ਜੇਕਰ ਪ੍ਰਭਾਸ਼ਿਤ ਵੀ ਕਰਨਾ ਪਵੇ ਤਾਂ ਰੇਤ ਨੂੰ ਕਿਹਾ ਜਾਵੇਗਾ ਅਸਥਿਰ, ਭੁਰਭੁਰਾਪਣ, ਨਿਰਜਿੰਦ, ਖੁਸ਼ਕ ਤੇ ਬਾਂਝਪਣ ਆਦਿ।'ਰੇਤ ਦਾ ਰਿਸ਼ਤਾ' ਸਿਰਲੇਖ ਵਿੱਚ ਔਰਤ ਮਰਦ ਦੇ ਸੰਬੰਧਾਂ ਅਤੇ ਸਮੁੱਚੀ ਨਾਰੀਤਵ ਤੇ ਨਾਰੀ ਸੰਵੇਦਨਾ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਰੇਤ ਦੇ ਰਿਸ਼ਤੇ ਕਣਾਂ ਨਾਲ ਭਰੇ ਹੁੰਦੇ ਹਨ। ਰੇਤ ਦੀ ਧਰਤੀ ਉੱਪਰ ਕੋਈ ਪੈਦਾਵਾਰ ਨਹੀਂ ਹੁੰਦੀ। ਰੇਤ ਦਾ ਰਿਸ਼ਤਾ ਬੰਜਰ ਕਿਸਮ ਦਾ ਹੁੰਦਾ ਹੈ ਅਜਿਹੇ ਰਿਸ਼ਤੇ ਵਿੱਚ ਪਿਆਰ ਨਹੀਂ ਪਨਪਦਾ। ਜਿੱਥੇ ਬਹਾਰ ਨਹੀਂ ਆਉਂਦੀ, ਉਹ ਧਰਤੀ ਰੇਤ ਦੀ ਧਰਤੀ ਕਹੀ ਜਾ ਸਕਦੀ ਹੈ। ਰੇਤ ਵਿੱਚ ਹਰ ਸਮੇਂ ਵਾਵਰੋਲੇ ਉੱਠਦੇ ਰਹਿੰਦੇ ਹਨ ਤੇ ਰੇਤ ਦਰ-ਬ-ਦਰ ਭਟਕਦੀ ਰਹਿੰਦੀ ਹੈ। ਭਟਕਣਾ ਵਿਹਲ ਦੀ ਨਿਸ਼ਾਨੀ ਹੈ।ਵਿਹਲ ਜ਼ਿੰਦਗੀ 'ਚ ਉਦੋਂ ਦਾਖ਼ਲ ਹੁੰਦੀ ਹੈ,ਜਦੋਂ ਅੰਦਰ ਖਾਲੀਪਣ ਹੋਵੇ। ਪ੍ਰੇਤ-ਰੂਹਾਂ ਵੀ ਉਜਾੜਾਂ ਵਿੱਚ ਭਟਕਦੀਆਂ ਫ਼ਿਰਦੀਆਂ ਹਨ ।ਰੇਤ ਅੰਦਰ ਸਿਰਫ਼ ਖਾਲੀਪਣ ਹੀ ਹੁੰਦਾ ਹੈ। ਜੇਕਰ ਰੇਤ ਨੂੰ ਕਿਸੇ ਮੁੱਠੀ ਵਿੱਚ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਹ ਰੇਤ ਮੁੱਠੀ ਵਿੱਚ ਸਥਿਰ ਹੋ ਕੇ ਨਹੀਂ

ਰਹਿ ਸਕੇਗੀ ਅਤੇ ਕਿਰਦੀ -ਕਿਰਦੀ ਕਿਰ ਜਾਵੇਗੀ। ਰੇਤ ਇੱਕ ਥਾਂ ਨਹੀਂ ਟਿਕਦੀ। ਇਹ ਉੱਡਦੀ ਹੀ ਚਲੀ ਜਾਂਦੀ ਹੈ ਅਤੇ ਉੱਡਦੀ ਉੱਡਦੀ ਕਿਤੇ ਦੀ ਕਿਤੇ ਪਹੁੰਚ ਜਾਂਦੀ ਹੈ।ਰੇਤ ਵਾਂਗ ਹੀ ਇਨਸਾਨ ਅੰਦਰ ਖਾਲੀਪਣ ਦਾ ਅਹਿਸਾਸ ਮਹਿਸੂਸ ਹੋਣ ਲੱਗਦਾ ਹੈ ਇਵੇਂ ਲੱਗਦਾ ਹੈ ਜਿਵੇਂ ਉਸ ਦੇ ਅੰਦਰੋਂ ਕੁੱਝ ਗੁਵਾਚ ਗਿਆ ਹੋਵੇ। ਰੇਤ ਸਥਿਰ ਨਹੀਂ, ਉਸ ਦਾ ਕੋਈ ਟਿਕਾਣਾ ਨਹੀਂ।ਰੇਤ ਦੀ ਪਰਿਭਾਸ਼ਾ ਦਿੰਦੇ ਹੋਏ ਸੁਰਜੀਤ ਕਲਸੀ ਲਿਖਦੀ ਹੈ:-

"ਹਰ ਰਾਤ ਅੰਦਰ ਅਜੀਬ ਸ਼ੋਰ ਰਹਿੰਦਾ ਹੈ
ਹਰ ਰਾਤ ਮਨ ਵਿੱਚ ਘੋਰ ਸਨਾਟਾ ਰਹਿੰਦਾ ਹੈ।
ਰੇਤ ਦਾ ਰਿਸ਼ਤਾ ਜਦ ਜਰ ਜਰ ਭੁਰਦਾ ਹੈ
ਦਿਲ ਵਿੱਚ ਵਿੱਚੜਨ ਦਾ ਸੰਤਾਪ ਤਾਂ ਰਹਿੰਦਾ ਹੈ"[17]

ਸੁਰਜੀਤ ਕਲਸੀ ਦੀਆਂ ਕਵਿਤਾਵਾਂ ਪਾਕ-ਦਰਦ, ਭਰਮ- ਜਾਲ ਦਿਲ ਦੇ ਸੁਲਘਦੇ ਜਖ਼ਮ ਅਸ਼ੰਤੋਸ਼, ਤਨਹਾਈ ਆਦਿ ਵਿਸ਼ਿਆਂ ਨੂੰ ਪੇਸ਼ ਕਰਦੀਆਂ ਹਨ ।ਇਸ ਦੇ ਨਾਲ-ਨਾਲ ਹੀ ਉਹ ਔਰਤ ਮਨ ਦੀ ਵੇਦਨਾ ਸੰਵੇਦਨਾ ਨੂੰ ਵੀ ਨਾਲ ਲੈ ਕੇ ਚੱਲਦੀਆਂ ਹਨ। ਸੁਰਜੀਤ ਕਲਸੀ ਖ਼ੁਦ ਇੱਕ ਔਰਤ ਹੈ ਇਸ ਲਈ ਔਰਤ ਦੇ ਦਰਦ ਨੂੰ ਉਹ ਜਿਆਦਾ ਸੰਜੀਦਗੀ ਤੇ ਡੂੰਘੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ। ਇੱਕ ਔਰਤ ਦਾ ਦੁੱਖ ਇੱਕ ਔਰਤ ਹੀ ਜਾਣ ਸਕਦੀ ਹੈ। ਸੁਰਜੀਤ ਕਲਸੀ ਕਵਿਤਾ ਰਾਹੀਂ ਜ਼ਾਹਿਰ ਕਰਦੀ ਹੈ ਕਿ ਜਿੰਨਾ ਚਿਰ ਔਰਤ ਦਾ ਮਨੋਬਲ ਮਜ਼ਬੂਤ ਨਹੀਂ ਹੁੰਦਾ,ਉਹ ਮਰਦ ਪ੍ਰਧਾਨ ਦੀ ਅਧੀਨਗੀ ਤੋਂ ਛੁਟਕਾਰਾ ਨਹੀਂ ਪਾ ਸਕਦੀ।ਮਨੋਬਲ ਨੂੰ ਤਕੜਾ ਕਰਨ ਦੇ ਲਈ ਪਹਿਲਾਂ ਸਵੈਮਾਣ ਨੂੰ ਉੱਚਾ ਕਰਨ ਦੀ ਜ਼ਰੂਰਤ ਹੈ।ਔਰਤ ਦੂਜਿਆਂ ਨੂੰ ਤਾਂ ਸਨਮਾਨ ਦਿੰਦੀ ਹੈ ਪਰ ਖ਼ੁਦ ਸਨਮਾਨ ਤੋਂ ਵਾਂਝੀ ਰਹਿ ਜਾਂਦੀ ਹੈ।ਉਸ ਨੂੰ ਕਦਮ -ਕਦਮ ਤੇ ਤ੍ਰਿਸਕਾਰਿਆ ਜਾਂਦਾ ਹੈ ।ਇਹ ਤ੍ਰਿਸਕਾਰ ਦੀ ਭਾਵਨਾ ਉਸ ਦੇ ਜਨਮ ਸਮੇਂ ਹੀ ਸ਼ੁਰੂ ਹੋ ਜਾਂਦੀ ਹੈ। ਕਵਿੱਤਰੀ ਦੁਆਰਾ ਜ਼ਿੰਦਗੀ ਦੇ ਯਥਾਰਥ ਨੂੰ ਕਵਿਤਾ ਵਿੱਚ ਬੜੇ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ:-

"ਔਰਤ ਪਿਆਸ ਹੈ!
ਪਿਆਸ ਹੀ ਜੰਮਦੀ ਹੈ
ਗੁੜ੍ਹਤੀ ਵਿੱਚ ਦਾਈ
ਸ਼ਹਿਦ ਦੀ ਥਾਂ ਮੋਹਰਾ ਚਟਾਉਂਦੀ ਹੈ
ਬਿਨ ਪਾਣੀਓ ਪਿਆਸੀ ਰਹਿ ਜਾਂਦੀ ਹੈ
ਸ਼ਰੀਕਣੀਆਂ ਦੇ ਬੋਲ ਬਾਣ
ਪ੍ਰਸੂਤਾ ਦਾ ਕਲੇਜਾ ਛਲਨੀ ਕਰਦੇ
ਜੰਮਦੇ ਸਾਰ ਹੀ ਅਪਣੀ ਹੀ ਮਾਂ ਤੋਂ
ਪੱਥਰ ਹੋਣ ਦਾ ਰੁਤਬਾ ਪਾਉਂਦੀ ਹੈ। "[18]

ਸੁਰਜੀਤ ਕਲਸੀ ਨੇ ਕੇਵਲ ਆਤਮਾ ਦੇ ਅੰਦਰੂਨੀ ਦਰਦ ਨੂੰ ਹੀ ਨਹੀਂ ਬਿਆਨਿਆ ਸਗੋਂ ਡੂੰਘੀਆਂ ਸਮਾਧੀਆਂ ਵਿੱਚ ਉੱਤਰ ਕੇ ਸਮੁੱਚੀ ਹੀ ਔਰਤ ਜਾਤੀ ਤੇ ਹੋ ਰਹੇ ਜ਼ੁਲਮ ਬੇਪਰਤੀਤੀ ਦਾ ਵੀ ਜ਼ਿਕਰ ਕੀਤਾ ਹੈ।ਔਰਤ ਨੂੰ ਬਿਨਾਂ ਗਲਤੀ ਤੋਂ ਵੀ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਂਦਾ ਹੈ। ਮਰਦ ਪੂਰੀ ਜਿੰਦਗੀ ਆਪਣੀ ਪ੍ਰਧਾਨਗੀ ਕਾਇਮ ਰੱਖਦਾ ਹੈ ਅਤੇ ਰਹਿੰਦ- ਖੂੰਹਦ ਸਿਰਫ਼ ਨਾਰੀ ਹਿੱਸੇ ਹੀ ਆਉਂਦੀ ਹੈ। ਸਹਿਣਾ ਸਿਰਫ਼ ਔਰਤ ਨੇ ਹੀ ਸਿੱਖਿਆ ਹੈ ਮਰਦ ਨੇ ਕਿਉਂ ਨਹੀ? ਸੁਰਜੀਤ ਕਲਸੀ ਦੀ ਕਵਿਤਾ ਵਿੱਚਲੀ ਔਰਤ ਸੰਸਕਾਰਾਂ ਅਤੇ ਰੀਤਾਂ-ਰਿਵਾਜਾਂ ਵਿੱਚ ਘੁੱਟ ਕੇ ਰਹਿ ਜਾਂਦੀ ਹੈ ਤਾਂ ਅਖ਼ੀਰ ਵਿੱਚ ਉਹ ਵਿਦਰੋਹ ਦੀ ਸੁਰ ਫੜ੍ਹ

ਲੈਂਦੀ ਹੈ। ਪਰੰਪਰਾਗਤ ਔਰਤ ਸਭ ਕੁੱਝ ਕੁਦਰਤ ਅਤੇ ਹੋਣੀ ਤੇ ਛੱਡ ਕੇ ਚਲਦੀ ਹੈ ਅਤੇ ਹਰ ਸਮੇਂ ਵਿਸ਼ਾਦ ਦਾ ਸ਼ਿਕਾਰ ਹੁੰਦੀ ਰਹਿੰਦੀ ਹੈ। ਉਹ ਦੁੱਖ-ਦਰਦ ਨੂੰ ਕਿਸਮਤ ਸਮਝ ਕੇ ਭੋਗਦੀ ਹੈ ਕਿਉਂਕਿ ਸੱਚਾਈ ਨੂੰ ਪਛਾਨਣ ਤੇ ਅਵਾਜ਼ ਉਠਾ ਸਕਣ ਦੀ ਸ਼ਕਤੀ ਦਾ ਉਸ ਨੂੰ ਗਿਆਨ ਨਹੀਂ ਹੁੰਦਾ। ਪਰੰਪਰਾਗਤ ਔਰਤ ਦੇ ਮੁਕਾਬਲੇ ਆਧੁਨਿਕ ਔਰਤ ਦੀ ਖ਼ੂਬੀ ਇਹ ਹੈ ਕਿ ਉਹ ਪੜ੍ਹੀ-ਲਿਖੀ ਹੋਣ ਦੇ ਨਾਲ-ਨਾਲ ਆਰਥਿਕ ਤੌਰ ਤੇ ਮਜ਼ਬੂਤ ਵੀ ਹੋ ਗਈ ਹੈ। ਇਹਨਾਂ ਹਾਲਾਤਾਂ ਕਰਕੇ ਹੀ ਉਹ ਪਿੰਜਰੇ ਵਿੱਚ ਘਿਰੀ ਨਹੀਂ ਰਹਿਣਾ ਚਾਹੁੰਦੀ ।ਓਹ ਆਜ਼ਾਦ ਮਾਹੌਲ ਵਿੱਚ ਵਿੱਚਰਨਾ ਚਾਹੁੰਦੀ ਹੈ :-

"ਤੇਰੇ ਅਗਨ ਬਾਣਾਂ ਦੇ ਵਾਰ
ਤੇਰੇ ਗੁਲਾਮੀ ਦੇ ਤਸੀਹੇ
ਚੁਪਚਾਪ ਨਹੀਂ ਸਹੇ
ਮੈਂ ਅਗੋਂ ਬੋਲੀ ਹਾਂ
ਮੈਂ ਅਵਗਿਆ ਕੀਤੀ ਹੈ !
ਕਹਿ ਦੇ ਹੁਣ ਤਾਂ
ਮੈਂ ਤੇਰੇ ਕਾਬਲ ਨਹੀਂ ਹਾਂ
ਮੈਨੂੰ ਜਾਣ ਦੇ ਹੁਣ
ਲਾਹ ਦੇ ਨਕਾਬ ਤੇ ਖੋਹਲ ਦੇ ਬੰਧਨ
ਮੈਨੂੰ ਜਾਣ ਦੇ ਹੁਣ।"[19]

ਸੰਸਕਾਰਾਂ ਦੀ ਚੱਕੀ ਵਿੱਚ ਪਿਸ ਰਹੀ ਨਾਰੀ ਦਾ ਮਨ ਮਰਦ ਪ੍ਰਧਾਨ ਸਮਾਜ ਦੀਆਂ ਫ਼ੋਕੀਆਂ ਰੀਤਾਂ ਤੋਂ ਉਚਾਟ ਹੋ ਚੁੱਕਾ ਹੈ।ਸੁਰਜੀਤ ਕਲਸੀ ਕਾਵਿ ਵਿੱਚਲੀ ਔਰਤ ਦਿਖਾਵੇ ਦੇ ਰਿਸ਼ਤਿਆਂ ਵਿੱਚ ਬੱਝ ਕੇ ਨਹੀਂ ਰਹਿਣਾ ਚਾਹੁੰਦੀ,ਉਹ ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਨਾ ਚਾਹੁੰਦੀ ਹੈ ਪਰ ਮਰਦ ਨੇ ਹਮੇਸ਼ਾਂ ਔਰਤ ਨਾਲ ਵਿਤਕਰਾ ਕੀਤਾ ਹੈ।ਉਹ ਸ਼ੁਰੂ ਤੋਂ ਲੈ ਕੇ ਹੁਣ ਤੱਕ ਔਰਤ ਨੂੰ ਨੀਵੀਂ ਥਾਂ ਰੱਖਦਾ ਆਇਆ ਹੈ।ਔਰਤ ਦੀ ਇੱਛਾ ਨੂੰ ਦਬਾਇਆ ਜਾਂਦਾ ਰਿਹਾ ਹੈ।ਲੂਣਾ ਵਰਗੀਆਂ ਅਨੇਕ ਦੰਤ ਕਥਾਵਾਂ ਪੰਜਾਬੀ ਸਾਹਿਤ ਵਿੱਚੋਂ ਮਿਲਦੀਆਂ ਹਨ, ਜਿਹਨਾਂ ਰਿਸ਼ਤਿਆਂ ਕਰਕੇ ਨਾਰੀ ਦੇ ਸਨਮਾਨ ਨੂੰ ਭਾਰੀ ਠੇਸ ਪਹੁੰਚਦੀ ਹੈ। ਉਹ ਰਿਸ਼ਤੇ ਹੀ ਮਰਦ-ਪ੍ਰਧਾਨ ਸਮਾਜ ਵਿੱਚ ਹੱਕ ਦੇ ਰਿਸ਼ਤੇ ਨਹੀਂ ਸਗੋਂ ਜ਼ਬਰਦਸਤੀ ਦੇ ਰਿਸ਼ਤੇ ਕਹੇ ਜਾ ਸਕਦੇ ਹਨ। ਅਜਿਹੇ ਹਾਲਾਤ ਮਰਦ ਪ੍ਰਧਾਨ ਸਮਾਜ ਦੀਆਂ ਪਰੰਪਰਾਗਤ ਕਦਰਾਂ ਕੀਮਤਾਂ ਨੂੰ ਔਰਤ ਉੱਤੇ ਠੋਸਣ ਕਰਕੇ ਪੈਦਾ ਹੁੰਦੇ ਹਨ। ਜਿਹਨਾਂ ਦਾ ਖ਼ੌਫ਼ ਔਰਤ ਦੇ ਹਾਵਾਂ- ਭਾਵਾਂ ਨੂੰ ਅੰਦਰੋਂ-ਅੰਦਰੀ ਦਫ਼ਨ ਕਰ ਦਿੰਦਾ ਹੈ। ਸੰਸਕਾਰਾਂ ਵਿੱਚ ਲਿਪਟੀ ਨਾਰੀ ਆਪਣੀਆਂ ਅੰਦਰਲੀਆਂ ਭਾਵਨਾਵਾਂ ਦਾ ਗਲਾ ਘੁੱਟ ਦਿੰਦੀ ਹੈ। ਉਹ, ਉਹੀ ਬੋਲੀ ਬੋਲਦੀ ਹੈ ਜਿਹੜੀ ਉਸ ਨੂੰ ਮਰਦ ਸਿਖਾਉਂਦਾ ਹੈ। ਅਜਿਹੀ ਹੀ ਸਥਿਤੀ ਨੂੰ ਬਿਆਨ ਕਰਦੇ ਹੋਏ ਸੁਰਜੀਤ ਕਲਸੀ ਲਿਖਦੀ ਹੈ:-

"ਪਿੰਜਰੇ ਵਿੱਚ ਇੱਕ ਰਿਸ਼ਤਾ ਬੱਝਾ
ਮਨ ਰੋਜ਼ ਉਡਾਰੀ ਲਾਉਂਦਾ ਰਿਹਾ
ਪਰੰਪਰਾ ਦੀਆਂ ਜੰਜ਼ੀਰਾਂ ਕਟਦਾ ਮੇਰੀਆਂ
ਆਪਣੇ ਪਿੰਜਰੇ ਦਾ ਕੈਦੀ ਬਣਿਆ ਰਿਹਾ!"[20]

ਬਹੁਤ ਸਾਰੀਆਂ ਕਵਿੱਤਰੀਆਂ ਨੇ ਨਾਰੀ-ਸੰਵੇਦਨਾ ਨੂੰ ਆਪਣੀ ਕਵਿਤਾ ਵਿੱਚ ਉਭਾਰਿਆ ਅਤੇ ਨਾਰੀ ਸੰਵੇਦਨਾ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪ੍ਰਸਤੁਤ ਵੀ ਕੀਤਾ।ਸੁਰਜੀਤ ਕਲਸੀ ਦਾ ਕਾਵਿ ਸਮਾਜਿਕ ਕੋਹੜ ਦੇ ਅਜੋਕੇ ਯਥਾਰਥ ਦੇ ਸਨਮੁੱਖ ਖਲੋ ਕੇ

ਵਿਵਹਾਰਿਕ ਤੇ ਮਨੋਵਿਗਿਆਨਕ ਧਰਾਤਲ ਤੋਂ  ਗੁਜ਼ਰਦਾ ਸਾਰਥਿਕ ਵਿਦਰੋਹ ਕਰਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੇ ਹੋਏ, ਮਰਦ ਵੱਲੋਂ ਔਰਤ ਦੀ ਸਰੀਰਕ ਲੁੱਟ-ਖਸੁੱਟ, ਆਰਥਿਕ ਅਤੇ ਮਾਨਸਿਕ ਰਿਸ਼ਤਿਆਂ ਦੇ ਸ਼ੋਸਣ ਨੂੰ ਸੁਰਜੀਤ ਕਲਸੀ ਨੇ ਆਪਣੀ ਕਲਮ ਨਾਲ ਚੰਗੀ ਤਰ੍ਹਾਂ ਨੰਗਾ ਕੀਤਾ ਹੈ। ਔਰਤ ਤੇ ਹੋ ਰਹੇ ਇੰਨੇ ਤਸ਼ਦੱਦਾਂ ਦੇ ਬਾਵਜੂਦ ਵੀ ਸੁਰਜੀਤ ਕਲਸੀ ਦੀ ਕਵਿਤਾ ਵਿੱਚਲੀ ਔਰਤ ਦੇ ਅੰਦਰੋਂ ਆਜ਼ਾਦ ਹੋਣ ਦੀ ਇੱਛਾ ਨਹੀਂ ਜਾਂਦੀ ।ਉਹ ਜ਼ਮਾਨੇ ਦੀ ਤੱਤੀ ਹਵਾ ਤੋਂ ਡਰ ਕੇ ਰੁਕੇਗੀ ਨਹੀਂ,ਸਗੋਂ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਮੁਕਾਮ ਨੂੰ ਪਾਉਣ ਲਈ ਅੱਗੇ ਵੱਧਦੀ ਰਹਿਣਾ ਚਾਹੁੰਦੀ ਹੈ। ਉਹ ਆਪਣੀ ਆਜ਼ਾਦੀ ਲਈ ਲਗਾਤਾਰ ਹੰਭਲੇ ਮਾਰ ਰਹੀ ਹੈ:-

"ਮੈਂ ਇੱਛਾ ਹਾਂ
ਪਰੰਪਰਾ ਦੇ ਦਾਇਰੇ ਦੇ ਆਰ ਪਾਰ
ਨਹੀਂ ਹੈ ਇਸ ਭਾਵਨਾ ਦਾ ਸਥਾਨ
ਨਾ ਬਿਰਤੀ ਆਪਣੀ ਵਿੱਚ ਧਰਿਆ ਧਿਆਨ
ਤਿੱਖੜ ਦੁਪਹਿਰੀ ਕੱਟ ਲਈ ਭੁਜਦੇ ਪੈਰੀਂ
ਰੋਹੀ ਵਿੱਚ ਨਾ ਕੋਈ ਰੁੱਖ ਨਾ ਪਰਛਾਵਾਂ
ਮੈਂ ਵੇਦਨ, ਮੈਂ ਪਿਆਸ, ਮੈਂ ਧੜਕਨ
ਕਿਵੇਂ ਤੇ ਕਿਉਂ ਇਹ ਦੀਵਾ ਜਗਦਾ ਰਿਹਾ!"[21]

ਔਰਤ ਦੀ ਪੂਰੀ ਜ਼ਿੰਦਗੀ ਕੋਈ ਨਾ ਕੋਈ ਕੁਰਬਾਨੀ ਦਿੰਦੇ ਹੀ ਨਿਕਲ ਜਾਂਦੀ ਹੈ। ਲੱਖਾਂ ਤਸੀਹੇ ਸਹਿ-ਸਹਿ ਕੇ ਵੀ ਉਹ ਮੂੰਹੋਂ ਸੀ ਨਹੀਂ ਕਰਦੀ। ਸੁਰਜੀਤ ਕਲਸੀ ਆਪਣੀ ਕਵਿਤਾ 'ਤਰਜੀਹ' ਵਿੱਚ ਔਰਤ ਨੂੰ 'ਦਲਿਤ' ਕਹਿ ਕੇ ਸੰਬੋਧਿਤ ਕਰਦੀ ਹੈ। 'ਦਲਿਤ' ਉਹਨਾਂ ਨੂੰ ਕਿਹਾ ਗਿਆ ਜਿਹਨਾਂ ਨੂੰ ਦਬਾਇਆ ਜਾਂਦਾ ਹੈ। ਔਰਤ ਵੀ ਯੁੱਗਾਂ-ਯੁੱਗਾਂ ਤੋਂ ਹੀ ਦਬਾਈ ਜਾਂਦੀ ਰਹੀ ਹੈ। ਉਹ ਚਾਹੇ ਜ਼ਬਰਦਸਤੀ ਨਾਲ ਦਬਾਏ ਜਾਵੇ ਜਾਂ ਪਿਆਰ ਦੀਆਂ ਭਾਵਨਾਵਾਂ ਵਿੱਚ ਵਹਾ ਕੇ ਉਸ ਦਾ ਮਾਨਸਿਕ ਸ਼ੋਸਣ ਕੀਤਾ ਜਾਵੇ ਗੱਲ ਇੱਕੋ ਹੀ ਹੈ। ਮਰਦ ਵਿੱਚ, ਚਾਹੇ ਉਹ ਨਿਮਨ ਵਰਗ ਵਿੱਚੋਂ ਹੀ ਕਿਉਂ ਨਾ ਹੋਵੇ ,ਉਸ ਅੰਦਰ ਮਨੂੰਵਾਦ, ਮਰਦਉਪਣਾ, ਕਿਸੇ ਨਾ ਕਿਸੇ ਰੂਪ ਵਿੱਚ ਬੈਠਾ ਹੈ। 'ਤਰਜੀਹ' ਕਵਿਤਾ ਦਾ ਜੇਕਰ ਅਰਥ ਦੇਖੀਏ ਤਾਂ ਇਸ ਦਾ ਅਰਥ ਹੈ-ਪਹਿਲ ਦੇਣੀ। ਪਰਿਵਾਰ ਵਿੱਚ ਪਹਿਲ ਕਿਸ ਨੂੰ ਮਿਲਦੀ ਹੈ ਔਰਤ ਨੂੰ ਜਾਂ ਔਰਤ ਆਪਣੇ ਨਾਲ ਜੁੜੇ ਹੋਏ ਪਰਿਵਾਰਕ ਮੈਂਬਰਾਂ ਨੂੰ ਪਹਿਲ ਦਿੰਦੀ ਹੈ। ਔਰਤ ਦਾ ਦਰਜਾ ਤਾਂ ਦੂਜੇ ਸਥਾਨ ਵਾਲਾ ਹੀ ਰਹਿੰਦਾ ਹੈ। ਕੁਆਰੀ ਕੁੜੀ ਪਹਿਲਾਂ ਪਿਤਾ ਅਤੇ ਭਰਾ ਦੀ ਮਾਣ ਮਰਿਯਾਦਾ ਨੂੰ ਪਹਿਲ ਦਿੰਦੀ ਹੈ ,ਵਿਆਹ ਤੋਂ ਬਾਅਦ ਉਹ ਪਤੀ ਨੂੰ ਤਰਜੀਹ ਦਿੰਦੀ ਹੈ ਅਤੇ ਉਸ ਦੇ ਬਦਲੇ ਵਿੱਚ ਪਤੀ ਤੋਂ ਉਹ ਖ਼ੁਦ ਤਰਜੀਹ ਨਹੀਂ ਪਾਉਂਦੀ ਕਿਉਂ ਕਿ ਉਹ ਵੀ ਆਪਣੇ ਮਾਪਿਆਂ ਨੂੰ ਪਹਿਲ ਦਿੰਦਾ ਹੈ। ਜਦੋਂ ਧੀਆਂ- ਪੁੱਤ ਹੋ ਜਾਂਦੇ ਹਨ ਤਾਂ ਮਾਂ ਬਣਕੇ ਉਹ ਉਹਨਾਂ ਨੂੰ ਪਹਿਲ ਦੇਣ ਲੱਗਦੀ ਹੈ। ਸਾਰਿਆਂ ਨੂੰ ਤਰਜੀਹ ਦਿੰਦੀ ਹੋਈ ਉਹ ਆਪ ਅੰਤਿਮ ਅਵਸਥਾ ਤੇ ਪਹੁੰਚ ਜਾਂਦੀ ਹੈ ਪਰ ਉਸ ਨੂੰ ਤਰਜ਼ੀਹ ਕਿਤੋਂ ਵੀ ਨਹੀਂ ਮਿਲਦੀ :-

"ਤਰਜੀਹ ਤੋਂ ਵਿਰਵੀ ਪਰ ਤਰਜੀਹ ਪਤੀ ਨੂੰ
ਪੁਤਰ ਨੂੰ, ਧੀਆਂ ਨੂੰ, ਪਤੀ ਦੇ ਪਰਿਵਾਰ ਨੂੰ
ਦਿੰਦੀ ਹਰ ਸੰਬੰਧੀ ਹਰ ਰਿਸ਼ਤੇਦਾਰ ਨੂੰ
ਨਹੀਂ ਦਿੰਦੀ ਤਰਜੀਹ ਤਾਂ ਬਸ ਨਹੀਂ ਦਿੰਦੀ
ਤਰਜੀਹ ਤੋਂ ਵਿਰਵੀ ਆਪਣੇ ਆਪ ਨੂੰ।"[22]

'ਤਰਜੀਹ' ਕਵਿਤਾ 'ਰੋਮ ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰ੍ਗਹਿ ਦਾ ਹਾਸਲ ਹੈ। ਸਦੀਆਂ ਤੋਂ ਔਰਤ ਨਾਲ ਸਮਾਜ ਨੇ ਨਾ ਬਰਾਬਰੀ ਵਾਲਾ ਵਤੀਰਾ ਅਪਣਾਈ ਰੱਖਿਆ। ਇਹ ਕਵਿਤਾ ਉਸ ਉੱਪਰ ਤਿੱਖਾ ਕਟਾਖ਼ਸ ਹੈ।

ਸੁਰਜੀਤ ਕਲਸੀ ਨੇ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰ ਰਹੇ ਮਰਦ ਨੂੰ ਸਿਰਫ਼ ਇੱਕ ਹੀ ਔਰਤ ਉੱਤੇ ਨਾ- ਨਿਰਭਰ ਰਹਿਣ ਵਾਲਾ ਦੱਸਿਆ ਹੈ ਪਤੀ ਹੋ ਕੇ ਉਹ ਸਿਰਫ਼ ਆਪਣੀ ਪਤਨੀ ਤੱਕ ਸੀਮਤ ਨਹੀਂ ਰਹਿੰਦਾ।ਉਹ ਧੌਂਸ ਤਾਂ ਮਰਦਾਨਗੀ ਦੀ ਜਮਾਉਂਦਾ ਹੈ ਪਰ ਅਸਲ ਵਿੱਚ ਇਹ ਮਰਦਾਨਗੀ ਇੱਕ ਢੋਂਗ ਹੈ, ਧੋਖਾ ਹੈ ,ਫ਼ਰੇਬ ਹੈ, ਪਾਖੰਡ ਹੈ। ਔਰਤ ਦੀ ਇੱਕਲਤਾ, ਚੁੱਪ ਤੇ ਮਾਯੂਸੀ ਇਹ ਦਰਸਾਉਂਦੀ ਹੈ  ਕਿ ਔਰਤ ਇਨਸਾਨ ਨਹੀਂ ਸਿਰਫ਼ ਭੋਗਣ ਵਾਲੀ ਵਸਤੂ ਬਣ ਕੇ ਰਹਿ ਗਈ ਹੈ।ਇਹਨਾਂ ਤਸ਼ਦੱਦਾਂ ਕਰਕੇ ਔਰਤ ਮਾਨਸਿਕ ਤੌਰ ਤੇ ਅੰਦਰੋਂ-ਅੰਦਰ ਹੀ ਘੁੱਟਦੀ ਰਹਿੰਦੀ ਹੈ।ਉਸ ਨੂੰ ਕਦੇ ਸਰੀਰਕ ਅੱਤਿਆਚਾਰ ਅਤੇ ਕਦੇ ਮਾਨਸਿਕ ਅੱਤਿਆਚਾਰ ਸਹਿਣੇ ਦੁਸ਼ਵਾਰ ਹੋ ਜਾਂਦੇ ਹਨ। ਮਰਦ ਔਰਤ ਦੀਆਂ ਦਿਲੀ ਭਾਵਨਾਵਾਂ ਸਮਝਦਾ ਹੀ ਨਹੀਂ। ਉਹ ਤਾਂ ਉਸ ਨੂੰ ਭਰਮਾਂ ਵਿੱਚ ਰੱਖ ਕੇ ਵੱਖ-ਵੱਖ ਤਰ੍ਹਾਂ ਦੇ ਰਿਸ਼ਤਿਆਂ ਦਾ ਨਿੱਘ ਮਾਣ ਰਿਹਾ ਹੈ:-

"ਕਰਜ਼ ਰਿਸ਼ਤੇ ਦਾ ਉਤਾਰਦਾ ਰਿਹਾ ਜਿਸਮ
ਸਧਰਾਂ ਲੁਕ-ਲੁਕ ਤਨਹਾ ਰੋਂਦੀਆਂ ਰਹੀਆਂ।
ਮਰਦਾਨਗੀ ਕਿਤੇ ਨਿਭਾਉਂਦਾ ਫਿਰਦਾ ਰਿਹਾ
ਇਛਾਵਾਂ ਵਿਧਵਾ ਵੈਣ ਪਾਉਂਦੀਆਂ ਰਹੀਆਂ"[23]

ਸੁਰਜੀਤ ਕਲਸੀ ਕਾਵਿ 'ਚ ਪੇਸ਼ ਮਰਦ ਔਰਤ ਕੋਲੋਂ ਪਤੀਬਰਤਾ ਹੋਣ ਦੀ ਪ੍ਰੀਖਿਆ ਲੈਂਦਾ ਹੈ।ਔਰਤ ਮਰਦ ਦਾ ਸਤਿਕਾਰ ਤਾਂ ਕਰਦੀ ਹੀ ਹੈ ਤੇ ਨਾਲ ਹੀ ਉਹ ਪਿਆਰ ਦੀ ਭਰੀ ਹੋਈ ਮੂਰਤ ਵੀ ਹੈ।ਨਾਰੀ ਇੱਕ ਗਿੱਲੀ ਮਿੱਟੀ ਵਾਂਗ ਹੈ, ਇਸਨੂੰ ਜਿਹੜੇ ਸਾਂਚੇ ਵਿੱਚ ਢਾਲ ਲਿਆ ਜਾਵੇ ਉਸ ਵਿੱਚ ਹੀ ਢਲ ਜਾਵੇਗੀ। ਔਰਤ ਖ਼ੁਦ ਇੱਕ ਪਿਆਸ ਹੈ। ਉਹ ਸਿਰਫ਼ ਮਰਦ ਪਾਸੋਂ ਪਿਆਰ, ਸਤਿਕਾਰ ਦੀ ਮੰਗ ਕਰਦੀ ਹੈ।ਦੁਨਿਆਵੀ ਵਸਤੂਆਂ ਉਸਦੀ ਖੁਸ਼ੀ ਨਹੀਂ। ਔਰਤ ਦੀਆਂ ਆਰਥਿਕ ਲੋੜਾਂ ਦਾ ਤਾਂ ਮਰਦ ਵੱਲੋਂ ਧਿਆਨ ਰੱਖਿਆ ਜਾਂਦਾ ਹੈ, ਪਰ ਉਸ ਨੇ ਕਦੇ ਔਰਤ ਦੀਆਂ ਮਾਨਸਿਕ ਲੋੜਾਂ ਵੱਲ ਧਿਆਨ ਨਹੀਂ ਦਿੱਤਾ। ਮਰਦ ਨੇ ਕਦੇ ਵੀ ਉਸ ਦੇ ਮਨ ਦੀਆਂ ਤੈਹਾਂ ਵਿੱਚ ਉੱਤਰ ਕੇ ਨਹੀਂ ਦੇਖਿਆ, ਕਿ ਉਸ ਦੇ ਅੰਦਰ ਕਿੰਨਾ ਕੁ ਪਿਆਰ ਹੈ ।ਉਹ ਮਰਦ ਤੋਂ ਕਿੰਨੀਆਂ ਆਸਾਂ ਲਗਾਈ ਬੈਠੀ ਹੈ। ਆਪਣਾ ਸੰਪੂਰਨ ਪਿਆਰ ਮਰਦ ਦੇ ਹਵਾਲੇ ਕਰਕੇ ਉਸ ਤੋਂ ਵੀ ਪਿਆਰ ਦੀ ਆਸ ਰੱਖਦੀ ਹੈ, ਜੋ ਉਸ ਨੂੰ ਕਦੇ ਵੀ ਨਸੀਬ ਨਹੀਂ ਹੁੰਦਾ:-

"ਤੈਨੂੰ ਸਾਗਰ ਸਮਝ ਮੈਂ ਪਿਆਸ ਬਣ ਬੈਠੀ
ਤੇਰੇ ਕਿਨਾਰੇ ਯੁਗਾਂ ਤੋਂ ਬਿਰਥਾ ਰਹੀ ਬੈਠੀ
ਤੇਰੀਆਂ ਗਰੂਰ ਛੱਲਾਂ ਨਾ ਚਲ ਆਈਆਂ
ਨਾ ਮੇਰੇ ਤਪਦੇ ਪੈਰਾਂ ਨੂੰ ਠਾਰ ਸਕੀਆਂ
---------------------
ਮੇਰੇ ਖਾਰੇ ਅਥਰੂਆਂ ਦੇ ਸਮੁੰਦਰ ਦੀ
ਅਥਾਹ ਗਹਿਰਾਈ ਨਾ ਨਾਪ ਸਕੀਆਂ। "[24]

ਸੁਰਜੀਤ ਕਲਸੀ ਨੇ ਨਾਰੀ ਦੇ ਪੱਖ'ਚ ਹੁੰਗਾਰਾ ਭਰਦੇ ਹੋਏ,ਨਾਰੀ ਚੇਤਨਾ ਅਤੇ ਨਾਰੀਵਾਦ ਨਾਲ ਸੰਬੰਧਿਤ ਬਹੁਤ ਸਾਰੀਆਂ ਕਵਿਤਾਵਾਂ ਲਿਖ ਸੁੱਟੀਆਂ।ਨਾਰਵਾਦੀ ਵਿੱਚਾਰਾਂ  ਕਰਕੇ ਉਸ ਦੀ ਸੋਚ ਵਿੱਚ ਨਵਾਂ ਰੂਪਾਂਤਰਣ ਹੋਇਆ ਹੈ।ਸੁਰਜੀਤ ਕਲਸੀ ਨੇ ਨਾਰੀਵਾਦ ਦੇ ਪ੍ਰਭਾਵ ਨੂੰ ਕਬੂਲਿਆ ਹੀ ਨਹੀਂ,ਸਗੋਂ ਪ੍ਰਚਾਰਿਆ ਵੀ ਹੈ।ਕਵਿੱਤਰੀ ਕਾਵਿ ਰਾਹੀਂ ਬਿਆਨ ਕਰ ਰਹੀ ਹੈਕਿ ਨਾਰੀ

ਨੂੰ ਸਮਾਜ ਵਿੱਚ ਸਨਮਾਨਯੋਗ ਦਰਜਾ ਪ੍ਰਾਪਤ ਹੋਵੇ।ਮਰਦ ਪ੍ਰਧਾਨ ਸਮਾਜ ਔਰਤ ਨਾਲ ਕੀਤਾ ਜਾਂਦਾ ਬੇਕਦਰਿਆ ਵਰਗਾ ਸਲੂਕ ਸੁਰਜੀਤ ਕਲਸੀ ਨੂੰ ਬਿਲਕੁੱਲ ਪਸੰਦ ਨਹੀਂ।ਉਸ ਦੀ ਕਵਿਤਾ ਵਿੱਚਲੀ ਔਰਤ  ਸੰਸਕਾਰਾਂ ਅਤੇ ਪਰੰਪਰਾਵਾਂ ਵਿੱਚ ਘਿਰੀ ਰਹਿਣ ਕਰਕੇ ਦੁਖੀ ਹੋ ਜਾਂਦੀ ਹੈ ਅਤੇ ਉਹ ਪਰੰਪਰਾ ਦੇ ਬੰਧਨ ਤੋੜਨ ਲੱਗਦੀ ਹੈ। ਪਰੰਪਰਾ ਦੀਆਂ ਬੇੜੀਆਂ ਉਸ ਨੂੰ ਝਾਂਜਰਾਂ ਦੇ ਰੂਪ ਵਿੱਚ ਪ੍ਰਾਪਤ ਹੋਈਆਂ। ਪਰੰਪਰਾਗਤ ਕਦਰਾਂ-ਕੀਮਤਾਂ ਉਸ ਨੂੰ ਉੱਪਰ ਉੱਠਣ ਨਹੀਂ ਦਿੰਦੀਆਂ ।ਮਰਦ ਪ੍ਰਧਾਨ ਸਮਾਜ ਅਤੇ ਸੰਸਕਾਰਾਂ ਦੇ ਭਾਰ ਥੱਲੇ ਦੱਬੀ-ਕੁਚਲੀ  ਉਹ ਆਪਣੇ ਨਾਲ ਹੋ ਰਹੇ ਜ਼ੁਲਮ ਤੋਂ ਜਾਣੂ ਹੋਣ ਲੱਗਦੀ ਹੈ ਤੇ ਵਿਦਰੋਹ ਕਰਨ ਲਈ ਆਪਣੀ ਆਵਾਜ਼ ਉੱਚੀ ਕਰਦੀ ਹੈ:-

"ਨਾਰੀਤੱਵ ਦਾ ਅਪਮਾਨ ਸੋਚਦੇ
ਮਰਿਯਾਦਾ ਦੀ ਹੇਠੀ ਕਰਦੇ ਬੋਲ
ਤਾਂ ਮੇਰੇ ਮੱਥੇ ਦੀ ਊਰਜਾ
ਨੂੰ ਗ੍ਰਹਿਣ ਨਾ ਲਾਓ।
ਹਉਮੈ ਰੋਸ਼ਨ ਕਰ ਲਈ
ਨੁਚੜੇ ਅੰਗੀ ਭਰਮ ਜਵਾਨੀ
ਭਰਮ ਭੁਲੇਖਾ ਪਾਲ ਰਹੇ ਹੋ
ਮੇਰੀ ਊਰਜਾ ਵਾਪਸ ਕਰਦੇ ਜਾਓ ।"[25]

ਔਰਤ ਆਪਣੀ ਅੰਤਰ-ਸ਼ਕਤੀ ਨੂੰ ਮਹਿਸੂਸ ਕਰਨ ਲੱਗਦੀ ਹੈ ਤੇ ਉਹ ਸੰਗਲ ਜਿਨ੍ਹਾਂ ਨੇ ਬਹੁਤ ਸਦੀਆਂ ਤੋਂ ਉਸ ਦੇ ਪੈਰ ਬਿੰਨ੍ਹੇ ਪਏ ਹਨ। ਹੁਣ ਉਹ ਉਹਨਾਂ ਤੋਂ ਨਿਜਾਤ ਪਾਉਣਾ ਚਾਹੁੰਦੀ ਹੈ।ਮਰਦ ਪ੍ਰਧਾਨ ਸਮਾਜ ਵਿੱਚ ਉਸ ਨਾਲ ਹੋ ਰਹੇ ਅੱਤਿਆਚਾਰ ਤੋਂ ਹੁਣ ਉਹ ਤੰਗ ਆ ਚੁੱਕੀ ਹੈ। ਅੱਜ ਦੇ ਯੁੱਗ ਦੀ ਔਰਤ ਨੂੰ ਪਰੰਪਰਾ ਦੀਆਂ ਫੋਕੀਆਂ ਕਦਰਾਂ ਕੀਮਤਾਂ ਹੁਣ ਬੰਨ੍ਹ ਕੇ ਨਹੀਂ ਰੱਖ ਸਕਦੀਆਂ। ਕਵਿੱਤਰੀ ਕਵਿਤਾ ਰਾਹੀਂ ਇਸ ਸਮਾਜ ਵਿੱਚ ਔਰਤ ਨਾਲ ਕੀਤੇ ਜਾਂਦੇ ਬੁਰੇ ਵਿਵਹਾਰ ਨੂੰ ਉਹਨਾਂ ਦੇ ਮਨ ਵਿੱਚ ਫ਼ੈਲਿਆ ਹੋਇਆ ਹਨ੍ਹੇਰਾ  ਦੱਸਦੀ ਹੈ।ਉਹ ਲੋਕ ਅਗਿਆਨਤਾ ਤੋਂ ਵਾਂਝੇ ਹਨ,ਉਹਨਾਂ ਨੂੰ ਔਰਤ ਕੋਲੋਂ ਰੌਸ਼ਨੀ ਦੀ ਇੱਕ ਚਿਣਗ ਉਧਾਰੀ ਲੈ ਲੈਣੀ ਚਾਹੀਦੀ ਹੈ ਤਾਂ ਕਿ ਉਹਨਾਂ ਦੇ ਮਨ ਵਿੱਚ ਗਿਆਨ ਦਾ ਪ੍ਰਸਾਰ ਹੋ ਸਕੇ।ਸੁਰਜੀਤ ਕਲਸੀ ਆਪਣੀ ਕਵਿਤਾ "ਮੈਂ ਜਾ ਚੁੱਕੀ ਹਾਂ" ਵਿੱਚ ਇਹ ਦਰਸਾਉਂਦੀ ਹੈ ਕਿ ਔਰਤ ਮਰਦ ਪ੍ਰਧਾਨ ਸਮਾਜ ਦੀ ਧੌਸ ਅਤੇ ਮਰਦ ਦੀ ਅਗਿਆਨਤਾ ਤੋਂ ਦੁਖੀ ਹੋ ਗਈ ਹੈ। ਉਹ ਮਿੱਥ ਲੈਂਦੀ ਹੈ ਕਿ ਹੁਣ ਉਸ ਨੇ ਹੋਰ ਤਸ਼ਦੱਦ ਨਹੀਂ ਸਹਿਣੇ। ਬੀਤੇ ਸਮੇਂ ਨੂੰ ਯਾਦ ਕਰ ਕੇ ਹੁਣ ਉਹ ਰੋਣਾ ਤੇ ਸਿਸਕਣਾ ਨਹੀਂ ਚਾਹੁੰਦੀ। ਹੁਣ ਉਹ ਦੁੱਖਾਂ, ਤਕਲੀਫ਼ਾਂ,ਚਿੰਤਾਵਾਂ ਅਤੇ ਜ਼ੁਲਮਾਂ ਤੋਂ ਦੂਰ ਜਾ ਚੁੱਕੀ ਹੈ। ਉਹ ਵਾਪਸ ਨਹੀਂ ਮੁੜੇਗੀ:-

"ਤੇਰੀ ਸੰਗਤ ਵਿੱਚ ਮੈਂ ਹੋਰ ਨਹੀਂ ਹੁਣ ਬੌਣੀ ਹੋਣਾ
ਤੇਰੀ ਸੰਗਤ ਵਿੱਚ ਮੈਂ ਹੋਰ ਕਰੂਪ ਨਹੀਂ ਹੋਣਾ
ਤੇਰੀ ਸੋਹਬਤ ਵਿੱਚ ਮੈਂ ਹੋਰ ਜ਼ਲੀਲ ਨਹੀਂ ਹੋਣਾ
ਤੇਰੀ ਮਹਿਫਲ ਵਿੱਚ ਮੈਂ ਮੁੜ ਕੰਜਰੀ ਨਹੀਂ ਥੀਣਾ
ਤਜ ਦਿਤੀ ਮਹਿਫਲ ਤੇਰੀ ਤੰਗ ਦੁਨੀਆ ਤੇਰੀ
ਮੈਂ ਮੇਰੇ ਹੋਣ ਦਾ ਭਰਮ ਹਾਂ!
ਮੈਂ ਤਿਆਗ ਹਾਂ ਮੈਂ ਤਪਸਿਆ ਹਾਂ।

ਮੈਂ ਭਵ-ਸਾਗਰ ਤਰ ਚੁਕੀ ਹਾਂ।

ਮੈਂ ਜਾ ਚੁਕੀ ਹਾਂ!"[26]

'ਰੋਮ-ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰਗ੍ਰਹਿ ਵਿੱਚਲਾ ਚੌਥਾ ਅਤੇ ਆਖ਼ਰੀ ਪੜਾਅ 'ਵਿਪਾਸਨਾ' ਸਿਰਲੇਖ ਹੇਠ ਆਉਂਦਾ ਹੈ। 'ਵਿਪਾਸਨਾ' ਕੁਦਰਤ ਦੀ ਗੋਦ 'ਚ ਸਮਾਧੀ ਲਾਉਣ ਦਾ ਲਿਵਲੀਨਤਾ ਜਾਂ ਅੰਤਰਮੁਖੀ ਹੋਣ ਦੀ ਇੱਕ ਖ਼ਾਸ ਮੁਦਰਾ ਹੈ। ਮਨੁੱਖ ਦਾ ਆਪਣੇ ਸਵੈ ਤੇ ਧਿਆਨ ਕੇਂਦ੍ਰਿਤ ਹੋ ਜਾਂਦਾ ਹੈ ਅਤੇ ਇੱਕਾਗਰ ਹੋਇਆ ਮਨ ਸਾਰੇ ਬ੍ਰਹਿਮੰਡ ਨੂੰ ਆਪਣੇ ਅੰਦਰ ਅਨੁਭਵ ਕਰਦਾ ਹੈ। ਇਹ ਇੱਕ ਤਰ੍ਹਾਂ ਨਾਲ ਇੱਕ ਦੂਸਰੇ ਵਿੱਚ ਸਮਾਉਣਾ, ਰੂਹ ਤੇ ਦੇਹੀ ਦਾ ਸਮੁੱਚੇ ਤੌਰ ਤੇ ਅਭੇਦ ਹੋਣ ਦਾ ਕਰਮ ਹੈ। ਜਦੋਂ ਇੱਕ ਜਗਦੀ ਹੋਈ ਜੋਤ ਬੁਝੀ ਹੋਈ ਜੋਤ ਵਿੱਚ ਸਮਾ ਜਾਂਦੀ ਹੈ ਤੇ ਉਹਦੇ 'ਚ ਹੀ ਅਲੋਪ ਹੋ ਜਾਂਦੀ ਹੈ ਤਾਂ ਇੱਕ ਜੋਤ ਦੀ ਸ਼ਕਤੀ ਰਾਹੀਂ ਦੂਜੀ ਜੋਤ ਵੀ ਰੌਸ਼ਨਾਈ ਜਾਂਦੀ ਹੈ।ਜੋਤ ਦਾ ਜਗਣਾ ਜਾਗ੍ਰਰਕਤਾ ਦੀ ਨਿਸ਼ਾਨੀ ਹੈ।ਜਾਗ੍ਰਰਕ ਹੋਇਆ ਮਨੁੱਖ ਹਰ ਵੇਲੇ ਸੁਚੇਤ ਅਵਸਥਾ ਵਿੱਚ ਰਹਿੰਦਾ ਹੈ।ਜ਼ਾਗਿਤ ਹੋਏ ਮਨੁੱਖ ਦੇ ਬੋਲਣ ਦੇ ਅੰਦਾਜ਼ ਵਿੱਚ ਗੀਤ ਦੀ ਲੈਅ ਆ ਜਾਂਦੀ ਹੈ। ਇਹੋ ਮਨੋ-ਸਥਿਤੀ ਨੂੰ ਵਿਪਾਸਨਾ ਦਾ ਮਾਰਗ ਕਿਹਾ ਜਾ ਸਕਦਾ ਹੈ।ਵਿਪਾਸਨਾ ਰੌਸ਼ਨੀ ਦਾ ਰਸਤਾ ਹੈ। ਵਿਪਾਸਨਾ ਮਾਰਗ ਦੇ ਅਨੁਭਵ ਕੀਤੇ ਗਏ ਆਨੰਦ ਨੂੰ ਬਿਆਨ ਕਰਨ ਲਈ ਸਬਦਾਂ ਦੇ ਅਰਥ ਥੌੜੇ ਪੈ ਜਾਂਦੇ ਹਨ।ਰਚਨਾਕਾਰ ਬੜੇ ਹੀ ਵਧੀਆ ਢੰਗ ਨਾਲ ਕਾਵਿਕ ਸ਼ਬਦਾਵਾਲੀ ਨੂੰ ਪਰੋ ਕੇ ਪੇਸ਼ ਕਰਦਾ ਹੈ। ਵਿਪਾਸਨਾ ਵਿੱਚ ਸੁਰਜੀਤ ਕਲਸੀ ਦੀ ਸ਼ਾਇਰੀ ਵੀ ਅਜਿਹੇ ਕੁਝ ਅਨੁਭਵ ਪੇਸ਼ ਕਰਦੀ ਹੈ:-

"ਲਗਾ ਕੋਈ ਹੌਲੇ ਜਿਹੇ ਆ ਕੇ

ਇਸ ਝਖੜਾਂ ਦੀ ਰਾਤ ਵਿੱਚ

ਵਗਦੇ ਹਨੇਰੀ ਤੂਫਾਨ ਵਿੱਚ

ਜਗਾ ਕੋਈ ਦੀਵਾ ਗਿਆ

ਮਿਹਰਬਾਨ ਬੀਤੇ ਦਿਨਾਂ ਦਾ

ਮੇਰੇ ਮਾਰਗ ਨੂੰ ਰੁਸ਼ਨਾ ਗਿਆ

ਮੇਰੇ ਰੋਮ ਰੋਮ ਵਿੱਚ ਦੀਵਾ ਜਗਾ ਗਿਆ।"[27]

ਵਿਪਾਸਨਾ ਤੋਂ ਭਾਵ ਹੁੰਦਾ ਹੈ ਕਿ ਅੰਤਰ ਧਿਆਨ ਹੋ ਕੇ ਸਵੈ ਦੀ ਖੋਜ ਅਤੇ ਸਵੈ ਪੜਚੋਲ ਕਰਨੀ। ਆਪਣੇ ਆਪ ਨੂੰ ਜਾਨਣਾ ਤੇ ਅੰਦਰਲੇ ਸੱਚ ਵਿੱਚ ਹੀ ਆਪਣੀ ਲਿਵ ਲਗਾ ਲੈਣੀ। ਖਾਮੋਸ਼ ਸਥਾਨ ਤੇ ਬੈਠ ਕੇ ਅੰਦਰਲੇ ਮਨ ਨਾਲ ਵਿੱਚਾਰਾਂ ਕਰਨੀਆਂ।ਵਿਪਾਸਨਾ ਤੋਂ ਭਾਵ ਮਨ ਨੂੰ ਇੱਕਾਗਰ ਕਰਨਾ ,ਸਮਾਧੀ ਵਿੱਚ ਆਪਣੇ ਆਪ ਨੂੰ ਲਿਵਲੀਨ ਕਰਨਾ,ਅੰਤਰਮੁਖੀ ਹੋ ਜਾਣਾ ਜਾਂ ਬਿਰਤੀ ਜੋੜ ਲੈਣੀ । ਸੁਰਜੀਤ ਕਲਸੀ ਪਰੰਪਰਾਵਾਂ, ਸੰਸਕਾਰਾਂ, ਪੁਰਤਾਨ ਧਾਰਨਾਵਾਂ ਅਤੇ ਮੰਨਤਾਂ -ਮਨੌਤਾਂ ਨੂੰ ਮਨੁੱਖ ਵੱਲੋਂ ਤਿਆਗਣ ਲਈ ਕਹਿੰਦੀ ਹੈ।ਇਹ ਮੰਨਤਾਂ,ਮਿੱਥਾਂ ਮਨ ਨੂੰ ਇੱਕਾਗਰ ਕਰਨ ਦੇ ਰਸਤੇ ਵਿੱਚ ਰੁਕਾਵਟਾਂ ਹਨ।ਇਹਨਾਂ ਨੂੰ ਪਾਰ ਕਰਕੇ ਜ਼ਿੰਦਗੀ ਦੀ ਭਰਪੂਰਤਾ ਨੂੰ ਆਪਣੀ ਅੰਦਰਲੀ ਦਿੱਬ-ਦ੍ਰਿਸ਼ਟੀ ਰਾਹੀਂ ਮਾਣਿਆ ਜਾ ਸਕਦਾ ਹੈ। ਸੁਰਜੀਤ ਕਲਸੀ ਮਹਾਤਮਾ ਬੁੱਧ ਦੇ ਨਿਰਵਾਣ ਅਤੇ ਮੋਕਸ਼ ਸੰਕਲਪਾਂ ਦੁਆਰਾ ਮਨੁੱਖੀ ਜੀਵਨ ਨੂੰ ਉੱਚਾ ਚੁੱਕਣ ਲਈ ਪ੍ਰੇਰਿਤ ਕਰਦੀ ਹੈ ਤਾਂ ਕਿ ਉਹ ਅਜਿਹੀ ਅਵਸਥਾ ਤੇ ਪਹੁੰਚ ਜਾਵੇ, ਜਿੱਥੇ ਬ੍ਰਹਿਮੰਡ ਨਾਲ ਇਕਮਿਕਤਾ ਹੋ ਜਾਵੇ।ਐਸੀ ਇਕਮਿਕਤਾ ਜਿੱਥੇ ਰੂਹ ਨਾਲ ਰੂਹ ਮਿਲ ਜਾਂਦੀ ਹੈ,ਮਨ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।ਇਸ ਰੂਹਾਨੀ ਅਵਸਥਾ ਤੇ ਪਹੁੰਚ ਕੇ ਰਿਸ਼ਤੇ,ਬੰਧਨ,ਮੰਨਤਾਂ ਅਤੇ ਰਸਮਾਂ ਖ਼ਤਮ ਹੋ ਜਾਂਦੇ ਹਨ।ਸਮਾਧੀ ਵਿੱਚ ਲੀਨ ਹੋਇਆ ਮਨ ਸਾਰੇ ਦੁੱਖ-ਦਰਦ ਭੁੱਲ ਜਾਂਦਾ ਹੈ।ਕਵਿੱਤਰੀ ਦੁਆਰਾ ਕਾਵਿ ਵਿੱਚ

ਵਿਪਾਸਨਾ ਮਾਰਗ ਦਾ ਜ਼ਿਕਰ ਕਰਨਾ,ਸਦੀਆਂ ਤੋਂ ਦੁੱਖ ਭੋਗ ਰਹੀ ਨਾਰੀ ਦੁਆਰਾ ਆਪਣੇ ਆਪ ਦੀ ਸਵੈ-ਪੜਚੋਲ ਕਰਨੀ ਅਤੇ ਦੁੱਖਾਂ ਅਤੇ ਗ਼ੁਲਾਮੀਆਂ ਭਰੇ ਜੀਵਨ ਵਿੱਚੋਂ ਉੱਪਰ ਉੱਠ ਕੇ ਮਨ ਨੂੰ ਇੱਕਾਗਰ ਕਰ ਕੇ ਸ਼੍ਰੇਸ਼ਟ ਬਣਾ ਲੈਣਾ:-

"ਵਿਪਾਸਨਾ ਸੋਝੀ ਦਿਤੀ
ਰੂਹ ਇੱਕਲੀ ਨਹੀਂ
ਮਨ ਮੰਦਰ ਵਿੱਚ ਉਹ ਆਪ ਹੈ
ਚਾਨਣ ਦਾ ਆਗਮਨ ਹੈ
ਮਹੁੱਬਤ ਦਾ ਵਿਸਥਾਰ ਹੈ"[28]

ਜਦੋਂ ਇਨਸਾਨ ਕੁਦਰਤ ਦੀ ਗੋਦ ਵਿੱਚ ਬੈਠ ਕੇ ਕੁਦਰਤ ਵਾਂਗ ਹੀ ਮਹਿਸੂਸ ਕਰਨਾ ਸ਼ੁਰੂ ਕਰ ਦੇਵੇ ਤਾਂ ਇਨਸਾਨ ਨੂੰ ਇਹ ਪ੍ਰਕਿਰਤੀ ਭਰੀ-ਭਰੀ ਜਾਪਦੀ ਹੈ। ਸੁਰਜੀਤ ਕਲਸੀ ਪ੍ਰਕ੍ਰਿਤੀ ਤੋਂ ਪ੍ਰੇਰਨਾ ਲੈਂਦੀ ਹੋਈ ਦੁਨਿਆਵੀ ਰਿਸ਼ਤਿਆਂ ਨੂੰ ਇੱਕ ਸੂਤਰ ਵਿੱਚ ਬੰਨਣਾ ਚਾਹੁੰਦੀ ਹੈ। ਇਸੇ ਮਾਰਗ ਨੂੰ ਸੁਰਜੀਤ ਕਲਸੀ ਨੇ'ਬੁੱਧ ਧਾਮਾ ਦਾ ਵਿਪਾਸਨਾ ਮਾਰਗ' ਕਿਹਾ ਹੈ। ਇਸ ਮਾਰਗ ਉੱਪਰ ਪਹੁੰਚ ਕੇ ਮਨੁੱਖ ਦਾ ਦੁਨੀਆਂ ਨਾਲ ਵੈਰ-ਵਿਰੋਧ ਖ਼ਤਮ ਹੋ ਜਾਂਦਾ ਹੈ।ਮਨ ਅੰਦਰ ਰੌਸ਼ਨੀ ਦਾ ਪ੍ਰਸਾਰ ਹੋ ਜਾਂਦਾ ਹੈ ਅਤੇ ਅੰਦਰੋਂ ਪਾਪਾਂ ਦੀ ਮੈਲ ਉੱਤਰ ਜਾਂਦੀ ਹੈ। ਮਨੁੱਖ ਪਰਮ ਆਤਮਾ ਦੇ ਅਤਿ ਕਰੀਬ ਹੋ ਜਾਂਦਾ ਹੈ। ਪਹਿਲਾਂ ਮਨੁੱਖ ਭਟਕਣਾ ਵਿੱਚ ਪਿਆ ਰਹਿੰਦਾ ਹੈ। ਫਿਰ ਹੌਲੀ-ਹੌਲੀ ਸੋਝੀ ਆਉਣ ਤੋਂ ਬਾਅਦ ਪ੍ਰਪੱਕ ਹੋਣ ਲੱਗਦਾ ਹੈ। ਕਵਿੱਤਰੀ ਆਪਣੀ ਧੁਰ ਮਾਨਸਿਕਤਾ ਵਿੱਚ ਉੱਤਰ ਕੇ ਮੁਨੱਖਤਾਵਾਦ ਦੇ ਪੈਗਾਮ ਨੂੰ ਬੁਧ ਧਾਮਾ ਦੇ ਵਿਪਾਸਨਾ ਮਾਰਗ ਰਾਹੀਂ ਲੋਕਾਂ ਵੱਲ ਪਹੁੰਚਾਉਣਾ ਚਾਹੁੰਦੀ ਹੈ। ਇਸੇ ਸਥਿਤੀ ਨੂੰ ਜਦੋਂ ਉਹ ਪੂਰਨ ਰੂਪ ਵਿੱਚ ਗ੍ਰਹਿਣ ਕਰ ਲੈਂਦੀ ਹੈ ਤਾਂ ਉਸਦੀ ਸਰੀਰਕ ਹੋਂਦ ਹੱਡ ਮਾਸ ਸਾਧਰਣ ਹੋਂਦ ਨਹੀਂ ਰਹਿੰਦੀ ਬਲਕਿ ਇੱਕ ਸ਼ਕਤੀ ਵਾਲੀ ਔਰਤ ਦੀ ਹੋਂਦ ਬਣ ਜਾਂਦੀ ਹੈ। ਉਸ ਮਨ ਅੰਦਰ ਸੁਚੇਤਤਾ ਦੀ ਰੌਸ਼ਨੀ ਫ਼ੈਲ ਜਾਂਦੀ ਹੈ।ਉਸ ਦੇ ਰੋਮ-ਰੋਮ ਵਿੱਚ ਸੁਨਹਿਰੀ ਰਿਸ਼ਮਾਂ ਦਾ ਪ੍ਰਸਾਰ ਹੋਣ ਲੱਗਦਾ ਹੈ। ਸੁਰਜੀਤ ਕਲਸੀ ਆਪਸੀ ਵੈਰ-ਵਿਰੋਧ ਮਿਟਾ ਕੇ ਇੱਕ-ਦੂਜੇ ਪ੍ਰਤੀ ਸਨੇਹ ਸਹਿਤ ਜ਼ਿੰਦਗੀ ਬਤੀਤ ਕਰਨ, ਬੁੱਧ ਦੇ ਮਾਰਗ ਦੀ ਪ੍ਰੋੜਤਾ ਕਰਦੀ ਹੋਈ ਔਰਤ ਮਰਦ ਦੀ ਇੱਕਸਾਰਤਾ ਦੀ ਗੱਲ ਕਰਦੀ ਹੈ।ਜਿੱਥੇ ਔਰਤ,ਮਰਦ ਨੂੰ ਆਪਸ ਵਿੱਚ ਸਮਝੌਤਾ ਕਰਨ ਲਈ ਕਹਿੰਦੀ ਹੈ:-

"ਆਪਾਂ ਨਹੀਂ ਹੁਣ ਪਾਉਂਣੀਆਂ ਵੰਡੀਆਂ
ਸਾਂਝਾਂ ਦਾ ਨਗਮਾ ਦੋਵੇਂ ਬਣਾ ਲਈਏ
ਤੇਰੇ ਮੇਰੇ ਬੋਲਾਂ ਵਿੱਚ ਵਗਦੀ
ਪੌਣ ਨੂੰ ਗਲ ਨਾਲ ਲਾ ਲਈਏ
ਇਹੀ ਇੱਕ ਰਸਤਾ ਅਪਨਾਈਏ"[29]

'ਰੋਮ-ਰੋਮ ਵਿੱਚ ਜਗਦੇ ਦੀਵੇ' ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਟੁੱਟਣ ਤੋਂ ਜੁੜਨ ਤੱਕ ਦੇ ਸਫ਼ਰ, ਦੇਹੀ ਤੋਂ ਬ੍ਰਹਿਮੰਡ ਤੱਕ ਦੇ ਇੱਕ ਨਿਰੰਤਰ ਚੱਲਣ ਵਾਲੇ ਸਫ਼ਰ ਦੀ ਪ੍ਰਕਿਰਿਆ ਨੂੰ ਪੇਸ਼ ਕਰਦੀ ਹੈ। ਸੁਰਜੀਤ ਕਲਸੀ ਇਹਨਾਂ ਸੰਵੇਦਨਸ਼ੀਲ ਕਵਿਤਾਵਾਂ ਰਾਹੀਂ ਸੰਸਾਰਿਕ ਪਿਆਰ ਨੂੰ ਤਿਆਗ ਕੇ ਰੂਹਾਨੀ ਪਿਆਰ ਦਾ ਸਫ਼ਰ ਬਿਆਨ ਕਰਦੀ ਜਾ ਰਹੀ ਹੈ। ਇਸ ਦੇ ਸਮਾਨੰਤਰ ਹੀ ਉਹ ਨਾਰੀ ਦੀ ਵੇਦਨਾ,ਸੰਵੇਦਨਾ ਅਤੇ ਨਾਰੀ ਦੀ ਚੇਤਨਾ ਨੂੰ ਵੀ ਪੇਸ਼ ਕਰ ਰਹੀ ਹੈ ।ਸੁਰਜੀਤ ਕਲਸੀ ਨੇ ਸਿਰਫ਼ ਕਲਮ ਚੁੱਕ ਕੇ ਕਾਗਜ਼ ਉੱਪਰ ਕਵਿਤਾ ਉਲੀਕੀ ਹੀ ਨਹੀਂ ਸਗੋਂ ਨਾਰੀ ਸੰਵੇਦਨਾ ਦੇ ਅਸੀਮ ਵਲਵਲੇ ਉਸ ਦੇ ਅੰਦਰੋਂ ਆਪਣੇ ਆਪ ਬਾਹਰ ਪ੍ਰਗਟ ਹੋਏ ਹਨ।

ਸੁਰਜੀਤ ਕਲਸੀ ਦਾ ਕਾਵਿ-ਸੰਗ੍ਰਹਿ'ਰੰਗ-ਮੰਡਲ' ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਨੂੰ ਪੇਸ਼ ਕਰਦਾ ਹੈ।ਇਹ ਕਾਵਿ-ਸੰਗ੍ਰਹਿ 2013 ਵਿੱਚ ਪ੍ਰਕਾਸ਼ਿਤ ਹੋਇਆ। 'ਰੰਗ ਮੰਡਲ' ਦੀ ਕਵਿਤਾ ਮਨੁੱਖੀ ਭਾਵਾਂ ਨੂੰ ਬਿਆਨ ਕਰਦੀ ਕਵਿਤਾ ਹੈ। ਸੁਰਜੀਤ ਕਲਸੀ ਨੇ ਮਨੁੱਖੀ ਮਨ ਦੇ ਅੰਦਰ ਸਮਾਈਆਂ ਅਤੇ ਦੱਬੀਆਂ ਹੋਈਆਂ ਭਾਵਨਾਵਾਂ ਨੂੰ ਦਰਸਾਉਣ ਅਤੇ ਮਨੁੱਖੀ ਮਨ ਦੇ ਹਰ ਰੰਗਾਂ ਅਤੇ ਭਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਸਫ਼ਲ ਉਪਰਾਲਾ ਕੀਤਾ ਹੈ ਜਿਵੇਂ ਕਿ ਭਾਵਾਂ ਦਾ ਪ੍ਰਗਟਾਵਾ ਅਲੱਗ-ਅਲੱਗ ਰੰਗਾਂ ਨਾਲ ਵਿਅਕਤ ਕੀਤਾ ਜਾਂਦਾ ਹੈ ਉਵੇਂ ਹੀ ਮਨੁੱਖ ਦੇ ਵੱਖ-ਵੱਖ ਭਾਵਾਂ ਨੂੰ ਅਲੱਗ-ਅਲੱਗ ਪ੍ਰਕਾਰ ਦੇ ਰੰਗਾਂ ਨਾਲ ਪੇਸ਼ ਕੀਤਾ ਗਿਆ ਹੈ।ਜਿਸ ਤਰ੍ਹਾਂ ਗੁੱਸੇ ਤੇ ਕ੍ਰੋਧ ਵਿੱਚ ਕੋਈ ਵਿਅਕਤੀ ਗੁੱਸੇ ਨਾਲ ਲਾਲ ਹੋ ਜਾਂਦਾ ਹੈ ਅਤੇ ਖੁਸ਼ੀ ਸਮੇਂ ਇਨਸਾਨ ਦੇ ਮੂੰਹ ਤੇ ਚਮਕ ਆ ਜਾਂਦੀ ਹੈ। ਸੁਰਜੀਤ ਕਲਸੀ 'ਰੰਗ ਮੰਡਲ' ਦੇ ਮੁੱਖ ਬੰਧ ਵਿੱਚ ਲਿਖਦੀ ਹੈ, "ਵਿਭਿੰਨ ਰੰਗਾਂ ਨਾਲ ਸਜਾਇਆ ਰੰਗ-ਮੰਡਲ ਜਿਸ ਨੂੰ ਰੰਗੋਲੀ ਵੀ ਕਹਿ ਦਿੰਦੇ ਹਨ, ਮਨੁੱਖੀ ਮਨ ਦੇ ਭਾਵਾਂ ਨੂੰ ਪ੍ਰਗਟਾਉਂਦੀ ਇੱਕ ਵਿਸ਼ੇਸ਼ ਤੇ ਅਨੋਖੀ ਵਿਧਾਅ ਹੈ ਜਿਸ ਦਾ ਰੂਪ ਗੋਲਕਾਰ ਹੈ ਪਰ ਇਸ ਦੇ ਅੰਦਰ ਪੰਜ ਰੰਗਾਂ ਦੇਮੇਲ ਨਾਲ ਤ੍ਰਿਕੋਣਾਂ ਬਣਾਈਆਂ ਹੁੰਦੀਆਂ ਹਨ। ਇਹਨਾਂ ਤ੍ਰਿਕੋਣਾਂ ਵਿੱਚ ਚਿੱਟਾ, ਪੀਲਾ, ਲਾਲ, ਹਰਾ ਅਤੇ ਗੂੜ੍ਹਾ ਨੀਲਾ ਰੰਗ ਪੂਰੇ ਹੋ ਜਾਂਦੇ ਹਨ ਇਹਨਾਂ 'ਚੋਂ ਹਰ ਇੱਕ ਰੰਗ ਬੁੱਧ ਦੇ ਪੰਜ ਬੋਧਾਂ ਦਾ ਗਿਆਨ ਕਰਵਾਉਂਦਾ ਹੈ ਜੋ ਮਨੁੱਖੀ ਮਨ ਦੇ ਗਿਆਨ ਅਗਿਆਨ ਦੇ ਪੰਜ ਰੰਗਾਂ ਦੇ ਬੋਧ ਨਾਲ ਕਾਇਆ ਕਲਪ ਕਰਨ ਵੱਲ ਇਸ਼ਾਰਾ ਕਰਦੇ ਹਨ। "[30]

ਰੰਗ-ਮੰਡਲ ਕਾਵਿ-ਸੰਗ੍ਰਹਿ ਦੋ ਭਾਗਾਂ ਵਿੱਚ ਵੰਡੀ ਹੋਈ ਹੈ, ਪਹਿਲੇ ਭਾਗ ਵਿੱਚ ਰੰਗ-ਮੰਡਲ ਦੇ ਰੰਗਾਂ ਨੂੰ ਭਾਵਾਂ ਰਾਹੀਂ ਪੇਸ਼ ਕੀਤਾ ਗਿਆ ਹੈ ਅਤੇ ਦੂਜੇ ਭਾਗ ਵਿੱਚ 'ਔਰਤ-ਕਾਵਿ' ਅੰਤਰਗਤ ਸਮਾਜ ਵਿੱਚ ਵਿੱਚਰਦੀਆਂ ਔਰਤਾਂ ਦੀ ਸਮਾਜਿਕ ਸਥਿਤੀ ਦਾ ਬਿਆਨ ਹੈ।ਸੁਰਜੀਤ ਕਲਸੀ ਨੇ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਨਾਲ ਸੰਬੰਧਿਤ ਵਿਸ਼ੇ ਕਵਿਤਾ ਵਿੱਚ ਪੇਸ਼ ਕੀਤੇ ਗਏ ਹਨ। ਸੁਰਜੀਤ ਕਲਸੀ ਦੇ ਇਸ ਕਾਵਿ-ਸੰਗ੍ਰਹਿ ਵਿੱਚ ਭਾਵਾਂ ਦੀ ਕਾਫ਼ੀ ਵੰਨ-ਸੁਵੰਨਤਾ ਹੈ। ਇਸ ਕਾਵਿ-ਸੰਗ੍ਰਹਿ ਦੇ ਸੰਦਰਭ ਵਿੱਚ ਡਾ: ਸੁਖਵਿੰਦਰ ਕੌਰ ਲਿਖਦੀ ਹੈ "ਰੰਗ ਮੰਡਲ ਪੁਸਤਕ ਸ਼ਾਸਤਰੀ ਦ੍ਰਿਸ਼ਟੀ ਤੋਂ ਅਜਿਹੀ ਕੌਸ਼ਲਤਾ ਦੀ ਲਖਾਇੱਕ ਹੈ, ਜਿਸ ਵਿੱਚ ਬ੍ਰਹਿਮੰਡ ਤੇ ਔਰਤ ਦੀ ਅਭੇਦਤਾ ਹੈ"[31]

ਰੰਗ ਮੰਡਲ ਕਾਵਿ-ਸੰਗ੍ਰਹਿ ਦੇ ਪਹਿਲੇ ਭਾਗ ਵਿੱਚ ਸੁਰਜੀਤ ਕਲਸੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਕਿਸੇ ਇਨਸਾਨ ਦੀ ਜ਼ਿੰਦਗੀ ਵਿੱਚ ਆਉਣ ਵਾਲੇ ਰੰਗਾਂ ਦੀ ਪੂਰਨ ਝਲਕ ਦਿਖਾਈ ਹੈ। ਜਿੱਥੇ ਉਹ ਖੁਸ਼ੀ ਦੇ ਰੰਗਾਂ ਦੀ ਗੱਲ ਕਰਦੀ ਹੈ, ਉੱਥੇ ਹੀ ਭੁੱਖੇ-ਪਿਆਸੇ ਗਰੀਬ ਲੋਕਾਂ ਦੀਆਂ ਮੰਗਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।'ਭੁੱਖ ਦਾ ਰੰਗ' ਕਵਿਤਾ ਵਿੱਚ ਗਰੀਬ ਕਿਸਾਨ ਦਾ ਵੇਰਵਾ ਦਿੱਤਾ ਗਿਆ ਹੈ, ਜਿਸ ਦੀ ਸੋਨੇ ਰੰਗੀ ਹਜ਼ਾਰਾਂ ਟਨ ਕਣਕ ਮੰਡੀਆਂ ਦੇ ਚਿੱਕੜ ਵਿੱਚ ਰੁੱਲ ਰਹੀ ਹੈ ਅਤੇ ਦੂਜੇ ਪਾਸੇ ਗਰੀਬ ਲੋਕਾਂ ਦੇ ਮੂੰਹ ਭੁੱਖ ਨਾਲ ਅੱਡੇ ਰਹਿ ਜਾਂਦੇ ਹਨ। ਗਰੀਬੀ ਤੇ ਭੁੱਖ ਦਾ ਰੰਗ ਉੱਭਰ ਕੇ ਜੋ ਮਜ਼ਦੂਰ ਲੋਕਾਂ ਦੇ ਚਿਹਰਿਆਂ ਤੇ ਆਉਂਦਾ ਹੈ, ਉਸ ਦਾ ਦਰਦ ਸਿਰਫ਼ ਉਹੀ ਜਾਣਦੇ ਹਨ। ਅਜੋਕੇ ਸਮੇਂ ਦੀ ਕਾਹਲ ਭਰੀ ਜ਼ਿੰਦਗੀ ਤੇ ਮਸ਼ੀਨੀ ਯੁੱਗ ਵਿੱਚ ਇਨਸਾਨ ਰੋਜ਼ੀ ਰੋਟੀ ਪਿੱਛੇ ਭੱਜਦੇ ਫਿਰਦੇ ਹਨ। ਭੱਜ ਨੱਠ ਵਿੱਚ ਲੋਕ ਆਪਣਾ ਵਜੂਦ ਗੁਆ ਰਹੇ ਹਨ। ਮਨੁੱਖ ਕ੍ਰੋਧ ਅਤੇ, ਈਰਖਾ, ਵਰਗੇ ਰੰਗਾਂ ਨੂੰ ਅਪਣਾ ਰਿਹਾ ਹੈ। ਹਰ ਵਿਅਕਤੀ ਆਪੋ ਧਾਪੀ ਵਿੱਚ ਇੱਕ ਦੂਜੇ ਨਾਲੋਂ ਅੱਗੇ ਵੱਧ ਕੇ ਕੰਮ ਕਰਨ ਤੇ ਨਾਮ ਕਮਾਉਣ ਦੀ ਕੋਸ਼ਿਸ ਵਿੱਚ ਹੈ। ਮਨੁੱਖ ਅੰਦਰੋਂ ਪਿਆਰ ਤੇ ਕੋਮਲਤਾ ਵਿਸਰ ਚੁੱਕੀ ਹੈ। ਉਹ ਖੋਖਲੇ ਜਿਹੇ ਇਨਸਾਨ ਨਜ਼ਰ ਆਉਂਦੇ ਹਨ । ਕਾਵਿ-ਸੰਗ੍ਰਹਿ ਦੇ ਪਹਿਲੇ ਭਾਗ ਵਿੱਚ ਸੁਰਜੀਤ ਕਲਸੀ ਕੁਦਰਤ ਦੇ ਰੰਗ-ਬਿਰੰਗੇ ਨਜ਼ਾਰਿਆਂ ਦੀ ਗੱਲ ਕਰਦੀ ਹੈ।ਇਸ ਰੰਗ ਮੰਡਲ ਵਿੱਚ ਵੱਖੋ-ਵੱਖਰੇ ਰੰਗ ਹਨ ਜਿਵੇਂ, ਰੰਗ ਵਿੱਚੋੜਾ, ਰੰਗ ਸ਼ੁਕਰਾਨਾ, ਰੰਗ ਪੀੜਾ, ਰੰਗ ਈਰਖਾ, ਰੰਗ ਸਿਮਰਤੀ, ਰੰਗ ਖਾਮੋਸ਼ੀ, ਰੰਗ ਕ੍ਰੋਧ, ਰੰਗ ਬਿਰਹਾ, ਰੰਗ ਉਮੀਦ, ਰੰਗ ਗੁਲਾਬੀ, ਆਦਿ। ਇਹ ਸਾਰੇ ਰੰਗ ਦੇ ਵਿਸ਼ੇ ਸਥੂਲ

ਨਹੀਂ, ਸਗੋਂ ਸੂਖ਼ਮਭਾਵੀ ਵਿਸ਼ੇ ਹਨ ਅਤੇ ਇਹਨਾਂ ਦਾ ਚਿਤਰਨ ਕਰਨਾ ਕੋਈ ਸੌਖੀ ਗੱਲ ਨਹੀਂ। ਕੁਦਰਤ ਦੇ ਰੰਗਾਂ ਨੂੰ ਸੁਰਜੀਤ ਕਲਸੀ ਬਹੁਤ ਹੀ ਵਧੀਆ ਢੰਗ ਨਾਲ ਬਿਆਨ ਕਰਦੀ ਹੈ :-

"ਰੂਹ ਮਨ ਦੇਹੀ ਵਿੱਚ ਫੈਲਿਆ ਬ੍ਰਹਿਮੰਡ
ਕੁਦਰਤ ਦਾ ਬੇਓੜਕ ਵਿਸ਼ਾਲ ਕੈਨਵਸ
ਅਗਨ, ਹਵਾ, ਪਾਣੀ, ਧਰਤੀ, ਪਾਤਾਲ
ਪਰਬਤ, ਜੰਗਲ ਬੇਲੇ, ਸਾਗਰ, ਅੰਬਰ
ਹਜ਼ਾਰਾਂ, ਰੰਗਾਂ ਦਾ ਸਜਿਆ ਰੰਗ-ਮੰਡਲ
ਲਾਲ, ਨੀਲਾ, ਪੀਲਾ ਤੇ ਸੁਆਵਾਂ ਹਜ਼ਾਰ"[32]

ਮਨੁੱਖ ਦੇ ਅੰਦਰ ਕਈ ਦੁੱਖਾਂ ਕਰਕੇ ਪੀੜਾ ਉਪਜਦੀ ਹੈ।ਇਹ ਪੀੜਾ ਕੇਵਲ ਜਿਸਮਾਨੀ ਰੰਗ ਕਰਕੇ ਨਹੀਂ ਹੁੰਦੀ ਬਲਕਿ ਉਸਦੇ ਰੋਜ਼ਾਨਾ ਜੀਵਨ ਵਿੱਚ ਕਈ ਦੁਖਦਾਇੱਕ ਘਟਨਾਵਾਂ ਹੁੰਦੀਆ ਹਨ ਜੋ ਉਸਦੇ ਅੰਦਰੂਨੀ ਮਨ ਨੂੰ ਹਲੂਣ ਕੇ ਰੱਖ ਦਿੰਦੀਆਂ ਹਨ। ਇਹ ਜੀਵਨ ਵਿੱਚਲੀਆਂ ਪੀੜਾਂ ਨੂੰ ਛੇਤੀ ਨਾਲ ਸਮਝਿਆ ਨਹੀਂ ਜਾ ਸਕਦਾ। ਪਰ ਜੇਕਰ ਕੋਈ ਬਿਨਾਂ ਦਿਖਾਏ ਇਹਨਾਂ ਪੀੜਾਂ ਨੂੰ ਸਮਝ ਲਵੇ ਤਾਂ ਉਸ ਵਰਗੀ ਕੋਈ ਰੀਸ ਨਹੀਂ। ਜ਼ਿੰਦਗੀ ਵਿੱਚ ਵਿੱਚਰਦਿਆਂ ਮਨੁੱਖ ਨੂੰ ਬਹੁਤ ਸਾਰੀਆਂ ਪੀੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੀੜ ਦੇ ਕਈ ਰੰਗ ਹਨ। ਹਰ ਵਿਅਕਤੀ ਆਪਣੇ-ਆਪਣੇ ਹਿੱਸੇ ਦੀ ਪੀੜ ਹੰਢਾਉਂਦਾ ਹੋਇਆ ਕਈ ਰੰਗਾਂ ਨੂੰ ਮਾਣਦਾ ਹੈ। ਈਰਖਾ ਅਤੇ ਕ੍ਰੋਧ ਕਰਕੇ ਮਨੁੱਖ ਸਵੈ-ਪੀੜਿਤ ਹੁੰਦਾ ਹੈ। ਸੁਰਜੀਤ ਕਲਸੀ ਨੇ 'ਰੰਗ ਮੰਡਲ' ਵਿੱਚ ਵੱਖ-ਵੱਖ ਰੰਗਾਂ ਦੀਆਂ ਪੀੜਾਂ ਬਿਆਨ ਕੀਤੀਆਂ ਹਨ ।ਇਹਨਾਂ ਪੀੜਾਂ ਨੂੰ ਬਿਆਨ ਕਰਨ ਲੱਗਿਆ ਉਹ ਖ਼ੁਦ ਪੀੜਾਂ ਦਾ ਹਿੱਸਾ ਬਣੀ ਹੈ ਅਤੇ ਇਹਨਾਂ ਪੀੜਾਂ ਨੂੰ ਉਸਨੇ ਬੜੀ ਗਹੁ ਨਾਲ ਤੱਕਿਆ ਤੇ ਪੇਸ਼ ਕੀਤਾ ਹੈ:-

"ਪੀੜ ਦਾ ਰੰਗ ਔਰਤ ਦੀ ਖਾਲੀ ਗੋਦ ਹੈ
ਪੀੜ ਦਾ ਰੰਗ ਰਿਸ਼ਤੇ ਵਿੱਚ ਬੇਵਫ਼ਾਈ ਦੀ ਸਲੀਬ ਹੈ
ਪੀੜ ਦਾ ਰੰਗ ਔਰਤ ਦੇ ਬਦਨ ਦੀ ਲਾਸਾਂ ਹਨ
ਪੀੜ ਦਾ ਰੰਗ ਬੱਚੇ ਦਾ ਸੋਸ਼ਣ ਹੈ
ਪੀੜ ਦਾ ਰੰਗ ਗਰੀਬੀ ਹੈ, ਭੁੱਖ ਹੈ
ਪੀੜ ਦਾ ਰੰਗ ਮਾਨਸਿਕ ਤਸੀਹਾ ਹੈ। "[33]

ਸੁਰਜੀਤ ਕਲਸੀ ਆਪਣੇ ਕਾਵਿ-ਸੰਗ੍ਰਹਿ ਰੰਗ-ਮੰਡਲ ਦੇ ਦੂਜੇ ਭਾਗ 'ਔਰਤ-ਕਾਵਿ' ਵਿੱਚ ਨਾਰੀ ਦੀ ਤ੍ਰਾਸਦੀ ਨਾਲ ਸੰਬੰਧਿਤ ਕਵਿਤਾਵਾਂ ਨੂੰ ਬਿਆਨ ਕਰਦੀ ਹੈ।ਇਸ ਵਿੱਚ ਸੰਸਾਰੀ ਅਤੇ ਕਰਤਾਰੀ ਔਰਤਾਂ ਦੀ ਵੇਦਨਾ ਨੂੰ ਪੇਸ਼ ਕੀਤਾ ਗਿਆ ਹੈ। ਸੁਰਜੀਤ ਕਲਸੀ ਔਰਤਾਂ ਦੀਆਂ ਗੁੰਝਲਦਾਰ ਭਾਵਨਾਵਾਂ ਨੂੰ ਆਪਣੀ ਤੀਖ਼ਣ ਬੁੱਧੀ ਰਾਹੀਂ ਗਹਿਰਾਈ ਤੋਂ ਸਮਝਦੀ ਹੈ ਅਤੇ ਇਸਤਰੀ ਦਾ ਸ਼ੋਸਣ ਰੋਕਣ ਲਈ ਪੂਰੀ ਲੋਕਾਈ ਨੂੰ ਅੰਧ-ਵਿਸ਼ਵਾਸਾਂ ਤੋਂ ਮੁਕਤੀ ਦਿਵਾਉਣ ਲਈ ਪ੍ਰੇਰਦੀ ਹੈ। ਸੁਰਜੀਤ ਕਲਸੀ ਦੀ ਕਾਵਿ-ਸਿਰਜਣਾ ਭਵਿੱਖਮੁਖੀ ਹੈ। ਰੰਗ ਮੰਡਲ ਦੇ ਦੂਜੇ ਭਾਗ ਔਰਤ-ਕਾਵਿ ਵਿੱਚ ਸੁਰਜੀਤ ਕਲਸੀ ਨੇ ਔਰਤ ਦੀ ਬਹਾਦਰੀ ਦੀ ਗੱਲ ਕਰਦੇ ਹੋਏ ਔਰਤ ਨੂੰ ਮਹਾਨ ਦੱਸਿਆ ਹੈ, ਜੋ ਰੱਬ ਵੱਲੋਂ ਅਨੇਕ ਦਾਤਾਂ ਲੈ ਕੇ ਪੈਦਾ ਹੁੰਦੀ ਹੈ ਪਰ ਇਹ ਦਾਤਾਂ ਔਰਤ ਦੂਜਿਆਂ ਨੂੰ ਵੰਡ ਕੇ ਆਪ ਕਿਣਕਾ ਕਿਣਕਾ ਹੋ ਕੇ ਕਿਰਦੀ ਰਹਿੰਦੀ ਹੈ। ਔਰਤ ਮਮਤਾ ਦਾ ਸਾਰਾ ਖਜ਼ਾਨਾ ਬੱਚਿਆਂ ਉੱਪਰੋਂ ਲੁਟਾ ਕੇ ਆਪ ਖ਼ਾਲੀ ਹੋ ਜਾਂਦੀ ਹੈ। ਉਹ ਕਦੋਂ ਖੁਰ ਜਾਂਦੀ ਹੈ ਤੇ ਕਦੋਂ ਮੁੱਕ ਜਾਂਦੀ ਹੈ, ਉਸ ਨੂੰ ਖ਼ੁਦ ਨੂੰ ਵੀ ਪਤਾ ਨਹੀਂ ਲੱਗਦਾ। ਔਰਤ ਕੁਰਬਾਨੀ ਦੀ ਦੇਵੀ ਹੈ। ਉਹ ਆਪਣੇ ਹੱਕਾਂ ਪ੍ਰਤੀ ਚੇਤੰਨ ਤਾਂ ਹੁੰਦੀ ਹੈ ਪਰ ਮਾਨਸਕ ਪੀੜਾ ਦੀ ਸ਼ਿਕਾਰ ਹੋਈ ਆਵਾਜ਼ ਨਹੀਂ

ਉਠਾ ਪਾਉਂਦੀ ਪਰ ਅੱਜ ਦੀ ਔਰਤ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਨਿਡਰ ਵੀ ਹੋ ਗਈ ਹੈ। ਇਸ ਲਈ ਆਪਣੇ ਹੱਕਾਂ ਵਾਸਤੇ ਉਹ ਆਵਾਜ਼ ਉਠਾਉਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕਰਦੀ। ਨਾਰੀ ਅੰਦਰ ਐਨੀ ਜਾਗ੍ਰਿਤੀ ਪੈਦਾ ਹੋ ਗਈ ਹੈ ਕਿ ਉਸ ਨੂੰ ਆਪਣਾ ਭਵਿੱਖ ਸਪੱਸ਼ਟ ਨਜ਼ਰ ਆ ਰਿਹਾ ਹੈ। ਸੁਰਜੀਤ ਕਲਸੀ ਰਚਨਾਵਾਂ ਰਾਹੀਂ ਸਦੀਆਂ ਤੋਂ ਸੰਘਰਸ਼ ਕਰ ਰਹੀ ਔਰਤ ਦੀ ਸਥਿਤੀ ਬਿਆਨ ਕਰ ਰਹੀ ਹੈ। ਬੇਸ਼ੱਕ ਔਰਤ ਨੇ ਬਹੁਤ ਸਮਾਂ ਘਾਲਣਾ ਕੀਤੀ ਹੈ, ਸੰਘਰਸ਼ ਮਈ ਜੀਵਨ ਬਤੀਤ ਕੀਤਾ ਹੈ ਪਰ ਉਹ ਹਾਰੀ ਨਹੀਂ। ਉਹ ਆਪਣੇ ਅਧਿਕਾਰਾਂ ਨੂੰ ਪਾਉਣ ਲਈ ਜਿਵੇਂ ਦੀ ਤਿਵੇਂ ਦ੍ਰਿੜ ਅਤੇ ਮਜ਼ਬੂਤ ਇਰਾਦੇ ਨਾਲ ਖੜੀ ਹੈ:-

"ਸਾਰੀ ਸਦੀ ਰੱਖਿਆ ਸਰਗਰਮੀ ਨਾਲ ਸੰਘਰਸ਼ ਜਾਰੀ
ਘਰਾਂ ਤੋਂ ਦਰਾਂ ਤੋਂ ਬਾਹਰ ਆ ਮਸ਼ੱਕਤ ਕਰ ਰਹੀ
ਹੱਡ-ਭੰਨਵੀਂ ਮਿਹਨਤ ਦੇ ਬਰੋਬਰ ਮੁਆਵਜ਼ੇ ਲਈ
ਬਰੋਬਰੀ ਤੇ ਸਤਿਕਾਰ ਪਾਉਣ ਲਈ ਲੜ ਰਹੀ ਨਾਰੀ!"[34]

ਸਮਾਜ ਵਿੱਚ ਵਿੱਚਰਦੀ ਹੋਈ ਔਰਤ ਜੀਵਨ ਦੇ ਅਨੇਕਾਂ ਰੰਗਾਂ ਨੂੰ ਚਿਤਰਦੀ ਹੈ। ਰੰਗ ਮੰਡਲ ਵਿੱਚ ਔਰਤ ਦੇ ਵਿਭਿੰਨ ਰੂਪਾਂ ਨੂੰ ਵਿਭਿੰਨ ਰੰਗਾਂ ਵਿੱਚ ਪੇਸ਼ ਕੀਤਾ ਗਿਆ ਹੈ। ਲੇਖਿਕਾ ਔਰਤ ਹੋਣ ਕਰਕੇ, ਔਰਤ ਦੇ ਅੰਤਰਮਨ ਤੱਕ ਪਹੁੰਚ ਕੇ, ਔਰਤ ਦੇ ਮੂੰਹੋਂ ਖ਼ੁਦ ਦੁੱਖ ਦੀ ਦਾਸਤਾਨ ਬਿਆਨ ਕਰਦੀ ਹੈ। ਨਾਰੀ ਬਿਨਾਂ ਕਿਸੇ ਡਰ ਅਤੇ ਬਿਨਾਂ ਕਿਸੇ ਭੇਦ-ਭਾਵ ਦੇ ਮਰਦ ਨਾਲ ਬਰਾਬਰੀ ਵਾਲਾ ਜੀਵਨ ਜਿਊਣ ਦੀ ਇੱਛੁਕ ਹੈ। ਪੰਛੀਆਂ ਦੀ ਤਰ੍ਹਾਂ ਉਹ ਵੀ ਆਜ਼ਾਦ ਹੋ ਕੇ ਜੀਵਨ ਬਤੀਤ ਕਰਨਾ ਲੋਚਦੀ ਹੈ। ਔਰਤ ਸਮਾਜ ਦੇ ਬੰਧਨਾਂ ਵਿੱਚ ਬੱਝ ਕੇ ਆਪਣੇ ਆਪ ਨੂੰ ਗ਼ੁਲਾਮ ਨਹੀਂ ਬਣਾਉਣਾ ਚਾਹੁੰਦੀ ।ਉਹ ਸਮਾਜੀ ਬੰਦਿਸ਼ਾਂ ਦੀਆਂ ਜੰਜ਼ੀਰਾਂ ਨੂੰ ਤੋੜ ਕੇ ਆਤਮ-ਨਿਰਭਰ ਹੋਣਾ ਪਸੰਦ ਕਰਦੀ ਹੈ, ਜੇਕਰ ਪਿਛਲਝਾਤ ਮਾਰੀ ਜਾਵੇਂ ਤਾਂ ਪਤਾ ਲੱਗਦਾ ਹੈ ਕਿ ਸਮਾਜ ਵਿੱਚ ਇਸਤਰੀ ਦੀ ਜੋ ਤਰਸਯੋਗ ਹਾਲਤ ਰਹੀ, ਉਸ ਦੀ ਤਸਵੀਰ ਸਾਹਿਤ ਵਿੱਚੋਂ ਬਿਆਨ ਹੋਈ ਮਿਲਦੀ ਹੈ। ਇਸਤਰੀ ਸਦੀਆਂ ਤੋਂ ਗ਼ੁਲਾਮ ਹੀ ਰਹੀ ਹੈ। ਬੇਸ਼ੱਕ ਔਰਤ ਆਰੀਆ ਲੋਕਾਂ ਦੇ ਸਮੇਂ ਉੱਚੀ ਹੈਸੀਅਤ ਦੀ ਮਾਲਕਿਨ ਸੀ ਪਰ ਬਾਅਦ ਵਿੱਚ ਉਸਨੂੰ ਪੈਰ ਦੀ ਜੁੱਤੀ ਸਮਝਿਆ ਜਾਣ ਲੱਗ ਪਿਆ। ਸਤਿਕਾਰ ਦੀ ਥਾਂ ਤੇ ਔਰਤ ਨਾਲ ਦੁਰਵਿਹਾਰ ਕੀਤਾ ਜਾਣ ਲੱਗ ਪਿਆ। ਉਹ ਸਿਰਫ਼ ਘ੍ਰਿਣਾ ਦੀ ਪਾਤਰ ਬਣ ਕੇ ਰਹਿ ਗਈ। ਮਰਦ ਨੇ ਉਸ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਕਰ ਲਿਆ। ਤੁਲਸੀਦਾਸ, ਗੋਰਖਨਾਥ, ਪੀਲੂ ਅਤੇ ਵਾਰਿਸ ਵਰਗੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਔਰਤ ਨੂੰ ਰੱਜ ਕੇ ਭੰਡਿਆ। ਉਸਨੂੰ ਬੇਵਫ਼ਾ, ਫੱਫੇਕੁੱਟਣੀ, ਬੇਅਕਲ ਅਤੇ ਬਾਘਣ ਕਹਿ ਕੇ ਧ੍ਰਿਕਾਰਿਆ ਗਿਆ। ਵੀਹਵੀਂ ਸਦੀ ਦੇ ਆਰੰਭ ਵਿੱਚ ਵਿੱਦਿਆ ਦੇ ਪ੍ਰਸਾਰ ਨਾਲ ਔਰਤ ਵਿੱਚ ਜਾਗ੍ਰਿਤੀ ਆਉਣੀ ਸ਼ੁਰੂ ਹੋ ਗਈ। ਆਧੁਨਿਕ ਸਾਹਿਤਕਾਰਾਂ ਨੇ ਔਰਤ ਦੀ ਆਜ਼ਾਦੀ ਲਈ ਸੰਘਰਸ਼ ਆਰੰਭਿਆ। ਔਰਤ ਲੇਖਿਕਾਵਾਂ ਨੇ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਸੁਰਜੀਤ ਕਲਸੀ ਵੀ ਇੱਕ ਅਜਿਹੀ ਹਸਤਾਖਰ ਹੈ ਜੋ ਔਰਤ ਦੇ ਹੱਕ ਵਿੱਚ ਲਿਖਣ ਵਾਲੀ ਲੇਖਿਕਾ ਹੈ। ਉਹ ਔਰਤਾਂ ਦੀਆਂ ਮਾਨਸਕ ਤੇ ਜਿਸਮਾਨੀ ਲੋੜਾਂ ਤੇ ਖਾਹਿਸ਼ਾਂ ਨੂੰ ਪੇਸ਼ ਕਰਦੀ ਹੋਈ ਉਸ ਨੂੰ ਉੱਚਾ ਤੇ ਸੁੱਚਾ ਰੁਤਬਾ ਪ੍ਰਦਾਨ ਕਰਦੀ ਹੈ। ਸੁਰਜੀਤ ਕਲਸੀ ਦੀ ਕਵਿਤਾ ਵਿੱਚਲੀ ਨਾਰੀ ਰਿਸ਼ਤਿਆਂ ਦੀ ਟੁੱਟ ਭੱਜ ਦੇ ਬਾਵਜੂਦ ਵੀ ਮਾਂ, ਭੈਣ, ਪਤਨੀ, ਪ੍ਰੇਮਿਕਾ ਅਤੇ ਨੂੰਹ ਦਾ ਰੋਲ ਵੀ ਚੰਗੀ ਤਰ੍ਹਾਂ ਅਦਾ ਕਰਦੀ ਹੈ। ਪਤੀ ਨੂੰ ਉਹ ਪ੍ਰਮੇਸ਼ਵਰ ਕਰਕੇ ਜਾਣਦੀ ਹੈ ਅਤੇ ਵਿਰਸੇ ਵਿੱਚੋਂ ਮਿਲੀ ਇਹੀ ਸੋਚ ਪੂਰੀ ਜ਼ਿੰਦਗੀ ਉਸ ਉੱਤੇ ਹਾਵੀ ਰਹਿੰਦੀ ਹੈ। ਆਪਣੀ ਕਵਿਤਾ 'ਕਰਵਾ ਚੌਥ' ਵਿੱਚ ਔਰਤ ਦਾ ਪਤੀ ਨਾਲ ਪਿਆਰ ਬਿਆਨ ਕਰਦੀ ਹੋਈ ਕਵਿੱਤਰੀ ਲਿਖਦੀ ਹੈ:-

"ਸਦੀਆਂ ਤੋਂ ਇਵੇਂ ਹੀ ਹੁੰਦਾ ਆ ਰਿਹਾ ਹੈ
ਸਾਲ ਵਿੱਚ ਕਰਵਾ-ਚੌਥ ਦਾ ਦਿਨ ਪਤੀ ਦੀ

ਲੰਮੀ ਉਮਰ ਤੇ ਸਲਾਮਤੀ ਲਈ ਅਰਪਣ ਹੈ!
ਔਰਤ ਭੁੱਖੀ ਪਿਆਸੀ ਰਹਿ ਕੇ ਸਾਰਾ ਦਿਨ
ਪਤੀ ਦੀ ਲੰਮੀ ਉਮਰ ਤੇ ਖ਼ੁਸ਼ਹਾਲੀ ਲਈ
ਸ਼ੁਭ ਕਾਮਨਾ ਦੀ ਬੰਦਗੀ ਕਰਦੀ ਰਹੀ ਹੈ।"[35]

ਸੁਰਜੀਤ ਕਲਸੀ ਆਪਣੀਆਂ ਕਵਿਤਾ ਵਿੱਚ ਔਰਤ ਨੂੰ ਸਨਮਾਨਯੋਗ ਦਰਜਾ ਦਿੰਦੀ ਹੈ। ਉਹ ਨਾਰੀ ਨੂੰ ਦਿਆਲੂ, ਕੋਮਲ, ਮਮਤਾ ਦੀ ਮੂਰਤ ਕਹਿ ਕੇ ਸੰਬੋਧਿਤ ਕਰਦੀ ਹੈ। ਉਹ ਮਮਤਾ ਦੀ ਐਸੀ ਮੂਰਤ ਹੈ ਜਿਸ ਵਿੱਚ ਪ੍ਰਮਾਤਮਾ ਵੱਸਦਾ ਹੈ। ਜੋ ਆਪਣੇ ਬੱਚਿਆਂ ਨੂੰ ਸਭ ਤਰ੍ਹਾਂ ਦੇ ਦੁੱਖਾਂ-ਕਸ਼ਟਾਂ ਅਤੇ ਤਕਲੀਫ਼ਾਂ ਤੋਂ ਬਚਾਉਂਦੀ ਹੈ। ਉਹਨਾਂ ਦੇ ਹਿੱਸੇ ਦਾ ਦਰਦ ਖ਼ੁਦ ਤਾਂ ਸਹਿਣ ਕਰ ਲੈਂਦੀ ਹੈ ਪਰ ਬੱਚਿਆਂ ਨੂੰ ਤੱਤੀ ਵਾ ਵੀ ਨਹੀਂ ਲੱਗਣ ਦਿੰਦੀ। ਸੁਰਜੀਤ ਕਲਸੀ ਨੇ ਮਾਂ ਦੀ ਖ਼ੂਬਸੂਰਤੀ ਅਤੇ ਮਾਂ ਦੀ ਹੋਂਦ ਨੂੰ ਬਹੁਤ ਹੀ ਸਹਿਜਵਾਦੀ ਤਰੀਕੇ ਨਾਲ ਪੇਸ਼ ਕੀਤਾ ਹੈ। ਉਸ ਦੇ ਬਿਆਨ ਅਨੁਸਾਰ ਮਾਂ ਵਰਗੀ ਠੰਡੀ ਛਾਂ ਹਰ ਕਿਸੇ ਕੋਲ ਨਹੀਂ ਹੁੰਦੀ। ਮਾਂ ਦੇ ਸਮਾਨ ਖੰਡਾਂ ਬ੍ਰਹਿਮੰਡਾਂ ਵਿੱਚ ਕੋਈ ਹੋਰ ਸ਼ਖਸੀਅਤ ਇਤਨੀ ਪਵਿੱਤਰ ਨਹੀਂ ਹੈ। ਦੁਨੀਆਂ ਵਿੱਚ ਸੱਚਾ ਤੇ ਸੁੱਚਾ ਪਿਆਰ ਮਾਂ ਪਾਸੋਂ ਹੀ ਪ੍ਰਾਪਤ ਹੁੰਦਾ ਹੈ। ਮਾਂ ਇੱਕ ਪੌਣ ਹੈ, ਮਾਂ ਮਮਤਾ ਦੀ ਧੁਨੀ ਹੈ, ਮਾਂ ਸੂਰਜ, ਚੰਨ, ਤਾਰੇ, ਠੰਡੀ ਛਾਂ ਤੇ ਖੁਸ਼ੀ ਦਾ ਸਭ ਤੋਂ ਵੱਡਾ ਸਰੋਤ ਹੈ। ਮਾਂ ਹੀ ਬੱਚਿਆਂ ਨੂੰ ਤੁਰਨਾ ਅਤੇ ਬੋਲਣਾ ਸਿਖਾਉਂਦੀ ਹੈ। ਬੱਚੇ ਦੀ ਖੁਸ਼ੀ ਵਿੱਚੋਂ ਹੀ ਮਾਂ ਦੀ ਖੁਸ਼ੀ ਦਾ ਝਲਕਾਰਾ ਪੈਂਦਾ ਹੈ। ਸੁਰਜੀਤ ਕਲਸੀ ਨੇ 'ਰੰਗ-ਮੰਡਲ' ਕਾਵਿ-ਸੰਗ੍ਰਹਿ ਆਪਣੀ ਮਾਂ ਸ਼ੁਕੁੰਤਲਾ ਦੇਵੀ ਨੂੰ ਅਰਪਿਤ ਕੀਤਾ ਹੈ। ਉਸ ਦੁਆਰਾ ਲਿਖੀ ਗਈ ਕਵਿਤਾ 'ਮਾਂ ਤਾਂ ਮਾਂ ਹੈ' ਦਿਲ ਦੀਆਂ ਗਹਿਰਾਈਆਂ ਨੂੰ ਟੁੰਬਣ ਵਾਲੀ ਕਵਿਤਾ ਹੈ।ਸੁਰਜੀਤ ਕਲਸੀ ਨੇ ਇਹ ਕਵਿਤਾ ਬਹੁਤ ਹੀ ਭਾਵੁਕ ਮਨ ਨਾਲ ਬਿਆਨ ਕੀਤੀ ਹੈ। ਮਾਂ ਅਤੇ ਧੀ ਦਾ ਰਿਸ਼ਤਾ ਬੜਾ ਡੂੰਘਾ ਹੁੰਦਾ ਹੈ। ਮਾਂ-ਧੀ ਕੋਲ ਆਪਣੇ ਸਾਰੇ ਦੁੱਖੜੇ ਫੋਲਦੀ ਹੈ। ਸੁਰਜੀਤ ਕਲਸੀ ਨੇ ਮਾਂ ਦੇ ਪਿਆਰ ਦੀ ਵਿਸ਼ਾਲਤਾ ਨੂੰ ਆਪਣੇ ਸ਼ਬਦਾਂ ਵਿੱਚ ਇਵੇਂ ਸਮੋਇਆ ਹੈ:-

"ਮਾਏ ਨੀ ਮਾਏ!
ਤੇਰੀਆਂ ਅੱਖੀਆਂ ਹਰ ਦਮ,
ਰਹਿੰਦੀਆਂ ਰਾਹ ਤੱਕਦੀਆਂ
ਤੇਰੀਆਂ ਬਾਹਾਂ ਹਰ ਦਮ
ਮੇਰੀ ਗਲਵਕੜੀ ਹੋ ਜਾਂਦੀਆਂ!
ਤੇਰਾ ਪਿਆਰ ਤੇਰੀ ਮਮਤਾ ਤੇਰੀ ਸੰਵੇਦਨਾ
ਰੂਹ ਮੇਰੀ ਮਨ ਦੇਹੀ ਵਿੱਚ ਜਦ ਘੁੱਲ ਜਾਂਦੀਆਂ
ਤੇਰੀ ਹੱਲਾ-ਸ਼ੇਰੀ ਤੇਰੇ ਪਿਆਰ ਦੀ ਘੁਰਕੀ
ਜ਼ਿੰਦਗੀ ਮੇਰੀ ਦੇ ਖੰਭਾਂ ਦੀ ਬਣ ਉਡਾਰੀ ਜਾਂਦੀਆਂ!"[36]

ਮਾਂ ਦੀ ਮਮਤਾ ਅੱਗੇ ਸਾਰੀ ਦੁਨੀਆਂ ਦੇ ਸੁੱਖ ਤੁੱਛ ਹਨ। ਜੋ ਪਿਆਰ ਮਾਂ ਆਪਣੇ ਬੱਚੇ ਨੂੰ ਦਿੰਦੀ ਹੈ। ਉਹ ਹੋਰ ਕੋਈ ਨਹੀਂ ਦੇ ਸਕਦਾ। ਔਰਤ ਚਾਹੇ ਮਾਂ ਦੇ ਰੂਪ ਵਿੱਚ ਹੋਵੇ ਜਾਂ ਭੈਣ ਜਾਂ ਪਤਨੀ ਦੇ ਰੂਪ ਵਿੱਚ, ਉਸਦਾ ਜਿੰਦਗੀ ਪ੍ਰਤੀ ਸੰਘਰਸ਼ ਜਾਰੀ ਹੀ ਰਹਿੰਦਾ ਹੈ। ਅੱਜ ਦੀ ਔਰਤ ਤੇ ਵੱਧ ਰਹੇ ਜ਼ੁਲਮ, ਅਤੇ ਹੋ ਰਹੇ ਸ਼ੋਸਣ ਲਈ ਸਮਾਜ ਹੀ ਜ਼ਿੰਮੇਵਾਰ ਹੈ। ਸੁਰਜੀਤ ਕਲਸੀ ਨੇ ਜਿੱਥੇ ਔਰਤ ਸੰਘਰਸ਼ ਦੀ ਗਾਥਾ ਨੂੰ ਬਿਆਨ ਕੀਤਾ ਹੈ ਉੱਥੇ ਹੀ ਔਰਤ ਦੇ ਵਿਸ਼ਾਲ ਹਿਰਦੇ, ਦ੍ਰਿੜ ਇਰਾਦੇ ਦਾ ਜ਼ਿਕਰ ਵੀ ਕੀਤਾ ਹੈ।ਕਵਿੱਤਰੀ ਨੇ ਔਰਤ ਦੇ ਲਗਾਤਾਰ ਚੱਲਦੇ ਜਾਣ ਅਤੇ ਤਨ ਤੇ ਮਨ ਨੂੰ ਸੰਤੁਲਨ ਵਿੱਚ ਰੱਖਣ ਦੇ ਸ਼ਲਾਘਾਯੋਗ ਹੌਸਲੇ ਨੂੰ ਵੀ

ਸਲਾਮ ਕੀਤਾ ਹੈ। ਸੁਰਜੀਤ ਕਲਸੀ ਨੇ ਔਰਤ ਦੀ ਤ੍ਰਾਸਦੀ, ਉਸਦਾ ਸੰਘਰਸ਼, ਔਰਤ ਦੀ ਇਤਿਹਾਸਕ ਤੇ ਮਿਥਿਹਾਸਕ ਹੋਂਦ ਦੇ ਸੱਚ ਨੂੰ ਔਰਤ ਦੇ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਸੁਰਜੀਤ ਕਲਸੀ ਨੇ ਔਰਤ ਦੀ ਹੋਂਦ ਦੇ ਸੱਚ ਨੂੰ ਸਰਵੋਤਮ ਸੱਚ ਮੰਨਦਿਆਂ, ਦੁਨੀਆਂ ਦੀ ਮਾੜੀ ਸੋਚ ਨੂੰ ਤੋੜ ਕੇ ਔਰਤ ਨੂੰ ਸੰਘਰਸ਼ ਦੇ ਰਾਹ ਤੇ ਤੁਰਨ ਦੀ ਸੈਨਤ ਮਾਰੀ ਹੈ ਅਤੇ ਸਮਾਜ ਦੀ ਮਾੜੀ ਸੋਚ ਦਾ ਕਰਾਰਾ ਜਵਾਬ ਵੀ ਦਿੱਤਾ ਹੈ।ਰੋਹ ਦੀ ਆਵਾਜ਼ 'ਚ ਲਿਖੀ ਹੋਈ ਉਸ ਦੀ ਕਵਿਤਾ 'ਜ਼ੁਲਮ ਦਾ ਰੰਗ ਖੂਨੀ' ਵਿੱਚ ਕਵਿੱਤਰੀ ਸਮਾਜ ਨੂੰ ਦਿੱਲੀ 'ਚ ਚੱਲਦੀ ਬਸ ਵਿੱਚ ਗੈਂਗ ਰੇਪ ਦੇ ਖਿਲਾਫ਼ ਆਵਾਜ਼ ਉੱਚੀ ਕਰ ਦੋਸ਼ੀਆਂ ਨੂੰ ਉਨ੍ਹਾਂ ਦੀ ਦਰਿੰਦਗੀ ਦੇ ਮੇਚ ਦੀ ਸਜ਼ਾ ਦੇਣ ਲਈ ਕਹਿੰਦੀ ਹੈ, ਤਾਂ ਜੋ ਹੋਰ ਕੁੜੀਆਂ ਅਜਿਹੇ ਭੇੜੀਆਂ ਹੱਥੋਂ ਲਿੰਗਕ-ਦਹਿਸ਼ਤ ਦਾ ਸ਼ਿਕਾਰ ਨਾ ਹੋਣ:-

"ਫੜ੍ਹ ਹੱਥਾਂ ਵਿੱਚ ਪੱਥਰ ਮੀਂਹ ਵਰ੍ਹਾ ਦਿਓ
ਤੇ ਹੋਸ਼ਿਆਰੀ ਥੋੜੀ ਠੰਡੀ ਕਰ ਦਿਓ
ਪਾਪੀ, ਜ਼ਾਲਮ ਤੇ ਬਲਾਤਕਾਰੀ ਦਾ ਨਾਮ
ਸੈਕਸ-ਔਫੈਨਡਰ" ਦੀ ਲਿਸਟ ਵਿੱਚ
ਸ਼ਾਮਲ ਕਰ ਸ਼ਰੇਆਮ ਦੁਨੀਆਂ ਨੂੰ ਦੱਸ ਦਿਓ
ਕੁਝ ਨਾ ਕੁਝ ਕਰਨ ਦਾ ਤਹੱਈਆ ਕਰ ਲਵੋ!"[37]

ਔਰਤ ਪਰੰਪਰਾ ਤੋਂ ਹੀ ਮਰਦ ਦੀ ਮਿਹਰ ਦੀ ਉਡੀਕਵਾਨ ਰਹੀ ਹੈ। ਔਰਤ ਦਾ ਸੱਚਾ ਸਾਥੀ ਬਣਨ ਦੀ ਬਜਾਏ ਮਰਦ ਉਸ ਨਾਲ ਵਿਤਕਰਾ ਰੱਖਦਾ ਹੈ ਅਤੇ ਥਾਂ-ਥਾਂ ਔਰਤ ਨੂੰ ਸਤੀ-ਸਵਿੱਤਰੀ ਹੋਣ ਦਾ ਸਬੂਤ ਦੇਣਾ ਪੈਂਦਾ ਹੈ। ਔਰਤ ਜ਼ੁਲਮ ਸਹਿ ਕੇ ਵੀ ਮਹਾਨ ਹੋ ਨਿਬੜਦੀ ਹੈ। ਉਸ ਨੇ ਤਾਂ ਸਿਰਫ਼ ਸਬਰ-ਸੰਤੋਖ ਕਰਨਾ ਹੀ ਸਿੱਖਿਆ ਹੈ।ਸੁਰਜੀਤ ਕਲਸੀ ਨੇ ਔਰਤ ਦੀ ਬਹਾਦਰੀ ਦੀ ਗੱਲ ਕਰਦਿਆਂ, ਪੀੜ੍ਹੀ ਦਰ ਪੀੜ੍ਹੀ ਦੁੱਖ ਸਹਿੰਦੀ ਨਾਰੀ ਦੀ ਸਹਿਣ ਸ਼ਕਤੀ ਨੂੰ ਬਿਆਨ ਕੀਤਾ ਹੈ। ਉਸ ਦੀ ਕਲਮ ਨੇ ਔਰਤ ਦੀਆਂ ਵਲੂੰਧਰੀਆਂ ਹੋਈਆਂ ਭਾਵਨਾਵਾਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਬਣਦੀ ਥਾਂ ਦਿੱਤੀ ਹੈ।ਪੀੜ੍ਹੀਆਂ ਬਦਲ ਜਾਣ ਪਰ ਔਰਤ ਦੇ ਦੁੱਖ ਘੱਟ ਨਹੀਂ ਹੁੰਦੇ ।ਇਹ ਤਾਂ ਉਸ ਦੇ ਜਨਮ ਤੋਂ ਲੈ ਕੇ ਮਰਨ ਤੱਕ ਨਾਲ ਹੀ ਰਹਿੰਦੇ ਹਨ।ਪਰੰਪਰਾ ਦੇ ਤਾਣੇ-ਬਾਣੇ ਵਿੱਚ ਉਲਝਿਆ ਹੋਇਆ ਸਮਾਜ ਕੁੜੀ ਜੰਮਣ ਤੇ ਖੁਸ਼ੀ ਨਹੀਂ ਮਨਾਉਂਦਾ ।ਪੁੱਤਰ ਦੀ ਚਾਹਨਾ ਕਰਕੇ ਕੁੜੀ ਨੂੰ ਜੰਮਦੀ ਨੂੰ ਹੀ ਲਾਹਨਤਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਹ ਪੂਰੀ ਜ਼ਿੰਦਗੀ ਤਾਹਨੇ-ਮਿਹਣਿਆਂ ਦੀ ਪੀੜ੍ਹਾ ਦਿਲ ਵਿੱਚ ਲੈ ਕੇ ਘੁੰਮਦੀ ਹੈ।ਇਹਨਾਂ ਪੀੜਾਂ ਕਰਕੇ ਔਰਤ ਦੇ ਦਿਲ ਵਿੱਚ ਇੱਕ ਸੁਰਾਖ਼ ਬਣ ਜਾਂਦਾ ਹੈ। ਜਦੋਂ ਬੇਟੀ ਮਾਂ ਦੀ ਕੁੱਖ ਵਿੱਚੋਂ ਬਾਹਰ ਆਉਂਦੀ ਤਾਂ ਉਸ ਦੇ ਕੰਨਾਂ ਵਿੱਚ ਇਹ ਬੋਲ ਪੈਂਦੇ ਹਨ:-

"ਪਰੰਪਰਾ ਨੇ ਦਿੱਤਾ ਦਿਲ ਦਾ ਸੁਰਾਖ਼
ਹੱਸਦੀ-ਹੱਸਦੀ ਕਹਿੰਦੀ ਸੀ ਮਾਂ
ਕਿ ਉਹਦੇ ਦਿਲ ਵਿੱਚ ਵੀ ਸੀ ਇੱਕ ਸੁਰਾਖ਼
ਉਹਦੀ ਮਾਂ ਦੇ ਦਿਲ ਵਿੱਚ ਵੀ ਤੇ
ਉਹਦੀ ਮਾਂ ਦੀ ਮਾਂ ਦੇ ਦਿਲ ਵਿੱਚ ਵੀ ਤੇ
ਉਹਦੀ ਮਾਂ ਦੀ ਮਾਂ ਦੇ ਦਿਲ ਵਿੱਚ ਵੀ
ਸੀ ਇੱਕ ਸੁਰਾਖ਼!"[38]

ਸੁਰਜੀਤ ਕਲਸੀ ਨਾਰੀ ਦੇ ਦੁਖਾਂਤ ਨੂੰ ਚੇਤਨਤਾ ਨਾਲ ਸਿਰਜਦੀ ਹੈ। ਜੇਕਰ ਔਰਤ ਕੁੜੀ ਨੂੰ ਜਨਮ ਦਿੰਦੀ ਹੈ ਤਾਂ ਉਸ ਦੀ ਸਮਾਜ ਤੇ ਪਰਿਵਾਰ ਵੱਲੋਂ ਬੇਕਦਰੀ ਕੀਤੀ ਜਾਂਦੀ ਹੈ। ਧੀ ਜੰਮਣਾ ਤਾਂ ਜਿਵੇਂ ਸਰਾਪ ਹੀ ਸਮਝਿਆ ਜਾਂਦਾ ਹੈ। ਔਰਤਾਂ ਤੇ ਹੋ ਰਹੇ

ਜਬਰ-ਜ਼ੁਲਮ, ਤੰਗੀਆਂ-ਤੁਰਸ਼ੀਆਂ ਅਤੇ ਵਿਤਕਰਾ ਕਵਿੱਤਰੀ ਨੂੰ ਖਟਕਦਾ ਹੈ।ਉਹ ਲਿਖਦੀ ਹੈ ਕਿ ਔਰਤ ਨੇ ਤਾਂ ਹਰ ਯੁੱਗ ਵਿੱਚ ਸੰਤਾਪ ਹੰਢਾਇਆ ਹੈ। ਔਰਤ ਨੂੰ ਸਮਾਜ ਵਿੱਚ ਮਰਦ ਦੇ ਬਰਾਬਰ ਦਰਜਾ ਕਦੇ ਵੀ ਨਹੀਂ ਮਿਲਿਆ। ਯੁੱਗ ਬਦਲਣ ਨਾਲ ਵੀ ਮਰਦ ਪ੍ਰਧਾਨ ਸਮਾਜ ਦੇ ਰਵੱਈਏ ਵਿੱਚ ਔਰਤ ਪ੍ਰਤੀ ਬਹੁਤੀ ਤਬਦੀਲੀ ਨਜ਼ਰ ਨਹੀਂ ਆਉਂਦੀ। ਅੱਜ ਵੀ ਔਰਤ ਨੂੰ ਸਰੀਰਕ ਤਸੀਹੇ ਝੱਲਣੇ ਪੈਂਦੇ ਹਨ। ਇਹਨਾਂ ਹਾਲਾਤਾਂ ਕਰਕੇ ਹੀ ਔਰਤ ਮਾਨਸਕ ਪੀੜਾ ਦੀ ਸ਼ਿਕਾਰ ਹੋ ਜਾਂਦੀ ਹੈ ਅਤੇ ਕਈ ਵਾਰ ਗੱਲ ਆਤਮ ਹੱਤਿਆ ਤੱਕ ਵੀ ਪਹੁੰਚ ਜਾਂਦੀ ਹੈ। ਹਰ ਦਿਨ ਕੋਈ ਨਾ ਕੋਈ ਔਰਤ ਮਰਦ ਦੇ ਜ਼ੁਲਮ ਅਤੇ ਸ਼ੋਸਣ ਦਾ ਸ਼ਿਕਾਰ ਹੋ ਰਹੀ ਹੈ। ਔਰਤ ਪੀੜਾਂ ਹੰਢਾਉਂਦੀ ਬਿਰਹਾ ਵਿੱਚ ਤਪਦੀ, ਭੁੱਖਾਂ ਨਾਲ ਘੁਲਦੀ, ਤ੍ਰਾਸ਼ਦੀ ਦਾ ਸ਼ਿਕਾਰ ਹੁੰਦੀ ਕੁੱਝ ਰੰਗਾਂ ਨੂੰ ਆਵਾਜ਼ਾਂ ਦਿੰਦੀ ਲੋਚਦੀ ਹੈ। ਕਾਵਿ ਰਾਹੀਂ ਔਰਤਾਂ ਨਾਲ ਹੋ ਰਹੇ ਵਿਤਕਰੇ ਅਤੇ ਆਪਮਾਨ ਦੀ ਕਹਾਣੀ ਨੂੰ ਪੇਸ਼ ਕੀਤਾ ਗਿਆ ਹੈ। ਕਵਿੱਤਰੀ ਨਾਰੀਵਾਦੀ ਦ੍ਰਿਸ਼ਟੀ ਤੋਂ ਔਰਤ ਨਾਲ ਹੋ ਰਹੇ ਜ਼ੁਲਮ ਪ੍ਰਤੀ ਧਿਆਨ ਕੇਂਦਰਿਤ ਕਰਵਾਉਂਦੀ ਹੈ।ਸੁਰਜੀਤ ਕਲਸੀ ਨੇ ਔਰਤ ਦੇ ਯੁੱਗਾਂ- ਯੁੱਗਾਂ ਤੋਂ ਮਰਦ ਦੇ ਤਸ਼ਦੱਦ ਦਾ ਸ਼ਿਕਾਰ ਹੋਣ ਦਾ ਕਾਰਨ ਇਤਿਹਾਸਕ, ਮਿਥਿਹਾਸਕ ਤੱਥਾਂ ਅਤੇ ਮਰਦ ਸੱਤਾ ਦੁਆਰਾ ਬਣਾਏ ਸਿਸਟਮ ਅਤੇ ਪ੍ਰਬੰਧ ਨੂੰ ਠਹਿਰਾਇਆ ਹੈ।ਸੁਰਜੀਤ ਕਲਸੀ ਸੀਤਾ, ਦਰੋਪਤੀ, ਅਹੱਲਿਆ, ਸੋਹਣੀ, ਸਿਲਵੀਆ ਪਲੇਥ, ਦਿੱਲੀ ਗੈਂਗ ਰੇਪ ਦੀ ਘਟਨਾਵਾਂ ਦੀਆਂ ਉਦਾਹਰਨਾਂ ਦੇ ਕੇ ਉਹਨਾਂ ਔਰਤਾਂ ਤੇ ਹੋਏ ਤਸ਼ਦੱਦ ਦਾ ਜ਼ਿਕਰ ਕਵਿਤਾ ਵਿੱਚ ਕਰਦੀ ਹੈ। ਯੁੱਗ ਬਦਲਣ ਨਾਲ ਵੀ ਪਰ ਔਰਤ ਤੇ ਹੋ ਰਹੀਆਂ ਵਧੀਕੀਆਂ ਨਹੀਂ ਘਟੀਆਂ। ਔਰਤ ਜਾਤੀ ਦਾ ਇਹ ਦੁਖਾਂਤ ਹੈ ਕਿ ਸਦੀਆਂ ਤੋਂ ਹੀ ਔਰਤ ਪਿਤਾ-ਪੁਰਖੀ ਪੈਂਤੜੇ ਦੀ ਬਲੀ ਚੜ੍ਹਦੀ ਆਈ ਹੈ, ਜਿੱਥੇ ਔਰਤ ਨੂੰ ਹਮੇਸ਼ਾਂ ਸ਼ੱਕ ਦੇ ਘੇਰੇ ਅਤੇ ਹਾਸ਼ੀਏ ’ਤੇ ਰੱਖਿਆ ਜਾਂਦਾ ਰਿਹਾ ਹੈ। ਅੱਜ ਸਿਰਫ਼ ਔਰਤ ਅਤੇ ਮਰਦ ਦੇ ਨਾਮ ਹੀ ਬਦਲੇ ਹਨ, ਸਥਿਤੀਆਂ ਪਹਿਲਾਂ ਵਰਗੀਆਂ ਹੀ ਹਨ। ਨਾ ਕੌਰਵਾਂ ਦੀ ਘਾਟ ਹੈ, ਨਾ ਹੀ ਭੀਸ਼ਮ ਅਤੇ ਨਾ ਹੀ ਦ੍ਰੋਣ ਦੀ। ਅਹੱਲਿਆ ਅੱਜ ਕਿਤੇ ਨਾ ਕਿਤੇ ਨਿਵਾਸ ਕਰਦੀ ਹੈ ਅਤੇ ਦਰੋਪਤੀ ਵੀ ਯੁੱਗਾਂ ਤੋਂ ਵਿਦਮਾਨ ਹੈ:-

> “ਮਹਾਂਭਾਰਤ ਦੀ ਕਥਾ ਵਿੱਚ
> ਮੈਂ ਜੋ ਦਰੋਪਤੀ ਹਾਂ
> ਜਿਸ ਦਾ ਕੱਜਣ ਖਿੱਚ ਕੇ ਰੋਜ਼
> ਨੰਗੀ ਕਰ ਦੇਖਣਾ ਚਾਹੁੰਦੇ ਹੋ
> ਫਿਰ ਵੀ ਜਿਸ ਨੂੰ ਛੂਹ ਨਾ ਸਕਿਆ
> ਕਾਲਖ਼ ਦਾ ਭਰਿਆ ਕੋਈ ਦੁਰਯੋਧਨ
> ਔਰਤ ਦੇ ਮੱਥੇ ਦੇ ਸੂਰਜ ਦੇ ਤਪ ਤੇਜ ਅਗੇ
> ਸੈਂਕੜੇ ਕੌਰਵ ਦੌੜਦੇ ਦੌੜਦੇ ਅਸਤ ਹੋ ਗਏ
> ਕਈ ਕਾਲਖ਼ ਦੇ ਭਰੇ ਜ਼ਿਹਨ ਭਸਮ ਹੋ ਗਏ”[39]

ਇਤਹਾਸਕ-ਮਿਥਿਹਾਸਕ ਪਾਤਰਾਂ ਰਾਹੀਂ ਸੁਰਜੀਤ ਕਲਸੀ ਯੁਗਾਂ-ਯੁਗਾਤਰਾਂ ਤੋਂ ਔਰਤ ਦੀ ਤਰਸਯੋਗ ਸਥਿਤੀ ਕਵਿਤਾ ਰਾਹੀਂ ਬਿਆਨ ਕਰ ਰਹੀ ਹੈ।ਕਵਿੱਤਰੀ ‘ਸੀਤਾ: ਅਗਨ- ਪ੍ਰੀਖਿਆ’ ਕਵਿਤਾ ਵਿੱਚ ਮਿਥਿਹਾਸਕ ਪਾਤਰਾਂ ਰਾਹੀਂ ਸਮਾਜ ਵਿੱਚ ਇਸਤਰੀ ਪੁਰਖ ਦੀ ਨਾ-ਬਰਾਬਰੀ ਨੂੰ ਪੇਸ਼ ਕਰਦੀ ਹੈ। ਰਵਾਇਤੀ ਅਤੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਸਜੀ ਸਜਾਈ ਗੁੱਡੀ ਤੋਂ ਵੱਧ ਕੁੱਝ ਵੀ ਨਹੀਂ। ਉਸ ਦੀ ਇੱਜ਼ਤ-ਆਬਰੂ ਨੂੰ ਸੰਭਾਲਿਆ ਨਹੀਂ ਜਾਂਦਾ ਸਗੋਂ ਸ਼ਰੇਆਮ ਖਿੰਡਾਇਆ ਜਾਂਦਾ ਹੈ। ਸੁਰਜੀਤ ਕਲਸੀ ਨੇ ਰਮਾਇਣ ਅਤੇ ਰਾਮ ਕਥਾ ਦੀ ਪ੍ਰਮੁੱਖ ਪਾਤਰ ਸੀਤਾ ਨੂੰ ਜਿਸ ਨੂੰ ਤਰੇਤਾ ਯੁੱਗ ਵਿੱਚ ਲੱਛਮੀ ਦਾ ਅਵਤਾਰ ਦੇ ਨਾਂ ਨਾਲ, ਰਾਜਾ ਜਨਕ ਦੀ ਪੁੱਤਰੀ ਹੋਣ ਕਾਰਨ, ਜਾਨਕੀ ਤੇ ਜਨਸੁਕਤਾ ਦੇ ਨਾਮ ਨਾਲ, ਮਿਥਿਲਾ ਦੀ ਰਾਜਕੁਮਾਰੀ ਹੋਣ ਕਰਕੇ

ਮੈਥਿਲੀ, ਧਰਤੀ ਵਿੱਚੋਂ ਪਾਏ ਜਾਣ ਕਰਕੇ ਭੂਮੀ- ਪੁੱਤਰੀ ਅਤੇ ਭੂਮੀ -ਸੁਤਲ ਵੀ ਆਖਦੇ ਹਨ, ਦੇ ਜੀਵਨ ਦੀ ਦਰਦਨਾਕ ਗਾਥਾ ਨੂੰ ਵੀ ਪੇਸ਼ ਕੀਤਾ ਹੈ। ਔਰਤ ਉਸ ਸਮੇਂ ਵੀ ਸੰਤਾਪ ਹੰਢਾਉਂਦੀ ਸੀ ਅਤੇ ਅੱਜ ਵੀ। ਸੁਰਜੀਤ ਕਲਸੀ ਦੋਨੋਂ ਹੀ ਸਮਿਆਂ ਦੀ ਔਰਤ ਦੀ ਮਨੋਸਥਿਤੀ ਤੇ ਸਰੀਰਕ ਪੀੜ ਨੂੰ ਪੇਸ਼ ਕਰਦੀ ਹੋਈ ਲਿਖਦੀ ਹੈ :-

"ਪ੍ਰਮੇਸ਼ਵਰ ਰਾਮ ਨੇ ਜੋ ਕੁਝ ਕੀਤਾ
ਸੀਤਾ ਲਈ ਤਾਂ ਬਸ ਇਹ ਕੀਤਾ ਕਿ
ਉਸ ਨੂੰ ਦੁਨਿਆਵੀ ਮਰਿਯਾਦਾ ਲਈ
ਇੱਕ ਧੋਬੀ ਦੇ ਕਹੇ ਤੇ ਬਦਚਲਨ ਕਰਾਰ ਦੇ
ਠੁਕਰਾ ਦਿੱਤਾ ਤੇ ਸ਼ਰੇ-ਆਮ ਜ਼ਲੀਲ ਕਰ
ਗਰਭਵਤੀ ਸੀਤਾ ਨੂੰ ਘਰੋਂ ਕੱਢ ਦਿੱਤਾ।"[40]

ਇਤਿਹਾਸ ਗਵਾਹ ਕਿ ਸਮੇਂ ਸਮੇਂ ਤੇ ਔਰਤ ਨੂੰ ਅਗਨੀ ਪ੍ਰੀਖਿਆ ਦੇਣੀ ਪਈ ਹੈ। ਇਵੇਂ ਦਾ ਹੀ ਕੁੱਝ ਰਮਾਇਣ ਵਿੱਚ 'ਸੀਤਾ' ਨਾਲ ਹੋਇਆ ਹੈ। ਔਰਤ ਤੇ ਜ਼ੁਲਮ ਕਰਕੇ ਮਰਦ ਆਪਣੇ ਨੂੰ ਤਾਕਤਵਰ ਸਮਝਦਾ ਹੈ। 'ਅਹਲਿਆ' ਨਾਂ ਦੀ ਕਵਿਤਾ ਵਿੱਚ ਅਹੱਲਿਆ ਦੇ ਰੂਪ ਤੇ ਚੰਦਰਮਾ ਮੋਹਿਤ ਹੋ ਜਾਂਦਾ ਹੈ ਅਤੇ ਉਹ ਅਹੱਲਿਆ ਦੇ ਪਤੀ ਗੌਤਮ ਦਾ ਰੂਪ ਧਾਰ ਕੇ ਉਸ ਨਾਲ ਸੰਭੋਗ ਕਰਦਾ ਹੈ। ਇਸ ਛਲਾਵੇ ਦਾ ਸ਼ਿਕਾਰ ਹੋਈ ਅਹੱਲਿਆ ਨੂੰ ਦੋਹਰੀ ਸਜ਼ਾ ਭੋਗਣੀ ਪੈਂਦੀ ਹੈ। ਸਮੇਂ ਦੀ ਰਾਜਨੀਤੀ ਅਹੱਲਿਆ ਨੂੰ ਦੋਸ਼ੀ ਠਹਿਰਾਉਂਦੀ ਹੈ ਕਿਉਂ ਕਿ ਉਹ ਔਰਤ ਹੈ, ਔਰਤ ਤੇ ਜ਼ੁਲਮ ਕਰਨਾ ਆਸਾਨ ਹੈ।ਸਮਾਜ ਦੇ ਕਿਸੇ ਕੌਨੇ ਵਿੱਚ ਵੀ ਔਰਤ ਸਰੁੱਖਿਅਤ ਨਹੀਂ। ਅਹੱਲਿਆ ਨੂੰ 'ਬੇਵਫ਼ਾ' ਠਹਿਰਾ ਕੇ ਉਸ ਨੂੰ ਸਰਾਪ ਦੇ ਦਿੱਤਾ ਜਾਂਦਾ ਹੈ ਅਤੇ ਉਹ ਬੁੱਤ ਬਣ ਜਾਂਦੀ ਹੈ। ਅਹੱਲਿਆ ਦੀ ਮਾਸੂਮੀਅਤ ਹੀ ਉਸ ਨਾਲ ਛਲ ਕਰ ਜਾਂਦੀ ਹੈ।ਮਰਦ ਪ੍ਰਧਾਨ ਸਮਾਜ ਦੇ ਕਟਹਿਰੇ ਵਿੱਚ ਖੜੀ ਅਹੱਲਿਆ ਸਰੀਰਕ ਰੂਪ ਵਿੱਚ ਪੱਥਰ ਦਾ ਬੁੱਤ ਬਣਨ ਤੋਂ ਪਹਿਲਾਂ ਮਾਨਸਿਕ ਤੌਰ ਤੇ ਵੀ ਪੱਥਰ ਬਣ ਜਾਂਦੀ ਹੈ।ਉਹ ਆਪਣੇ ਆਪ ਨੂੰ ਬੇਕਸੂਰ ਸਾਬਿਤ ਨਹੀਂ ਕਰ ਪਾਉਂਦੀ।ਮਰਦ ਦੇ ਗੁਨਾਹਾਂ ਦਾ ਫ਼ਲ ਨਾਰੀ ਨੂੰ ਭੋਗਣਾ ਪੈਂਦਾ ਹੈ।ਸਮੇਂ ਦੇ ਹਾਲਾਤ ਅਹੱਲਿਆ ਦੀ ਜ਼ੁਬਾਨ ਬੰਦ ਕਰ ਦਿੰਦੇ ਹਨ।ਉਹ ਬੇਕਸੂਰ ਹੁੰਦੇ ਹੋਏ ਵੀ ਕਸੂਰਵਾਰ ਠਹਿਰਾਈ ਜਾਂਦੀ ਹੈ:-

"ਛਲੀਏ ਚੰਦਰਮਾ ਨੇ ਛਲ ਕਮਾਇਆ
ਗੌਤਮ ਪ੍ਰਤੀ ਆਪਣਾ ਬਦਲਾ ਲਾਹਿਆ
ਸਮੇਂ ਦੀ ਨਰ ਰਾਜਨੀਤੀ ਨੇ ਫਿਰ
ਅਹਲਿਆ ਨੂੰ ਹੀ ਬੇਵਫ਼ਾ ਠਹਿਰਾਇਆ
ਸਰਾਪ ਨੇ ਉਸ ਦੇ ਜਿਸਮ ਤੇ ਜਾਨ ਨੂੰ
ਪੱਥਰ ਦੇ ਬੁੱਤ ਵਿੱਚ ਵਟਾਇਆ।
ਯੁਗ ਯੁਗ ਤੋਂ ਰਚੀ ਜਾ ਰਹੀ
ਕਾਲੇ ਹਰਫ਼ ਦੀ ਕਿਤਾਬ ਵਿੱਚ
ਇੱਕ ਹੋਰ ਹਵਾਲਾ ਉਭਰ ਆਇਆ।"[41]

ਸੁਰਜੀਤ ਕਲਸੀ ਨੇ ਅਮਰੀਕਨ ਕਵਿੱਤਰੀ 'ਸਿਲਵੀਆ ਪਲੇਥ' ਦੇ ਜੀਵਨ ਦੁਖਾਂਤ ਨੂੰ ਪੇਸ਼ ਕਰਦੀ ਕਵਿਤਾ 'ਔਰਤ ਹੋਣ ਦਾ ਅਹਿਸਾਸ'- ਸਿਲਵੀਆ ਪਲੇਥ' ਨੂੰ ਪੰਜ ਭਾਗਾਂ ਵਿੱਚ ਵੰਡਿਆ ਹੈ। ਸੁਰਜੀਤ ਕਲਸੀ ਨੇ ਅਜੋਕੀ ਨਾਰੀ ਨੂੰ ਸੁਚੇਤ ਹੋਣ ਅਤੇ ਆਪਣੇ ਹੱਕਾਂ ਦੀ ਪੈਰਵੀ ਕਰਨ, ਅਜੋਕੇ ਯੁੱਗ ਦੇ ਮਰਦ ਦੇ ਰਵੱਈਏ ਤੋਂ ਸੁਚੇਤ ਹੋ ਕੇ ਵਿੱਚਰਨ ਲਈ ਉਤਸ਼ਾਹਿਤ ਕੀਤਾ ਹੈ।

ਕਵਿੱਤਰੀ ਨੇ ਸਿਲਵੀਆ ਪਲੇਥ ਦੀ ਕਹਾਣੀ ਨੂੰ ਆਪਣੀ ਗੁਫ਼ਤਗੂ ਰਾਹੀਂ ਪੇਸ਼ ਕੀਤਾ ਹੈ। ਜੋ ਇੱਕ ਔਰਤ ਵੱਲੋਂ ਦੂਜੀ ਔਰਤ ਦਾ ਸਤਿਕਾਰ ਕਰਨ ਨਾਲ ਸੰਬੰਧਿਤ ਹੈ। ਸੁਰਜੀਤ ਕਲਸੀ ਕੋਲੋਂ ਸਿਲਵੀਆ ਪਲੇਥ ਦਾ ਦਰਦ ਬਰਦਾਸ਼ਤ ਨਹੀਂ ਹੋਇਆ। ਕਵਿਤਾ ਦੇ ਰੂਪ ਵਿੱਚ ਸਿਲਵੀਆ ਪਲੇਥ ਨੂੰ ਸਿਜਦਾ ਤੇ ਸਮਰਪਣ ਇਹ ਸਾਬਤ ਕਰਦਾ ਹੈ ਕਿ ਔਰਤ ਦਾ ਔਰਤ ਪ੍ਰਤੀ ਦਰਦ ਹੀ, ਔਰਤ ਦੀ ਹੋਂਦ ਤੇ ਸਥਿਤੀ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੁੰਦਾ ਹੈ। ਸਿਲਵੀਆ ਪਲੇਥ ਦੀ ਜ਼ਿੰਦਗੀ ਨਿਰੀ ਦੁਖਾਂਤ ਨਾਲ ਭਰੀ ਹੋਈ ਸੀ ਉਸ ਦੇ ਜੀਵਨ ਦੁਖਾਂਤ ਨੂੰ ਬਿਆਨ ਕਰਦੀਆਂ ਸੁਰਜੀਤ ਕਲਸੀ ਦੀਆਂ ਕਵਿਤਾਵਾਂ ਵਿੱਚ ਅੰਤਾਂ ਦੀ ਪੀੜ ਹੈ। ਸਿਲਵੀਆ ਪਲੇਥ ਸਾਰੀ ਜ਼ਿੰਦਗੀ ਇੱਕੱਲ ਵਿੱਚ ਵਿੱਚਰਦੀ ਇਸ ਜਹਾਨ ਤੋਂ ਰੁਖ਼ਸਤ ਹੋ ਗਈ। ਅਜਿਹੀ ਜ਼ਹੀਨ ਔਰਤ, ਔਰਤ ਹੋਣ ਦਾ ਦੁਖਾਂਤ ਭੋਗਦੀ ਰਹੀ :-

"ਤੇਰੇ ਸ਼ਬਦਾਂ ਦੇ ਪਰਾਂ ਤੇ ਹੋ ਕੇ ਸਵਾਰ
ਉੱਚ ਅਸਮਾਨੀ ਮਨ ਉੱਡਦਾ ਰਿਹਾ
ਦੁੱਖ ਆਉਂਦੇ ਰਹੇ ਦੁੱਖ ਜਾਂਦੇ ਰਹੇ
ਦਰਿਆ ਦੁੱਖਾਂ ਦਾ ਨਿਰੰਤਰ ਵਹਿੰਦਾ ਰਿਹਾ
ਨਿਰਛਲ ਹਾਸੇ ਤੇਰੇ ਮੈਨੂੰ ਰੋਣ ਨਾ ਦਿੰਦੇ
ਜਦ ਭਰ ਭਰ ਆਉਂਦੀਆਂ ਅੱਖਾਂ ਮੇਰੀਆਂ।"[42]

ਸੁਰਜੀਤ ਕਲਸੀ ਦੀ ਕਵਿਤਾ ਸਮਾਜ ਵਿੱਚ ਵਿੱਚਰ ਰਹੀਆਂ ਔਰਤਾਂ ਦਾ ਦੁੱਖ-ਦਰਦ ਹੀ ਬਿਆਨ ਨਹੀਂ ਕਰਦੀ, ਸਗੋਂ ਕਵਿੱਤਰੀ ਔਰਤਾਂ ਦੇ ਅੰਤਰਮਨ ਤੱਕ ਪਹੁੰਚ ਕੇ ਉਹਨਾਂ ਦੀ ਮਾਨਸਿਕ ਪੀੜ੍ਹਾ ਨੂੰ ਭਾਵੁਕ ਮਨ ਨਾਲ ਪੇਸ਼ ਕਰਦੀ ਹੈ।ਉਸ ਦੀ ਕਵਿਤਾ 'ਖੇਤ ਮਜ਼ਦੂਰਨਾਂ' ਬੀ.ਸੀ. ਦੇ ਫਾਰਮਾਂ ਵਿੱਚ ਕੰਮ ਕਰਦੀਆਂ ਸਾਰੀਆਂ ਔਰਤਾਂ ਨੂੰ ਸਮਰਪਿਤ ਕੀਤੀ ਗਈ ਹੈ। ਪੰਜਾਬ ਛੱਡਣ ਤੋਂ ਬਾਅਦ ਇਹ ਮਾਣ-ਮੱਤੀਆ ਪੰਜਾਬਣਾਂ, ਪੜ੍ਹੀਆਂ, ਅਨਪੜ੍ਹ, ਵਿਆਹੀਆਂ ਤੇ ਕੁਆਰੀਆਂ ਮੁਟਿਆਰਾਂ ਅਤੇ ਬਜ਼ੁਰਗ ਬਾਬੇ ਤੇ ਬੀਬੀਆਂ ਸਭ ਇੱਕਠੇ ਹੋ ਕੇ ਕੈਨੇਡਾ ਦੇ ਸੁੰਦਰ ਖੇਤਾਂ ਵਿੱਚ ਬੇਰੀ ਤੋੜ ਰਹੇ ਹਨ। ਕੁੱਝ ਪੰਜਾਬਣਾਂ ਖੇਤਾਂ ਵਿੱਚ ਕੰਮ ਕਰਕੇ ਘਰ ਆ ਕੇ ਥੱਕੀਆਂ-ਹਾਰੀਆਂ ਸਾਰੇ ਟੱਬਰ ਦੀ ਰੋਟੀ ਬਣਾ ਕੇ ਸਫ਼ਾਈ ਅਤੇ ਹੋਰ ਅਣਗਿਣਤ ਕੰਮ ਕਰਦੀਆਂ ਹਨ। ਅਗਲੀ ਸਵੇਰ ਫਿਰ ਥੱਕੀਆਂ- ਟੁੱਟੀਆਂ ਉੱਠ ਕੇ ਖੇਤਾਂ ਵਿੱਚ ਜਾਣ ਲਈ ਤਿਆਰ ਹੁੰਦੀਆਂ ਹਨ। ਇਸ ਕਵਿਤਾ ਰਾਹੀਂ ਜਿੱਥੇ ਸੁਰਜੀਤ ਕਲਸੀ ਔਰਤ ਦੀ ਬੇਬਸੀ ਤੇ ਆਰਥਿਕ ਮਜ਼ਬੂਰੀ ਦਾ ਬਿਆਨ ਕਰਦੀ ਹੈ ਉੱਥੇ ਹੀ ਉਹ ਇਹਨਾਂ ਔਰਤਾਂ ਦੀ ਬਹਾਦਰੀ ਨੂੰ ਸਲਾਮ ਵੀ ਕਰਦੀ ਹੈ:-

"ਮੂੰਹ-ਝਾਖਰੇ ਤੋਂ ਰਾਤ ਤੱਕ ਫੈਲਿਆ
ਲੰਮਾ ਦਿਨ ਤੇ ਅੱਧੀ ਰਾਤ ਤੱਕ
ਸ਼ਾਮ ਢਲੇ ਦੁਖਦੇ ਪੈਰਾਂ ਹੱਥਾਂ ਨਾਲ
ਘਰ ਵਾਪਸ ਆਉਣ ਦੀ ਕਾਹਲ ਵਿੱਚ
ਬੇਬਸ ਹੋ ਜਾ ਬੈਠ ਜਾਂਦੀਆਂ
ਠੇਕੇਦਾਰ ਦੀ ਤੂੜੀ ਹੋਈ ਵੈਨ ਵਿੱਚ
ਧੱਕਮ ਧੱਕੇ ਵਿੱਚੋਂ ਲੰਘ ਘਬਰਾਈਆਂ
ਸਾਹ ਵੀ ਨਾ ਲੈ ਸਕਦੀਆਂ ਇਹ ਔਰਤਾਂ
ਕੰਮ ਕਰਦੀਆਂ, ਸਿਰਫ਼ ਕੰਮ ਕਰਦੀਆਂ ਮਜ਼ਦੂਰਨਾਂ!"[43]

ਸੁਰਜੀਤ ਕਲਸੀ ਕਵਿਤਾ ਰਾਹੀਂ ਬਿਆਨਦੀ ਹੈ ਕਿ ਅੱਜ ਦੀ ਔਰਤ ਆਪਣੇ ਹੱਕਾਂ ਪ੍ਰਤੀ ਸੁਚੇਤ ਅਤੇ ਜਾਗ੍ਰਰਕ ਹੈ ਪਰ ਫਿਰ ਵੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਤੇ ਆਦਮੀ ਉਸ ਨਾਲ ਧੱਕਾ ਕਰ ਹੀ ਜਾਂਦਾ ਹੈ। ਬੇਸ਼ੱਕ ਪੂਰੀ ਜਿੰਦਗੀ ਔਰਤ ਆਪਣੇ ਪਤੀ ਤੇ ਪਰਿਵਾਰ ਦੇ ਲੇਖੇ ਲਗਾ ਦਿੰਦੀ ਹੈ ਪਰ ਫਿਰ ਵੀ ਮਰਦ ਦੇ ਅੰਦਰੋਂ ਮਰਦਾਨਗੀ ਦੀ ਧੌਂਸ ਨਹੀਂ ਜਾਂਦੀ। ਸਮਾਜ ਵਿੱਚ ਵਿੱਚਲੀਆਂ ਔਰਤਾਂ ਦਾ ਖ਼ਾਸ ਕੰਮ ਹੀ ਰੋਟੀ ਬਣਾਉਣਾ, ਬੱਚੇ ਪੈਦਾ ਕਰਨਾ ਤੇ ਉਹਨਾਂ ਦਾ ਪਾਲਣ ਪੋਸ਼ਣ ਕਰਨਾ ਗਿਣਿਆ ਜਾਂਦਾ ਹੈ।ਔਰਤ ਰਿਸ਼ਤਿਆਂ ਦਾ ਮਜੁੱਸਮਾ ਹੈ।ਉਹ ਆਪ ਦੁੱਖ ਸਹਿ ਕੇ ਦੂਜਿਆਂ ਦੀ ਸੁੱਖ ਮੰਗਦੀ ਹੈ।ਮਰਦ ਦੇ ਤ੍ਰਿਸਕਾਰ ਤੇ ਈਰਖਾ ਦੀ ਸ਼ਿਕਾਰ ਹੋਈ ਔਰਤ ਜੀਵਨ ਦੀ ਹਰ ਤਕਲੀਫ਼ ਸਹਿੰਦੀ ਹੋਈ ਵੀ ਪਿਆਰ ਦੇ ਅਮੁੱਕ ਖਜ਼ਾਨੇ ਪਤੀ ਅਤੇ ਬੱਚਿਆਂ ਉੱਪਰੋਂ ਨਿਛਾਵਰ ਕਰ ਦਿੰਦੀ ਹੈ।ਉਸ ਦੇ ਬਾਵਜੂਦ ਵੀ ਉਸ ਨੂੰ ਸਮਾਜ ਵਿੱਚ ਯੋਗ ਥਾਂ ਨਹੀਂ ਦਿੱਤੀ ਜਾਂਦੀ।ਉਸਦੀਆਂ ਰੀਝਾਂ ਅਤੇ ਖੁਸ਼ੀਆਂ ਤਾਂ ਪਰਿਵਾਰਕ ਮੈਂਬਰ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ-ਕਰਦੇ ਖ਼ਤਮ ਹੀ ਹੋ ਜਾਂਦੀਆਂ ਹਨ:-

> "ਕਤਰਾ ਕਤਰਾ ਸਿੰਮਦੀ ਜਾਂਦੀ
> ਬੂੰਦ ਬੂੰਦ ਕਰ ਛਲਕੀ ਜਾਂਦੀ
> ਦਿਲ ਨੂੰ ਚੀਰ ਖੁਆ ਦਿੰਦੀ
> ਸਾਰਾ ਪਿਆਰ ਪਿਲਾ ਜਾਂਦੀ
> ਮਹੁੱਬਤਾਂ ਦਾ ਅਣਮੁੱਕ ਖਜ਼ਾਨਾ
> ਰੱਤੀ ਰੱਤੀ ਕਰ ਲੁਟਾ ਦਿੰਦੀ
> ਮਨਫ਼ੀ ਹੁੰਦੀ ਖਰਚ ਹੋ ਜਾਂਦੀ
> ਪਤਾ ਹੀ ਨਾ ਲਗਦਾ ਕਦੋਂ
> ਜਦ ਸਾਰੀ ਦੀ ਸਾਰੀ ਔਰਤ
> ਖੁਰ ਜਾਂਦੀ ਮੁੱਕ ਜਾਂਦੀ!"[44]

ਸੁਰਜੀਤ ਕਲਸੀ ਔਰਤ ਦੀ ਸ਼ੰਘਰਸ਼ਮਈ ਸਥਿਤੀ ਨੂੰ ਕਵਿਤਾ ਰਾਹੀਂ ਪੇਸ਼ ਕਰਦੀ ਹੈ ਕਿ ਔਰਤ ਸਦੀਆਂ ਤੋਂ ਸੰਘਰਸ਼ ਕਰਦੀ ਆ ਰਹੀ ਹੈ ਪਰ ਹਾਲੇ ਤੱਕ ਵੀ ਉਹ ਮਰਦ ਦੇ ਬਰਾਬਰ ਆ ਕੇ ਖੜੀ ਨਹੀਂ ਹੋਈ। ਉਹ ਰਾਤ ਦਿਨ ਹੱਡ-ਭੰਨਵੀਂ ਮਿਹਨਤ ਕਰ ਰਹੀ ਹੈ ਪਰ ਫਿਰ ਵੀ ਮੰਜ਼ਿਲ ਉਸ ਤੋਂ ਬਹੁਤ ਦੂਰ ਹੈ ਹਾਲੇ ਤਾਂ ਉਸ ਦਾ ਰਸਤਾ ਕੰਡਿਆਲਾ ਹੈ। ਜਿਸਨੂੰ ਦੇਖ ਕੇ ਔਰਤ ਦਾ ਹੌਸਲਾ ਚਕਨਾਚੂਰ ਹੋ ਜਾਂਦਾ ਹੈ ਪਰ ਜੇ ਉਹ ਥੱਕ ਕੇ ਬੈਠ ਜਾਵੇਗੀ ਤਾਂ ਉਹ ਇਸ ਮਰਦ ਪ੍ਰਧਾਨ ਸਮਾਜ ਤੋਂ ਸਦਾ ਲਈ ਹਾਰ ਜਾਵੇਗੀ।ਸੁਰਜੀਤ ਕਲਸੀ ਦੀ ਉਸਾਰੂ ਵਿੱਚਾਰਧਾਰਾ ਉਸਦੀ ਸੋਚ ਵਿੱਚੋਂ ਉਪਜਦੀ ਹੋਈ ਉਸਦੀਆਂ ਰਚਨਾਵਾਂ ਵਿੱਚੋਂ ਸਾਫ਼ ਦਿਖਾਈ ਦਿੰਦੀ ਹੈ।ਉਹ ਉਸਾਰੂ ਸੋਚ ਦੇ ਤਰਕ ਰਾਹੀਂ ਹਨ੍ਹੇਰੇ ਨੂੰ ਦੂਰ ਕਰਕੇ ਰੌਸ਼ਨੀ ਦੀ ਹਾਮੀ ਭਰਦੀ ਹੈ।ਉਹ ਔਰਤ ਨੂੰ ਹਮੇਸ਼ਾਂ ਹੀ ਚੱਲਦੇ ਰਹਿਣ ਅਤੇ ਸੰਘਰਸ਼ ਜਾਰੀ ਰੱਖਣ ਦਾ ਸੁਨੇਹਾ ਦੇ ਰਹੀ ਹੈ।ਸੁਰਜੀਤ ਕਲਸੀ ਨੇਕਵਿਤਾ 'ਸੰਘਰਸ਼ ਦੀ ਇੱਕ ਸਦੀ' ਰਾਹੀਂ ਅਜਿਹੇ ਸੰਘਰਸ਼ ਤੇ ਖਾਸ ਕਰਕੇ ਪੱਛਮ ਵਿੱਚ ਔਰਤਾਂ ਵੱਲੋਂ ਸੰਗਠਿਤ ਹੋ ਕੇ ਚਲਾਏ ਸੰਘਰਸ਼ ਵੱਲ ਔਰਤਾਂ ਦਾ ਧਿਆਨ ਦੁਵਾਇਆ ਹੈ:-

> "ਦੁਖਦੇ ਦਿਲਾਂ ਤੇ ਪੈਰਾਂ ਵਿੱਚ ਛਾਲੇ ਲੈ ਕੇ ਚਲਣਾ ਹੈ!
> ਅਜੇ ਤਾਂ ਚਲਦੇ ਰਹਿਣਾ ਹੈ ਅਜੇ ਤਾਂ ਚਲਦੇ ਜਾਣਾ ਹੈ!
> ਸਮਾਜ ਦੀ ਸੋਚ ਦਾ ਹਨੇਰਾ ਅਜੇ ਨਹੀਂ ਹੋਣਾ ਦੂਰ ਹੈ!
> ਸੰਘਰਸ਼ ਜਾਰੀ ਹੈ, ਜਾਰੀ ਰੱਖਣਾ ਹੈ, ਚਲਦੇ ਜਾਣਾ ਹੈ!

ਰੱਖਣਾ ਬੁਲੰਦ ਹੌਸਲਾ ਕੀ ਹੋਇਆ ਜਿਸਮ ਚੂਰ ਚੂਰ ਹੈ!

ਅਜੇ ਤਾਂ ਚਲਦੇ ਰਹਿਣਾ ਹੈ ਅਜੇ ਤਾਂ ਮੰਜ਼ਿਲ ਦੂਰ ਹੈ।"[45]

ਸੁਰਜੀਤ ਕਲਸੀ ਨੇ ਔਰਤ ਦੇ ਮਨ ਦੀ ਚੀਸ ਨੂੰ ਆਪਣੇ ਸੰਵੇਦਨਸ਼ੀਲ ਮਨ ਨਾਲ ਆਪਣੀਆਂ ਕਵਿਤਾਵਾਂ ਦੀ ਉਸਾਰੀ ਕੀਤੀ ਹੈ। ਸੁਰਜੀਤ ਕਲਸੀ ਦੀ ਪੁਸਤਕ 'ਰੰਗ-ਮੰਡਲ' ਉਸਦੀ ਸਾਹਿਤ ਦੇਣ ਵਿੱਚ ਇੱਕ ਮਹੱਤਵਪੂਰਨ ਅਤੇ ਖ਼ੂਬਸੂਰਤ ਰੰਗ ਭਰਦੀ ਹੈ। ਉਸਦੀਆਂ ਰਚਨਾਵਾਂ ਅਤੀਤ ਨੂੰ ਘੋਖ਼ਦੀਆਂ, ਵਰਤਮਾਨ ਦੇ ਸੰਸਿਆਂ ਨੂੰ ਚਿਤਵਦੀਆਂ ਜਨਸਧਾਰਨ ਨੂੰ ਹਲੂਣਦੀਆਂ ਹਨ। ਸੁਰਜੀਤ ਕਲਸੀ ਨੇ ਕਵਿਤਾਵਾਂ ਵਿੱਚ ਵਿਭਿੰਨ ਇਤਿਹਾਸਕ- ਮਿਥਿਹਾਸਕ ਹਵਾਲਿਆਂ ਰਾਹੀਂ ਸੀਤਾ, ਅਹੱਲਿਆ, ਗੌਤਮ, ਹੀਰ ਰਾਂਝਾ, ਸੋਹਣੀ ਆਦਿ ਪਾਤਰ ਉਘਾੜੇ ਹਨ। ਉਸ ਨੇ ਔਰਤ ਦੇ ਜੀਵਨ ਨੂੰ ਅਨੇਕਾਂ ਦ੍ਰਿਸ਼ਟੀਕੋਣਾਂ ਤੋਂ ਬਿਆਨ ਕੀਤਾ ਹੈ ਅਤੇ ਦੁਨੀਆਂ ਭਰ ਦੀਆਂ ਔਰਤਾਂ ਵਿੱਚ ਨਵਾਂ ਹੁਲਾਰਾ ਅਤੇ ਉਤਸ਼ਾਹ ਭਰਨ ਦੀ ਕੋਸ਼ਿਸ਼ ਕੀਤੀ ਹੈ।ਔਰਤ ਨੂੰ ਕਵਿੱਤਰੀ ਨੇ ਫੁੱਲ ਵਾਂਗ ਕੋਮਲ ਅਤੇ ਦੁਰਗਾ, ਚੰਡੀ ਤੇ ਅਹੱਲਿਆ ਦੇ ਪੱਖੋਂ ਵੀ ਪੇਸ਼ ਕੀਤਾ।ਕਵਿੱਤਰੀ ਨੇ ਇੱਕ ਮਾਂ ਦੇ ਰੂਪ ਵਿੱਚ ਔਰਤ ਨੂੰ ਉਭਾਰਿਆ ਅਤੇ ਇੱਕ ਪਤਨੀ ਦੇ ਰੂਪ ਵਿੱਚ ਵੀ ਕਰਵਾ-ਚੌਥ ਦਾ ਵਰਤ ਰੱਖਦੀ ਦਿਖਾਇਆ ਹੈ। ਔਰਤ ਦੇ ਅਨੇਕ ਰੰਗਾਂ ਦਾ ਜ਼ਿਕਰ ਕਰਦੇ ਹੋਏ ਔਰਤਾਂ ਦੀ ਸਦੀਆਂ ਤੋਂ ਚੱਲੀ ਆ ਰਹੀ ਤ੍ਰਾਸਦੀ ਦਾ, ਔਰਤ ਦੀ ਹਿੰਮਤ, ਔਰਤ ਉੱਪਰ ਮਰਦ ਦੀ ਪ੍ਰਧਾਨਗੀ, ਔਰਤ ਦੀ ਹੱਡ-ਭੰਨਵੀ ਮਿਹਨਤ ਅਤੇ ਜਾਗੂਰਕ ਹੋਈ ਔਰਤ ਦੇ ਸੰਘਰਸ਼ ਦਾ ਜ਼ਿਕਰ ਕੀਤਾ ਹੈ। ਸੋ ਸਮੁੱਚੇ ਅਧਿਐਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਕਲਸੀ ਔਰਤ ਦੀ ਯੁੱਗਾਂ-ਯੁੱਗਾਂ ਦੀ ਦਾਸਤਾਨ ਨੂੰ ਬਿਆਨ ਕਰਨ ਦੇ ਨਾਲ-ਨਾਲ ਉਸ ਅੰਦਰ ਆ ਰਹੀ ਜ੍ਰਾਗਿਤੀ ਨੂੰ ਤਾਂ ਪੇਸ਼ ਕਰਦੀ ਹੈ ਅਤੇ ਨਾਲ ਹੀ ਉਸਨੂੰ ਆਪਣੇ ਇਸ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਸੁਨੇਹਾ ਵੀ ਦਿੰਦੀ ਹੈ। ਕਵਿੱਤਰੀ ਇਸ ਪੱਖੋਂ ਭਲੀ-ਭਾਂਤ ਸੁਚੇਤ ਹੈ ਕਿ ਸੰਗਠਿਤ ਸੰਘਰਸ਼ ਹੀ ਔਰਤ ਨੂੰ ਉਸਦਾ ਬਣਦਾ ਸਨਮਾਨ ਦਿਵਾ ਸਕੇਗਾ ਅਤੇ ਅਜਿਹਾ ਕਰਨ ਲਈ ਮਰਦ ਨਾਲ ਵਿਰੋਧਤਾ ਦੀ ਥਾਂ ਪਿਆਰ ਅਤੇ ਮੋਹ ਦਾ ਰਿਸ਼ਤਾ ਹੀ ਵਾਜਿਬ ਹੈ। ਸੁਰਜੀਤ ਕਲਸੀ ਨੂੰ ਅਸੀਂ ਸੁਚੇਤ ਨਾਰੀਵਾਦੀ ਲੇਖਿਕਾ ਕਹਿ ਸਕਦੇ ਹਾਂ ਅਤੇ ਉਸਦੀਆਂ ਕਵਿਤਾਵਾਂ ਖਾਸਕਰ 'ਰੋਮ-ਰੋਮ ਵਿੱਚ ਜਗਦੇ ਦੀਵੇ' ਅਤੇ 'ਰੰਗ-ਮੰਡਲ' ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਉੱਤਮ ਦਰਜੇ ਦੀਆਂ ਨਾਰੀ ਚੇਤਨਾ ਵਾਲੀਆਂ ਕਵਿਤਾਵਾਂ ਕਹਿ ਸਕਦੇ ਹਾਂ। ਇਨ੍ਹਾਂ ਰਾਹੀਂ ਸੁਰਜੀਤ ਕਲਸੀ ਨੇ ਔਰਤ ਦੀ ਦੁਰਦਸ਼ਾ ਦੀ ਕਹਾਣੀ ਬਿਆਨ ਕਰਨ ਦੇ ਨਾਲ-ਨਾਲ ਉਸਦੀ ਇਸ ਦੁਰਦਸ਼ਾ ਦੇ ਕਾਰਨਾਂ ਦਾ ਵੀ ਜ਼ਿਕਰ ਕੀਤਾ ਹੈ। ਜਿਸ ਨਾਲ ਇਹ ਔਰਤ ਨੂੰ ਸੇਧ ਪ੍ਰਦਾਨ ਕਰਨ ਦੀ ਸਮਰੱਥਾ ਰੱਖਦੀਆਂ ਹਨ ਕਿ ਉਸਨੇ ਕਿਸ-ਕਿਸ ਥਾਂ ਤੋਂ ਅਤੇ ਕਿਸ-ਕਿਸ ਵਤੀਰੇ ਤੋਂ ਸੁਚੇਤ ਰਹਿਣਾ ਹੈ। ਇਹੀ ਸੁਚੇਚਤਾ ਉਸਨੂੰ ਚੇਤਨਤਾ ਪ੍ਰਦਾਨ ਕਰੇਗੀ ਅਤੇ ਚੇਤਨਤਾ ਟੀਚੇ ਦੀ ਪ੍ਰਾਪਤੀ ਵੀ।

## ਹਵਾਲੇ ਤੇ ਟਿੱਪਣੀਆਂ:

[1] ਸੁਰਜੀਤ ਕਲਸੀ, 'ਰੋਮ ਰੋਮ ਵਿੱਚ ਜਗਦੇ ਦੀਵੇ'(ਆਰੰਭਿਕਾ-ਸੁਰਿੰਦਰ ਧੀਰ), ਪੰਨਾ-7

[2] -ਉਹੀ, ਪੰਨਾ-18

[3] -ਉਹੀ ,ਪੰਨਾ-16

[4] -ਉਹੀ, ਪੰਨਾ-26

[5] -ਉਹੀ, ਪੰਨਾ-21

[6] -ਉਹੀ, ਪੰਨਾ-22

[7] -ਉਹੀ, ਪੰਨਾ-27

[8] -ਉਹੀ, ਪੰਨਾ-18

[9] -ਉਹੀ, ਪੰਨਾ 41
[10] -ਉਹੀ, ਪੰਨਾ-33
[11] -ਉਹੀ, ਔਰਤ, ਸ਼ਬਦ ਤੇ ਸ਼ਕਤੀ, ਪੰਨਾ-61
[12] -ਉਹੀ, ਪੰਨਾ-16
[13] -ਉਹੀ, ਰੋਮ ਰੋਮ ਵਿਚ ਜਗਦੇ ਦੀਵੇ, ਪੰਨਾ-46
[14] -ਉਹੀ, ਪੰਨਾ-32
[15] -ਉਹੀ, ਪੰਨਾ-35
[16] -ਉਹੀ, ਪੰਨਾ-37
[17] -ਉਹੀ, ਪੰਨਾ-74
[18] -ਉਹੀ, ਪੰਨਾ-63
[19] -ਉਹੀ, ਪੰਨਾ-78
[20] -ਉਹੀ, ਪੰਨਾ-53
[21] -ਉਹੀ, ਪੰਨਾ-62
[22] -ਉਹੀ, ਪੰਨਾ-64
[23] -ਉਹੀ, ਪੰਨਾ-68
[24] -ਉਹੀ, ਪੰਨਾ-52
[25] -ਉਹੀ, ਪੰਨਾ-71
[26] -ਉਹੀ, ਪੰਨਾ 81-82
[27] -ਉਹੀ, ਪੰਨਾ-88
[28] -ਉਹੀ, ਪੰਨਾ-94
[29] -ਉਹੀ ਪੰਨਾ-97
[30] ਸੁਰਜੀਤ ਕਲਸੀ, ਰੰਗ-ਮੰਡਲ, ਪੰਨਾ 16-17
[31] ਅਮਰਦੀਪ ਕੌਰ, (ਡਾ.), (ਸੰਪਾ.), ਸੁਰਜੀਤ ਕਲਸੀ ਦੀ ਕਾਵਿ-ਪੁਸਤਕ ਰੰਗ-ਮੰਡਲ ਦਾ ਆਲੋਚਨਾਤਮਕ ਅਧਿਐਨ, ਪੰਨਾ-6
[32] ਸੁਰਜੀਤ ਕਲਸੀ, ਰੰਗ ਮੰਡਲ, ਪੰਨਾ-25
[33] ਉਹੀ, ਪੰਨਾ-42
[34] ਉਹੀ, ਪੰਨਾ-70
[35] ਉਹੀ, ਪੰਨਾ-74
[36] ਉਹੀ, ਪੰਨਾ-68
[37] ਉਹੀ, ਪੰਨਾ-77
[38] ਉਹੀ, ਪੰਨਾ-79
[39] ਉਹੀ, ਪੰਨਾ-88
[40] ਉਹੀ, ਪੰਨਾ-91
[41] ਉਹੀ, ਪੰਨਾ 86-87
[42] ਉਹੀ, ਪੰਨਾ-105
[43] ਉਹੀ, ਪੰਨਾ-83
[44] ਉਹੀ, ਪੰਨਾ-73
[45] ਉਹੀ, ਪੰਨਾ-70

# ਅਧਿਆਇ–ਚੌਥਾ

# ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀ ਚੇਤਨਾ

# ਅਧਿਆਇ-ਚੌਥਾ

# ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀ ਚੇਤਨਾ

ਇੰਦਰਜੀਤ ਕੌਰ ਸਿੱਧੂ ਇੱਕ ਪਰਵਾਸੀ ਕਹਾਣੀਕਾਰ ਹੋਣ ਦੇ ਨਾਲ ਪਰਵਾਸੀ ਸ਼ਾਇਰਾ ਵੀ ਹੈ। ਉਹ ਕੈਨੇਡਾ ਵਿੱਚ ਕਰੀਬ ਪੱਚੀ ਸਾਲਾਂ ਤੋਂ ਰਹਿ ਰਹੀ ਹੈ । ਇੰਦਰਜੀਤ ਕੌਰ ਸਿੱਧੂ, ਵਿਆਹ ਕਰਵਾ ਕੇ ਕੈਨੇਡਾ ਜਾ ਵਸੀ । ਉਸ ਸਮੇਂ ਉਹ ਐਮ.ਏ (ਪੰਜਾਬੀ) ਕਰ ਰਹੀ ਸੀ। ਉੱਥੇ ਜਾ ਕੇ ਉਹਨਾਂ ਨੇ 'ਕਮਿਊਨਿਟੀ ਸਪੋਰਟ ਵਰਕ' ਵਿੱਚ ਕੰਮ ਕੀਤਾ, ਜਿੱਥੇ ਜਨਮ ਤੋਂ ਹੀ ਅਪਾਹਿਜ ਬੱਚਿਆਂ ਨੂੰ ਸੰਭਾਲਿਆ ਜਾਂਦਾ ਹੈ। ਇੱਥੇ ਉਹਨਾਂ ਨੇ ਚੌਦਾਂ ਸਾਲ ਨੌਕਰੀ ਕੀਤੀ।ਇੰਦਰਜੀਤ ਕੌਰ ਦੀ ਕਵਿਤਾ ਨਾਰੀ ਦੀ ਤ੍ਰਾਸਦੀ, ਨਾਰੀ ਦੀ ਸਮਾਜ ਵਿੱਚ ਸਥਿਤੀ ਅਤੇ ਨਾਰੀ ਚੇਤਨਾ ਨੂੰ ਪੇਸ਼ ਕਰਦੀ ਹੈ । ਉਹ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਨੂੰ ਬੜੇ ਤਿੱਖੇ 'ਤੇ ਕਸਵੇਂ ਢੰਗ ਨਾਲ ਬਿਆਨ ਕਰਦੀ ਹੈ। ਇੰਦਰਜੀਤ ਕੌਰ ਸਿੱਧੂ ਦੇ ਕਾਵਿ ਦੇ ਥੀਮਿਕ ਪਾਸਾਰ ਨਾਰੀ ਸਰੋਕਾਰਾਂ ਦੀ ਡੂੰਘੀ ਸੰਰਚਨਾ ਵਿੱਚ ਕਾਰਜ ਕਰਦੇ ਹੋਏ ਪ੍ਰਵਚਨਾਂ ਨਾਲ ਸੰਵਾਦ ਰਚਾਉਂਦੇ ਨਜ਼ਰ ਆਉਂਦੇ ਹਨ ।ਉਹ ਇੱਕ ਐਸੀ ਸਮਰੱਥ ਕਵਿੱਤਰੀ ਹੈ, ਜੋ ਨਾਰੀ ਦੇ ਹੱਕ ਦੀ ਗੱਲ ਕਰਦੀ ਹੋਈ ਪੰਜਾਬੀ ਸਾਹਿਤ ਵਿੱਚ ਆਪਣਾ ਯੋਗ ਸਥਾਨ ਬਣਾਉਂਦੀ ਹੈ । ਔਰਤ ਦੀ ਗ਼ੁਲਾਮੀ ਦਾ ਜ਼ਿਕਰ ਕਰਦੀ ਹੋਈ ਕਵਿੱਤਰੀ ਉਸ ਦੇ ਜੀਵਨ ਨੂੰ ਚਿੱਕੜ ਅਤੇ ਦਲਦਲ ਵਿੱਚ ਧਸਿਆ ਹੋਇਆ ਦਰਸਾਉਂਦੀ ਹੈ । ਔਰਤ ਦਾ ਸਫ਼ਰ ਨੰਗੇ ਪੈਰਾਂ ਦਾ ਸ਼ਫਰ ਹੈ, ਜਿਸ ਨੂੰ ਤੈਅ ਕਰਦੇ-ਕਰਦੇ ਉਸ ਦੇ ਪੈਰ ਜਲ ਸੜ ਗਏ ਹਨ ਪਰ ਫਿਰ ਵੀ ਨਾਰੀ ਅਜ਼ਾਦੀ ਨਹੀਂ ਪਾ ਸਕੀ। ਉਹ ਆਪਣੇ ਧੁਰ ਅੰਦਰ ਤੱਕ ਧੁਖ਼ਦੀ ਹੋਈ ਆਪਣੀਆਂ ਭਾਵਨਾਵਾਂ ਵੀ ਕਿਸੇ ਅੱਗੇ ਪੇਸ਼ ਨਹੀਂ ਕਰਦੀ । ਉਹ ਆਪਣੀ ਰੂਹ ਦੀ ਆਪ ਹੀ ਸਾਥਣ ਹੋ ਨਿਬੜਦੀ ਹੈ ।ਵੱਡੇ-ਵੱਡੇ ਆਜ਼ਾਦ ਮੁਲਕਾਂ ਅਤੇ ਸ਼ਹਿਰਾਂ ਦੇ ਵਿੱਚ ਵਿੱਚਰਦੀ ਔਰਤ ਗ਼ੁਲਾਮੀ ਭੋਗ ਰਹੀ ਹੈ :-

"ਇਨਸਾਨ ਆਜ਼ਾਦ ਹੈ
ਔਰਤ ਵੀ ਪੂਰੀ ਤਰ੍ਹਾਂ ਆਜ਼ਾਦ ਹੈ
ਪਰ ਇਹ ਆਪਣੀ
ਇਸ ਆਜ਼ਾਦੀ ਦੇ ਗ਼ੁਲਾਮ ਹੋ ਗਏ ਹਨ।
ਜ਼ਿਹਨੀ ਗ਼ੁਲਾਮੀ ਹੈ ਇੱਥੇ-
ਤੁਕਿਆਂ ਦੇ ਇਸ ਮੁਲਕ ਵਿੱਚ। "[1]

ਇੰਦਰਜੀਤ ਕੌਰ ਸਿੱਧੂ ਬੀ. ਸੀ ਕੈਨੇਡਾ ਦੀ ਮੰਨੀ ਪ੍ਰਮੰਨੀ ਪੰਜਾਬੀ ਕਵਿੱਤਰੀ ਹੋਣ ਦੇ ਨਾਲ-ਨਾਲ ਕੇਂਦਰੀ ਲਿਖਾਰੀ ਸਭਾ ਦੀ ਪ੍ਰਧਾਨ ਵੀ ਹੈ। ਕੈਨੇਡਾ ਵਿੱਚ ਹੋਣ ਵਾਲੇ ਸਾਹਿਤਕ, ਸਮਾਜਿਕ ਅਤੇ ਸਭਿਆਚਾਰਕ ਸਮਾਗਮਾਂ ਵਿੱਚ ਉਹ ਹਮੇਸ਼ਾਂ ਹੀ ਸਰਗਰਮ ਰਹਿੰਦੀ ਹੈ।ਉਹ ਸ਼ੌਕ ਵਜੋਂ ਵੀ ਲਿਖਦੀ ਹੈ ਅਤੇ ਲੋੜ ਲਈ ਵੀ।ਉਹ ਪੰਜਾਬੀ ਸਾਹਿਤ ਵਿੱਚ ਇੱਕ ਕਹਾਣੀਕਾਰ ਵਜੋਂ ਪ੍ਰਵੇਸ਼ ਕਰਦੀ ਹੈ।ਫ਼ਿਰ ਉਹਨਾਂ ਦਾ ਰੁੱਖ ਕਵਿਤਾ ਵੱਲ ਨੂੰ ਹੁੰਦਾ ਹੈ ਅਤੇ ਉਹ ਪੰਜਾਬੀ ਸਾਹਿਤ ਦੀ ਝੋਲੀ ਛੇ ਕਾਵਿ ਸੰਗ੍ਰਹਿ ਪਾਉਂਦੀ ਹੈ,ਜਿਹੜੇ 'ਤਨ-ਮਨ', 'ਅਣਹੋਣੀ ਹੀ ਹੋਈ', 'ਹੋਣੀ ਤੋਂ ਅਣਹੋਣੀ ਤੱਕ', 'ਨੰਗੇ ਪੈਰ', 'ਖ਼ਲਾਅ ਵਿੱਚ ਦਸਤਕ' ਅਤੇ 'ਬਣਵਾਸ ਤੋਂ ਬਣਵਾਸ ਤੱਕ' ਹਨ। ਇੰਦਰਜੀਤ ਸਿੱਧੂ ਜ਼ਿੰਦਗੀ ਦੇ ਤਲਖ਼-ਤਜ਼ਰਬਿਆਂ ਨੂੰ ਉਹ ਬੜੇ ਵਧੀਆ ਤਰੀਕੇ ਨਾਲ ਕਾਵਿ ਵਿੱਚ ਪੇਸ਼ ਕਰਦੀ ਹੈ।ਉਸ ਨੇ ਆਪਣੇ ਜ਼ਿੰਦਗੀ ਦੇ ਸਫ਼ਰ ਵਿੱਚ ਕੌੜੇ-ਮਿੱਠੇ ਪਲ ਅਨੁਭਵ ਕੀਤੇ, ਜਿਹਨਾਂ ਨੂੰ ਉਹ ਆਪਣੀ ਸਵੈ-ਜੀਵਨੀ 'ਨਾ ਸੜਕਾਂ ਨਾ ਦਾਇਰੇ' ਵਿੱਚ ਬਿਆਨ ਕਰਦੀ ਹੈ।ਉਸ ਦੀ ਸਵੈ-ਜੀਵਨੀ ਦੀ ਭੂਮਿਕਾ ਬੰਨਦੀ ਹੋਈ ਕਵਿੱਤਰੀ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਲਿਖਦੀ ਹੈ:-

"ਇੰਦਰਜੀਤ ਨੂੰ ਜੋ ਵਿਰਸੇ 'ਚ ਮਿਲਿਆ ਉਹ ਹਿੰਮਤ ਤੇ ਹੌਸਲਾ ਉਸਦੇ ਕੰਮ ਆਇਆ। ਉਹ ਉਸ ਹੌਸਲੇ ਤੇ ਹਿੰਮਤ ਨੂੰ ਪੱਲੇ ਬੰਨ ਸਿਦਕ ਨਾਲ ਜੀਉਣ ਦੀ ਕੋਸ਼ਿਸ ਕਰਦੀ ਰਹੀ ਹੈ----।ਇੰਦਰਜੀਤ ਨੇ ਤਕੜਾ ਸਿਆਸਤੀ ਮਾਹੌਲ ਹੰਢਾਇਆ ਹੈ, ਇਸੇ ਲਈ ਉਸਨੂੰ ਪੰਜਾਬ ਦੀ ਸਿਆਸਤ ਦੀ ਪੂਰੀ- ਪੂਰੀ ਸਮਝ ਹੈ।ਬੇਘਾਕ ਹੋ ਕੇ ਆਪਣੀ ਰਾਏ ਦੇਣੀ ਅਤੇ ਗ਼ਲਤ ਕੀਮਤਾਂ ਨਾਲ ਸਮਝੌਤਾ ਨਾ ਕਰਨਾ ਉਸਦੀ ਆਦਤ ਜਿਹੀ ਬਣ ਗਈ ਹੈ।ਮੇਰਾ ਖਿਆਲ ਨਹੀਂ ਉਸਦੀ ਕਲਮ ਨੇ ਕਿਸੇ ਨੂੰ ਬਖਸ਼ਿਆ ਹੋਵੇ। ਭਾਵੇਂ ਕਿਸੇ ਦੇ ਗੋਡੇ ਤੇ ਭਾਵੇਂ ਗਿੱਟੇ ਤੇ ਭਾਵੇਂ ਸੇਕ ਆਪਣੇ ਹੀ ਹੱਥਾਂ ਨੂੰ ਸਾੜ ਦੇਵੇ, ਲੇਖਕਾ ਦੀ ਕਲਮ ਨਿਡਰ ਹੋ ਕੇ ਸਮਿਆਂ ਦੀ ਪੀੜ, ਰਾਜਸੀ ਤੇ ਸਮਾਜਿਕ ਜਿਆਦਤੀਆਂ ਦਾ ਬਿਆਨ ਕਰਨੋਂ ਨਹੀਂ ਰਹਿ ਸਕਦੀ।"[2]

ਇੰਦਰਜੀਤ ਕੌਰ ਸਿੱਧੂ ਨੇ ਸਮਾਜਕ ਬੁਰੀਆਂ ਤੇ ਕਵਿਤਾਵਾਂ ਰਾਹੀਂ ਕਸਵੀਂ ਚੋਟ ਮਾਰੀ ਹੈ। ਉਹ ਹਰ ਇੱਕ ਸਮਾਜਕ ਬੁਰਾਈ ਨੂੰ ਕਵਿਤਾ ਰਾਹੀਂ ਪੇਸ਼ ਕਰਦੀ ਹੈ ਜੋ ਬੁਰਾਈ ਉਸ ਨੂੰ ਰੜਕਦੀ ਹੈ । ਫਿਰ ਭਾਵੇਂ ਉਹ ਕੋਈ ਨੇਤਾ ਹੀ ਕਿਉਂ ਨਾ ਹੋਵੇ। ਉਹ ਰਚਨਾ ਰਾਹੀਂ ਬੁਰਾਈਆਂ ਦਾ ਖੁੱਲ ਕੇ ਵਿਰੋਧ ਕਰਦੀ ਹੈ।ਉਸ ਵੱਲੋਂ ਕੀਤਾ ਜਾਂਦਾ ਵਿਰੋਧ ਕਟਾਖ਼ਸ਼ੀ ਹੋਣ ਦੇ ਨਾਲ-ਨਾਲ ਸਮਾਜ ਵਿੱਚ ਫੈਲੀਆਂ ਬੁਰਾਈਆਂ ਦੇ ਵਿਰੁੱਧ ਹੁੰਦਾ ਹੈ । ਉਸ ਨੂੰ ਮਰਦ ਵੱਲੋਂ ਔਰਤ ਨਾਲ ਕੀਤਾ ਜਾਂਦਾ ਵਿਤਕਰਾ ਰੜਕਦਾ ਹੈ । ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਨੀਵੀਂ ਅੱਖ ਨਾਲ ਦੇਖਿਆ ਜਾਂਦਾ ਹੈ । ਔਰਤ ਨੂੰ ਨੀਵੀਂ ਥਾਂ ਤੇ ਸ਼ੁਸ਼ੋਬਿਤ ਕਰਨ ਕਰਕੇ ਸਮਾਜ ਵਿੱਚ ਅਨੇਕਾਂ ਬੁਰਾਈਆਂ ਜਨਮ ਲੈਂਦੀਆਂ ਹਨ । ਉਸ ਦੀਆਂ ਰਚਨਾਵਾਂ ਤੋਂ ਪ੍ਰਭਾਵਿਤ ਹੋ ਕੇ ਉਸ ਬਾਰੇ ਗੁਰਇੱਕਬਾਲ ਸਿੰਘ ਲਿਖਦੇ ਹਨ :- "ਜਿੰਦਗੀ ਦੀਆਂ ਹਕੀਕਤਾਂ ਦੇ ਪਸਮੰਜ਼ਰ ਵਿੱਚ ਉਹ ਇੱਕਲੀਕਾਰੀ ਵਿੱਚਰਦੀ ਸਾਹਿਤ ਦੇ ਮੁੱਖ ਨਿਸ਼ਾਨੇ ਦੀ ਨਿਸ਼ਾਨਦੇਹੀ ਕਰਦੀ ਹੈ। ਜਿਸ ਵਿੱਚ ਇੱਕ ਪਾਸੇ ਸੁਪਨੀਲੀ ਸਤਰੰਗੀ ਹੁਲਾਰੇਦਾਰ ਰੇਸ਼ਮ ਵਰਗੀ ਸੁਹਲ-ਸੁਬਕ ਸਿਰਜਣਾ ਦਾ ਦਾਇਰਾ ਹੈ ਤੇ ਦੂਜੇ ਪਾਸੇ ਕਰੁੱਖਤ ਤੇ ਜੀਵਨ ਦੇ ਸੱਚ ਦਾ ਦਾਇਰਾ ਹੈ, ਇਹ ਕਸਵੱਟੀ ਸ਼ਾਇਰਾ ਦੀ ਸ਼ਾਇਰੀ ਦਾ ਧਰਾਤਲ ਨਿਸ਼ਚਿਤ ਕਰਦੀ ਹੈ ਕਿ ਉਹ ਮੌਜੂਦਾ ਵਰਤਾਰੇ ਵਿੱਚ ਕਿਹੜੇ ਪਾਸੇ ਦੀ ਹੈ।"[3] ਇੰਦਰਜੀਤ ਕੌਰ ਸਿੱਧੂ ਦੀ ਕਲਮ ਯਾਤਰਾ ਦਾ ਜ਼ਿਕਰ ਕਰਦੇ ਹੋਏ ਉਸ ਦੇ ਦੋ ਕਾਵਿ-ਸੰਗ੍ਰਹਿ 'ਮਰਿਯਾਦਾ' ਅਤੇ 'ਬਣਵਾਸ ਤੋਂ ਬਣਵਾਸ ਤੱਕ' ਦਾ ਅਧਿਐਨ ਕੀਤਾ ਗਿਆ ਹੈ ਜਿਸ ਵਿੱਚ ਕਵਿੱਤਰੀ ਨੇ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੀ ਹੋਈ ਔਰਤ ਦੀ ਦੁਰਦਸ਼ਾ ਪੇਸ਼ ਕਰਨ ਦੇ ਨਾਲ-ਨਾਲ, ਆਜ਼ਾਦ ਮਾਹੌਲ ਵਿੱਚ ਆ ਕੇ ਬਦਲੀ ਹੋਈ ਔਰਤ ਦਾ ਰੂਪ ਵੀ ਪੇਸ਼ ਕੀਤਾ ਹੈ ।ਇੰਦਰਜੀਤ ਕੌਰ ਸਿੱਧੂ ਦਾ ਕਾਵਿ-ਸੰਗ੍ਰਹਿ 'ਮਰਿਯਾਦਾ' ਨਾਰੀ ਦੇ ਸੰਘਰਸ਼ ਦੀ ਕਹਾਣੀ ਪੇਸ਼ ਕਰਦਾ ਹੋਇਆ ਨਾਰੀ ਵਿੱਚ ਆਈ ਚੇਤਨਾ ਦਾ ਪ੍ਰਗਟਾਅ ਵੀ ਕਰ ਰਿਹਾ ਹੈ । ਇਹ ਕਾਵਿ-ਸੰਗ੍ਰਿਹ 2014 ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਕੁੱਲ ਮਿਲਾ ਕੇ 32 ਕਵਿਤਾਵਾਂ ਹਨ ਜੋ ਨਾਰੀ ਸਰੋਕਾਰਾਂ ਨਾਲ ਹੀ ਸੰਬੰਧ ਰੱਖਦੀਆਂ ਹਨ। ਕਾਵਿ-ਸ੍ਰੰਗਹਿ 'ਮਰਿਯਾਦਾ' ਦੀ ਭੂਮਿਕਾ ਵਿੱਚ ਬੁੱਧ ਸਿੰਘ ਨੀਲੋਂ ਲਿਖਦੇ ਹਨ, "ਇੰਦਰਜੀਤ ਕੌਰ ਸਿੱਧੂ ਦਾ ਕਾਵਿ-ਸ੍ਰੰਗਹਿ 'ਮਰਿਯਾਦਾ' ਦਾ ਮੁੱਖ ਕੇਂਦਰੀ ਧੁਰਾ ਨਾਰੀ ਹੈ, ਉਹ ਨਾਰੀ ਜਿਹੜੀ ਆਧੁਨਿਕ ਦੌਰ ਵਿੱਚ ਆਪਣੀ ਵੱਖਰੀ ਹੋਂਦ ਦੀ ਤਲਾਸ਼ ਵਿੱਚ ਹੈ-----।ਜਿੱਥੇ ਔਰਤ ਦੇ ਜੰਮਣ ਤੋਂ ਪਹਿਲਾਂ ਹੀ ਮਰਿਯਾਦਾ ਦੀਆਂ ਬੇੜੀਆਂ ਪੈ ਜਾਣ, ਸੁਪਨਿਆਂ ਦੇ ਖੰਭ ਕੱਟੇ ਜਾਣ, ਦਾਦੀ/ ਨਾਨੀ ਦੀ ਤਿਊੜੀ ਨੇ ਸਾਰੀ ਉਮਰ ਪਿੱਛਾ ਕਰਨਾ, ਜੀਭ ਦਾ ਠਾਕੇ ਜਾਣਾ, ਪਤੀ ਨੂੰ ਪ੍ਰਮੇਸ਼ਰ ਮੰਨ ਕੇ ਉਸ ਦੀ ਪੂਜਾ ਕਰਨੀ। ਔਰਤ ਦੀ ਹੋਣੀ ਬਣ ਗਿਆ। ਇੰਦਰਜੀਤ ਕੌਰ ਸਿੱਧੂ ਆਪਣੀ ਕਵਿਤਾ ਦੇ ਰਾਹੀਂ ਨਾਰੀ ਦੀ ਤਰਾਸਦੀ ਨੂੰ ਇਤਿਹਾਸ ਵਾਂਗ ਰਚਦੀ ਹੈ।"[4]

ਸਮਾਜ ਵਿੱਚ ਜੋ ਸੱਭਿਆਚਾਰਕ ਵਰਤਾਰਾ ਸ਼ੁਰੂ ਤੋਂ ਚੱਲਿਆ ਆ ਰਿਹਾ ਹੈ। ਉਸ ਕਾਰਨ ਔਰਤ ਨੂੰ ਮਰਿਯਾਦਾ ਵਿੱਚ ਰਹਿ ਕੇ ਵਿੱਚਰਨਾ ਪੈਂਦਾ ਹੈ। ਇਹ ਸੰਸਕਾਰਾਂ ਦੀਆਂ ਵਲਗਣਾਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਭਾਰਤੀ ਨਾਰੀ ਦੀਆਂ ਸੱਭਿਆਚਾਰਕ

ਕਦਰਾਂ-ਕੀਮਤਾਂ ਵਿੱਚ ਸਹਿਨਸ਼ੀਲਤਾ ਦਾ ਸੰਕਲਪ ਵਿਸ਼ਵ ਪੱਧਰ ਤੇ ਉੱਭਰੇ ਸਰੋਕਾਰਾਂ ਦੇ ਸਨਮੁੱਖ ਇੱਕ ਪ੍ਰਤਿਮਾਨ ਸਿਰਜਦਾ ਹੈ। ਪਰੰਪਰਾ ਵਿੱਚ ਘਿਰੀ ਔਰਤ ਰੀਤੀ-ਰਿਵਾਜ਼ਾਂ ਨੂੰ ਨਿਭਾਉਣ ਲਈ ਮਜ਼ਬੂਰ ਪਰੰਪਰਾਗਤ ਕਦਰਾਂ-ਕੀਮਤਾਂ ਕਰਕੇ ਉਹ ਸਿਰਫ਼ ਸਹਿਣ ਸ਼ਕਤੀ ਹੀ ਕਾਇਮ ਰੱਖਦੀ ਹੈ। ਇੰਦਰਜੀਤ ਕੌਰ ਸਿੱਧੂ ਪਰੰਪਰਾ ਅਤੇ ਮਰਿਯਾਦਾ ਦਾ ਜ਼ਿਕਰ ਕਰਦੀ ਹੋਈ ਕਾਵਿ-ਸੰਗ੍ਰਹਿ ਦੀ ਪਹਿਲੀ ਕਵਿਤਾ 'ਮਰਿਯਾਦਾ' ਵਿੱਚ ਲਿਖਦੀ ਹੈ ਕਿ:-

" ਮੇਰੇ ਜਨਮੋਂ ਪਹਿਲਾਂ
ਮਰਿਯਾਦਾ
ਆਪਣੇ ਖੰਭ ਖਿਲਾਰੀ
ਮੇਰੀ ਹੋਂਦ
ਅਣਹੋਂਦ
ਖੁਸ਼ੀ ਗ਼ਮੀ
ਹਾਸੇ ਹਉਕੇ
ਸਭ ਉੱਤੇ ਹਾਵੀ ਹੋ ਗਈ
ਮੇਰੀ ਹੋਂਦ
ਸਹਿਮੀ ਤੇ ਸਿਮਟ ਗਈ। "[5]

ਇੰਦਰਜੀਤ ਕੌਰ ਸਿੱਧੂ ਦਾ ਔਰਤ ਬਾਰੇ ਜ਼ਿਕਰ ਕਰਦੀ ਹੋਈ ਕਾਵਿ ਨਾ ਕਿ ਜਦੋਂ ਔਰਤ ਜੰਮਦੀ ਹੈ ਤਾਂ ਪਰੰਪਰਾ ਤੇ ਮਰਿਯਾਦਾਵਾਂ ਪਹਿਲਾਂ ਹੀ ਸਥਿਤ ਹੁੰਦੀਆਂ ਹਨ ਔਰਤ ਦੇ ਜਨਮ ਨਾਲ ਪਰੰਪਰਾ ਸ਼ੁਰੂ ਤੋਂ ਹੀ ਅੱਗੇ-ਪਿੱਛੇ ਰਹਿੰਦੀ ਹੈ ਉਹ ਜਿਸ ਪਰੰਪਰਾ ਵਿੱਚ ਜੰਮਦੀ ਹੈ ਉਸ ਵਿੱਚ ਹੀ ਪਲਮਦੀ ਹੈ ਇਹ ਪਰੰਪਰਾ ਕਿਸੇ ਵੀ ਔਰਤ ਨੂੰ ਮਰਜ਼ੀ ਮੁਤਾਬਕ ਹੱਸਣ, ਦੁਖੀ ਹੋਣ ਤੇ ਖੁਸ਼ੀ-ਮਲ੍ਹਾਰਾਂ ਦੀ ਖੁੱਲ ਨਹੀਂ ਦਿੰਦੀ।ਔਰਤ ਦੀ ਹੋਂਦ ਮਰਿਯਾਦਾ ਅੱਗੇ ਥੋੜ੍ਹੀ ਹੋ ਕੇ ਰਹਿ ਜਾਂਦੀ ਹੈ।ਸਮਾਜ ਵਿੱਚ ਪਿਛਲੇ ਸਮੇਂ ਤੋਂ ਚੱਲੀ ਆਈ ਮਰਿਯਾਦਾ ਅੱਗੇ ਔਰਤ ਨਿਵ ਕੇ ਰਹਿ ਜਾਂਦੀ ਹੈ। ਸੱਭਿਆਚਾਰਕ ਮਾਹੌਲ ਵਿੱਚ ਵਿੱਚਰਦੇ ਹੋਏ ਔਰਤ ਨੂੰ ਪੀੜੀ-ਦਰ-ਪੀੜੀ ਚੱਲੀ ਆਉਂਦੀ ਮਰਿਯਾਦਾ ਅਨੁਸਾਰ ਹੀ ਵਿੱਚਰਨਾ ਪੈਂਦਾ ਹੈ। ਮਰਿਯਾਦਾ ਦੇ ਬਣਾਏ ਹੋਏ ਅਸੂਲਾਂ ਨੂੰ ਔਰਤ ਕਿਸੇ ਵੀ ਹਾਲਤ ਵਿੱਚ ਤੋੜ ਨਹੀਂ ਸਕਦੀ। ਇੰਦਰਜੀਤ ਕੌਰ ਸਿੱਧੂ ਮਰਿਯਾਦਾ ਅਤੇ ਸੰਸਕਾਰਾਂ ਦਾ ਜ਼ਿਕਰ ਕਰਦੀ ਹੋਈ ਪਰੰਪਰਾਗਤ ਔਰਤ ਦੀ ਸਥਿਤੀ ਦਾ ਵਰਣਨ ਕਰਦੀ ਹੈ:-

"ਔਰਤ ਦਹਿਲੀਜ਼ ਦੇ ਅੰਦਰ ਬਾਹਰ
ਸਰਾਪੀ ਗਈ/
ਦਰਵਾਜ਼ੇ ਅੱਗੇ
ਮਰਿਯਾਦਾ ਦਾ ਜਿੰਦਰਾ
ਜੁ ਵੱਜਾ ਸੀ।

-------------

ਸਮੇਂ ਦੀ ਔਰਤ ਨੇ
ਆਪਣੀ ਔਲਾਦ ਨੂੰ
ਮਰਿਯਾਦਾ ਦੀ ਗੁੜ੍ਹਤੀ
ਦੇਣੀ ਚਾਹੀ

ਤਾਂ ਮੌਡਰਨ
ਧੀ ਪੁੱਤ ਨੇ ----
ਖਿੱਲੀ ਉਡਾਈ
ਪਰੰਪਰਾ ਦੀ
ਮਰਿਯਾਦਾ ਦੀ ।"[6]

ਮਰਿਯਾਦਾ ਵਿੱਚ ਬੱਝੀ ਹੋਈ ਔਰਤ ਘਰ ਤੋਂ ਬਾਹਰ ਨਿਕਲਣ ਲਈ ਮਜ਼ਬੂਰ ਹੈ। ਰੀਤੀ-ਰਿਵਾਜਾਂ ਨੇ ਉਸ ਨੂੰ ਬੰਨਿਆ ਹੋਇਆ ਹੈ।ਸੱਭਿਆਚਾਰਕ ਪ੍ਰਬੰਧ ਕਰਕੇ ਉਸ ਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਹੌਲੀ-ਹੌਲੀ ਸਮਾਂ ਬਦਲ ਜਾਂਦਾ ਹੈ ਸਦੀਆਂ ਲੰਘ ਜਾਂਦੀਆਂ ਹਨ। ਔਰਤ ਆਪਣੇ ਨਾਲ ਹੋਈ ਮਾੜੀ ਸਥਿਤੀ ਬੰਦਿਸ਼ਾਂ ਦੀ ਕਹਾਣੀ ਭੁੱਲ ਜਾਂਦੀ ਹੈ ਅਤੇ ਜੋ ਉਸ ਨਾਲ ਹੋਇਆ ਉਸੇ ਤਰ੍ਹਾਂ ਉਹ ਵੀ ਅਗਾਂਹ ਆਪਣੇ ਹੋਣ ਵਾਲੇ ਬੱਚਿਆਂ ਨੂੰ ਪਰੰਪਰਾ ਦੀਆਂ ਗੱਲਾਂ ਸਿਖਾਉਣ ਲੱਗਦੀ ਹੈ ਤਾਂ ਜਮਾਨੇ ਦੀ ਹਵਾ ਨਾਲ ਪੈਰ ਨਾਲ ਪੈਰ ਮਿਲਾ ਕੇ ਚੱਲਣ ਵਾਲੇ ਧੀ-ਪੁੱਤ ਉਸ ਮਰਿਯਾਦਾ ਸ਼ਬਦ ਦਾ ਮਜਾਕ ਉਡਾਉਂਦੇ ਹਨ,ਕਿਉਂ ਜੋ ਉਹ ਬੰਧਨਾਂ ਵਿੱਚ ਬੱਧ ਕੇ ਨਹੀਂ ਰਹਿਣਾ ਚਾਹੁੰਦੇ।ਇੰਦਰਜੀਤ ਕੌਰ ਸਿੱਧੂ ਸਿਰਫ਼ ਅੱਜ ਦੇ ਆਜ਼ਾਦ ਸਮੇਂ ਦੀ ਹੀ ਗੱਲ ਨਹੀਂ ਕਰ ਰਹੀ ਉਹ ਤਾਂ ਉਸ ਯੁੱਗ ਦੀ ਗੱਲ ਕਰ ਰਹੀ ਹੈ, ਜੋ ਔਰਤ ਦੇ ਅੰਦਰ ਜੰਮ ਕੇ ਰਹਿ ਗਿਆ ਹੈ, ਜੋ ਸਦੀਆਂ ਤੋਂ ਉਸ ਦੇ ਅੰਦਰ ਦਫ਼ਨ ਹੈ। ਕੋਈ ਵੀ ਰਾਜਨੀਤਿਕ ਪਾਰਟੀ, ਉਸਨੂੰ ਇਸ ਕਬਰ ਤੋਂ ਆਜ਼ਾਦ ਕਰਨ ਦੀ ਹਿੰਮਤ ਨਹੀਂ ਰੱਖਦੀ। ਕਵਿਤਾਵਾਂ ਵਿੱਚ ਉਹ ਦੱਸਣ ਦੀ ਕੋਸ਼ਿਸ ਕਰਦੀ ਹੈ ਕਿ ਔਰਤ ਆਜ਼ਾਦ ਹੈ, ਪਰ ਇਹ ਸਿਰਫ਼ ਲੋਕਾਂ ਦਾ ਇੱਕ ਭਰਮ ਹੀ ਹੈ ਆਜ਼ਾਦੀ ਦੇ ਨਾਂ ਥੱਲੇ ਮਰਦ ਵੱਲੋਂ ਉਸ ਨੂੰ ਖੂਬ ਖਿੱਚਿਆ ਕੱਸਿਆ ਜਾਂਦਾ ਹੈ । ਸਿਰਫ਼ ਇੱਕ ਗੱਲ ਔਰਤ ਨੂੰ ਪਤਾ ਹੈ ਕਿ ਉਹ ਆਜ਼ਾਦ ਹੈ ਪਰ ਅੰਦਰਲੀ ਗੱਲ, ਮਰਦ ਦੀ ਨੀਅਤ ਦਾ ਉਸ ਨੂੰ ਜ਼ਰਾ ਵੀ ਖਿਆਲ ਨਹੀਂ ਕਿ ਮਰਦ ਉਸ ਨੂੰ ਦਬਾਉਂਦਾ ਆਇਆ ਹੈ :-

"ਝੂਠ ਆਖਦੀ ਏਂ ਤੂੰ
ਤੂੰ ਆਜ਼ਾਦ ਹੈਂ
ਤੂੰ ਰਹਿ ਸਕਦੀ ਹੈਂ
ਮਰਦ ਤੋਂ ਬਿਨਾਂ
ਪੁੱਤ, ਪਤੀ, ਪਿਓ ਤੋਂ ਬਿਨਾਂ
ਤੇਰਾ ਸੰਸਾਰ ਪੂਰਾ ਹੈ -
ਝੂਠ ਬੋਲਦੀ ਏਂ ਤੂੰ ---- ।"[7]

ਔਰਤ ਹੀ ਮਰਦ ਤੋਂ ਬਿਨਾਂ ਰਹਿ ਨਹੀਂ ਸਕਦੀ। ਉਹ ਮਰਦ ਦੀਆਂ ਮਿੱਠੀਆਂ ਗੱਲਾਂ ਵਿੱਚ ਆ ਜਾਂਦੀ ਹੈ ਅਤੇ ਮਰਦ ਉਸ ਨੂੰ ਭੋਲੀ ਤੇ ਸਿੱਧੀ ਬਣਾ ਲੈਂਦਾ ਹੈ ਤੇ ਔਰਤ ਖੁਦ ਨੂੰ ਅਹਿਸਾਸ ਕਰਵਾ ਦਿੰਦੀ ਹੈ ਕਿ ਉਹ ਮਰਦ ਤੋਂ ਬਿਨਾਂ ਨਹੀਂ ਰਹਿ ਸਕਦੀ। ਜਦ ਔਰਤ ਸਹਾਰੇ ਹੀ ਮਰਦ ਦੇ ਚੱਲਦੀ ਹੈ ਤਾਂ ਕਿਵੇਂ ਕਹਿ ਸਕਦੀ ਹੈ ਉਹ ਆਜ਼ਾਦ ਹੈ? ਔਰਤ ਨੂੰ ਤਾਂ ਇੱਕ ਲੜੀ ਵਿੱਚ ਬੱਝ ਕੇ ਹੀ ਰਹਿਣਾ ਪੈਂਦਾ ਹੈ ਚਾਹੇ ਉਹ ਮਜ਼ਬੂਰੀ ਨਾਲ ਬੰਨੀ ਗਈ ਮਾਪਿਆਂ ਵੱਲੋਂ ਜਾਂ ਪਿਆਰ ਦੇ ਤਰੀਕੇ ਨਾਲ ਆਪਣੇ ਵੱਲ ਨੂੰ ਹੋੜੀ ... ਪਤੀ ਵੱਲੋਂ। ਔਰਤ ਦਾ ਆਪਣਾ ਵੀ ਕੋਈ ਵਜੂਦ, ਕੋਈ ਹਸਤੀ ਹੈ, ਉਸ ਦੀਆਂ ਵੀ ਦਿਲੀ ਭਾਵਨਾਵਾਂ ਹਨ। ਫਿਰ ਉਸ ਨਾਲ ਐਨਾ ਵਿਤਕਰਾ ਕਿਉਂ? ਔਰਤ ਦੇ ਵਜੂਦ ਨੂੰ ਇਸ ਮਰਦ ਪ੍ਰਧਾਨ ਸਮਾਜ ਵਿੱਚ ਖੇਰੂੰ-ਖੇਰੂੰ ਕੀਤਾ ਜਾਂਦਾ ਹੈ। ਇੰਦਰਜੀਤ ਕੌਰ ਸਿੱਧੂ ਸਮਾਜ ਵਿੱਚ ਵਾਪਰ ਰਹੀਆਂ ਔਰਤ ਉੱਪਰ ਤਸ਼ਦੱਦ ਦੀਆਂ ਕਹਾਣੀਆਂ ਨੂੰ ਕਵਿਤਾ ਦਾ ਰੂਪ ਦੇ ਕੇ ਉਹਨਾਂ ਦਰਿੰਦਿਆਂ ਨੂੰ ਨੰਗਾ ਕਰਨ ਦੀ ਕੋਸ਼ਿਸ ਕਰਦੀ ਹੈ, ਜੋ ਸਮਾਜਕ ਕਦਰਾਂ-ਕੀਮਤਾਂ ਤੇ ਨੀਤੀਆਂ ਦਾ ਦਰਉਪਯੋਗ ਕਰਦੇ ਹਨ। ਦਿੱਲੀ ਰੇਪ ਕੇਸ ਨੂੰ ਸਮਰਪਿਤ ਇੰਦਰਜੀਤ ਕੌਰ ਸਿੱਧੂ ਦੀ ਕਵਿਤਾ 'ਨੀ ਮਾਂ' ਵਿੱਚ ਸਮਾਜ ਦੇ ਬਦਲ ਰਹੇ ਵਤੀਰੇ ਤੇ ਲੋਕਾਂ ਵਿੱਚੋਂ ਮਰ ਚੁੱਕੀ ਇਨਸਾਨੀਅਤ ਦੀ ਜ਼ਿਕਰ ਕਰਦੀ ਹੋਈ, ਉਹ ਸਮਾਜ ਵਿੱਚਲੀ ਨਾਰੀ ਦੀ ਹੋਂਦ ਨੂੰ ਨਾਜ਼ੁਕ ਦੱਸਦੀ ਹੈ-

"ਨੀ ਮਾਂ

ਤੇਰੀ ਆਟੇ ਦੀ ਚਿੜੀ

ਧੁੱਪਾਂ 'ਚ ਸੜ ਗਈ

ਛਾਵਾਂ 'ਚ ਠਰ ਗਈ

ਰੁੱਖ ਵੀ ਨਾ ਕਰਦੇ ਛਾਂ

ਆਟੇ ਦੀਆਂ ਚਿੜੀਆਂ

ਬਨੇਰੇ ਤੇ ਧਰੀਆਂ

ਖਾਂਦੇ ਨੇ ਕੁੱਤੇ ਤੇ ਕਾਂ।"[8]

ਇੰਦਰਜੀਤ ਕੌਰ ਸਿੱਧੂ, ਉਸ ਨਾਰੀ ਦਾ ਜ਼ਿਕਰ ਕਰ ਰਹੀ ਹੈ , ਜੋ ਸਮਾਜ ਵਿੱਚ ਦੁਰਦਸ਼ਾ ਦੀ ਸ਼ਿਕਾਰ ਹੋ ਕੇ ਵਿੱਚਰ ਰਹੀ ਹੈ ਚਾਹੇ ਉਹ ਕਿਸੇ ਵੀ ਰੂਪ ਵਿੱਚ ਹੋਵੇ ਮਾਂ, ਭੈਣ, ਪਤਨੀ, ਕੋਈ ਵੀ ਹੋਵੇ ਉਸ ਦੀ ਗੱਲ ਕਰਦੀ ਹੈ ਕਿ ਸਮਾਜ ਵਿੱਚ ਭੈੜੀ ਨੀਅਤ ਵਾਲੇ ਵਿੱਚਰ ਰਹੇ ਮਰਦ ਉਸ ਉੱਪਰ ਗੰਦੀ ਨਜ਼ਰ ਰੱਖਦੇ ਹਨ। ਉਹ ਆਪਣੇ ਆਪ ਨੂੰ ਬਚਾ ਕੇ ਕਿੱਥੇ ਲੁਕਾ ਕੇ ਰੱਖੇ ਕਿ ਮੈਲੀਆਂ ਨਜ਼ਰਾਂ ਦੀ ਉਹ ਸ਼ਿਕਾਰ ਨਾ ਹੋ ਸਕੇ। ਇੰਦਰਜੀਤ ਕੌਰ ਸਿੱਧੂ ਬੁਰੀ ਨਜ਼ਰ ਵਾਲੇ ਮਰਦਾਂ ਨੂੰ ਚੂਹਿਆਂ, ਕਾਂ, ਕੁੱਤਿਆਂ ਦੇ ਰੂਪ ਵਿੱਚ ਕਵਿਤਾ ਵਿੱਚ ਪੇਸ਼ ਕਰਦੀ ਹੈ ।ਇਹ ਸਮਾਜ ਅੰਦਰੋਂ ਖੋਖਲਾ ਹੈ। ਔਰਤ ਦੀ ਸਮਾਜ ਵਿੱਚ ਕੋਈ ਹੈਸੀਅਤ ਨਹੀਂ ,ਉਸ ਨੂੰ ਸਮਾਜ ਵਿੱਚ ਮਾਮੂਲੀ ਵਸਤੂ ਸਮਝਿਆ ਜਾਂਦਾ ਹੈ। ਕਵਿੱਤਰੀ ਸਮਾਜ ਵਿੱਚਲੀ ਨਾਰੀ ਨੂੰ ਇੱਕ ਚਿੜੀ ਦੇ ਰੂਪ ਵਿੱਚ ਬਿਆਨ ਕਰਦੀ ਹੈ। ਨਾਰੀ ਇਹਨਾਂ ਬੁਰੀਆਂ ਪਰਸਥਿਤੀਆਂ ਦਾ ਸ਼ਿਕਾਰ ਕਦਮ-ਕਦਮ ਤੇ ਹੁੰਦੀ ਹੀ ਜਾਂਦੀ ਹੈ।ਸਮਾਜ ਵਿੱਚਲੇ ਬਹੁਤ ਘੱਟ ਮਰਦ ਨਾਰੀ ਦਾ ਸਹਾਰਾ ਬਣਦੇ ਹਨ । ਨਾਰੀ ਨੂੰ ਮਰਦ ਵੱਲੋਂ ਕਮਜ਼ੋਰ ਜਾਣ ਕੇ ਉਸ ਦੀ ਮਜ਼ਬੂਰੀ ਦਾ ਫ਼ਾਇਦਾ ਉਠਾਇਆ ਜਾਂਦਾ ਹੈ। ਨਾਰੀ ਵੀ ਕਮਜ਼ੋਰ ਹੋਣ ਕਰਕੇ ਹਰ ਸਥਿਤੀ ਅੱਗੇ ਛੇਤੀ ਹੀ ਅੱਥਰੂ ਵਹਾ ਛੱਡਦੀ ਹੈ। ਮਰਦ ਉਸ ਦੀ ਕਮਜ਼ੋਰੀ ਭਾਪ ਲੈਂਦਾ ਹੈ।ਮਰਦ ਵੱਲੋਂ ਔਰਤ ਨਾਲ ਹਰ ਖੇਤਰ ਵਿੱਚ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਮਰਦ ਔਰਤ ਨੂੰ ਗ਼ੁਲਾਮੀ ਦੀਆਂ ਐਸੀਆਂ ਜ਼ੰਜ਼ੀਰਾਂ ਵਿੱਚ ਬੰਨ ਲੈਂਦਾ ਹੈ ਕਿ ਔਰਤ ਦਾ ਉਹਨਾਂ ਜ਼ੰਜ਼ੀਰਾਂ ਤੋਂ ਖਹਿੜਾ ਛੁਡਾਉਣਾ ਔਖਾ ਹੋ ਜਾਂਦਾ ਹੈ। ਇੰਦਰਜੀਤ ਕੌਰ ਸਿੱਧੂ ਸਮਾਜ ਵਿੱਚ ਵਿੱਚਰ ਰਹੀ ਨਾਰੀ ਦੀ ਉਸ ਬੁਰੀ ਸਥਿਤੀ ਦਾ ਵਰਣਨ ਕਰਦੀ ਹੈ ਜਿੱਥੇ ਸਮਾਜ ਵਿੱਚਲੇ ਮਰਦਾਂ ਵੱਲੋਂ ਔਰਤ ਦੀ ਕੀਤੀ ਜਾਂਦੀ ਬੇਪਰਤੀਤੀ ਦਾ ਜ਼ਿਕਰ ਮਿਲਦਾ ਹੈ। ਔਰਤ ਦੀ ਦਸ਼ਾ ਤੇ ਦਿਸ਼ਾ ਲਈ ਮਰਦ ਪ੍ਰਧਾਨ ਸਮਾਜ ਹੀ ਜ਼ਿੰਮੇਵਾਰ ਹੈ :-

"ਮੈਂ ਸਾਰੀ ਹਯਾਤੀ

ਸਿਰ ਸੁੱਟ

ਤੇਰੀਆਂ ਰੋਟੀਆਂ ਹੀ

ਥੱਪਦੀ ਰਹੀ

ਤੇ ਆਪਣੀ ਹੋਂਦ

ਘਿਉ ਨਾਲ

ਚੋਪੜ ਚੋਪੜ

ਤੈਨੂੰ ਪਰੋਸਦੀ ਰਹੀ।"[9]

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਔਰਤ ਦੀ ਤਰਸਮਈ ਸਥਿਤੀ ਨੂੰ ਬਿਆਨ ਕਰਦੀ ਹੈ ਕਿ ਔਰਤ ਸਾਰੀ ਉਮਰ ਘਰ ਦਾ ਕਾਰਜ ਸੰਭਾਲਦੀ ਹੈ ਅਤੇ ਨੀਵੀਂ ਹੋ ਕੇ ਚੱਲਦੀ ਹੈ। ਪਤੀ ਨੂੰ ਪ੍ਰਮੇਸ਼ਵਰ ਮੰਨਦੀ ਹੈ ।ਜੋ ਅਪਣੱਤ ਔਰਤ ਪਾਸ ਹੁੰਦੀ ਹੈ ਉਹ ਪਤੀ ਅੱਗੇ ਨਿਛਾਵਰ ਕਰਦੀ ਹੈ ਪਰ ਕੀ ਮਰਦ ਇਸ ਕੁਰਬਾਨੀ ਨੂੰ ਜਾਣ ਪਾਉਂਦਾ ਹੈ। ਕੀ ਉਹ ਕਦਰ ਕਰਦਾ ਹੈ ਘਰੇਲੂ ਨਾਰੀ ਦੀ? ਉਹ ਨਾਰੀਆਂ ਜੋ ਸਿਰਫ਼ ਚੁੱਲ੍ਹੇ-ਚੌਕੇ ਤੱਕ ਹੀ ਸੀਮਤ ਨਹੀਂ ਜੋ ਨੌਕਰੀਆਂ ਕਰਦੀਆਂ ਹਨ, ਉਹਨਾਂ ਦੀ ਬੇਕਦਰੀ ਵੀ ਹੁੰਦੀ ਆਈ ਹੈ। ਇੰਦਰਜੀਤ ਕੌਰ ਸਿੱਧੂ ਦੀ ਅਨੁਭੂਤੀ ਵਿੱਚ ਜ਼ਜਬ ਇਹ ਦੂਹਰਾ ਸੰਤਾਪ ਹੀ ਉਸ ਦੀ ਸਮੁੱਚੀ ਹੀ ਕਾਵਿ-ਸਾਧਨਾ ਵਿੱਚ ਨਜ਼ਰ ਆ ਰਿਹਾ ਹੈ। ਇੱਕ ਪਾਸੇ ਤਾਂ ਉਹ ਬਾਪ ਦੇ ਘਰ ਪਰਿਵਾਰ ਦੀ ਪਰੰਪਰਕ ਮਰਿਯਾਦਾ ਵਿੱਚ ਦਫ਼ਨ ਹੋ ਰਹੀ ਔਰਤ ਦਾ ਵੇਰਵਾ ਦਿੰਦੀ ਹੈ ਅਤੇ ਦੂਜੇ ਪਾਸੇ ਮਹੁੱਬਤ ਦਾ ਤਾਜ-ਮਹੱਲ ਪਤੀ-ਘਰ ਦੇ ਮਰਿਯਾਦਕ ਬੰਧਨਾਂ ਤੇ ਕੈਦ ਵਿੱਚ ਸਰਾਪਿਆ ਜਾ ਰਿਹਾ ਹੈ। ਮਜ਼ਬੂਰੀ ਵੱਸ ਹੋ ਕੇ ਔਰਤ ਦੋਨਾਂ ਪਾਸਿਆਂ ਦੀ ਲਾਜ ਰੱਖਦੀ ਹੈ। ਪਰੰਪਰਾਗਤ ਕੀਮਤਾਂ ਦੇ ਬੰਧਨ ਵਿੱਚ ਬੱਝੀ ਹੋਈ ਉਸ ਨੂੰ ਦਿਲੋਂ ਪ੍ਰਵਾਨ ਨਾ ਕਰਦੀ ਹੋਈ ਸਰੀਰਕ ਰੂਪ ਵਿੱਚ ਕੈਦ ਹੰਢਾਉਂਦੀ ਹੈ :-

"ਰਿਸ਼ਤਾ
ਇਸ ਚੁਲ੍ਹੇ ਦੇ ਸੇਕ
ਤੋਂ ਤੁਰ
ਬਿਸਤਰੇ ਦੇ ਸੇਕ ਤਕ
ਕਦੇ ਧੁੱਖਦਾ ਰਿਹਾ
---------
ਬਿਸਤਰੇ ਤੋਂ
ਚੁਲ੍ਹੇ ਤੱਕ
ਚੁਲ੍ਹੇ ਤੋਂ
ਜੁਆਕਾਂ ਤਕ
ਤੇਰੀ ਪੁਸ਼ਤ ਤਕ
ਤੇਰੀ ਜਿਣਸ ਤਕ
ਮੈਂ ਭਟਕਦੀ ਰਹੀ, ਤੇਰੇ ਮਹਿਲ ਵਿੱਚ
ਆਪਣੀ ਸ਼ਨਾਖ਼ਤ ਭਾਲਦੀ।"[10]

ਇੰਦਰਜੀਤ ਸਿੱਧੂ ਕਾਵਿ ਰਾਹੀਂ ਬਿਆਨ ਕਰਦੀ ਹੈ ਕਿ ਮਰਦ ਦਾ ਜਨਾਨੀ ਨਾਲ ਰਿਸ਼ਤਾ ਸਿਰਫ਼ ਭੋਗ ਵਾਲਾ ਹੀ ਬਣ ਕੇ ਰਹਿ ਜਾਂਦਾ ਹੈ। ਉਸਦੀ ਹੋਂਦ ਇਤਨੀ ਸੁੰਘੜ ਜਾਂਦੀ ਹੈ ਕਿ ਉਹ ਘਰ ਤੱਕ ਹੀ ਸੀਮਤ ਹੋ ਕੇ ਚੁੱਲੇ ਦੇ ਕੰਮਾਂ-ਕਾਰਾਂ ਤੇ ਪਤੀ ਦੀ ਭੋਗ-ਵਿਲਾਸ ਦੀ ਵਸਤੂ ਹੋ ਨਿਬੜਦੀ ਹੈ। ਜੋ ਔਰਤ ਦੀ ਹਸਤੀ ਹੈ, ਸ਼ਖਸੀਅਤ ਹੈ, ਉਹ ਸ਼ਾਇਦ ਡੂੰਘਾਈ ਤੱਕ ਮਰਦ ਨੂੰ ਨਜ਼ਰ ਹੀ ਨਹੀਂ ਆਉਂਦੀ ।ਉਹ ਤਾਂ ਸਰੀਰਕ ਸੁੰਦਰਤਾ ਨੂੰ ਹੀ ਮਾਪੀ ਜਾ ਰਿਹਾ ਹੈ। ਔਰਤ ਦੇ ਮਨ ਦੀਆਂ ਪਰਤਾਂ ਤੇ ਗੁੰਝਲਾਂ ਤਾਂ ਉਸ ਨੇ ਕਦੇ ਵੀ ਖੋਲ੍ਹ ਕੇ ਦੇਖੀਆਂ ਹੀ ਨਹੀਂ।ਸਵੇਰ ਤੋਂ ਰਾਤ ਤੱਕ ਉਹ ਬਿਨਾਂ ਰੋਕ ਕੇ ਆਪਣੇ ਕਾਰਜ ਕਰਦੀ ਰਹਿੰਦੀ ਹੈ ਤੇ ਬੇਜ਼ੁਬਾਨ ਹੋ ਕੇ ਸਾਰਾ ਦਿਨ ਵਿੱਚਰਦੀ ਹੈ ਜਿਵੇਂ ਕੋਈ ਪੱਥਰ ਦਾ ਬੁੱਤ ਬਣ ਗਈ ਹੋਵੇ।ਪੀੜੀਆਂ ਬਦਲ ਗਈਆਂ ਪਰ ਔਰਤ ਦੀ ਸਥਿਤੀ ਨਹੀਂ ਬਦਲੀ। ਉਹ ਘਰੇਲੂ ਜੀਵਨ ਵਿੱਚ ਇੰਨੀ ਉਲਝ ਕੇ ਰਹਿ ਗਈ ਹੈ ਕਿ ਉਸ ਨੂੰ ਆਪਣੀ ਸ਼ਖਸੀਅਤ ਦੀ ਵੀ ਪਛਾਣ ਨਹੀਂ ਹੋ ਰਹੀ, ਕਿ ਉਹ ਕੀ ਹੈ ? ਉਹ ਕਮਜ਼ੋਰ ਅਬਲਾ ਬਣ ਕੇ ਹੀ ਰਹਿ ਗਈ ਹੈ। ਇਹ ਮਰਦ ਔਰਤ ਨੂੰ ਆਪਣੇ ਇਸ਼ਾਰਿਆਂ ਤੇ

ਨਚਾਈ ਜਾ ਰਿਹਾ ਹੈ। ਇੰਦਰਜੀਤ ਕੌਰ ਸਿੱਧੂ ਆਪਣੀ ਕਵਿਤਾ 'ਆਜ਼ਾਦੀ ਦਾ ਭਰਮ' ਵਿੱਚ ਲਿਖਦੀ ਹੈ ਕਿ ਜੇਕਰ ਔਰਤ ਸਜਦੀ ਸੰਵਰਦੀ ਦੀ ਵੀ ਹੈ ਤਾਂ ਮਰਦ ਲਈ ਹੀ। ਜੇਕਰ ਉਹ ਮਰਦ ਦੀ ਕੈਦ ਤੋਂ ਆਜ਼ਾਦ ਹੋ ਸਕੇਗੀ ਤਦ ਹੀ ਆਜ਼ਾਦੀ ਦੀ ਹੱਕਦਾਰ ਹੋਵੇਗੀ ਪਰ ਉਹ ਤਾਂ ਖ਼ੁਦ ਕਮਜ਼ੋਰ ਬਣ ਕੇ ਮਰਦ ਨੂੰ ਆਪਣੇ ਅੱਗੇ ਲਗਾ ਰਹੀ ਹੈ ਤੇ ਵਿੱਚਾਰੀ ਹੋਣ ਦਾ ਅਹਿਸਾਸ ਕਰਵਾ ਰਹੀ ਹੈ ਅਤੇ ਮਰਦ ਉਸਦੀ ਕਮਜ਼ੋਰੀ ਦਾ ਹੀ ਫ਼ਾਇਦਾ ਚੁੱਕ ਕੇ ਆਪਣੇ ਤਰੀਕੇ ਮੁਤਾਬਕ ਉਸ ਨੂੰ ਦਬਾਉਂਦਾ ਆ ਰਿਹਾ ਹੈ:-

"ਮਰਦ ਹੀ ਧਰੋਹਰ
ਬਹੁਤ ਛਾਤਰ ਹੈ
ਤੇਰਾ ਸਾਥੀ
ਪੂਰੀ ਪਲੈਨਿੰਗ ਨਾਲ
ਸਦੀਆਂ ਤੋਂ ਉਸ ਤੈਨੂੰ
ਗ਼ੁਲਾਮ ਰੱਖਿਆ ਹੈ
ਉਸ ਦਾ ਪੈਂਤੜਾ ਸਮਝ ਸਕਣਾ
ਤੇਰੇ ਵੱਸੋਂ ਬਾਹਰ----।"[11]

ਇੰਦਰਜੀਤ ਕੌਰ ਸਿੱਧੂ ਆਪਣੀ ਕਵਿਤਾ ਵਿੱਚ ਔਰਤ ਦੇ ਮਨ ਅੰਦਰ ਤੱਕ ਪਹੁੰਚ ਕੇ ਉਸ ਦੀ ਅੰਦਰੂਨੀ ਪੀੜਾ ਨੂੰ ਬਿਆਨ ਕਰ ਰਹੀ ਹੈ। ਔਰਤ ਮਰਦ ਦੇ ਮਾਨਸਕ ਦਾਅ ਪੇਚ ਸਮਝ ਨਹੀਂ ਸਕਦੀ। ਉਹ ਇੰਨੇ ਵਧੀਆ ਢੰਗ ਨਾਲ ਔਰਤ ਨੂੰ ਮੂਰਖ ਬਣਾਉਂਦਾ ਹੈ ਕਿ ਔਰਤ ਉਸ ਦੀ ਗ਼ੁਲਾਮ ਵੀ ਰਹੇ ਤੇ ਚੰਗੇ ਮਾੜੇ ਦਾ ਉਸ ਨੂੰ ਭੇਦ ਵੀ ਨਾ ਪਤਾ ਲੱਗੇ ਤੇ ਪਿਆਰ ਦੀ ਭਾਸ਼ਾ ਰਾਹੀਂ ਉਸ ਨੂੰ ਤਾਣੀ ਵਿੱਚ ਉਲਝਾ ਲੈਂਦਾ ਹੈ। ਔਰਤ ਮਰਦ ਦੇ ਮਨ ਦੀਆਂ ਚਾਲਾਕੀ ਨਾਲ ਭਰੀਆਂ ਡੂੰਘਾਈਆਂ ਜਾਣ ਨਹੀਂ ਪਾਉਂਦੀ । 'ਆਜ਼ਾਦੀ ਦਾ ਭਰਮ' ਕਵਿਤਾ ਵਿੱਚ ਹੀ ਇੰਦਰਜੀਤ ਕੌਰ ਸਿੱਧੂ ਬਿਆਨ ਕਰ ਰਹੀ ਹੈ ਕਿ ਔਰਤ ਨੂੰ ਹਾਲੇ ਆਪਣੀ ਆਜ਼ਾਦੀ ਦੇ ਸਹੀ ਅਰਥ ਅਸਲ ਵਿੱਚ ਸਮਝ ਨਹੀਂ ਆਏ। ਉਸਨੂੰ ਭਰਮ ਹੈ ਕਿ ਉਹ ਆਜ਼ਾਦ ਮਾਹੌਲ ਵਿੱਚ ਵਿੱਚਰ ਰਹੀ ਹੈ।ਉਹ ਕਿਉਂ ਭੁੱਲ ਰਹੀ ਹੈ ਕਿ ਤੂੰ ਜੱਗ-ਜਨਣੀ ਹੈ, ਤੇਰੇ ਤੋਂ ਹੀ ਦੁਨੀਆਂ ਦੀ ਸ਼ੁਰੂਆਤ ਹੁੰਦੀ ਹੈ।ਇੰਦਰਜੀਤ ਸਿੱਧੂ ਜੇਕਰ ਤੂੰ ਆਪਣੇ ਆਜ਼ਾਦੀ ਦੇ ਅਰਥ ਸਮਝਣੇ ਹਨ ਤਾਂ ਤੈਨੂੰ ਮਰਦ ਦੀਆਂ ਮਿੱਠੀਆਂ ਗੱਲਾਂ ਤੋਂ ਇਨਕਾਰੀ ਹੋਣਾ ਪਵੇਗਾ। ਜੇ ਤੂੰ ਪੈਲਾਂ ਵੀ ਪਾਉਂਦੀ ਏ ਤਾਂ ਮਰਦ ਲਈ ਹੀ ਪਾਉਂਦੀ ਹੈ ।ਉਸ ਨੂੰ ਰਿਝਾਉਣ ਲਈ ਸਭ ਕਾਰਜ ਕਰਦੀ ਹੈ। ਤੂੰ ਕੋਈ ਕੰਮ ਤਾਂ ਅਜਿਹਾ ਕਰ ਜਿਸ ਨਾਲ ਤੈਨੂੰ ਆਪਣੇ ਆਪ ਨੂੰ ਖੁਸ਼ੀ ਹੋਵੇ। ਤੇਰਾ ਮਾਨਸਿਕ ਵਤੀਰਾ ਬਦਲ ਜਾਵੇ ਤੇ ਤੈਨੂੰ ਸੋਝੀ ਆਉਣ ਲੱਗ ਪਵੇ।ਕਵਿੱਤਰੀ ਔਰਤ ਨੂੰ ਬਦਲਣ ਅਤੇ ਜ਼ਮਾਨੇ ਦੀ ਸੋਚ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣ ਲਈ ਕਹਿ ਰਹੀ ਹੈ ਕਿ ਤੂੰ ਸਮੁੱਚ ਹੋ ਕੇ ਸੋਚ ਰਹੀ ਹੈ ਤੂੰ ਸਿਰਫ਼ 'ਮੈਂ' ਤੱਕ ਸੀਮਤ ਹੋ ਕੇ ਸੋਚ ਆਪਣੀ ਹੋਂਦ ਦਾ ਹੁੰਗਾਰਾ ਭਰ, ਮਰਦ ਨੂੰ ਆਪਣੀ ਹਸਤੀ ਦਾ ਅਹਿਸਾਸ ਕਰਵਾ।ਆਜ਼ਾਦੀ ਤੇਰੇ ਲਈ ਕੋਈ ਸੌਖਾ ਕੰਮ ਨਹੀਂ, ਹਾਲੇ ਤਾਂ ਤੂੰ ਆਜ਼ਾਦੀ ਦੀ ਪਹਿਲੀ ਪੌੜੀ ਵੀ ਨਹੀਂ ਚੜ੍ਹੀ। ਇਹ ਸਿਰਫ਼ ਇੱਕ ਔਰਤ ਦੀ ਹੀ ਕਹਾਣੀ ਨਹੀਂ ਸਗੋਂ ਸਤਯੁਗ, ਤ੍ਰੇਤਾ ਯੁੱਗ,ਦੁਆਪੁਰ ਯੁੱਗ ਵਿੱਚਲੀਆਂ ਔਰਤਾਂ ਜੋ ਮਹਾਨ ਵੀ ਰਹੀਆਂ ਹਨ, ਉਹਨਾਂ ਨਾਲ ਵੀ ਇਵੇਂ ਹੀ ਹੁੰਦਾ ਆਇਆ ਹੈ। ਸੀਤਾ ਤੱਕ ਵੀ ਨਹੀਂ ਬਖ਼ਸੀ ਗਈ। ਇੰਦਰਜੀਤ ਕੌਰ ਸਿੱਧੂ ਆਪਣੀ ਕਵਿਤਾ 'ਚੁੱਪ' ਵਿੱਚ ਲਿਖ ਰਹੀ ਹੈ ਕਿ ਔਰਤਾਂ ਨੇ ਇੱਕ ਚੁੱਪ ਵੱਟੀ ਹੋਈ ਹੈ। ਜੇਕਰ ਭੁੱਲ-ਭੁਲੇਖੇ ਇੱਕ ਅੱਥਰੂ ਉਸ ਦੀ ਅੱਖ ਵਿੱਚੋਂ ਵਗ ਵੀ ਤੁਰਦਾ ਹੈ ਤਾਂ ਔਰਤਾਂ ਨੂੰ ਲੱਗਦਾ ਹੈ ਕਿ ਇਸ ਅੱਥਰੂ ਨਾਲ ਉਸ ਦੀ ਤੌਹੀਨ ਹੋ ਰਹੀ ਹੈ,ਕਿਉਂ ਹੁਣ ਤੱਕ ਉਸ ਦੇ ਦੁੱਖਾਂ ਨੂੰ ਕਿਸੇ ਨੇ ਮੁਕਾਉਣ ਦੀ ਹਿੰਮਤ ਨਹੀਂ ਕੀਤੀ। ਉਸ ਦੇ ਵਗਦੇ ਅੰਤਾਂ ਦੇ ਅੱਥਰੂਆਂ ਨੂੰ ਪੂੰਝਣ ਲਈ ਕੋਈ

ਅੱਗੇ ਨਹੀਂ ਆਇਆ। ਇਵੇਂ ਹੀ ਰੋਂਦੀ, ਦੱਬਦੀ, ਔਖੇ ਸਾਹ ਲੈਂਦੀ ਉਹ ਅੰਦਰੋਂ-ਅੰਦਰ ਘੁੱਟਦੀ ਗਈ। ਉਸ ਦਾ ਤਾਂ ਸਾਹ ਲੈਣਾ ਹੋਰ ਵੀ ਮੁਸ਼ਕਿਲ ਹੁੰਦਾ ਗਿਆ ਇਹ ਕੈਸੀ ਜ਼ਿੰਦਗੀ ਹੈ? ਜਿੱਥੇ ਹੋਰ ਰੋਜ਼ ਨਵੇਂ-ਨਵੇਂ ਮਹਾਂਭਾਰਤ ਸਿਰਜੇ ਤੇ ਹੰਢਾਏ ਜਾਂਦੇ ਹਨ। ਇਸੇ ਕਵਿਤਾ ਵਿੱਚ ਇੰਦਰਜੀਤ ਸਿੱਧੂ ਬਿਆਨ ਕਰ ਰਹੀ ਹੈ ਕਿ ਚਾਹੇ ਰਾਣੀ ਝਾਂਸੀ ਹੋਵੇ, ਚਾਹੇ ਗੰਧਾਰੀ ਜਾਂ ਸੀਤਾ ਹੋਵੇ, ਸਿਰਫ਼ ਉਹ ਸਭ ਆਪਣੇ ਨਾਂ ਦੇ ਬੋਝ ਥੱਲੇ ਦੱਬ ਕੇ ਰਹਿ ਗਈਆਂ ਹਨ ।ਉਹਨਾਂ ਦੀ ਆਜ਼ਾਦੀ ਦੀ ਬਾਰੇ ਗੱਲ ਕਰਦੀ ਹੋਈ ਕਵਿੱਤਰੀ ਲਿਖਦੀ ਹੈ:-

"ਕੁੰਤੀ, ਗੰਧਾਰੀ, ਸਤਿਆਵਤੀ
ਸੀਤਾ, ਸਵਿਤਰੀ, ਮਾਂ ਗੁਜਰੀ, ਮਾਈ ਭਾਗੋ, ਰਾਣੀ ਝਾਂਸੀ
ਸਭ ਆਪਣੇ ਆਪਣੇ
ਨਾਂ ਦੇ ਬੋਝ ਹੇਠਾਂ ਦੱਬ
ਗਈਆਂ ਹਨ
ਕਾਗ਼ਜ਼ੀ ਪਤਰੀ
ਜ਼ੁਬਾਨੀ ਕਲਾਮੀ।"[12]

ਇਤਿਹਾਸਕ ਨਾਰੀਆਂ ਨੇ ਵੀ ਆਪਣਾ ਪੂਰਾ ਧਰਮ ਨਿਭਾਇਆ, ਇਹਨਾਂ ਨੂੰ ਫਿਰ ਕਿੰਨੀ ਕੁ ਆਜ਼ਾਦੀ ਪ੍ਰਾਪਤ ਹੋਈ। ਕਹਿਣ ਨੂੰ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸੀਤਾ ਆਜ਼ਾਦ ਸੀ, ਪਤੀਬਰਤਾ ਸੀ ਪਰ ਰਾਮ ਜੀ ਚੌਦਾਂ ਸਾਲ ਆਪਣੇ ਨਾਲ ਹੀ ਬਨਵਾਸ ਕੱਟਣ ਲਈ ਉਸ ਨੂੰ ਜੰਗਲ-ਬੇਲਿਆਂ'ਚ ਲੈ ਗਏ, ਉਸਨੇ ਚੰਗੀ ਪਤਨੀ ਦਾ ਧਰਮ ਨਿਭਾਉਂਦੇ ਹੋਏ ਆਗਿਆ ਦਾ ਪਾਲਣ ਕੀਤਾ ਪਰ ਰਾਮ ਨੇ ਫਿਰ ਵੀ ਸੀਤਾ ਦੇ ਚਰਿੱਤਰ ਤੇ ਸ਼ੱਕ ਕੀਤਾ। 'ਹੇ ਰਾਮ' ਕਵਿਤਾ ਵਿੱਚ ਇੰਦਰਜੀਤ ਕੌਰ ਸਿੱਧੂ ਲਿਖਦੀ ਹੋਈ ਰਾਮ ਨੂੰ ਸੰਬੋਧਿਤ ਕਰਦੀ ਹੈ ਕਿ ਹੇ ਰਾਮ! ਨਾ ਅੱਜ ਦੇ ਜ਼ਮਾਨੇ ਵਿੱਚ ਕੋਈ ਸੀਤਾ ਹੈ ਅਤੇ ਨਾ ਹੀ ਹੁਣ ਕਿਸੇ ਔਰਤ ਨੇ ਤੇਰੀ ਮਰਿਯਾਦਾ ਦੀ ਪਾਲਣਾ ਕਰਨੀ ਹੈ ਤੇ ਨਾ ਹੀ ਤੇਰੇ ਨਾਲ ਕਿਸੇ ਨੇ ਬਨਵਾਸ ਕੱਟਣ ਜਾਣਾ ਹੈ। ਹੁਣ ਦੀ ਔਰਤ ਤਲਵਾਰ ਦੀ ਧਾਰ ਵਾਂਗ ਤਿੱਖੀ ਹੋ ਗਈ, ਜੋ ਹਰ ਜ਼ੁਲਮ ਦਾ ਟਾਕਰਾ ਕਰਨ ਲਈ ਸਿੱਧੀ ਜ਼ੁਲਮ ਦੇ ਸੀਨੇ ਵਿੱਚ ਵੱਜਦੀ ਹੈ। ਬੇਸ਼ੱਕ ਔਰਤ ਮਜ਼ਬੂਤ ਵੀ ਹੋ ਗਈ ਹੋਵੇ ਪਰ ਜਦੋਂ ਜੱਜ ਨੇ ਫ਼ੈਸਲਾ ਲੈਣਾ ਹੁੰਦਾ ਹੈ ਤਾਂ ਉਸ ਨੂੰ ਔਰਤ ਦੀਆਂ ਗੱਲਾਂ ਵਿੱਚ ਦਮ ਨਹੀਂ ਲੱਗਦਾ ।ਉਹ ਵੀ ਮਰਦ ਦੇ ਹੱਕ ਦੀ ਗਵਾਹੀ ਭਰ ਦਿੰਦਾ ਹੈ। 'ਹੇ ਰਾਮ' ਕਵਿਤਾ ਵਿੱਚ ਹੀ ਇੰਦਰਜੀਤ ਸਿੱਧੂ ਰਾਮ ਵੱਲੋਂ ਸੀਤਾ ਦੀ ਅਗਨੀ ਪ੍ਰੀਖਿਆ ਦੀ ਗੱਲ ਇਵੇਂ ਕਰਦੀ ਹੈ-

"ਰਾਮ ਤੈਨੂੰ ਇਹ ਸ਼ੋਭਾ ਨਹੀਂ ਦਿੰਦਾ
ਅਗਨੀ ਪ੍ਰੀਖਿਆ ਕਾਹਦੀ
ਲਏਂਗਾ ਹੁਣ---
ਸੀਤਾ ਤਾਂ ਸਾਰੀ ਹਯਾਤੀ
ਅਗਨ ਕੁੰਡ ਵਿੱਚ ਹੀ ਬਲਦੀ ਰਹੀ
ਸੀਤਾ ਨੂੰ
ਕਿਹੜੇ ਦੇਸ਼ 'ਚੋਂ ਦੇਸ਼ ਨਿਕਾਲਾ ਦੇਵੇਂਗਾ
ਉਸਦਾ ਤਾਂ ਦੇਸ਼ ਹੀ ਕੋਈ ਨਹੀਂ ---।
ਰਾਮ

ਅੱਜ ਸੀਤਾ

ਚਾਹੇ ਤੇਰੀ ਰਾਮਗਿਰੀ ਤੋਂ

ਮੁਨਕਰ ਹੋ ਗਈ ਹੈ

ਪਰ ਸੁਰਖਰੂ ਨਹੀਂ ਹੈ ।"[13]

ਇੰਦਰਜੀਤ ਕੌਰ ਸਿੱਧੂ 'ਰਾਮ' ਨੂੰ ਸੰਬੋਧਿਤ ਕਰਦੀ ਹੋਈ ਲਿਖਦੀ ਹੈ ਕਿ ਇਸ ਯੁੱਗ ਵਿੱਚ ਵੀ ਕੋਈ ਮਰਦ ਰਾਮ ਬਣੇ ਤੇ ਉਹ ਆਪਣੀ ਪਤਨੀ ਨੂੰ ਚਰਿੱਤਰਵਾਨ ਸਾਬਤ ਕਰਨ ਲਈ ਅਗਨੀ ਪ੍ਰੀਖਿਆ ਦੇਣ ਲਈ ਕਹੇ। ਇਹ ਨਿਘਾਰੂ ਸੋਚ ਕਿਸੇ ਮਰਦ ਨੂੰ ਸੋਭਾ ਨਹੀਂ ਦਿੰਦੀ ਤੇ ਔਰਤ ਕੋਲੋਂ ਅਗਨੀ ਪ੍ਰੀਖਿਆ ਵੀ ਕਾਹਦੀ? ਸਾਰੀ ਉਮਰ ਤਾਂ ਔਰਤ ਪ੍ਰੀਖਿਆਵਾਂ ਹੀ ਦਿੰਦੀ ਆਈ, ਗਮਾਂ ਵਿੱਚ ਸੜਦੀ ਆਈ ਅਤੇ ਆਪਣਾ ਪੂਰਾ ਜੀਵਨ ਪਤੀ ਲਈ ਨਿਛਾਵਰ ਕਰਦੀ ਆਈ ਹੈ। ਹੁਣ ਕਿਹੜੀ ਪ੍ਰੀਖਿਆ ਲੈਣ ਦਾ ਤੂੰ ਹੱਕਦਾਰ ਹੋ ਗਿਆ ਹੈ? ਔਰਤ ਦੇ ਦੋ ਘਰ ਹੁੰਦੇ ਹੋਏ ਵੀ ਉਸਦਾ ਕੋਈ ਘਰ ਨਹੀਂ, ਹੁਣ ਕਿਹੜੇ ਘਰ ਚੋਂ ਕੱਢੇਗਾ ਤੂੰ ਔਰਤ ਨੂੰ?ਅੱਜ ਦੀ ਔਰਤ ਆਜ਼ਾਦ ਤਾਂ ਹੋ ਗਈ ਹੈ।ਹੁਣ ਉਹ ਤੇਰੀ ਗ਼ੁਲਾਮੀ ਨਹੀਂ ਕਰਦੀ ਪਰ ਫਿਰ ਵੀ ਉਹ ਸਮਾਜ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋਈ, ਹਾਲੇ ਵੀ ਕਦਮ ਕਦਮ ਤੇ ਉਸ ਲਈ ਜਾਲ ਬੁਣੇ ਜਾ ਰਹੇ ਹਨ। ਜਿਹੜੇ ਬੁਰੇ ਕੰਮ ਉਸ ਨੇ ਕੀਤੇ ਵੀ ਨਹੀਂ ਹੁੰਦੇ, ਉਹਨਾਂ ਗੁਨਾਹਾਂ ਦੀ ਵੀ ਉਸ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਉਸ ਸਮੇਂ ਦੀ ਸੀਤਾ ਲਈ ਤਾਂ ਜਿੰਦਗੀ ਉਮਰ ਕੈਦ ਸੀ। ਹੁਣ ਦੀ ਔਰਤ ਕੈਦ ਨਹੀਂ ਪਰ ਉਹ ਗੁਲਾਮੀ ਤਾਂ ਮਰਦ ਦੇ ਹੱਥੋਂ ਭੋਗ ਹੀ ਰਹੀ ਹੈ ਚਾਹੇ ਕਿਸੇ ਵੀ ਰੂਪ ਵਿੱਚ ਹੋਵੇ। ਮਰਦ ਦੀ ਤਾਕਤ ਅੱਗੇ ਬੱਚੇ ਵੀ ਮਜ਼ਬੂਰ ਹੋ ਜਾਂਦੇ ਨੇ ਚਾਹ ਕੇ ਵੀ ਉਹ ਮਾਂ ਦਾ ਸਹਾਰਾ ਨਹੀਂ ਬਣ ਪਾਉਂਦੇ। ਇੱਥੇ ਹੀ ਬਸ ਨਹੀਂ, ਔਰਤ ਵੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ। ਦੋ ਔਰਤਾਂ ਇੱਕੋ ਹੀ ਮਰਦ ਲਈ ਲੜ-ਲੜ ਮਰਦੀਆਂ ਨੇ। ਇੱਕ ਔਰਤ ਦੂਜੀ ਔਰਤ ਨੂੰ ਕਟਹਿਰੇ ਵਿੱਚ ਲਿਆ ਖੜਾ ਕਰਦੀ ਹੈ ਕੀਹਦੇ ਲਈ? ਸਿਰਫ਼ ਤੇ ਸਿਰਫ਼ ਮਰਦ ਲਈ। ਅਸਲ ਵਿੱਚ ਇਹ ਦੇਸ਼ ਇਹ ਸਥਾਨ ਕਿਸੇ ਮਰਦ ਦਾ ਨਹੀਂ, ਸਗੋਂ ਸੀਤਾ ਜਾਂ ਔਰਤ ਦਾ ਗਿਣਿਆ ਜਾਵੇਗਾ ਜਿੱਥੇ ਹਰ ਰੋਜ਼ ਇੱਕ ਸੀਤਾ ਵਰਗੀ ਔਰਤ ਨਾਲ ਮੁਲਕ ਦੇ ਵਾਸੀਆਂ ਵੱਲੋਂ ਜਬਰ ਜ਼ਿਨਾਹ ਕੀਤਾ ਜਾਂਦਾ ਹੈ ਅਤੇ ਫਿਰ ਉਸਦੀ ਕੁੱਖ ਵਿੱਚੋਂ ਨਿਕਲੀ ਹੋਰ ਸੀਤਾ ਵੀ ਫਾਹੇ ਲੱਗ ਜਾਂਦੀ ਹੈ। ਮਰਦ ਨੇ ਹਮੇਸ਼ਾਂ ਔਰਤ ਨੂੰ ਨਕਾਰਿਆ ਹੈ, ਦੁਤਕਾਰਿਆ ਹੈ ਪਰ ਉਸ ਦੀ ਮਾਨਸਕ ਪੀੜਾ ਨੂੰ ਸਮਝਣ ਦੀ ਕੋਸ਼ਿਸ ਨਹੀਂ ਕੀਤੀ ਪਰ ਕਿਤੇ ਔਰਤ ਨੂੰ ਵੀ ਮਰਦ ਦੀ ਗ਼ੁਲਾਮੀ ਕਰਨੀ ਸ਼ਾਇਦ ਚੰਗੀ ਹੀ ਲੱਗਦੀ ਹੈ-

"ਪਰ ਇਹ ਕਮਬਖ਼ਤ ਸੀਤਾ,

ਸਬਕ ਨਹੀਂ ਸਿਖੇਗੀ

ਤੇਰੇ ਲਈ ਨੱਚੇਗੀ, ਗਾਏਗੀ

ਰਾਗ ਰੰਗ ਲਾਏਗੀ

ਅਤੇ ਆਪਣੇ

ਸਤੀ ਸਵਿੱਤਰੀ ਹੋਣ ਦਾ

ਢੌਂਗ ਰਚਾਏਗੀ।"[14]

ਇੰਦਰਜੀਤ ਸਿੱਧੂ ਕਾਵਿ ਰਾਹੀਂ ਬਿਆਨ ਕਰਦੀ ਹੈ ਕਿ ਔਰਤ ਖ਼ੁਦ ਵੀ ਮਰਦ ਦੀ ਗ਼ੁਲਾਮ ਬਣੀ ਰਹਿਣਾ ਚਾਹੁੰਦੀ ਹੈ। ਉਹ ਮਰਦ ਨੂੰ ਖੁਸ਼ ਕਰਨ ਲਈ ਕਈ ਤਰ੍ਹਾਂ ਦੇ ਪਾਖੰਡ ਰਚਦੀ ਹੈ।ਕਦੇ ਉਹ ਨੱਚਦੀ ਹੈ, ਗਾਉਂਦੀ ਹੈ ਅਤੇ ਪਤੀ ਨੂੰ ਆਪਣੇ ਪਤੀ-ਪਿਆਰ ਦਾ ਅਹਿਸਾਸ ਕਰਾਉਣ ਲਈ ਉਸ ਨੂੰ ਖੁਸ਼ ਕਰਨ ਲਈ ਖ਼ੁਦ ਉਸ ਦੀਆਂ ਹੱਥਕੜੀਆਂ ਵਿੱਚ ਆਪਣੇ ਹੱਥ ਫਸਾਉਂਦੀ ਹੈ। ਇਹ ਔਰਤ ਨੂੰ ਮਰਦ ਵੱਲੋਂ ਹਰ ਵਾਰ ਧੋਖਾ ਖਾ ਕੇ ਵੀ ਕਦੀ ਅਕਲ ਨਹੀਂ ਆਵੇਗੀ। ਬੇਸ਼ੱਕ ਔਰਤ ਜਗਜਨਣੀ ਹੈ,

ਅੰਨਪੂਰਨਾ ਹੈ, ਦੁਰਗਾ ਹੈ, ਪਾਰਵਤੀ ਹੈ ਪਰ ਸਭ ਤੋਂ ਪਹਿਲਾਂ ਉਹ ਇੱਕ ਔਰਤ ਹੈ ਤੇ ਔਰਤ ਹਮੇਸ਼ਾਂ ਗ਼ੁਲਾਮ ਹੀ ਰਹੇਗੀ। ਕੌਣ ਇਸ ਨੂੰ ਮੁਕਤ ਕਰਾਏਗਾ ਗੁਲਾਮੀ ਤੋਂ?

'ਮੇਰਾ ਤਰਕ' ਕਵਿਤਾ ਵਿੱਚ ਇੰਦਰਜੀਤ ਕੌਰ ਸਿੱਧੂ ਔਰਤ ਦੀ ਸ਼ੁਰੂ ਤੋਂ ਹੀ ਬੀਤੀ ਕਹਾਣੀ ਦੀ ਗੱਲ ਕਰਦੀ ਹੋਈ ਕਵਿਤਾ ਵਿੱਚ ਲਿਖਦੀ ਹੈ ਕਿ ਔਰਤ ਸਾਰੀ ਉਮਰ ਹੀ ਦੂਜਿਆਂ ਲਈ ਤਾਂ ਰਾਹ ਰੁਸ਼ਨਾ ਦਿੰਦੀ ਹੈ ਤੇ ਆਪ ਨੰਗੇ ਪੈਰਾਂ ਦਾ ਸਫ਼ਰ ਤੈਅ ਕਰਦੀ ਹੋਈ ਖ਼ੁਦ ਮੁਸੀਬਤਾਂ ਸਹਿੰਦੀ ਹੈ। ਚਾਹੇ ਅੱਜ ਦੀ ਮਾਸ਼ੂਕ ਨੂੰ ਲੈ ਲਵੋ ਚਾਹੇ ਦਾਦੀ, ਨਾਨੀ ਜਾਂ ਨਾਨੀ ਦੀ ਨਾਨੀ ਨੂੰ ਹੀ ਲੈ ਲਵੋ। ਔਰਤ ਦੀ ਜ਼ਿੰਦਗੀ ਲਈ ਜੱਦੋਂ-ਜਹਿਦ ਕਦੇ ਖ਼ਤਮ ਨਹੀਂ ਹੁੰਦੀ। ਮਰਦ ਤੇ ਔਰਤ ਦਾ ਰਿਸ਼ਤਾ ਭਾਵੇਂ ਪਿਆਰ ਦਾ ਰਿਸ਼ਤਾ ਹੈ ਪਰ ਨਾ ਚਾਹ ਕੇ ਵੀ ਇਸ ਰਿਸ਼ਤੇ ਵਿੱਚ ਪਿਆਰ ਨਹੀਂ ਪਲਮਦਾ। ਰੂਹ ਭਰੇ ਪਿਆਰ ਦੇ ਨਾਂ ਤੇ ਮਰਦ ਵੱਲੋਂ ਔਰਤ ਨਾਲ ਠੱਗੀ ਕੀਤੀ ਜਾਂਦੀ ਹੈ। ਉਹ ਜਿਸਮਾਨੀ ਪਿਆਰ ਜੋ, ਰੂਹ ਦਾ ਝਾਉਲਾ ਦੇ ਕੇ ਪਾਇਆ ਜਾਂਦਾ ਹੈ, ਇਸ ਦਗ਼ਾ ਨਾਲ ਔਰਤ ਦੀ ਪੂਰੀ ਜ਼ਿੰਦਗੀ ਖ਼ਾਕ ਬਣ ਕੇ ਰਹਿ ਜਾਂਦੀ ਹੈ। ਉਹ ਫਿਰ ਸਿਰਫ਼ ਆਪਣੇ ਆਪ ਨੂੰ ਕੋਸਣ ਜੋਗੀ ਹੀ ਰਹਿ ਜਾਂਦੀ ਹੈ। ਪਰਵਾਸ ਦਾ ਸੰਕਟ ਵੀ ਔਰਤ-ਮਰਦ ਦੇ ਰਿਸ਼ਤੇ ਵਿੱਚ ਦੂਰੀ ਸਿਰਜ ਦਿੰਦਾ ਹੈ। ਇਹ ਦੂਰੀ ਪਰਵਾਸੀ ਮੁੱਲ ਵਿਧਾਨ 'ਚ ਚੱਲ ਰਹੀ ਜ਼ਿੰਦਗੀ ਦੇ ਆਪਸੀ ਤਣਾਉ ਵਿੱਚੋਂ ਵੀ ਜਨਮ ਲੈ ਸਕਦੀ ਹੈ ਜਿਸ ਕਰਕੇ ਔਰਤ-ਮਰਦ ਦਾ ਰਿਸ਼ਤਾ ਤਣਾਉ ਕਾਰਨ ਟੁੱਟਣ ਲੱਗਦਾ ਹੈ-

"ਮੇਰਾ ਤਰਕ
ਤੇਰੇ ਇਸ਼ਕ ਦਾ ਨਹੀਂ
ਤੇਰੀ ਹਥੇਲੀ 'ਤੇ ਰੱਖੀ
ਚੋਗ ਤਾਂ ਵੀ ਨਹੀਂ-
ਮੇਰਾ ਤਰਕ ਤੇ
ਉਸ ਹੋਂਦ ਅਣਹੋਂਦ ਦੇ
ਸਰਾਪ ਦਾ ਹੈ
ਜਿਸ 'ਤੇ ਬਾਕੀ ਹਯਾਤੀ
ਔਰਤ ਝੂਲਦੀ ਰਹਿੰਦੀ ਹੈ
ਸਲੀਬ ਵਾਂਗ
ਆਪਣੇ ਈਸਾ ਹੋਣ ਦਾ
ਭਰਮ ਪਾਲਦੀ ਹੋਈ।"[15]

ਇੰਦਰਜੀਤ ਕੌਰ ਸਿੱਧੂ ਬਿਆਨ ਕਰਦੀ ਹੈ ਮੇਰਾ ਤਰਕ ਹੈ ਕਿ ਮਰਦ ਵੱਲੋਂ ਔਰਤ ਨੂੰ ਪਾਉਣ ਲਈ ਅਪਣਾਏ ਗਏ ਹੱਥਕੰਡੇ ਵੱਲ ਇਸ਼ਾਰਾ ਕਰਨ ਦਾ ਨਹੀਂ, ਸਗੋਂ ਨਾ ਹੀ ਮਰਦ ਵੱਲੋਂ ਕੀਤੇ ਗਏ ਪਿਆਰ ਦਾ ਮੈਂ ਕੋਈ ਸਿਧਾਂਤ ਦੇ ਰਹੀ ਹਾਂ। ਇੱਕ ਔਰਤ ਦੀ ਆਵਾਜ਼ ਬਣ ਕੇ ਇੰਦਰਜੀਤ ਸਿੱਧੂ ਕਹਿ ਰਹੀ ਹੈ ਕਿ ਮੇਰਾ ਨਿਸ਼ਾਨਾ ਤਾਂ ਉਸ ਹੋਂਦ, ਉਸ ਹੈਸੀਅਤ ਦੀ ਗੱਲ ਕਰਨੀ ਹੈ ਕਿ ਜਿਸ ਤੇ ਸਾਰੀ ਉਮਰ ਹੀ ਔਰਤ ਈਸਾ ਹੋਣ ਦਾ ਭਰਮ ਭਾਲਦੀ ਹੋਈ ਸਲੀਬਾਂ ਤੇ ਲਟਕੀ ਰਹਿੰਦੀ ਹੈ। ਔਰਤ ਨੂੰ ਪਿਆਰ ਦੀ ਮੂਰਤ ਹੋਣ ਦਾ ਭਰਮ ਮਾਰ ਜਾਂਦਾ ਹੈ ਅਤੇ ਇਹੀ ਭਰਮ ਉਸ ਨੂੰ ਲੈ ਡੁੱਬਦਾ ਹੈ। ਉਸ ਕੋਲ ਤੜਫ਼ ਤੇ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੈ।ਇੰਦਰਜੀਤ ਸਿੱਧੂ ਦੀ ਕਵਿਤਾ ਵਿੱਚ ਮਰਦ ਵੱਲੋਂ ਔਰਤ ਨਾਲ ਕੀਤੀ ਜਾਂਦੀ ਬੇਇਨਸਾਫ਼ੀ ਦਾ ਜ਼ਿਕਰ ਕਈ ਥਾਂ ਆਉਂਦਾ ਹੈ। ਔਰਤ ਨੂੰ ਵਿੱਚਾਰੀ ਸਮਝ ਕੇ ਉਸ ਨਾਲ ਫ਼ਰੇਬ ਕੀਤਾ ਜਾਂਦਾ ਹੈ ਉਸ ਨੂੰ ਝੂਠੇ ਭਰਮਾਂ ਵਿੱਚ ਰੱਖਣ ਦੀ ਕੋਸ਼ਿਸ ਕੀਤੀ ਜਾਂਦੀ ਹੈ। ਇੰਦਰਜੀਤ ਕੌਰ ਦੀ ਕਵਿਤਾ ਦਾ ਸੰਕਲਪ ਮਰਦ ਦੀਆਂ ਉਹ ਬੇਇਨਸਾਫ਼ੀਆਂ, ਦੁਤਕਾਰੀਆਂ ਤੇ ਔਰਤ ਨੂੰ

ਭਰਮਾਉਣ ਵਾਲੀਆਂ ਚਾਲਾਂ ਦਾ ਬਿਆਨ ਕਰਕੇ, ਸਿੱਧ-ਪੱਧਰੀ ਨਾਰੀ ਨੂੰ ਨਵੇਂ ਯੁੱਗ ਲਈ ਹੁਲਾਰਾ ਦੇਣਾ ਹੈ, ਤਾਂ ਕਿ ਉਹ ਇਹਨਾਂ ਤੋਂ ਚੇਤੰਨ ਹੋ ਸਕੇ। ਇੰਦਰਜੀਤ ਸਿੱਧੂ ਇੱਕ- ਇੱਕ ਨਾਰੀ ਦਾ ਦੁਖੜਾ ਬਿਆਨ ਨਹੀਂ ਕਰਦੀ, ਸਗੋਂ ਸਮਾਜ ਵਿੱਚ ਵਿੱਚਰਦੀਆਂ ਕਿੰਨੀਆਂ ਹੀ ਅਜਿਹੀਆਂ ਨਾਰੀਆਂ ਹਨ, ਜੋ ਮਰਦ ਦੇ ਹੱਥੋਂ ਕੋਈ ਨਾ ਕੋਈ ਦੁੱਖ ਹੰਢਾ ਰਹੀਆਂ ਹਨ। ਔਰਤ ਨਾਲ ਵਿਤਕਰਾ ਹੋਣਾ ਸੁਭਾਵਕ ਗੱਲ ਮੰਨੀ ਜਾਂਦੀ ਹੈ ਪਰ ਕੀ ਮਰਦ ਵੀ ਇਸ ਵਿਤਕਰੇ ਦਾ ਹਿੱਸਾ ਬਣੇ ਤਾਂ ਜਾਣੀਏ। ਮਰਦ ਪ੍ਰਧਾਨ ਸਮਾਜ ਵਿੱਚ ਸਿਰਫ਼ ਮਰਦ ਦੀ ਹੀ ਸੁਣੀ ਜਾਂਦੀ ਹੈ। ਬੇਇਨਸਾਫ਼ੀ ਸਿਰਫ਼ ਔਰਤ ਨਾਲ ਹੀ ਹੁੰਦੀ ਆਈ ਹੈ, ਮਰਦ ਨਾਲ ਕਿਉਂ ਨਹੀਂ? ਔਰਤ ਨੂੰ ਹੀ ਦੁੱਖਾਂ ਦਾ ਭਾਗੀਦਾਰ ਕਿਉਂ ਬਣਾਇਆ ਜਾਂਦਾ ਹੈ? ਮਰਦ ਜੇਕਰ ਔਰਤ ਉੱਪਰ ਜ਼ੁਲਮ ਕਰਦਾ ਹੈ ਤਾਂ ਸਿਰਫ਼ ਉਸ ਨੂੰ ਕਮਜ਼ੋਰ ਜਾਣ ਕੇ।ਜੇਕਰ ਦੂਜੇ ਪਾਸੇ ਦੇਖਿਆ ਜਾਏ ਤਾਂ ਜੇ ਔਰਤ ਜ਼ੁਲਮ ਸਹਿੰਦੀ ਹੈ ਤਾਂ ਮਰਦ ਵੀ ਤਦ ਹੀ ਉਸ ਉੱਪਰ ਅੱਤਿਆਚਾਰ ਕਰਦਾ ਹੈ।

'ਨਜ਼ਮ' ਕਵਿਤਾ ਵਿੱਚ ਇੰਦਰਜੀਤ ਸਿੱਧੂ ਜ਼ਿਕਰ ਕਰਦੀ ਹੈ ਕਿ ਬੇਸ਼ੱਕ ਔਰਤ ਮੰਨਦੀ ਹੈ ਕਿ ਮਰਦ ਤਾਕਤਵਰ ਹੈ। ਉਸ ਦਾ ਹਰ ਸ਼ਬਦ 'ਫੌਲਾਦ' ਵਾਂਗ ਹੈ। ਕੀ ਮਰਦ ਆਪਣੇ ਆਪ ਨੂੰ ਧਰਤੀ ਤੇ ਆਸਮਾਨ ਇੱਕ ਕਰਨ ਦੇ ਕਾਬਲ ਵੀ ਸਮਝਦਾ ਹੈ ? ਜਦੋਂ ਮਰਦ ਔਰਤ ਨੂੰ ਕੁੱਝ ਹੀ ਪਲ ਲਈ ਧੀ, ਭੈਣ ਦੇ ਸ਼ਬਦ ਦੇ ਕੇ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ ਫਿਰ ਕਿੱਥੇ ਜਾਂਦੀ ਏ ਉਸ ਦੀ ਇਨਸਾਨੀਅਤ? ਕੌਣ ਕਹੇਗਾ ਉਸ ਨੂੰ ਮਰਦ? ---- ਪਰ ਸਹਿੰਦੀ- ਸਹਿੰਦੀ ਔਰਤ ਕਿੰਨੀਆਂ ਕੁ ਮਰਦ ਦੀਆਂ ਵਧੀਕੀਆਂ ਸਹੇਗੀ ? ਇੱਕ ਨਾ ਇੱਕ ਦਿਨ ਤਾਂ ਉਸ ਨੂੰ ਹੋ ਰਹੇ ਜ਼ੁਲਮ ਦੇ ਖ਼ਿਲਾਫ ਆਵਾਜ਼ ਉਠਾਉਣੀ ਹੀ ਪਵੇਗੀ। ਚੁੱਪ ਰਹਿਣ ਨਾਲ ਜ਼ੁਲਮ ਨੂੰ ਟਾਲਿਆ ਨਹੀਂ ਜਾ ਸਕਦਾ, ਸਗੋਂ ਇਸ ਨਾਲ ਜ਼ੁਲਮ ਨੂੰ ਤਾਕਤ ਮਿਲਦੀ ਹੈ।ਸਮਾਜ ਵਿੱਚ ਵਿੱਚਰਦੀ ਨਾਰੀ ਜੋ ਸੰਤਾਪ ਭੋਗ ਰਹੀ ਸੀ ਅਤੇ ਮਰਦ ਦੀ ਕੁੱਟਮਾਰ ਦਾ ਨਿੱਤ-ਦਿਹਾੜੇ ਸ਼ਿਕਾਰ ਹੋ ਰਹੀ ਸੀ, ਹੁਣ ਤੱਕ ਉਹ ਤ੍ਰਾਸਦੀ ਦੀ ਪਾਤਰ ਬਣ ਕੇ ਸਾਹਮਣੇ ਆਈ। ਜਿੱਥੇ ਇੰਦਰਜੀਤ ਕੌਰ ਸਿੱਧੂ ਨੇ ਕਾਵਿ ਵਿੱਚ ਔਰਤ ਦੀ ਕਰੁਣਾਮਈ ਸਥਿਤੀ ਦਾ ਜ਼ਿਕਰ ਕੀਤਾ ਹੈ, ਉੱਥੇ ਹੀ ਉਸਨੇ ਇਹ ਵੀ ਪੇਸ਼ਕਾਰੀ ਕਰਨ ਦੀ ਕੋਸ਼ਿਸ ਵੀ ਕੀਤੀ ਹੈ ਕਿ ਔਰਤ ਹੁਣ ਸੰਭਲ ਗਈ ਹੈ। ਹੁਣ ਉਸ ਨੂੰ ਅਕਲ ਆ ਗਈ ਹੈ, ਆਪਣੇ ਨਾਲ ਹੋ ਰਹੇ ਅਨਿਆਂ ਦਾ ਉਸ ਨੂੰ ਅਹਿਸਾਸ ਹੋ ਗਿਆ ਹੈ 'ਮੇਰੀ ਹੋਂਦ' ਕਵਿਤਾ ਵਿੱਚ ਉਹ ਲਿਖਦੀ ਹੈ-

"ਸਿਆਣੀ
ਹੋ ਗਈ ਹੈ
ਅੱਜ ਔਰਤ
ਤੇਰਾ ਚੁਲ੍ਹਾ ਤੇ
ਘਰ
ਠੰਡੇ ਬਰਫ਼
ਮਕਾਨ ਨੂੰ
ਘਰ ਬਨਾਉਣ ਵਾਲੀ
ਤੇਰੇ ਮਹਿਲ ਵਿੱਚ
ਸਿਰਫ਼ ਕਿਰਾਏਦਾਰ.....।
ਭਟਕਦੇ ਜੁਆਕਾਂ
ਦੀ ਭਟਕਣਾ ਤੋਂ ਬੇਖ਼ਬਰ

ਖ਼ੁਦਮੁਖਤਾਰ

ਔਰਤ ਨੇ ਬਦਲ ਦਿੱਤੇ ਹਨ

ਮਾਇਨੇ

ਅੱਜ ਔਰਤ ਹੋਣ ਦੇ।"[16]

'ਮੇਰੀ ਹੋਂਦ' ਕਵਿਤਾ ਵਿੱਚ ਕਵਿੱਤਰੀ ਦੁਆਰਾ ਔਰਤ ਦੀ ਬਦਲੀ ਹੋਈ ਸਥਿਤੀ ਦਾ ਜਿਕਰ ਹੈ ਕਿ ਹੁਣ ਔਰਤ ਸੁਘੜ-ਸਿਆਣੀ ਹੋ ਗਈ ਹੈ। ਉਸਨੂੰ ਸਮਝ ਆ ਗਈ ਕਿ ਰੋ-ਰੋ ਕੇ ਸਥਿਤੀ ਨਹੀਂ ਬਦਲਣੀ।ਜਿਹੜੀ ਔਰਤ ਸਿਰਫ਼ ਇੱਟਾਂ ਤੇ ਗਾਰੇ ਦੇ ਬਣੇ ਮਕਾਨ ਨੂੰ, ਜੋ ਵੀਰਾਨ ਖੰਡਰ ਦੀ ਤਰ੍ਹਾਂ ਹੁੰਦਾ ਹੈ, ਉਸ ਵਿੱਚ ਦਾਖ਼ਲ ਹੋ ਕੇ ਉਸ ਨੂੰ ਖ਼ੂਬਸੂਰਤ ਬਣਾ ਦਿੰਦੀ ਹੈ। ਉਸ ਵਿੱਚ ਰਹਿਣ ਵਾਲੇ ਮੈਂਬਰਾਂ ਦੇ ਅੰਦਰ ਪਿਆਰ ਭਰ ਦਿੰਦੀ ਹੈ, ਉਦੋਂ ਇਹ ਮਕਾਨ ਘਰ ਬਣ ਜਾਂਦਾ ਹੈ। ਜਦੋਂ ਘਰ ਵਿੱਚ ਚੁੱਲ੍ਹਾ ਮਘਣ ਲੱਗਦਾ ਹੈ ਤਾਂ ਘਰ ਦਾ ਵਰਤਾਰਾ ਹੀ ਬਦਲ ਜਾਂਦਾ ਹੈ। ਉਹ ਔਰਤ ਹੁਣ ਬਦਲ ਚੁੱਕੀ ਹੈ।ਹੁਣ ਉਹ ਕੁੱਝ ਸਮੇਂ ਲਈ ਹੀ ਇਸ ਘਰ ਵਿੱਚ ਇੱਕ ਕਿਰਾਏ ਤੇ ਰਹਿਣ ਵਾਲੀ ਇਸਤਰੀ ਹੈ। ਔਰਤ ਨੇ ਸਿਰਫ਼ ਇੱਕ ਆਪਣੀ ਸਥਿਤੀ ਹੀ ਨਹੀਂ ਬਦਲੀ, ਸਗੋਂ ਹੋਰਨਾਂ ਔਰਤਾਂ ਨੂੰ ਵੀ ਜ਼ਿੰਦਗੀ ਸਹੀ ਢੰਗ ਨਾਲ ਜਿਊਣ ਦਾ ਬਲ ਦਿੱਤਾ।ਇੰਦਰਜੀਤ ਕੌਰ ਸਿੱਧੂ ਪਰਵਾਸੀ ਹੋਣ ਕਰਕੇ ਉੱਥੋਂ ਦੇ ਮਾਹੌਲ ਦਾ ਜ਼ਿਕਰ ਕਰਦੀ ਹੈ। 'ਉੱਡ ਉੱਡ ਚਿੜੀਏ ਨੀ' ਕਵਿਤਾ ਵਿੱਚ ਉਹ ਇਹ ਬਿਆਨ ਕਰਦੀ ਹੈ ਕਿ ਬਿਗਾਨੇ ਮੁਲਕ ਵਿੱਚ ਕੋਈ ਆਪਣਾ ਨਹੀਂ ਬਣਦਾ। ਖਾਸ ਕਰਕੇ ਇਸ ਕਵਿਤਾ ਵਿੱਚ ਔਰਤ ਦੀ ਬਿਗਾਨੇ ਮੁਲਕ ਵਿੱਚ ਕੀ ਅਵਸਥਾ ਹੈ? ਉਸ ਸਥਿਤੀ ਨੂੰ ਬਿਆਨ ਕੀਤਾ ਗਿਆ ਹੈ, ਕਿ ਔਰਤ ਇਸ ਉਪਰੀ ਜਗ੍ਹਾ ਤੇ ਸਹਾਰਾ ਭਾਲਦੀ ਫਿਰਦੀ ਹੈ ਪਰ ਇੱਥੇ ਉਸ ਦਾ ਕੋਈ ਬੇਲੀ ਜਾਂ ਸਹੇਲੀ ਨਹੀਂ ਬਣਦੀ ਨਾ ਤਾਂ ਇੱਥੇ ਔਰਤਾਂ ਇੱਕ ਦੂਜੇ ਦਾ ਦੁੱਖ ਸੁਣਨ ਲਈ ਇੱਕਠੀਆਂ ਹੋ ਕੇ ਬੈਠਦੀਆਂ ਹਨ ਅਤੇ ਨਾ ਹੀ ਉਸ ਔਰਤ ਨੂੰ ਰਹਿਣ-ਬਸੇਰੇ ਲਈ ਕੋਈ ਜਗ੍ਹਾ ਮਿਲਦੀ ਹੈ ਜਿੱਥੇ ਕੋਈ ਉਸ ਨੂੰ ਆਪਣਾ ਕਹਿ ਕੇ ਘਰ ਲੈ ਜਾਵੇ। ਬੇਸ਼ੱਕ ਫਲੈਟਾਂ, ਮੰਜਿਲਾਂ ਦੀ ਇੱਥੇ ਕੋਈ ਕਮੀ ਨਹੀਂ ਪਰ ਫਿਰ ਵੀ ਔਰਤ ਨੂੰ ਸਮਝਣ ਵਾਲਾ ਇਸ ਬਿਗਾਨੇ ਮੁਲਕ ਵਿੱਚ ਕੋਈ ਵੀ ਨਹੀਂ।ਪਰਵਾਸੀ ਮਾਹੌਲ ਵਿੱਚ ਵਿੱਚਰਦੀ ਹੋਈ ਇੰਦਰਜੀਤ ਕੌਰ ਸਿੱਧੂ ਪਰਵਾਸੀ ਔਰਤ ਦੀ ਮਨੋਸਥਿਤੀ ਨੂੰ ਪੇਸ਼ ਕਰਦੀ ਹੋਈ ਇੱਕ ਚਿੜੀ ਦਾ ਹਵਾਲਾ ਦੇ ਕੇ ਨਾਰੀ ਨੂੰ ਸੰਬੋਧਿਤ ਕਰ ਰਹੀ ਹੈ-

"ਉੱਡ ਉੱਡ ਚਿੜੀਏ ਨੀ

ਇਥੇ ਕੋਈ ਬਨੇਰਾ ਨਾ

---------------

ਇਥੇ ਰਹਿਣ ਸ਼ਿਕਾਰੀ ਨੀ

ਗਈ ਸਰਾਪੀ ਨੀ

ਇਸ ਸ਼ਹਿਰ ਦੀ ਨਾਰੀ ਨੀ

ਨਾ ਹੈ ਮਾਂ ਏਥੇ

ਨਾ ਦਿਸਦੀ ਧੀ ਕਿਧਰੇ

ਨਾਰੀ ਹੀ ਨਾਰੀ ਹੈ

ਨਾਰੀ ਹੀ ਨਾਰੀ ਨੀ

----------------

ਜਿਥੇ ਬਾਬਲ ਤੇਰਾ ਨੀ

------------------

ਤੇ ਉੱਚਾ ਬਨੇਰਾ ਨੀ

ਤੇਰਾ ਹੋਊ ਬਸੇਰਾ ਨੀ।"[17]

ਖੁੱਲੇ ਮਾਹੌਲ ਵਿੱਚ ਵਿੱਚਰ ਰਹੇ ਲੋਕਾਂ ਦੇ ਮਨਾਂ ਦੀ ਤੰਗਦਿਲੀ ਦਾ ਜ਼ਿਕਰ ਇਸ ਕਵਿਤਾ ਵਿੱਚ ਮਿਲਦਾ ਹੈ। 'ਸ਼ਿਕਾਰੀ' ਮਰਦ ਨੂੰ ਬਿਆਨ ਕੀਤਾ ਗਿਆ ਹੈ। ਔਰਤ ਨੂੰ ਵਰਤੋਂ ਵਿੱਚ ਲਿਆਉਣ ਵਾਲੇ ਮਰਦ ਤਾਂ ਹਨ ਪਰ ਸਹਾਰੇ ਦੇਣ ਲਈ ਕੋਈ ਅੱਗੇ ਨਹੀਂ ਆਉਂਦਾ। ਔਰਤ ਨੂੰ ਸਕੂਨ ਸਿਰਫ਼ ਮਾਂ-ਬਾਪ ਦੇ ਘਰ ਵਿੱਚ ਜਾ ਕੇ ਹੀ ਮਿਲਦਾ ਹੈ। ਔਰਤ ਦੀ ਸ਼ਕਤੀ ਦੀ ਚਰਚਾ ਬੜੇ- ਬੜੇ ਗੁਰੂਆਂ ਪੀਰਾਂ ਨੇ ਕੀਤੀ ਹੈ। ਔਰਤ ਜੋ ਸਮਾਜ ਦੀ ਜਨਣੀ ਹੈ, ਫਿਰ ਉਸ ਨਾਲ ਹੁੰਦੀ ਏਨੀ ਬਦਸਲੂਕੀ ਕਿਉਂ? ਜਿਹੜੀ ਮਾਂ ਆਪ ਭੁੱਖੀ ਰਹਿ ਕੇ ਆਪਣੇ ਬੱਚਿਆਂ ਨੂੰ ਪਾਲਦੀ ਹੈ, ਕੀ ਉਸ ਮਾਂ ਨੂੰ ਹੀ ਬੱਚੇ ਵੱਡੇ ਹੋ ਕੇ ਤੂੜੀ ਵਾਲੇ ਕੋਠੇ ਵਿੱਚ ਰਹਿਣ ਲਈ ਕਹਿੰਦੇ ਹਨ। ਜੋ ਪਤਨੀ ਸਤੀ-ਸਵਿੱਤਰੀ ਬਣ ਕੇ ਆਪਣਾ ਘਰ ਵਾਰ ਛੱਡ ਕੇ ਪਤੀ  ਕੋਲ ਆਉਂਦੀ ਹੈ, ਉਹੀ ਪਤੀ ਉਸ ਨੂੰ ਮੂਰਖ ਸਮਝ ਕੇ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੁੰਦਾ ਰਹਿੰਦਾ ਹੈ। ਜੇਕਰ ਕੋਈ ਗਲਤੀ ਉਸ ਪਾਸੋਂ ਹੁੰਦੀ ਵੀ ਹੈ ਤਾਂ ਉਸ ਨੂੰ ਇਸ ਦੇ ਬਦਲੇ ਕਿੰਨੇ ਹੀ ਅੱਤਿਆਚਾਰ ਸਹਿਣੇ ਪੈਂਦੇ ਹਨ। ਆਖ਼ਿਰ ਕਿੰਨਾ ਕੁ ਟਾਈਮ ਔਰਤ ਇਵੇਂ ਹੀ ਸਹਿੰਦੀ ਰਹੇਗੀ।ਇੰਦਰਜੀਤ ਕੌਰ ਸਿੱਧੂ ਆਪਣੀ ਕਵਿਤਾ 'ਆਜ਼ਾਦੀ ਦਾ ਭਰਮ' ਵਿੱਚ ਲਿਖਦੀ ਹੈ ਕਿ ਔਰਤ ਦੀ ਮਾਨਸਿਕ ਸੋਚ ਮਰਦ ਦੇ ਆਲੇ-ਦੁਆਲੇ ਘੁੰਮਦੀ ਹੈ,ਜੇ ਔਰਤ ਮਰਦ ਤੋਂ ਛੁਟਕਾਰਾ ਪਾ ਵੀ ਲੈਂਦੀ ਹੈ ਤਾਂ ਉਸਨੂੰ ਆਜ਼ਾਦ ਹੋਣ ਦਾ ਭਰਮ ਪੈ ਜਾਂਦਾ ਹੈ।ਅਸਲ ਵਿੱਚ ਉਹ ਮਰਦ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਪਾਉਂਦੀ।ਕਾਵਿ ਰਾਹੀਂ ਕਵਿੱਤਰੀ ਉਸ ਔਰਤ ਦਾ ਜ਼ਿਕਰ ਕਰ ਰਹੀ ਹੈ,ਜੋ ਗ਼ੁਲਾਮੀ ਭੋਗਦੀ ਹੋਈ ਬਿਗਾਨੀ ਧਰਤੀ ਅਤੇ ਬਿਗਾਨੇ ਅੰਬਰ ਥੱਲੇ ਰਹਿ ਕੇ ਸੰਤਾਪ ਹੰਢਾ ਰਹੀ ਹੈ। ਔਰਤ ਨੂੰ ਆਜ਼ਾਦੀ ਦੇ ਸਹੀ ਮਾਇਨੇ ਸਮਝ ਨਹੀਂ ਆਏ।ਕਵਿੱਤਰੀ ਭਰਮ-ਭੁਲੇਖਿਆਂ ਵਿੱਚ ਆਪਣੀ ਜ਼ਿੰਦਗੀ ਬਸਰ ਕਰ ਰਹੀ ਔਰਤ ਨੂੰ ਆਜ਼ਾਦੀ ਦਾ ਅਰਥ ਸਮਝਾਉਂਦੇ ਹੋਏ ਬਿਆਨ ਕਰਦੀ ਹੈ ਕਿ ਉਹ ਪੂਰਨ ਤੌਰ ਤੇ ਉਦੋਂ ਆਜ਼ਾਦ ਹੋਵੇਗੀ ਜਦੋਂ ਉਹ ਮਰਦ ਨੂੰ ਤਿਆਗ ਦੇਵੇਗੀ-

"ਤੂੰ ਤਾਂ ਜਨਣੀ ਹੈ

ਮਾਂ ਹੈ, ਰਸੀਵਰ ਹੈ

ਤੇਰੇ ਤੋਂ ਦੁਨੀਆਂ

ਸ਼ੁਰੂ ਹੁੰਦੀ ਹੈ......

ਚਾਰ ਦਿਨ ਮਰਦ ਨਾਲ ਰਹਿ

ਉਸ ਤੋਂ ਇਨਕਾਰੀ ਹੋ

ਉਸ ਨੂੰ ਤੇਰੀ ਆਜ਼ਾਦੀ ਦਾ

ਪਤਾ ਲੱਗ ਜਾਵੇਗਾ -----।"[18]

ਇੰਦਰਜੀਤ ਕੌਰ ਸਿੱਧੂ ਔਰਤ ਦੀ ਹਸਤੀ ਨੂੰ ਬਿਆਨਦੀ ਹੋਈ ਲਿਖਦੀ ਹੈ ਕਿ ਤੂੰ ਤਾਂ ਜਨਮ ਦੇਣੀ ਵਾਲੀ ਮਾਂ ਹੈ। ਸਮਾਜ ਦਾ ਮੁੱਢ ਤੇਰੇ ਪਾਸੋਂ ਹੀ ਸਿਰਜਿਆ ਗਿਆ। ਜੇਕਰ ਤੂੰ ਆਪਣੇ ਆਪ ਨੂੰ ਕਮਜ਼ੋਰ ਹੀ ਬਣਾਈ ਰੱਖੇਗੀ ਤਾਂ ਤੂੰ ਕਦੇ ਆਜ਼ਾਦ ਨਹੀਂ ਹੋ ਪਾਵੇਗੀ। ਮਰਦ ਤੋਂ ਬਿਨਾਂ ਰਹਿ ਕੇ ਦੇਖ, ਉਸ ਤੋਂ ਪਾਸਾ ਵੱਟ। ਉਸ ਨੂੰ ਖ਼ੁਦ ਵੀ ਪਤਾ ਲੱਗ ਜਾਵੇਗਾ ਕਿ ਤੂੰ ਹੁਣ ਆਜ਼ਾਦ ਹੋਣਾ ਲੋਚਦੀ ਹੈ। ਉਸ ਨਾਲ ਰਹਿ ਕੇ ਤੂੰ ਆਪਣੀ ਸੋਚ ਨੂੰ ਕਾਮਯਾਬ ਨਹੀਂ ਬਣਾ ਸਕਦੀ।ਕਵਿੱਤਰੀ ਪਰੰਪਰਕ ਕੀਮਤਾਂ ਨੂੰ ਉਲੰਘਦੀ

ਨਹੀਂ ਪਰ ਕੈਦ ਵਿੱਚਲਾ ਅੰਦਰੂਨੀ ਖਲਾਅ ਇੱਕਲੱਤਾ ਪੈਦਾ ਕਰਦਾ ਹੈ ਅਤੇ ਘਰ ਦੀ ਕੈਦ ਵਿੱਚਲੀ ਇੱਕਲਤਾ ਨਿਰਾਰਥਕਤਾ ਪੈਦਾ ਕਰਦੀ ਹੈ।ਇਹ ਔਰਤ ਦੇ ਸੰਤਾਪ ਦਾ ਇੱਕ ਹੋਰ ਅਹਿਮ ਪੱਖ ਹੈ। ਪਰਿਵਾਰਕ ਰਿਸ਼ਤਿਆਂ ਚੋਂ ਮਨਫ਼ੀ ਹੁੰਦੀ ਹੋਈ ਔਰਤ ਜ਼ਿੰਦਗੀ ਵਿੱਚੋਂ ਵੀ ਮਨਫ਼ੀ ਹੋਣ ਲੱਗਦੀ ਹੈ।ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਬਾਰੇ ਗੁਰਇੱਕਬਾਲ ਸਿੰਘ ਲਿਖਦੇ ਹਨ:-

"ਇੰਦਰਜੀਤ ਕੌਰ ਸਿੱਧੂ  ਦੀ ਕਵਿਤਾ ਪੜ੍ਹਦਿਆਂ ਹੋਇਆਂ ਇਹ ਅਹਿਸਾਸ ਮੈਂ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਸਾਂ ਕਿ ਉਸ ਦੀ ਔਰਤ ਦਾ ਸੱਚ ਪਰੰਪਰਾ ਦੀ ਲੰਮੀ ਜਿਲ੍ਹਣ ਵਿੱਚੋਂ ਨਿਕਲ ਕੇ ਮੰਡੀ/ ਬਾਜ਼ਾਰ ਦੀ ਵਸਤੂ ਵਿੱਚ ਰੁਪਾਂਤਰਿਤ ਹੋ ਰਿਹਾ ਹੈ। ਪਰੰਪਰਾ ਤੋਂ ਮੰਡੀ ਤੱਕ ਤਾ ਸਫ਼ਰ ਸਵੈ-ਗੁਲਾਮੀ ਤੋਂ ਸਵੈ-ਸਤੁੰਤਰਤਾ ਦਾ ਸਫ਼ਰ ਹੈ ਪਰ ਔਰਤ ਦਾ ਸੰਤਾਪ ਇਹ ਹੈ ਕਿ ਉਹ ਇੱਕ ਬਨਵਾਸ ਦੀ ਕੈਦ ਤੋਂ ਮੁਕਤੀ ਪ੍ਰਾਪਤ ਕਰਦੀ ਹੋਈ ਮੰਡੀ ਦੀ ਕੈਦ ਵਿੱਚ ਗਰਕ ਹੋ ਰਹੀ ਹੈ ਜਿਥੇ ਵਿਰਸੇ ਦੀਆਂ ਮਾਨਵੀ ਕੀਮਤਾਂ ਮਨਫ਼ੀ ਹੋ ਗਈਆਂ।"[19]

ਇੰਦਰਜੀਤ ਕੌਰ ਸਿੱਧੂ ਦੀ ਕਾਵਿ-ਪੁਸਤਕ 'ਬਣਵਾਸ ਤੋਂ ਬਣਵਾਸ ਤੱਕ' ਚਿਰਾਂ ਤੋਂ ਸੰਤਾਪ ਭੋਗ ਰਹੀ ਅਤੇ ਬਾਜ਼ਾਰ ਦੀ ਆਜ਼ਾਦੀ ਨੂੰ ਮਾਣਦੀ ਔਰਤ ਦਾ ਸੰਤਾਪ ਪੇਸ਼ ਕਰਦੀ ਹੈ। ਪਰੰਪਰਾ ਤੋਂ ਲੈ ਕੇ ਆਧੁਨਿਕਤਾ ਤੱਕ ਔਰਤ ਦੀ ਸਥਿਤੀ ਬਾਰੇ ਇੰਦਰਜੀਤ ਕੌਰ ਸਿੱਧੂ, ਖੁੱਲ ਕੇ ਪੇਸ਼ ਕਰਦੀ ਹੈ। ਜ਼ਿੰਦਗੀ ਦੀਆਂ ਹਕੀਕਤਾਂ ਨੂੰ ਇੰਦਰਜੀਤ ਕੌਰ ਸਿੱਧੂ ਬਿਨਾਂ ਕਿਸੇ ਝਿਜਕ ਦੇ ਬਿਆਨ ਕਰਦੀ ਹੈ।ਸਮਾਜ ਵਿੱਚਲੇ ਸੱਚ ਨੂੰ ਪੇਸ਼ ਕਰਨ ਦੇ ਨਾਲ-ਨਾਲ ਉਹ ਔਰਤ ਦੇ ਅੰਦਰੂਨੀ ਅਤੇ ਬਾਹਰੀ ਸੱਚ ਨੂੰ ਸ਼ਿੱਦਤ ਅਤੇ ਸੁਹਿਰਦਤਾ ਨਾਲ ਬਿਆਨ ਕਰ ਰਹੀ ਹੈ।ਕਵਿੱਤਰੀ ਔਰਤ ਦੇ ਉਸ ਸੰਤਾਪ ਦੀ ਗੱਲ ਕਰਦੀ ਹੈ,ਜਿਸ ਨੂੰ ਉਹ ਜਨਮ ਤੋਂ ਹੀ ਹੰਢਾਉਣ ਲੱਗ ਜਾਂਦੀ ਹੈ। ਇਹ ਸੰਤਾਪ ਪੂਰੀ ਜ਼ਿੰਦਗੀ ਉਸ ਦੇ ਨਾਲ-ਨਾਲ ਹੀ ਰਹਿੰਦਾ ਹੈ।ਇਸ ਸੰਤਾਪ ਨੂੰ ਭੋਗਦੀ ਹੋਈ ਔਰਤ ਇੱਕ ਤਰ੍ਹਾਂ ਨਾਲ ਬਣਵਾਸ ਹੀ ਕੱਟ ਰਹੀ ਹੈ।ਸਮੇਂ ਦੇ ਬੀਤਣ ਨਾਲ ਔਰਤ ਇੱਕ ਬਣਵਾਸ ਦੀ ਕੈਦ ਵਿੱਚੋਂ ਮੁਕਤ ਹੋ ਕੇ ਦੂਜੇ ਬਣਵਾਸ ਵਿੱਚ ਕੈਦ ਹੋ ਜਾਂਦੀ ਹੈ। ਔਰਤ ਹਰ ਪਲ,ਹਰ ਘੜੀ ਗ਼ੁਲਾਮ ਹੀ ਰਹਿੰਦੀ ਹੈ।ਜਿੱਥੇ ਪਰੰਪਰਕ ਕੀਮਤਾਂ ਦੀ ਜਿਲ੍ਹਣ ਨੇ ਔਰਤ ਨੂੰ ਘਰ ਨਾਲੋਂ ਤੋੜੀ ਰੱਖਿਆ ਉੱਥੇ ਮੰਡੀ ਦੀਆਂ ਕੀਮਤਾਂ ਨੇ ਘਰ ਦੇ ਸੰਕਲਪ ਨੂੰ ਹੀ ਤੋੜ ਦਿੱਤਾ। ਪਰੰਪਰਕ ਕੀਮਤਾਂ ਤੋਂ ਆਧੁਨਿਕਤਾ ਕੀਮਤਾਂ ਦੇ ਸਫ਼ਰ ਤੱਕ ਅਜਿਹੀਆਂ ਪ੍ਰਸਥਿਤੀਆਂ ਔਰਤ ਦੀ ਹੋਣੀ ਹੀ ਬਣੀਆਂ ਰਹੀਆਂ। 'ਹਰ ਵਾਰ' ਕਵਿਤਾ ਵਿੱਚ ਔਰਤ ਦੀ ਹੈਸੀਅਤ ਨੂੰ ਬਿਆਨਦੀ ਹੋਈ ਇੰਦਰਜੀਤ ਕੌਰ ਸਿੱਧੂ ਲਿਖਦੀ ਹੈ-

"ਮੈਂ ਤਾਂ ਅੱਜ ਵੀ ਉਹੀ
ਸਦੀਵੀ ਔਰਤ ਹਾਂ ਇੱਕ ਧੀ,
ਇੱਕ ਮਾਂ, ਨਾਨੀ, ਦਾਦੀ
ਪੁਸ਼ਤਾਂ ਦੀ ਰਾਖੀ ਕਰਦੀ
ਜਗਤ - ਜਨਣੀ
ਮੈਨੂੰ ਬਦਲੇ ਵਕਤ ਦੀ
ਗਲ ਨਾਂ ਦਸ......।
ਇਹ ਆਜ਼ਾਦ ਸਮਾਂ
ਮੇਰੀ ਸੋਚ ਦੇ ਮੇਚ ਨਹੀਂ ਬੈਠਣਾ,
ਇਸ ਵਿੱਚ ਚੁੱਲ੍ਹੇ ਦਾ ਮੋਹ ਨਹੀਂ
ਮਾਂ ਦੀ ਧੜਕਦੀ ਆਂਦਰ ਨਹੀਂ

ਸੁੱਖਾਂ ਮੰਗਦੀ ਪਤਨੀ ਨਹੀਂ
ਸੁਬ੍ਰ ਨਹੀਂ, ਝਾਂਜਰ ਨਹੀਂ
ਤੀਆਂ ਨਹੀਂ ਲੋਹੜੀ ਨਹੀਂ।"[20]

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚਲੀ ਔਰਤ ਮਰਦ ਨੂੰ ਆਪਣੀ ਸਭਿਅਤਾ ਅਤੇ ਸੰਸਕ੍ਰਿਤੀ ਨਾਲ ਜੁੜੀ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਉਹ ਮਰਦ ਨੂੰ ਦਲੀਲ ਨਾਲ ਕਹਿੰਦੀ ਹੈ ਕਿ ਉਹ ਬਦਲਦੇ ਜ਼ਮਾਨੇ ਨਾਲ ਉਸ ਨੂੰ ਬਦਲਣ ਲਈ ਨਾ ਕਹੇ ਕਿਉਂ ਕਿ ਬਦਲੀ ਹੋਈ ਔਰਤ ਸਭਿਅਤਾ ਨੂੰ ਭੁੱਲ ਜਾਂਦੀ ਹੈ। ਉਹ ਤਾਂ ਉਹੀ ਸਦੀਆਂ ਪੁਰਾਣੀ ਔਰਤ ਬਣ ਕੇ ਰਹਿਣਾ ਚਾਹੁੰਦੀ ਹੈ ਕਿਉਂਕਿ ਉਸ ਸਭਿਅਤਾ ਵਿੱਚ ਮੋਹ ਹੈ, ਹਮਦਰਦੀ ਹੈ, ਅਪਣੱਤ ਹੈ। ਇਹ ਔਰਤ ਘਰ-ਪਰਿਵਾਰ ਅਤੇ ਸਮਾਜ ਵਿੱਚ ਵਿੱਚਰਦਿਆਂ ਧੀ ਵੀ ਬਣੀ ਤੇ ਫਿਰ ਭਾਰਤੀ ਸਭਿਅਤਾ ਵਿੱਚ ਰੰਗੀ ਹੋਣ ਕਰਕੇ ਮਾਂ, ਫਿਰ ਦਾਦੀ ਅਤੇ ਨਾਨੀ ਵੀ ਬਣੀ। ਪੁਸ਼ਤਾਂ ਬਦਲ ਗਈਆਂ ਪਰ ਉਹ ਨਹੀਂ ਬਦਲੀ ਨਾ ਹੀ ਉਹ ਬਦਲਣਾ ਚਾਹੁੰਦੀ ਹੈ ਕਿਉਂ ਜੋ ਚਾਲੰਤ ਜ਼ਮਾਨਾ ਉਸ ਨੂੰ ਰਾਸ ਨਹੀਂ ਆਉਣਾ। ਅਜੋਕੇ ਨਵੇਂ ਜ਼ਮਾਨੇ ਵਿੱਚ ਪਹਿਲਾਂ ਵਰਗਾ ਮੋਹ ਨਹੀਂ, ਪਤੀ ਦੀ ਸੁੱਖ ਨਹੀਂ, ਪੰਜਾਬੀ ਸਭਿਆਚਾਰ ਵਿੱਚ ਰੰਗੀ ਹੋਈ ਔਰਤ ਦਾ ਹਾਰ-ਸ਼ਿੰਗਾਰ ਨਹੀਂ।ਇੱਥੇ ਹੁਣ ਨਾ ਤਾਂ ਕੁੜੀਆਂ ਦਾ ਸੱਥ ਜੁੜੇਗਾ ,ਨਾ ਹੀ ਪੁੱਤਾਂ ਦੀ ਲੋਹੜੀ ਮਨਾਈ ਜਾਏਗੀ। ਇਸ ਲਈ ਬਦਲੇ ਜ਼ਮਾਨੇ ਦੇ ਨਾਲ ਉਹ ਬਦਲਣਾ ਨਹੀਂ ਚਾਹੁੰਦੀ।ਕਾਵਿ ਰਾਹੀਂ ਕਵਿੱਤਰੀ ਔਰਤ ਦੀ ਅੰਦਰੂਨੀ ਸ਼ਕਤੀ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਔਰਤ ਦਾ ਚੇਤੰਨ ਹੋਣਾ ਆਪਣੇ ਨਾਲ ਹੋ ਰਹੇ ਅਨਿਆਂ ਦੇ ਕਾਰਨਾਂ ਨੂੰ ਜਾਣ ਲੈਣਾ ਹੈ।ਇੰਦਰਜੀਤ ਕੌਰ ਸਿੱਧੂ ਸਮਾਜ ਵਿੱਚ ਸੰਤਾਪ ਭੋਗਦੀਆਂ ਔਰਤਾਂ ਦਾ ਹਵਾਲਾ ਦੇ ਕੇ ਔਰਤ ਨੂੰ ਚੇਤੰਨ ਹੀ ਕਰ ਰਹੀ ਹੈ।

ਜੇਕਰ ਔਰਤ ਸਮਾਜ ਦੀ ਜਨਣੀ ਹੈ ਤਾਂ ਇਹ ਵੀ ਗੱਲ ਮੰਨਣਯੋਗ ਹੈ ਕਿ ਔਰਤ ਮਰਦ ਦੇ ਆਪਸੀ ਰਿਸ਼ਤੇ ਕਾਰਨ ਹੀ ਸਮਾਜ ਦੀ ਸਿਰਜਣਾ ਹੁੰਦੀ ਹੈ ਅਤੇ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਔਰਤ ਤੇ ਮਰਦ ਗੱਡੀ ਦੇ ਦੋ ਪਹੀਏ ਹਨ। ਇੱਕ ਪਹੀਏ ਨਾਲ ਗੱਡੀ ਨਹੀਂ ਚੱਲ ਸਕਦੀ। ਇੰਦਰਜੀਤ ਕੌਰ ਸਿੱਧੂ ਦੇ ਇਸ ਕਾਵਿ-ਸੰਗ੍ਰਹਿ ਅੰਦਰ ਅਜਿਹੇ ਕਈ ਨੁਕਤੇ ਚੁੱਕੇ ਗਏ ਹਨ, ਜੋ ਔਰਤ ਅਤੇ ਮਰਦ ਦੇ ਸੰਬੰਧਾਂ ਦੀ ਪੜਚੋਲ ਕਰਦੇ ਹਨ। ਇਸ ਪਰਿਪੇਖ ਵਿੱਚ ਘਰ,ਸਮਾਜ, ਸਤੁੰਤਰਤਾ, ਇਤਿਹਾਸ ਅਤੇ ਆਪਸ ਵਿੱਚਲੇ ਰਿਸ਼ਤਿਆਂ ਦਾ ਨਿੱਘ, ਕੜੁੱਤਣ ਅਤੇ ਗ਼ੁਲਾਮੀ ਨੂੰ ਬਿਆਨ ਕੀਤਾ ਗਿਆ ਹੈ। ਜ਼ਨਾਨੀ ਚਾਹ ਕੇ ਵੀ ਮਰਦ ਦੇ ਖਿਲਾਫ਼ ਆਵਾਜ ਚੁੱਕਣ ਦੀ ਹਿੰਮਤ ਨਹੀਂ ਕਰ ਪਾਉਂਦੀ।ਉਸ ਨੂੰ ਅਪਣੱਤ ਦਾ ਮੋਹ ਮਾਰ ਜਾਂਦਾ ਹੈ। ਬੇਸ਼ੱਕ ਮਰਦ ਉਸ ਉੱਪਰ ਕਿੰਨਾ ਵੀ ਜ਼ੁਲਮ ਕਿਉਂ ਨਾ ਕਰੇ। ਔਰਤ ਦੇ ਮੋਹ ਦੀ ਜ਼ੰਜੀਰ ਨਹੀਂ ਟੁੱਟਦੀ :-

"ਮੈਂ ਜਦੋਂ ਜਦੋਂ
ਵੀ ਤੇਰੇ ਖ਼ਿਲਾਫ਼
ਆਪਣੀ ਮੁਠ-ਮੀਚ
ਬਾਂਹ ਉਚੀ ਚੁਕ
ਨਾਹਰੇ ਵਿੱਚ ਖਲੋਤੀ
ਤਾਂ ਵੇਖਿਆ
ਮੋਹ ਦਾ ਤੰਦੂਆ
ਮੇਰੇ ਪੈਰਾਂ ਨੂੰ
ਚੰਬੜਿਆ ਪਿਆ ਸੀ।"[21]

ਇੰਦਰਜੀਤ ਕੌਰ ਸਿੱਧੂ ਕਾਵਿ ਵਿੱਚ ਸਮਾਜ ਵਿੱਚਲੀ ਔਰਤ ਦਾ ਮਾਨਸਿਕ ਸੱਚ ਬਿਆਨ ਕਰ ਰਹੀ ਹੈ। ਔਰਤ ਜੇਕਰ ਕਦੇ ਮਰਦ ਦੀਆਂ ਵਧੀਕੀਆਂ ਤੋਂ ਤੰਗ ਕੇ ਉਸ ਦੇ ਖ਼ਿਲਾਫ ਡੱਟ ਕੇ ਬਗਾਵਤ ਕਰਨ ਦੀ ਕੋਸ਼ਿਸ ਵੀ ਕਰਦੀ ਹੈ, ਤਦ ਵੀ ਚਾਹੁੰਦੇ ਹੋਏ ਵੀ, ਉਹ ਉਸ ਦੇ ਖਿਲਾਫ਼ ਨਹੀਂ ਜਾ ਸਕਦੀ। ਉਹ ਪਤੀ ਦੇ ਮੋਹ ਜਾਲ ਵਿੱਚ ਫਸੀ ਹੋਈ ਹੁੰਦੀ ਹੈ।ਔਰਤ ਦੀਆਂ ਪਤੀ ਪ੍ਰਤੀ ਪ੍ਰੇਮ ਭਾਵਨਾਵਾਂ, ਕੀਤੀ ਜਾਣ ਵਾਲੀ ਬਗਾਵਤ ਤੇ ਭਾਰੂ ਹੋ ਜਾਂਦੀਆਂ ਹਨ। ਇੱਥੇ ਇੰਦਰਜੀਤ ਸਿੱਧੂ ਨੇ ਇਹ ਜ਼ਿਕਰ ਕਵਿਤਾ 'ਤੰਦੂਆ' ਵਿੱਚ ਕੀਤਾ ਹੈ। ਤੰਦੂਆ ਉਸ ਜ਼ਹਿਰੀਲੇ ਕੀਟਨਾਸ਼ਕ ਜੰਤੂ ਨੂੰ ਕਿਹਾ ਜਾਂਦਾ ਹੈ ਜੋ ਬੁਰੀ ਤਰ੍ਹਾਂ ਕੱਟ ਜਾਂਦਾ ਹੈ। ਔਰਤ ਨੂੰ ਵੀ ਪਤੀ ਦੇ ਮੋਹ ਜਾਲ ਦਾ ਤੰਦੂਆ ਚਿੰਬੜਿਆ ਹੋਇਆ ਹੈ। ਜਿਸ ਤੋਂ ਉਹ ਬਚ ਨਹੀਂ ਸਕਦੀ ਤੇ ਨਾ ਹੀ ਉਹ ਉਸ ਤੰਦੂਆ ਨੂੰ ਵਗਾਹ ਕੇ ਪਰ੍ਹਾਂ ਮਾਰ ਸਕਦੀ ਹੈ।ਜਦੋਂ ਵੀ ਉਹ ਆਪਣੀ ਸ਼ਾਨ ਦੇ ਖਿਲਾਫ਼ ਹੋ ਰਹੀਆਂ ਵਧੀਕੀਆਂ ਦੇ ਵਿਰੁੱਧ ਡੱਟ ਕੇ ਸਾਹਮਣੇ ਖੜਨ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਨੂੰ ਆਪਣੇ ਪਿਉ ਦੀ ਇੱਜ਼ਤ ਆਬਰੂ, ਭਰਾ ਦਾ ਸਨੇਹ, ਕਿਤੇ ਮਾਂ ਦਾ ਪਿਆਰ-ਦੁਲਾਰ ਯਾਦ ਆ ਜਾਂਦਾ ਹੈ। ਉਹ ਜਿਸ ਜ਼ਿੱਦ ਲਈ ਅੜਦੀ ਹੈ, ਉਸ ਤੋਂ ਪਿੱਛੇ ਮੁੜ ਕੇ ਫਿਰ ਸ਼ਾਂਤ ਹੋ ਜਾਂਦੀ ਹੈ। ਹਰ ਵਾਰੀ ਇਵੇਂ ਹੀ ਹੁੰਦਾ ਆਇਆ ਹੈ, ਪਤੀ ਉਸ ਨੂੰ ਹਮੇਸ਼ਾਂ ਹੀ ਮਨਾ ਕੇ, ਸਮਝਾ ਕੇ, ਪਿਆਰ ਨਾਲ ਰੱਖਣ ਦੀ ਕੋਸ਼ਿਸ ਕਰਦਾ ਹੈ।ਔਰਤ ਦੀ ਮਰਜ਼ੀ ਮਰਦ ਦੇ ਅਨੁਕੂਲ ਹੀ ਚੱਲਦੀ ਹੈ।ਔਰਤ ਚਾਹ ਕੇ ਵੀ ਆਜ਼ਾਦੀ ਨਹੀਂ ਪ੍ਰਾਪਤ ਕਰ ਪਾਉਂਦੀ। ਉਹ ਇੱਕ ਬਣਵਾਸ ਵਿੱਚੋਂ ਨਿਕਲ ਕੇ ਦੂਜੇ ਬਣਵਾਸ ਵਿੱਚ ਆਪਣੇ ਪੈਰੀਂ ਆਪ ਹੀ ਕੁਹਾੜੀ ਮਾਰ ਕੇ ਗ੍ਰਸਤ ਹੋ ਜਾਂਦੀ ਹੈ।ਜਿਸ ਵਿੱਚ ਔਰਤ ਦਾ ਸਵੈ ਪਹਿਲਾਂ ਵੀ ਖਾਰਜ ਸੀ ਤੇ ਹੁਣ ਵੀ ਖਾਰਜ ਹੀ ਹੈ:-

"ਅਜ ਦੀ
ਔਰਤ ਨੇ
ਮਹਾਂ ਭਾਰਤ ਸਿਰਜਿਆ
ਜੀਵਿਆ
ਤੇ ਫਿਰ
ਆਪਣੇ ਧੁਰ ਅੰਦਰ
ਦਫ਼ਨ ਕਰ ਲਿਆ, ਸਮੇਂ ਦੀ ਕੁੰਤੀ
ਆਪਣੇ ਮਰਦ ਲਈ
ਸੋਚ, ਤਰਕ, ਹੋਂਦ ਤੇ
ਪੱਟੀ ਬੰਨ੍ਹ...... ਅੰਨ੍ਹੀ ਹੋ ਗਈ
ਸੌ ਪੁਤਰਾਂ ਦੀ ਕਬਰ ਤੇ
ਗੁਲਾਮੀ ਦੀ ਪਰਤੀਕ ਨਹੀਂ
ਮੋਹ ਦੀ ਕੈਦ ਸੀ
ਔਰਤ ਕਿਥੋਂ ਸੁਰਖ਼ਰੂ ਹੁੰਦੀ।"[22]

ਇੰਦਰਜੀਤ ਸਿੱਧੂ ਕਾਵਿ ਰਾਹੀਂ ਬਿਆਨ ਕਰਦੀ ਹੈ ਕਿ ਔਰਤ ਦੀ ਪਰਿਵਾਰ ਦੇ ਮੈਂਬਰਾਂ ਲਈ ਮੋਹ ਪਿਆਰ ਦੀ ਤੰਦ ਨਹੀਂ ਟੁੱਟਦੀ।ਇੰਦਰਜੀਤ ਸਿੱਧੂ ਔਰਤ ਦਾ ਸਮਾਜ ਵਿੱਚ ਯਥਾਰਥ ਪੇਸ਼ ਕਰਦੀ ਹੋਈ ਉਸ ਦੀਆਂ ਦਿਲੀ ਭਾਵਨਾਵਾਂ ਨੂੰ ਵੀ ਵਿਅਕਤ ਕਰ ਰਹੀ ਹੈ। ਔਰਤ ਮਰਦ ਲਈ ਸਤੀ-ਸਵਿੱਤਰੀ ਬਣਨ ਦੀ ਕੋਸ਼ਿਸ਼ ਕਰਦੀ ਹੈ। ਉਹ ਉਸ ਦੇ ਮੋਹ ਪਿਆਰ ਵਿੱਚ ਰੰਗੀ ਹੋਈ ਹੈ। ਉਸ ਲਈ ਭਾਵੇਂ ਉਸ ਨੂੰ ਸਾਰੀ ਉਮਰ ਕੁੰਤੀ ਵਾਂਗ ਅੱਖਾਂ ਤੇ ਪੱਟੀ ਕਿਉਂ ਨਾ ਬੰਨਣੀ ਪਵੇ। ਕਦੇ ਉਸ ਨੂੰ ਪਤੀ ਦਾ ਮੋਹ

ਮਾਰ ਜਾਂਦਾ ਹੈ, ਕਦੇ ਪੁੱਤਰਾਂ ਦਾ। ਉਸ ਦੀ ਸਾਰੀ ਉਮਰ ਮੋਹ ਦੀ ਵਲੱਗਣ ਤੋਂ ਪਰ੍ਹੇ ਨਹੀਂ ਜਾਂਦੀ। ਉਹ ਇਸ ਜੰਜ਼ੀਰ ਵਿੱਚ ਬੱਝੀ ਹੀ ਰਹਿੰਦੀ ਹੈ। ਇਸ ਮੋਹ ਵਾਲੀਆਂ ਤੰਦਾਂ ਨੂੰ ਛੱਡ ਕੇ ਔਰਤ ਅਜ਼ਾਦ ਕਿਵੇਂ ਹੋ ਸਕਦੀ ਹੈ।ਔਰਤ ਤਾਂ ਹਮੇਸ਼ਾਂ ਮਰਦ ਲਈ ਮੋਹ-ਪਿਆਰ ਦੀ ਕੁਰਬਾਨੀ ਦਿੰਦੀ ਆ ਰਹੀ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਵੱਲੋਂ ਔਰਤਾਂ ਦੀ ਨਾਜ਼ੁਕ ਸਥਿਤੀ ਦਾ ਫ਼ਾਇਦਾ ਉਠਾ ਕੇ ਉਸ ਦਾ ਸ਼ੋਸਣ ਕੀਤਾ ਜਾਂਦਾ ਹੈ। ਅੱਜ ਦੀ ਔਰਤ ਅੰਦਰੂਨੀ ਭਾਵਨਾਵਾਂ ਦੇ ਤੌਰ ਤੇ ਖ਼ੁਦ ਵੀ ਆਜ਼ਾਦ ਹੋਣਾ ਚਾਹੁੰਦੀ ਹੈ। ਬੇਸ਼ੱਕ ਉਹ ਸਤੀ-ਸਵਿੱਤਰੀ ਬਣੇ ਰਹਿਣਾ ਚਾਹੁੰਦੀ ਹੈ, ਪਰ ਕਿਤੇ-ਕਿਤੇ ਉਸ ਨੂੰ ਇਸ ਗੱਲ ਦਾ ਖ਼ਦਸਾ ਹੈ ਕਿ ਉਹ ਬੰਧਨਾਂ ਵਿੱਚ ਬੱਝੀ ਹੋਈ ਹੈ। ਉਸ ਦੀ ਮਰਜ਼ੀ ਅਨੁਸਾਰ ਸਮਾਜ ਦੀ ਰਵਾਇਤ ਨਹੀਂ। ਉਹ ਚਾਹੇ ਘਰ ਅੰਦਰ ਹੋਵੇ ਜਾਂ ਸਮਾਜ ਅੰਦਰ ਕਿਸੇ ਵੀ ਖੇਤਰ ਵਿੱਚ ਹੋਵੇ, ਸੁਰਖ਼ਰੂ ਨਹੀਂ। ਔਰਤ ਵੀ ਗ਼ੁਲਾਮੀ ਦੇ ਬੰਧਨਾਂ ਤੋਂ ਆਜ਼ਾਦ ਹੋਣਾ ਲੋਚਦੀ ਹੈ। ਅੱਜ ਦੀ ਔਰਤ ਕਾਫ਼ੀ ਹੱਦ ਤੱਕ ਕਈ ਖੇਤਰਾਂ ਵਿੱਚ ਆਜ਼ਾਦ ਵੀ ਹੋ ਚੁੱਕੀ ਹੈ। ਉਸ ਦੀ ਆਜ਼ਾਦੀ ਦੇ ਮਾਇਨੇ ਇੰਦਰਜੀਤ ਸਿੱਧੂ ਇਵੇਂ ਪੇਸ਼ ਕਰਦੀ ਹੈ:-

"ਜਿਸ ਮਰਦ ਨੂੰ ਤੂੰ
ਨਕਾਰਿਆ
ਤੇ ਜੇ ਉਸੇ ਮਰਦ ਦੇ
ਇਸ਼ਾਰਿਆਂ ਤੇ ਹੀ ਤੂੰ ਨਚਣਾ ਸੀ
ਤਾਂ ਕਾਹਦੀ ਆਜ਼ਾਦੀ ਸੀ?
…………………..
………………
ਮੈਂ ਤੇਰੀ ਆਜ਼ਾਦੀ ਦੇ ਜਸ਼ਨ ਵਿੱਚ ਤੇਰੇ ਨਾਲ
ਸ਼ਾਮਲ ਨਹੀਂ ਹੋ ਸਕਦੀ।"[23]

ਇੰਦਰਜੀਤ ਸਿੱਧੂ ਕਾਵਿ ਰਾਹੀਂ ਔਰਤ ਨੂੰ ਸੰਬੋਧਿਤ ਕਰਦੀ ਹੈ ਕਿ ਉਸ ਆਜ਼ਾਦੀ ਦਾ ਭਰਮ ਪਾਲਣ ਦਾ ਕੋਈ ਫ਼ਾਇਦਾ ਨਹੀਂ, ਜਿੱਥੇ ਔਰਤ ਗੁਣਗਾਨ ਤਾਂ ਆਜ਼ਾਦੀ ਦਾ ਕਰ ਰਹੀ ਹੈ ਕਿ 'ਮੈਂ ਆਜ਼ਾਦ ਔਰਤ ਹਾਂ', 'ਮੈਂ ਆਜ਼ਾਦ ਹਾਂ' ਪਰ ਉਹ ਸਾਰਾ ਕਾਰ-ਵਿਹਾਰ ਕਰਦੀ ਮਰਦ ਦੇ ਅਨੁਸਾਰ ਹੀ ਹੈ। ਫਿਰ ਇਹ ਕਿਵੇਂ ਦੀ ਆਜ਼ਾਦੀ ਹੈ? ਇਹ ਕਿਹੜੀ ਆਜ਼ਾਦ ਔਰਤ ਦੀ ਗੱਲ ਹੋ ਰਹੀ ਹੈ, ਜੋ ਪਤੀ ਦੇ ਇਸ਼ਾਰਿਆਂ ਤੇ ਨੱਚ ਰਹੀ ਹੈ।ਕਿਉਂ ਔਰਤ ਨੂੰ ਇਹ ਭਰਮ ਖਾ ਰਿਹਾ ਹੈ ਕਿ ਉਹ ਆਜ਼ਾਦ ਹੈ, ਉਹ ਆਜ਼ਾਦ ਸੋਚ ਦੀ ਮਾਲਕਣ ਹੈ। ਇੰਦਰਜੀਤ ਸਿੱਧੂ ਕਵਿਤਾ 'ਸ਼ਾਮਲ ਨਹੀਂ ਹਾਂ ਮੈਂ' ਵਿੱਚ ਔਰਤ ਦੀ ਝੂਠੀ ਆਜ਼ਾਦੀ ਦਾ ਭਰਮ ਤੋੜਦੀ ਹੈ, ਜਿੱਥੇ ਔਰਤ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰਕੇ ਆਪਣੇ ਆਪ ਨੂੰ ਆਧੁਨਿਕ ਨਾਰੀ ਦੱਸਦੀ ਹੋਈ ਆਜ਼ਾਦ ਹੋਣ ਦਾ ਭਰਮ ਪਾਲੀ ਬੈਠੀ ਹੈ। ਜਿੱਥੇ ਔਰਤ ਦੇ ਪੈਰ੍ਹਾਂ ਥੱਲੇ ਦੋ ਇੰਚ ਜ਼ਮੀਨ ਵੀ ਉਸਦੀ ਆਪਣੀ ਨਹੀਂ ਹੁੰਦੀ।ਫਿਰ ਉਹ ਕਾਹਦੀ ਆਜ਼ਾਦੀ? ਇਸ ਨਾਲੋਂ ਤਾਂ ਉਹ ਸਭਿਆਚਾਰਕ ਔਰਤ ਹੀ ਠੀਕ ਹੈ, ਜੋ ਘੁੰਡ ਕੱਢ ਕੇ ਘੱਗਰਾ ਪਾ ਕੇ ਰੱਖਦੀ ਹੈ। ਰੰਗ-ਬਿਰੰਗੀਆਂ ਪੱਛਮ ਦੀਆਂ ਪੁਸ਼ਾਕਾਂ ਪਾ ਕੇ ਹੀ ਨਾਰੀ ਆਜ਼ਾਦ ਨਹੀਂ ਹੋ ਜਾਂਦੀ।ਆਜ਼ਾਦ ਹੋਣ ਲਈ ਨਾਰੀ ਨੂੰ ਆਪਣੀ ਸੋਚ ਵੀ ਬਦਲਣੀ ਪਏਗੀ। ਇਸ ਆਜ਼ਾਦੀ ਵਾਲੇ ਜਸ਼ਨ ਵਿੱਚ ਸ਼ਾਮਲ ਹੋਣਾ ਉਂਨਾ ਜ਼ਰੂਰੀ ਨਹੀਂ, ਜਿੰਨਾ ਆਜ਼ਾਦ ਹੋਣ ਲਈ ਮਾਨਸਿਕ ਤਬਦੀਲੀ ਲਿਆਉਣਾ।

ਨਾਰੀ ਚੇਤਨਾ ਦਾ ਜੋ ਜ਼ਿਕਰ ਭਾਰਤੀ ਪੰਜਾਬੀ ਸਾਹਿਤ ਵਿੱਚ ਮਿਲਦਾ ਹੈ,ਉਸ ਨਾਲ ਪੰਜਾਬੀ ਨਾਰੀ ਕਾਵਿ ਦੇ ਇਤਿਹਾਸ ਵਿੱਚ ਅੰਮ੍ਰਿਤਾ-ਪ੍ਰੀਤਮ ਦੇ ਆਉਣ ਨਾਲ ਕਾਫ਼ੀ ਵੱਡਾ ਪਰਿਵਰਤਨ ਆਉਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਪੰਜਾਬੀ ਸਾਹਿਤ ਵਿੱਚ ਨਾਰੀ

ਕਾਵਿ ਦਾ ਜੋ ਬਿੰਬ ਬਣਾਇਆ, ਉਸ ਵਿੱਚ ਜਰੁਅਤ, ਵਿਦਰੋਹ, ਸਤੁੰਤਰਤਾ, ਕਾਵਿ ਯੋਗਤਾ ਸ਼ਾਮਿਲ ਹਨ। ਇਸੇ ਹੀ ਵਿਦਰੋਹ ਨੂੰ ਪੇਸ਼ ਕਰਦੀ ਹੋਈ ਮਨਜੀਤ ਟਿਵਾਣਾ ਦੀ ਇੱਕ ਕਵਿਤਾ ਹੈ, ਜੋ ਕਵਿੱਤਰੀ ਦੀ ਮਰਦ ਪ੍ਰਤੀ ਸੋਚ ਨੂੰ ਬਿਆਨ ਕਰਦੀ ਹੈ:-

"ਪਤੀ ਇੱਕ ਭੁੱਖਾ ਭੇੜੀਆ ਹੈ
ਜੋ ਤਹਾਨੂੰ ਹੋਰ ਭੇੜੀਆਂ ਤੋਂ ਤਾਂ
ਬਚਾ ਲੈਂਦਾ ਹੈ
ਪਰ ਆਪ ......
ਪਹਿਲਾਂ ਤਹਾਨੂੰ ਆਪਣੇ ਜਬੜੇ 'ਚ ਅਟਕਾ ਕੇ
ਦੱਸਦਾ ਹੈ
"ਦੇਖ ਤੂੰ ਕਿੰਨੀ ਸੁਰੱਖਿਅਤ ਹੈ
ਮੈਂ ਤੈਨੂੰ ਖਾਂਦਾ ਨਹੀਂ ---- "[24]

ਦੁੱਖਾਂ-ਪੀੜਾਂ ਦੀ ਦਲਦਲ ਵਿੱਚ ਫ਼ਸੀ ਹੋਈ ਔਰਤ ਨੂੰ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਸਮਾਜ ਦੇ ਸੁਧਰਣ ਦੀ ਬਹੁਤ ਘੱਟ ਉਮੀਦ ਹੈ, ਕਿਉਂ ਕਿ ਵਿਤਕਰਿਆਂ ਅਤੇ ਬੇਇਨਸਾਫ਼ੀਆਂ ਦੀ ਲੜੀ ਤਾਂ ਉਦੋਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਜਦੋਂ ਔਰਤ ਪੈਦਾ ਹੁੰਦੀ ਹੈ।ਸਮਾਜ ਵਿੱਚ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ।ਪੰਜਾਬੀ ਸਾਹਿਤ ਵਿੱਚ ਕਿੱਸਾਕਾਰਾਂ ਨੇ ਔਰਤ ਨੂੰ ਭੰਡਿਆ ਹੈ।ਸਾਹਿਤ ਵਿੱਚ ਵੀ ਉਹੀ ਬਿਆਨ ਹੁੰਦਾ ਹੈ, ਜੋ ਸਮਾਜ ਵਿੱਚ ਵਾਪਰਦਾ ਹੈ। ਹਰ ਪਾਸੇ ਤੋਂ ਰਿਸ਼ਤਿਆਂ ਦੇ ਨਿਭਾਅ ਵਿੱਚ ਔਰਤ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਨਿਰੂਪਮਾ ਦੱਤ ਦੀ ਕਵਿਤਾ ਵਿੱਚ ਔਰਤ ਵੱਲੋਂ ਹੀ ਦੂਜੀ ਔਰਤ ਨੂੰ ਸਲਾਹ ਦਿੱਤੀ ਜਾਂਦੀ ਹੈ:-

"ਤੁਸੀ ਆਪਣਾ ਕਮਾਂਦੀਆਂ ਹੋ, ਖਾਂਦੀਆਂ ਹੋ
ਜੁੱਤੀ ਦੀ ਨੋਕ ਤੇ ਧਰੋ ਇਨ੍ਹਾਂ ਨੂੰ ਤੇ ਐਸ਼ ਕਰੋ।"[25]

ਔਰਤ ਨੂੰ ਸਭਿਆਚਾਰਕ ਰਿਸ਼ਤਿਆਂ ਵਿੱਚੋਂ ਉਪਰੇਪਨ ਦੀ ਝਲਕ ਪੈਂਦੀ ਪ੍ਰਤੀਤ ਹੁੰਦੀ ਹੈ। ਉਹ ਇੱਕੱਲਤਾ ਮਹਿਸੂਸ ਕਰਦੀ ਹੋਈ ਭਟਕਣ ਵਿੱਚ ਪਈ ਰਹਿੰਦੀ ਹੈ। ਮਰਦ ਬੇਸ਼ੱਕ ਔਰਤ ਦੇ ਦੁੱਖ-ਸੁੱਖ ਵਿੱਚ ਉਸ ਨਾਲ ਖੜਨ ਦੀ ਹਾਮੀ ਭਰਦਾ ਹੈ ਪਰ ਤਹਿ ਦਿਲੋਂ ਉਸ ਦਾ ਸਤਿਕਾਰ ਨਹੀਂ ਕਰਦਾ। ਉਹ ਸਿਰਫ਼ ਉਸ ਨੂੰ ਇੱਕ ਭੋਗ ਦੀ ਵਸਤੂ ਸਮਝ ਕੇ ਵਰਤਦਾ ਹੀ ਆਇਆ ਹੈ।ਜੇਕਰ ਡੂੰਘੀ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਜ਼ਜਬੇ ਦੇ ਆਧਾਰ ਤੇ ਹੀ ਔਰਤ-ਮਰਦ ਦਾ ਪਿਆਰ ਪਲਮਦਾ ਹੈ। ਇਹ ਰਿਸ਼ਤਾ ਪਤੀ ਪਤਨੀ ਦਾ, ਆਸ਼ਕ-ਮਾਸ਼ੂਕ ਦਾ, ਪਿਉ-ਧੀ ਦਾ, ਭੈਣ-ਭਰਾ ਦਾ ਵੀ ਹੋ ਸਕਦਾ ਹੈ। ਪਤੀ ਪਤਨੀ ਅਤੇ ਆਸ਼ਕ-ਮਾਸ਼ੂਕ ਦਾ ਰਿਸ਼ਤਾ ਔਰਤ ਅਤੇ ਮਰਦ ਦੋਹਾਂ ਦੀ ਸਵੈ-ਸਫ਼ਲਤਾ ਤੇ ਸਵੈ-ਪੂਰਨਤਾ ਵਾਸਤੇ ਅਹਿਮ ਰਿਸ਼ਤਾ ਹੈ। ਇਸ ਰਿਸ਼ਤੇ ਦੇ ਸਫ਼ਲ ਹੋਣ ਤੋਂ ਬਗੈਰ ਔਰਤ ਤੇ ਮਰਦ ਦੋਵੇਂ ਹੀ ਅਧੂਰੇ ਰਹਿੰਦੇ ਹਨ। 'ਮਨਜੀਤ ਮੀਤ' 'ਬਣਵਾਸ ਤੋਂ ਬਣਵਾਸ ਤੱਕ'ਕਾਵਿ-ਸੰਗ੍ਰਹਿ ਨੂੰ ਸੰਦਰਭ ਵਿੱਚ ਰੱਖ ਕੇ ਲਿਖਦਾ ਹੈ:-

"ਜਿੱਥੇ ਔਰਤ, ਔਰਤ ਹੋਵੇ ਨਾ ਕਿ ਭੋਗੀ ਜਾਣ ਵਾਲੀ ਕੋਈ ਨਿਗੂਣੀ ਵਸਤੂ। ਕਿਉਂਕਿ ਅਸੀਂ ਖ਼ਪਤ ਕਲਚਰ ਦਾ ਹਿੱਸਾ ਹਾਂ ਇਸ ਕਰਕੇ ਸਾਡੇ ਅਰਥ ਵੀ ਬਹੁਅਰਥਕ ਹੋ ਗਏ ਹਨ। ਮਰਦ ਪ੍ਰਧਾਨ ਸਮਾਜ ਔਰਤ ਨੂੰ ਵੀ ਮੰਡੀ ਦੀ ਇੱਕ ਵਸਤ ਵਾਂਗ ਖਰੀਦਦਾ, ਵਰਤਦਾ, ਭੋਗਦਾ ਤੇ ਫਿਰ ਸੁੱਟ ਦਿੰਦਾ ਹੈ।"[26]

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚਲੀ ਨਾਰੀ ਆਜ਼ਾਦੀ ਦੀ ਦੁਹਾਈ ਪਾ ਰਹੀ ਹੈ ਅਤੇ ਆਜ਼ਾਦ ਹੋਣ ਦੀ ਮੰਗ ਕਰ ਰਹੀ ਹੈ। ਨਾਰੀ ਜ਼ਮਾਨੇ ਦੀਆਂ ਪੀੜਾਂ ਵਿੱਚ ਪਿਸਦੀ ਹੋਈ ਥੱਕ ਚੁੱਕੀ ਹੈ। ਹੁਣ ਉਹ ਦੋ ਕਦਮ ਅੱਗੇ ਪੁੱਟ ਕੇ ਉਹ ਦਹਿਲੀਜ਼ਾਂ ਪਾਰ ਕਰਨਾ ਚਾਹੁੰਦੀ ਹੈ ਜਿੱਥੇ ਰਹਿ ਕੇ ਉਸ ਦਾ ਦਮ ਘੁੱਟ ਰਿਹਾ ਹੈ ਇੰਦਰਜੀਤ ਸਿੱਧੂ ਦੀ ਕਵਿਤਾ ਜਾਗਰੂਕ ਔਰਤ ਜੋ ਹਰ ਰਿਸ਼ਤੇ, ਹਰ ਸ਼ੈਅ ਦਾ ਤਰਕ ਨਾਲ ਵਿਸ਼ਲੇਸ਼ਣ ਕਰਦੀ ਹੈ ਤੇ ਮਾਨਵੀ ਕਰਰਾਂ ਕੀਮਤਾਂ ਦੇ ਸ਼ੀਸੇ ਨਾਲ ਦੇਖ ਕੇ ਉਨ੍ਹਾਂ ਦੀ ਸਹੀ ਕੀਮਤ ਨਿਰਧਾਰਤ ਕਰਦੀ ਹੈ। ਲੇਖਿਕਾ, ਇਸ ਔਰਤ ਨੂੰ ਸਵੈ-ਪਹਿਚਾਣ ਦੇ ਰਾਸਤੇ ਤੇ ਤੋਰਦੀ ਹੋਈ ਖੋਖਲੇ ਕੀਮਤ-ਪ੍ਰਬੰਧ ਨਾਲ ਜੂਝਣ ਲਈ ਮਨਫ਼ੀ ਕਰਦੀ ਹੈ ਅਤੇ ਸੱਚ ਦੀ ਰੋਸ਼ਨੀ ਦੀ ਤਲਾਸ਼ ਲਈ ਕਦਮ ਪੁੱਟਦੀ ਹੈ :

"ਔਰਤ ਨੂੰ ਔਰਤ
ਹੋਣ ਦੇ ਸਰਾਪ ਤੋਂ
ਕਦ ਮੁਕਤ ਕਰੋਗੇ ?
ਪਰਦੇਸੋਂ
ਦੇਸ ਲਿਆ
ਵੱਢ ਕੇ ਟੋਏ ਵਿੱਚ ਸੁੱਟੀ ---- ਜੱਸੀ
----------------
ਤੁਹਾਥੋਂ ਜੀਣ ਦਾ
ਹੱਕ ਮੰਗਦੀ
ਕਦ ਸੁਰਖਰੂ ਕਰੋਂਗੇ ਮੈਨੂੰ ?"[27]

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀ ਸੁਰਖ਼ਰੂ ਹੋਣ ਲਈ ਸੰਘਰਸ਼ ਕਰ ਰਹੀ ਹੈ। ਆਜ਼ਾਦੀ ਲਈ ਹੰਭਲੇ ਮਾਰ ਰਹੀ ਹੈ ਅਤੇ ਆਪਣੇ ਹੱਕ ਲਈ ਦੁਹਾਈ ਪਾ ਰਹੀ ਹੈ। ਉਹ ਮੁਕਤੀ ਦੇ ਉਸ ਦੁਆਰ ਦੀ ਮੰਗ ਕਰ ਰਹੀ ਹੈ ਜਿੱਥੇ ਜਾ ਕੇ ਨਾਰੀ ਚੇਤੰਨ ਹੋ ਜਾਂਦੀ ਹੈ ਤੇ ਆਜ਼ਾਦੀ ਲਈ ਰਸਤਾ ਲੱਭਣ ਲੱਗਦੀ ਹੈ। ਇੰਦਰਜੀਤ ਸਿੱਧੂ ਦੀ ਕਵਿਤਾ ਵਿੱਚਲਾ ਨਾਰੀ ਨਾਲ ਪੇਸ਼ ਆਉਣ ਵਾਲਾ ਮਰਦ ਢੀਠ ਰਵੱਈਏ ਵਾਲਾ ਹੈ। ਉਹ ਆਪਣੀ ਸੋਚ ਬਦਲਣੀ ਨਹੀਂ ਚਾਹੁੰਦਾ ਇਹ ਉਹਨਾਂ ਮਰਦਾਂ ਵਿੱਚੋਂ ਹੀ ਹੈ ਜੋ ਔਰਤ ਨੂੰ ਆਪਣੀ ਭੁੱਖ ਮਿਟਾਉਣ ਲਈ ਸ਼ਿਕਾਰ ਬਣਾ ਲੈਂਦੇ ਹਨ। ਕਦੇ ਔਰਤ ਸੜਨ ਲਈ ਮਜਬੂਰ ਅਤੇ ਕਦੇ ਘਰੋਂ ਬਾਹਰ ਨਿਕਲਣ ਲਈ ਮਜ਼ਬੂਰ ਹੋ ਜਾਂਦੀ ਹੈ। ਉਹ ਮਜਬੂਰ ਕਿਉਂ ਹੋ ਰਹੀ ਹੈ? ਜੇਕਰ ਉਸ ਦੀ ਮਾਨਸਿਕ ਸੋਚ ਵਿੱਚ ਕੋਈ ਭਟਕਣਾ ਹੈ ਜਾਂ ਉਹ ਆਪਣੇ ਹੱਕ ਪ੍ਰਤੀ ਚੇਤੰਨ ਨਹੀਂ ਹੈ ਜਾਂ ਉਸ ਨਾਲ ਬੇਇਨਸਫ਼ੀ ਹੋ ਰਹੀ ਹੈ ਤਦ ਹੀ ਉਹ ਇਹ ਕਦਮ ਚੁੱਕਦੀ ਹੈ। ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਜਿੱਥੇ ਔਰਤ ਦੀ ਤ੍ਰਾਸਦੀ ਪੇਸ਼ ਕਰਦੀ ਹੈ, ਉੱਥੇ ਅਜ਼ਾਦੀ ਦੇ ਔਰਤ ਨੂੰ ਸਹੀ ਮਾਇਨੇ ਵੀ ਸਮਝਾਉਣ ਦੀ ਕੋਸ਼ਿਸ ਕਰ ਰਹੀ ਹੈ। ਆਜ਼ਾਦੀ ਦਾ ਮਤਲਬ ਖੰਭ ਖਿਲਾਰ ਕੇ ਨਹੀਂ ਫਿਰਨਾ ਸਗੋਂ ਸਭਿਆਚਾਰ ਅਨੁਸਾਰ ਚੱਲ ਕੇ ਵੀ ਆਜ਼ਾਦੀ ਪਾਈ ਜਾ ਸਕਦੀ ਹੈ। ਆਜ਼ਾਦੀ ਉਹ ਜਿੱਥੇ ਔਰਤ ਦੇ ਹੱਕ ਦੀ ਗੱਲ ਹੋਵੇ।ਔਰਤ ਦੀ ਸੋਚ ਉੱਪਰ ਮਰਦ ਦਾ ਦਬਦਬਾ ਨਾ ਹੋਵੇ। ਔਰਤ ਦੀ ਆਜ਼ਾਦ ਹੋਣ ਦੀ ਖਾਹਿਸ਼ ਜੋ ਇੰਦਰਜੀਤ ਸਿੱਧੂ ਦੀ ਕਵਿਤਾ ਵਿੱਚ ਨਜ਼ਰ ਆ ਰਹੀ ਹੈ:-

"ਇਹ ਦੁਨੀਆਂ ਤਾਂ
ਮਰਦਾਂ ਦੀ
ਬਲਵਾਨਾਂ ਦੀ
ਤੇ ਇਹ ਸਾਰੀਆਂ

ਰਿਸ਼ਤੇ ਭਾਲਦੀਆਂ ਔਰਤਾਂ
ਤਾਂ ਮਰਦਾਂ ਦੀ ਹੀ
ਧਰੋਹਰ ਸਨ
ਇਨਸਾਫ਼ ਕਿਥੋਂ ਮਿਲਦਾ ----।
ਉਂਝ
ਸਮੇਂ-ਸਮੇਂ
ਯੁੱਗ ਪੁਰਖਾਂ ਤੇ
ਔਰਤ ਲਈ
ਆਵਾਜ਼ ਚੁੱਕੀ
ਫਿਰ ਵੀ ਇਹ ਦੁਨੀਆਂ
ਮਰਦਾਂ ਦੀ ਹੀ ਰਹੀ।"[28]

ਇੰਦਰਜੀਤ ਸਿੱਧੂ ਦੀ ਕਵਿਤਾ 'ਤੰਦੂਆ' ਵਿੱਚ ਔਰਤ ਦੀ ਮਰਦ ਪ੍ਰਤੀ ਵਫ਼ਾ ਤੇ ਮਰਦ ਦੀ ਔਰਤ ਪ੍ਰਤੀ ਬਦਲਦੀ ਸੋਚ ਦਾ ਜ਼ਿਕਰ ਹੈ। ਮਰਦ ਕਦੇ ਇੱਕ ਔਰਤ ਤੇ ਨਿਰਭਰ ਨਹੀਂ ਰਹਿੰਦਾ। ਗਿਰਗਿਟ ਦੀ ਤਰ੍ਹਾਂ ਰੰਗ ਬਦਲ ਕੇ ਉਹ ਹੋਰ ਦਾ ਹੋਰ ਹੀ ਹੋ ਜਾਂਦਾ ਹੈ। ਇਹ ਔਰਤ ਦੀ ਕੈਸੀ ਆਜ਼ਾਦੀ ਹੈ ਜਿੱਥੇ ਔਰਤ, ਮਰਦ ਬਗੈਰ ਰਹਿ ਨਹੀਂ ਸਕਦੀ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਦੀ ਹੀ ਪੁੱਗਦੀ ਹੈ ਔਰਤ ਤਾਂ ਬਹੁਤ ਪਿੱਛੇ ਲਿਤਾੜ ਦਿੱਤੀ ਜਾਂਦੀ ਹੈ। ਅੱਜ ਦੀ ਨਾਰੀ ਨੂੰ ਭਰਮ ਖਾ ਰਿਹਾ ਹੈ ਕਿ ਉਹ ਆਜ਼ਾਦ ਹੋ ਗਈ ਹੈ ਜਦ ਕਿ ਔਰਤ ਹਾਲੇ ਆਜ਼ਾਦ ਨਹੀਂ ਹੋਈ।ਇੰਦਰਜੀਤ ਕੋਰ ਸਿੱਧੂ ਦੀ ਸਵੈ-ਜੀਵਨੀ ਦੀ ਆਰੰਭਿਕਾ ਵਿੱਚ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਲਿਖਦੀ ਹੈ:-

"ਪੇਕੇ ਘਰ ਬੈਠੀ ਉਹ ਇੱਕ ਸੁੰਦਰ ਘਰ ਦਾ ਸੁਪਨਾ ਸਿਰਜਦੀ ਹੈ ਤੇ ਸੁਪਨਿਆਂ ਵਿੱਚ ਇੱਕ ਪਿਆਰਾ ਜਿਹਾ ਤਾਜ ਮਹਿਲ ਤਾਮੀਰ ਕਰਦੀ ਹੈ। ਅਗਲੇ ਘਰ ਜਾ ਕੇ ਉਹ ਆਪਣਾ ਘਰ ਜੋੜਦੀ ਹੈ, ਘਰ ਬਣਾਉਂਦੀ ਹੈ ਤੇ ਉਹ ਸਿਰਜਿਆ ਘਰ ਉਸਦੇ ਪੁੱਤਾਂ ਦੀ ਜਾਇਦਾਦ ਬਣਕੇ ਰਹਿ ਜਾਂਦਾ ਹੈ। ਸਾਰੀ ਉਮਰ ਘਰ ਬਣਾਉਂਦੀ -ਬਣਾਉਂਦੀ ਔਰਤ ਖ਼ੁਦ ਬੇਘਰ ਹੋ ਕੇ ਰਹਿ ਜਾਂਦੀ ਹੈ,ਉਹਦਾ ਤਾ ਕੋਈ ਘਰ ਨਹੀਂ ਹੁੰਦਾ ਤਾਂ ਹੀ ਤਾਂ ਸਾਰੀ ਉਮਰ ਉਹ ਆਪਣੀਆਂ ਕੁੰਜੀਆਂ ਨੂੰ ਛੁਪਾਉਣ ਲਈ ਥਾਂ ਲੱਭਦੀ ਰਹਿਦੀ ਹੈ।"[29]

ਔਰਤ ਦਾਇਰਿਆਂ ਵਿੱਚ ਬੱਝ ਕੇ ਰਹਿ ਗਈ ਹੈ।ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀ ਦੀਆਂ ਅਜ਼ਾਦੀ ਲਈ ਖਾਹਿਸ਼ਾਂ ਉਥਲ-ਪੁਥਲ ਰਹੀਆਂ ਹੈ। ਔਰਤ ਆਪਣੀ ਸੋਚ ਬਦਲਣ ਲਈ ਕਾਹਲੀ ਪੈ ਰਹੀ ਹੈ। ਇੰਦਰਜੀਤ ਸਿੱਧੂ ਸਮਾਜ ਵਿੱਚ ਵਾਪਰ ਰਹੀਆਂ ਯਥਾਰਥਕ ਘਟਨਾਵਾਂ ਦਾ ਵੇਰਵਾ ਬਿਆਨ ਕਰਦੀ ਹੈ। ਸਮਾਜ ਵਿੱਚ ਵਿੱਚਰ ਰਹੀ ਔਰਤ ਮਰਦ ਤੋ ਦੁਖੀ ਹੀ ਨਹੀਂ ਸਗੋਂ ਮਰਦ ਦੇ ਮੋਹ-ਪਿਆਰ ਵਿੱਚ ਫ਼ਸ ਕੇ ਰਹਿ ਗਈ ਹੈ ਅਤੇ ਮਰਦ ਦੀ ਚਾਲਬਾਜ਼ੀ ਚੁੰਗਲ ਤੋਂ ਉਹ ਆਜ਼ਾਦ ਨਹੀਂ ਹੋ ਪਾਉਂਦੀ।ਮਰਦ ਦੁਨੀਆ ਦੀ ਰੰਗੀਨੀ ਦਿਖਾ ਕੇ ਉਸ ਨੂੰ ਭਰਮਾ ਲੈਂਦਾ ਹੈ ਅਤੇ ਔਰਤ ਭਰਮ ਜਾਂਦੀ ਹੈ।ਜੇਕਰ ਪਤੀ ਰੰਗ-ਬਿਰੰਗੇ ਕੱਪੜਿਆਂ ਦੀ ਚਕਾਚੌਂਧ ਜਾਂ ਗਹਿਣੇ-ਕੱਪੜਿਆਂ ਨਾਲ ਉਸ ਨੂੰ ਖ਼ੁਸ਼ ਕਰਨ ਦੀ ਕੋਸ਼ਿਸ ਕਰਦਾ ਹੈ ਤਾਂ ਉਹ ਉਸ ਨਾਲ ਹੀ ਖੁਸ਼ ਹੋ ਕੇ ਸਾਰੇ ਗਮ ਭੁਲਾ ਦਿੰਦੀ ਹੈ।ਪਰ ਮਾਨਸਕ ਸੋਚ ਨੂੰ ਬਦਲਣ ਲਈ ਸਿਰਫ ਗਹਿਣੇ-ਕੱਪੜਿਆਂ ਨਾਲ ਮਨ ਨੂੰ ਆਨੰਦ ਦੇਣਾ ਹੀ ਕਾਫ਼ੀ ਨਹੀਂ। ਆਜ਼ਾਦੀ ਦਾ ਮਾਇਨਾ ਦੋ ਪਲ ਦੀ ਖੁਸ਼ੀ ਲਈ ਆਪਣੀ ਮਾਨਸਿਕ ਗ਼ੁਲਾਮੀ ਨੂੰ ਭੁੱਲ ਜਾਣਾ ਕੀ ਠੀਕ

ਫੈਸਲਾ ਹੈ? ਮਰਦ ਅਤੇ ਔਰਤ ਦੀ ਸੋਚ ਦਾ ਅੰਤਰ ਇੰਦਰਜੀਤ ਕੌਰ ਸਿੱਧੂ ਦੀ ਕਵਿਤਾ 'ਨਵੀਂ ਭਟਕਣਾ' ਵਿੱਚ ਬਿਆਨ ਹੈ। ਮਰਦ ਜੋ ਹਰ ਰੋਜ਼ ਬਦਲਵੀ ਔਰਤ ਚਾਹੁੰਦਾ ਹੈ। ਪਰ ਔਰਤ ਇੱਕ ਹੀ ਮਰਦ ਨਾਲ ਪੂਰੀ ਜ਼ਿੰਦਗੀ ਬਿਤਾਉਣਾ ਪਸੰਦ ਕਰਦੀ ਹੈ ਭਾਵੇਂ ਉਹ ਕਿਵੇਂ ਦਾ ਹੀ ਹੋਵੇ? ਔਰਤ ਦਾ ਹੁਣ ਤੱਕ ਦਾ ਅਹਿਸਾਸ ਵਜੂਦ ਰਹਿਤ, ਅਹਿਸਾਸਹੀਣ ਇੱਕ ਭਰਮੱਕ ਗਹਿਣਿਆਂ ਵਜੂਦ ਹੈ ਜਿਹੜਾ ਉਹ ਜਿਉਂਦੀ ਰਹੀ ਹੈ ਸੱਚ ਲੱਭਣ ਦਾ ਸੰਤਾਪ ਔਰਤ ਦੇ ਸਤੁੰਤਰ ਵਜੂਦ ਵਾਸਤੇ ਸੋਗਮਈ ਇਲਜ਼ਾਮ ਬਣ ਕੇ ਲੱਗਦਾ ਰਿਹਾ। ਮਰਦ ਦੁਆਰਾ ਸਿਰਜੀ ਜਾ ਰਹੀ ਆਜ਼ਾਦੀ ਤੋਂ ਨਾਬਰ ਹੋਣ ਦਾ ਅਹਿਸਾਸ ਮਰਦ ਦੁਆਰਾ ਉਸ ਨੂੰ ਸਦੀਆਂ ਤੋਂ ਜ਼ਿਬਾਹ ਕਰਨ ਦੇ ਤਰਕ ਨਾਲ ਜੁੜਿਆ ਹੋਇਆ ਹੈ।ਔਰਤ ਦੀ ਸਵੈ-ਸੁਤੰਤਰਤਾ ਦਾ ਸੱਚ ਕੇਵਲ ਗਹਿਣੇ ਗੱਟੇ, ਚਮਕਦੇ ਕੱਪੜਿਆਂ ਕੱਪੜਿਆਂ ਦਾ ਬਾਜ਼ਾਰ ਵਿੱਚ ਲੱਗਦੀਆ ਸੇਲਾਂ ਦਾ ਸੱਚ ਹੈ, ਜਿਹੜਾ ਔਰਤ ਨੂੰ ਮਸਨੂਈ ਖੰਭ ਲਾ ਦਿੰਦਾ ਹੈ :

"ਤੇਰੀ ਹਰ ਉਮਰ
ਇਸ਼ਕ ਲਈ-ਜਾਇਜ਼
ਮੇਰੀ ਰੂਹ
ਹਰ ਉਮਰ ਵਿਚ
ਕਤਲ ਹੁੰਦੀ ਰਹੀ
ਮੈਂ
ਰੇਗਿਸਤਾਨ ਵਿੱਚ ਖਲੋਤੀ
ਰੇਤ ਹੋ ਗਈ
ਸਿਰਫ਼ ਰੇਤ -----
ਤੂੰ ਆਪਣੀ ਭਟਕਣਾ ਨੂੰ
ਰੂਹ ਦੀ ਤਲਾਸ਼
ਦਸਦਾ ਦਸਦਾ
ਜਿਸਮ ਵੀ ਗੁਆ ਬੈਠਾ"[30]

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚਲੀ ਨਾਰੀ ਸਬਰ-ਸੰਤੋਖ ਨਾਲ ਭਰੀ ਹੈ। ਜੋ ਆਪਣੇ ਹੀ ਮਰਦ ਦੁਆਰਾ ਹੋਰ ਔਰਤਾਂ ਨਾਲ ਬਣਾਏ ਗਏ ਜਿਸਮਾਨੀ ਰਿਸ਼ਤਿਆਂ ਦੀ ਕੁੜੱਤਣ ਵੀ ਸਹਿ ਰਹੀ ਹੈ। ਔਰਤ ਦੀ ਇੱਕਲਤਾ ਹੀ ਉਸ ਨੂੰ ਮਜ਼ਬੂਤ ਬਣਨ ਲਈ ਪ੍ਰੇਰਦੀ ਹੈ। ਮਰਦ ਵੱਲੋਂ ਨਾ ਦਿੱਤੇ ਗਏ ਸਹਾਰੇ ਕਾਰਨ ਉਹ ਖ਼ੁਦ ਹੀ ਆਪਣੀਆਂ ਮੰਜ਼ਿਲਾਂ ਵੱਲ ਮਜ਼ਬੂਤ ਹੋ ਕੇ ਵੱਧਦੀ ਹੈ। ਪਰ ਇੱਕਲਤਾ ਉਸ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ। ਮਰਦ ਦੀ ਭਟਕਣ ਦਾ ਕਾਰਨ ਬੇਸ਼ੱਕ ਨੂੰ ਰੂਹ ਨੂੰ ਪਾਉਂਣਾ ਦੱਸਦਾ ਹੈ ਪਰ ਇਹ ਸਿਰਫ਼ ਔਰਤ ਬਦਲਣ ਦਾ ਇੱਕ ਢੋਂਗ ਹੈ। ਜਿਸ ਨੂੰ ਔਰਤ ਚੇਤੰਨ ਹੋ ਕੇ ਚੰਗੀ ਤਰ੍ਹਾਂ ਸਮਝਦੀ ਹੈ। ਔਰਤ ਆਪਣੇ ਦਾਇਰਿਆਂ ਵਿੱਚ ਸੀਮਤ ਹੋ ਕੇ ਬਾਹਰ ਜਾਣ ਵੱਲ ਸੋਚਦੀ ਹੋਈ ਮਰਦ ਵੱਲੋਂ ਕੀਤੇ ਜਾਂਦੇ ਫ਼ਰੇਬ ਪ੍ਰਤੀ ਜਾਣੂ ਹੋ ਜਾਂਦੀ ਹੈ। ਕਵਿਤਾ ਵਿੱਚਲੀ ਔਰਤ ਚੁੱਪ ਜ਼ਰੂਰ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਆਪਣੇ ਨਾਲ ਹੋ ਰਹੇ ਫ਼ਰੇਬ ਪ੍ਰਤੀ ਚੰਤੇਨ ਨਹੀਂ।ਉਹ ਆਪਣੀ ਅਲੱਗ ਹੀ ਦੁਨੀਆ ਵਿੱਚ ਜਿਊਣਾ ਬੇਹਤਰ ਪਸੰਦ ਕਰਦੀ ਹੈ, ਜਿੱਥੇ ਸਿਰਫ਼ ਉਸ ਕੋਲ ਇੱਕਲਤਾ ਹੈ ਬੇਚੈਨੀ ਹੈ, ਉਸ ਫਰੇਬੀ ਤੇ ਮਕਾਰੀ ਵਾਲੇ ਜੀਵਨ ਨਾਲੋਂ ਇੱਕਲੀ ਰਹਿਣਾ ਜਿਆਦਾ ਸੁਖਦਾਇੱਕ ਹੈ। ਨਾਰੀ ਸਮਾਜ ਵਿੱਚ ਵਾਪਰ ਰਹੀਆਂ ਪਰਿਸਥਿਤੀਆ ਤੋਂ ਜਾਣੂ ਹੁੰਦੀ ਹੈ ਪਰ ਜਾਣਕਾਰ ਹੋਣ ਦੇ ਬਾਵਜੂਦ ਵੀ ਉਹ ਕੋਈ ਹੰਭਲਾ ਨਹੀਂ ਮਾਰ ਸਕਦੀ ਕਿਉਂ ਕਿ ਸਮਾਜ ਦਾ ਵਰਤਾਰਾ ਹੀ ਇਵੇਂ ਦਾ ਹੈ ਕਿ ਉਹ ਇਹਨਾਂ ਦਹਿਲੀਜ਼ਾਂ ਨੂੰ ਪਾਰ ਨਹੀਂ ਕਰਦੀ, ਜੋ ਉਸ ਨੂੰ ਨਾਰੀ ਬਣੇ ਰਹਿਣ ਲਈ

ਪ੍ਰੇਰਦੀਆਂ ਹਨ। ਉਹ ਦਹਿਲੀਜ਼ ਅੰਦਰ ਰਹਿ ਕੇ ਵੀ ਚੇਤੰਨ ਤੇ ਜਾਗੂਰਕ ਹੋਣਾ ਲੋਚਦੀ ਹੈ। ਉਹ ਸਭਿਅਕ ਬਣ ਕੇ ਹੀ ਰਹਿਣਾ ਚਾਹੁੰਦੀ ਹੈ ਨਾ ਕਿ ਲੰਮੀਆਂ ਚੌੜੀਆਂ ਸੜਕਾਂ ਤੇ ਪੱਛਮੀ ਵਰਤਾਰੇ ਅਨੁਸਾਰ ਮਰਦ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਕਿਸੇ ਪੱਖੋਂ ਬਰਾਬਰੀ ਕਰਨਾ ਚਾਹੁੰਦੀ ਹੈ। ਜੇਕਰ ਮਰਦ ਪ੍ਰਧਾਨ ਸਮਾਜ ਉਸ ਨੂੰ ਕਿਸੇ ਪੱਖੋਂ ਵੀ ਆਪਣੀ ਆਜ਼ਾਦੀ ਨਹੀਂ ਦੇ ਰਿਹਾ ਤਾਂ ਉਹ ਇਹ ਆਜ਼ਾਦੀ ਦੇ ਹੱਕ ਵਿੱਚ ਵੀ ਨਹੀਂ ਸਗੋਂ ਉਹ ਆਪਣੀ ਇੱਕਲਤਾ ਦੀ ਦੁਨੀਆ ਜਿਉਣੀ ਵਧੇਰੇ ਪਸੰਦ ਕਰੇਗੀ। ਆਖ਼ਰ ਉਹ ਵੀ ਇਨਸਾਨ ਹੈ ਉਸ ਨੂੰ ਵੀ ਆਪਣੀ ਮਰਜ਼ੀ ਨਾਲ ਸਾਹ ਲੈਣ ਦਾ ਪੂਰਾ ਹੱਕ ਹੈ। ਔਰਤ ਨੇ ਹੁਣ ਤੱਕ ਅਨੇਕਾਂ ਹੀ ਸੰਤਾਪ ਹੰਢਾਏ ਹਨ। ਕਦੇ ਬਾਬਲ ਨੇ ਇੱਜ਼ਤ ਲਈ ਝੰਜੋੜਿਆ, ਪਤੀ ਨੇ ਸਤੀ-ਸਵਿੱਤਰੀ ਬਣੇ ਰਹਿਣ ਲਈ ਵੰਗਾਰਿਆ ਤੇ ਪੁੱਤਾਂ ਨੇ ਸਰਦਲਾਂ ਅੰਦਰ ਸੀਮਤ ਰੱਖਣ ਲਈ ਹੰਭਲੇ ਮਾਰੇ। ਔਰਤ ਦੀ ਗ਼ੁਲਾਮੀ ਦਾ ਸੰਤਾਪ ਪਰੰਪਰਾ ਦੀ ਹੀ ਗੱਲ ਨਹੀਂ ਸਗੋਂ ਆਧੁਨਿਕ ਨਾਰੀ ਵੀ ਇਸੇ ਪੀੜ ਵਿੱਚ ਰਚੀ ਮਿਚੀ ਹੋਈ ਹੈ। ਪਰਦੇਸੀ ਔਰਤ ਦਾ ਸੰਤਾਪ ਤਾਂ ਹੋਰ ਵੀ ਦੁਖਦਾਇਕ ਹੈ। ਇੱਥੇ ਔਰਤ ਦਾ ਇੱਕਲਾਪਨ ਤੇ ਵੀਰਾਨਗੀ ਇਸ ਬਿਗਾਨੇ ਦੇਸ਼ ਵਿੱਚ ਉਸ ਨੂੰ ਘੁਣ ਵਾਂਗ ਖਾ ਰਿਹਾ ਹੈ।ਪਰਦੇਸ ਵਿੱਚ ਸਾਰਾ ਦਿਨ ਨੌਕਰੀ ਕਰਦਿਆਂ ਨਿਕਲ ਜਾਂਦਾ ਹੈ ਤੇ ਰਾਤ ਨੂੰ ਸੌਂ ਕੇ ਤੇ ਸਵੇਰੇ ਫਿਰ ਉਹੀ ਵਰਤਾਰਾ ਜਿਸ ਤੋਂ ਔਰਤ ਅਕੇਵਾਂ ਮਹਿਸੂਸ ਕਰਦੀ ਹੈ। ਬਜ਼ੁਰਗ ਔਰਤ ਜੋ ਵਿਹਲੀ ਹੈ ਤੇ ਇੱਕਲਤਾ ਉਸ ਨੂੰ ਖਾ ਰਹੀ ਹੈ। ਉਸ ਦਾ ਟਾਈਮ ਨਹੀਂ ਨਿਕਲਦਾ, ਉਹ ਉਸ ਆਜ਼ਾਦੀ ਦੀ ਭਾਲ ਵਿੱਚ ਹੈ ਜਿੱਥੇ ਉਸ ਦੀ ਇੱਕਲਤਾ ਦੂਰ ਜੋ ਜਾਵੇ:-

“ਬੇਰੀ ਤੋੜਦਿਆਂ
ਢਲਦੀ ਉਮਰੇ
ਹੱਥਾਂ ਤੇ ਪਈਆਂ
ਅਟਣਾ ਤੇ ਸਹਿਜ ਸੁਭਾ
ਹੱਥ ਫੇਰਦੀ
ਮਹਿਲਾਂ ਮੁਨਾਰਿਆਂ
ਨੂੰ ਨਿਹਾਰਦੀ ----
ਔਲਾਦ ਦੇ ਘਰ
ਵਿੱਚੋਂ
ਜਲਾਵਤਨ ਕਰ ਦਿੱਤੀ।”[31]

ਇੰਦਰਜੀਤ ਕੌਰ ਸਿੱਧੂ ਔਰਤ ਦੀ ਅੰਦਰਲੀ ਤਨਹਾਈ ਮਾਯੂਸੀ ਨੂੰ ਪੇਸ਼ ਕਰਦੀ ਹੈ ਕਿ ਔਰਤ ਜੋ ਪੂਰੀ ਜਿੰਦਗੀ ਕਦੇ ਮਾਪਿਆਂ ਲਈ, ਕਦੇ ਸਹੁਰਿਆਂ ਲਈ ਕੁਰਬਾਨੀ ਕਰਦੀ ਆਈ ਹੈ ਅਤੇ ਫਿਰ ਉਸ ਔਰਤ ਉੱਪਰ ਹੋ ਰਹੇ ਤਸ਼ਦੱਦ ਕਾਰਨ ਉਸੇ ਹੀ ਔਰਤ ਨੂੰ ਆਪਣਾ ਸਮਾਂ ਗੁਜ਼ਾਰਨਾ ਔਖਾ ਹੋ ਜਾਂਦਾ ਹੈ। ਪਤੀ ਉਸ ਨੂੰ ਵਰਤੋਂ ਤੋਂ ਵੱਧ ਕੁੱਝ ਨਹੀਂ ਸਮਝਦਾ। ਔਲਾਦ ਹੀ ਘਰ ਵਿੱਚੋਂ ਉਸ ਨੂੰ ਬਾਹਰ ਕੱਢ ਦਿੰਦੀ ਹੈ। ਦੋ ਘਰ ਹੁੰਦਿਆਂ ਹੋਇਆਂ ਵੀ ਔਰਤ ਕਿਸੇ ਘਰ ਦੀ ਨਹੀਂ ਰਹਿੰਦੀ। ਸਾਰੀ ਉਮਰ ਕਮਾ ਕੇ ਪੁੱਤਾਂ ਨੂੰ ਖਵਾਉਂਦੀ ਨੂੰ ਵੀ, ਬਜ਼ੁਰਗ ਹੋ ਕੇ ਕੰਮ ਕਰਨਾ ਪੈਂਦਾ ਹੈ। ਨਾਰੀ ਦਾ ਸੰਤਾਪ ਹੀ ਉਸ ਦੀ ਵਿੱਥ ਭਰੀ ਕਹਾਣੀ ਸੁਣਾਉਂਦਾ ਹੈ। ਔਰਤ ਦੀ ਬੇਪਰਤੀਤੀ ਇੰਦਰਜੀਤ ਸਿੱਧੂ ਦੀ ਕਵਿਤਾ ਵਿੱਚ ਦੇਖਣ ਨੂੰ ਮਿਲਦੀ ਹੈ। ਰਿਸ਼ਤਿਆਂ ਦਾ ਸਹੀ ਢੰਗ ਨਾਲ ਨਾ ਹੋ ਸਕਣ ਦੇ ਨਿਭਾਉ ਤੋਂ ਔਰਤ ਦੀ ਮਾਨਸਕ ਵੇਦਨਾ ਕੁਰਲਾ ਉੱਠਦੀ ਹੈ।

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚ ਨਾਰੀ ਦਾ ਜੋ ਦੁਖਾਂਤ ਦੇਖਣ ਨੂੰ ਮਿਲ ਰਿਹਾ ਹੈ ਉਹ ਲੂ ਕੰਡੇ ਖੜੇ ਕਰ ਰਿਹਾ ਹੈ। ਦੁਖਾਂਤ ਤੇ ਤ੍ਰਾਸਦੀ ਪੇਸ਼ ਕਰਦੀ ਹੋਈ ਇੰਦਰਜੀਤ ਕੋਰ ਸਿੱਧੂ ਨਾਰੀ ਨੂੰ ਚੇਤੰਨ ਕਰ ਰਹੀ ਹੈ। ਔਰਤ ਨੂੰ ਸੰਬੋਧਿਤ ਕਰਦੀ ਹੋਈ

ਉਹ ਕਵਿਤਾ ਵਿੱਚ ਲਿਖ ਰਹੀ ਹੈ ਕਿ ਤੇਰੇ ਨਾਲ ਹੋ ਰਹੇ ਅਨਿਆਂ ਦੀ ਤੈਨੂੰ ਕਦੋਂ ਸੋਝੀ ਆਵੇਗੀ? ਤੂੰ ਸਿਰਫ਼ ਉਹ ਆਜ਼ਾਦੀ ਮਾਨਣਾ ਚਾਹੁੰਦੀ ਹੈ ਜੋ ਸਿਰਫ਼ ਪੱਛਮ ਦੇ ਪਹਿਰਾਵੇ ਤੇ ਖੁੱਲੇ-ਡੁੱਲੇ ਮਾਹੌਲ ਦੀ ਰੰਗਤ ਹੋਵੇ, ਕਿ ਤੂੰ ਆਪਣੇ ਵਿੱਚਾਰਾਂ ਵਿੱਚ ਕੋਈ ਤਬਦੀਲੀ ਨਹੀਂ ਲਿਆਵੇਗੀ? ਤੇਰੀ ਸੋਚ ਤੇਰਾ ਸਾਥ ਕਿਉਂ ਨਹੀਂ ਦੇ ਰਹੀ? ਨਾਰੀ ਕਦੇ ਵੀ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦਿਆਂ ਸੁਰਖ਼ਰੂ ਨਹੀਂ ਰਹੀ, ਨਾ ਹੀ ਕੋਈ ਮਰਦ ਉਸਨੂੰ ਆਪਣੀ ਸਮਝ ਕੇ ਉਸ ਦੀ ਰੱਖਿਆ ਕਰਨ ਲਈ ਅੱਗੇ ਆਇਆ ਹੈ। ਔਰਤ ਸ਼ੁਰੂ ਤੋਂ ਹੀ ਗੁਲਾਮੀ ਵਾਲਾ ਜੀਵਨ ਤਾਂ ਭੋਗ ਰਹੀ ਹੈ ਪਰ ਘਰ ਵਿਚ ਕੈਦ ਹੋ ਕੇ ਵੀ ਉਹ ਸੁਰੱਖਿਅਤ ਨਹੀਂ। ਇੰਦਰਜੀਤ ਕੌਰ ਸਿੱਧੂ ਨਾਰੀ ਦੇ ਜਜ਼ਬਾਤਾਂ ਦੀ ਕਦਰ ਕਰਦੀ ਹੋਈ ਅਤੇ ਮਰਦ ਨਾਲ ਉਸ ਦਾ ਨਾਪਤੋਲ ਕਰਦੀ ਹੋਈ ਕਹਿੰਦੀ ਹੈ ਕਿ ਮਰਦ ਕਿਉਂ ਇੰਨਾ ਜ਼ਾਲਮ ਹੈ ਜਿਸਨੂੰ ਔਰਤ ਤੇ ਤਰਸ ਨਹੀਂ ਆਉਂਦਾ ਉਹ ਕਿਉਂ ਔਰਤ ਤੇ ਜਬਰ ਜ਼ੁਲਮ ਢਾਹ ਰਿਹਾ ਹੈ? ਕਿਉਂ ਔਰਤ ਨੂੰ ਇੱਕ ਭੋਗ ਵਸਤੂ ਤੋਂ ਵੱਧ ਨਹੀਂ ਸਮਝਿਆ ਜਾਂਦਾ? ਸ਼ਜਾ ਸਿਰਫ਼ ਔਰਤ ਨੂੰ ਹੀ ਕਿਉਂ? ਮਰਦ ਗੁਨਾਹ ਕਰਦਾ ਹੋਇਆ ਹੀ ਸਮਾਜ ਵਿੱਚ ਪ੍ਰਧਾਨਗੀ ਦਾ ਮਖੌਟਾ ਪਾਈ ਫਿਰਦਾ ਹੈ ਔਰਤ ਨਾਲ ਹੋ ਰਿਹਾ ਵਿਤਕਰਾ ਸਿਰਫ਼ ਔਰਤ ਲਈ ਹੀ ਨੁਕਸਾਨਦੇਹ ਹੈ। ਇਸ ਨਾਲ ਪਰਿਵਾਰ ਤੇ ਸਮਾਜ ਨੂੰ ਵੀ ਤਾਂ ਧੱਬਾ ਲੱਗ ਰਿਹਾ ਹੈ। ਔਰਤ ਜੇਕਰ ਸਹਿੰਦੀ ਹੈ ਤਾਂ ਹੀ ਜ਼ੁਲਮ ਵਾਰ-ਵਾਰ ਹੋ ਰਿਹਾ ਹੈ:

“ ‘ਮੈਂ’ ਸਿਰਫ਼ ‘ਤੂੰ’
ਰਹੀ।
ਸਦੀਆਂ ਤੋਂ
ਇਸ ‘ਮੈਂ’ ਨੂੰ ਮੈਂ’
ਰੱਖਣ ਲਈ
ਅੱਗ ਤੇ ਤੁਰੀ
ਰੇਤ ਵਿੱਚ ਸੜੀ
ਫਿਰ ਵੀ
ਨਾਂ-ਮਨਗੂਰ
ਔਰਤ
ਜੋ ਬਾ-ਲਗਾਮ
ਬੇਜ਼ਬਾਨ - ”[32]

ਔਰਤ ਮਰਦ ਵੱਲੋਂ ਕੀਤਾ ਜਾਂਦਾ ਹਰ ਜ਼ੁਲਮ ਸਹਿ ਲੈਂਦੀ ਹੈ ਫਿਰ ਵੀ ਉਹ ਆਪਣੇ ਧੁਰ ਅੰਦਰ ਤੀਕ ਇਹ ਗੱਲ ਲਈ ਮੰਨਣ ਲਈ ਤਿਆਰ ਨਹੀਂ ਹੁੰਦੀ ਕਿ ਮਰਦ ਉਸ ਉੱਪਰ ਜ਼ੁਲਮ ਕਰ ਰਿਹਾ ਹੈ। ਇੰਦਰਜੀਤ ਕੌਰ ਸਿੱਧੂ ਔਰਤ ਦੀ ਨਰਮ-ਦਿਲੀ, ਨਾਜ਼ਕ ਸੋਚ ਨੂੰ ਬਿਆਨਦੀ ਹੋਈ ਲਿਖਦੀ ਹੈ ਕਿ ਉਸਦੀਆਂ ਸੋਚਾਂ ਵਿੱਚ ਬਹੁਤ ਉਮੰਗਾਂ ਹਨ, ਧੁਨੀਆਂ ਮਾਨਣ ਦੀ ਲਾਲਸਾ ਹੈ ਮਰਦ ਪ੍ਰਧਾਨ ਸਮਾਜ ਦੀਆਂ ਬੰਦਿਸ਼ਾਂ ਕਾਰਨ ਉਹ ਸਾਰੇ ਚਾਅ ਮਲਾਰ ਪੂਰੇ ਨਹੀਂ ਕਰ ਸਕਦੀ। ਇੰਦਰਜੀਤ ਕੌਰ ਸਿੱਧੂ ਉਸ ਔਰਤ ਦਾ ਜ਼ਿਕਰ ਕਵਿਤਾ ਵਿੱਚ ਕਰਦੀ ਹੈ ਜੋ ਮਰਦ ਦੇ ਸ਼ਿਕੰਜੇ ਵਿੱਚ ਕੈਦ ਕੱਟ ਰਹੀ ਹੈ ਪਰ ਜਦੋਂ ਉਹ ਆਜ਼ਾਦ ਮਾਹੌਲ ਵਿੱਚ ਵਿੱਚਰਦੀ ਹੈ ਤਾਂ ਉਸ ਨੂੰ ਆਜ਼ਾਦੀ ਦੇ ਸਹੀ ਮਾਇਨੇ ਸਮਝ ਨਹੀਂ ਆਉਂਦੇ। ਉਹ ਔਰਤ ਕੈਸੀ ਆਜ਼ਾਦੀ ਦੀ ਗੱਲ ਕਰ ਰਹੀ ਹੈ। ਉਹ ਆਜ਼ਾਦੀ ਲਈ ਐਨੇ ਹੰਭਲੇ ਕਿਉਂ ਮਾਰ ਰਹੀ ਹੈ। ਕਿਉਂ ਤਤਪਰ ਹੈ ਔਰਤ ਆਜ਼ਾਦੀ ਪਾਉਣ ਲਈ ਕੀ ਇਹ ਆਜ਼ਾਦੀ ਸੱਚਮੁੱਚ ਹੀ ਉਸ ਨੂੰ ਆਜ਼ਾਦ ਮਾਹੌਲ ਵਿੱਚੋਂ ਲੰਘਾਉਂਦੀ ਹੋਈ ਪੂਰਨ ਤੌਰ ਤੇ ਆਜ਼ਾਦ ਕਰ ਦੇਵੇਗੀ? ਔਰਤ ਕਿਹੜੇ

ਪੱਖੋਂ ਆਜ਼ਾਦ ਹੋਈ ਮਹਿਸੂਸ ਕਰ ਰਹੀ ਹੈ। ਮਰਦ ਖੁੱਲੇ ਮਾਹੌਲ ਵਿੱਚ ਵਿੱਚਰਦਾ ਹੈ ਔਰਤ ਵੀ ਐਸੀ ਹੀ ਖੁੱਲ ਮਾਨਣ ਲਈ ਉਤਸੁਕ ਹੈ ਕੀ ਇਹ ਖੁੱਲ ਉਸ ਨੂੰ ਰਾਸ ਆਵੇਗੀ? ਔਰਤ ਕਈ ਸਮੱਸਿਆਵਾਂ ਵਿੱਚ ਭਟਕੀ ਪਈ ਹੈ ਰਾਸਤਾ ਤਾਂ ਉਸ ਨੂੰ ਨਜ਼ਰ ਆ ਰਿਹਾ ਹੈ ਪਰ ਤੁਰਨਾ ਕਿਵੇਂ ਹੈ ਇਹ ਪਤਾ ਨਹੀਂ ਲਗ ਰਿਹਾ ਪਰ ਫਿਰ ਵੀ ਉਹ ਮਰਦ ਦੀ ਰੀਸੇ ਖੁੱਲੇ ਆਜ਼ਾਦੀ ਵਾਲੇ ਮਾਹੌਲ ਨੂੰ ਪਾਉਣ ਲਈ ਬੇਕਰਾਰ ਹੈ :

"ਤੇਰੇ ਬਗੀਚੇ ਵਿੱਚ
ਫੁੱਲ ਬਣ ਖਿੜਨ-
ਜ਼ਿੰਦਗੀ
ਦੇ ਅਕਾਸ ਵਿੱਚ
ਤੇਰੀ ਉਡਾਣ ਉਕਾਬੀ
ਤੇਰੇ ਖੰਭਾਂ ਵਿੱਚ
ਉਡਾਣ ਵੇਖ
ਆਪਣੀ ਉਦਾਸ
ਭਟਕਣਾ ਨੂੰ
ਭੁੱਲ ਜਾਂਦੀ ਹਾਂ
ਤੇਰੇ ਨਾਲ
ਉਡਣਾ ਲੋੜਦੀ
ਅੰਬਰ ਦੀਆਂ
ਨੀਲਤਣਾ ਕਾਲਤਣਾ ਤਕ---।"[33]

ਔਰਤ ਨਾਲ ਹੋ ਰਹੀ ਬਦਸਲੂਕੀ ਕੋਈ ਇੱਕ ਦਿਨ ਦਾ ਹੀ ਪਾਸਾਰ ਨਹੀਂ, ਸਗੋਂ ਸਦੀਆਂ ਤੋਂ ਹੀ ਇਹ ਸੰਘਰਸ਼, ਇਹ ਤਾਣਾ-ਬਾਣਾ ਇਵੇਂ ਹੀ ਚੱਲਦਾ ਆਇਆ ਹੈ। ਔਰਤ ਬੇਜ਼ੁਬਾਨ ਬਣ ਕੇ ਸਭ ਕੁੱਝ ਸਹਿ ਰਹੀ ਹੈ, ਜਿਵੇਂ ਗੂੰਗੀ ਹੋਵੇ, ਸਭਿਅਤਾ ਦੀ ਕੈਂਚੀ ਉਸ ਦੀ ਜ਼ੁਬਾਨ ਪਹਿਲਾਂ ਹੀ ਕੱਟ ਦਿੰਦੀ ਹੈ। ਰੀਤੀ ਰਿਵਾਜ ਦੀ ਪਹਿਲਾਂ ਹੀ ਉਸ ਨੂੰ ਜਨਮ ਵੇਲੇ ਗੁੜਤੀ ਦੇ ਦਿੱਤੀ ਜਾਂਦੀ ਹੈ। ਔਰਤ ਜਨਮ ਤੋਂ ਹੀ ਔਰਤ ਨਹੀਂ ਹੁੰਦੀ, ਔਰਤ ਬਣਾ ਦਿੱਤੀ ਜਾਂਦੀ ਹੈ। ਔਰਤ ਧਾਰਮਕ ਕਥਾਵਾਂ ਵਿੱਚ ਸ਼ਕਤੀ ਦਾ ਪ੍ਰਤੀਕ ਮੰਨੀ ਜਾਂਦੀ ਹੈ ਪਰ ਫਿਰ ਵੀ ਉਸ ਨੂੰ ਪਰੰਪਰਾਗਤ ਰਸਮਾਂ ਤੇ ਸੰਸਕਾਰਾਂ ਦੇ ਅਨੁਕੂਲ ਇਹ ਸਮਾਜ ਢਾਲ ਹੀ ਲੈਂਦਾ ਹੈ। ਉਹ ਉਸ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ ਕਿਉਂਕਿ ਔਰਤ ਨੇ ਤਾਂ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੇ ਹੋਏ ਮਰਦ ਦੇ ਇਸ਼ਾਰਿਆਂ ਤੇ ਹੀ ਨੱਚਣਾ ਹੈ। ਜੰਮਣ-ਗੁੜਤੀ ਹੀ ਉਸ ਨੂੰ ਸਭਿਅਤਾ ਦੀ ਦੇ ਦਿੱਤੀ ਜਾਂਦੀ ਹੈ ਕਿ ਸ਼ੁਰੂ ਤੋਂ ਰੀਤੀ-ਰਿਵਾਜਾਂ ਦੇ ਅਨੁਸਾਰ ਆਪਣੇ ਜੀਵਨ ਨੂੰ ਢਾਲੇ। ਉਸਦੀ ਸੋਚ ਨੂੰ ਪਹਿਲਾਂ ਹੀ ਜ਼ੰਜੀਰਾਂ ਪਾ ਲਈਆਂ ਜਾਂਦੀਆਂ ਹਨ। ਔਰਤ ਦੇ ਜੰਮਦੀ ਦੇ ਹੀ ਖੰਭ ਕੁਤਰ ਲਏ ਜਾਂਦੇ ਹਨ। ਇੰਦਰਜੀਤ ਕੌਰ ਸਿੱਧੂ ਔਰਤ ਦੀ ਸੰਵੇਦਨਾ ਨੂੰ ਜ਼ਾਹਿਰ ਕਰਦੀ ਹੋਈ ਲਿਖਦੀ ਹੈ ਕਿ ਉਹ ਔਰਤ ਆਪਣੇ ਅੰਦਰ ਕਿੰਨੀ ਪੀੜਾ, ਕਿੰਨਾ ਦਰਦ ਲੁਕਾਈ ਬੈਠੀ ਹੈ ਜਿਵੇਂ ਇੱਕ ਕਬੂਤਰ ਤੀਰ ਖਾ ਕੇ ਆਪਣੇ ਜ਼ਖ਼ਮ ਖੰਭਾਂ ਥੱਲੇ ਛੁਪਾ ਲੈਂਦਾ ਹੈ ਉਵੇ ਹੀ ਔਰਤ ਵੀ ਆਪਣੇ ਨਾਲ ਹੋਏ ਜ਼ੁਲਮਾਂ, ਪੀੜਾਂ ਨੂੰ ਜੱਗ-ਜ਼ਾਹਰ ਕਰਨ ਦੀ ਕੋਸ਼ਿਸ ਨਹੀਂ ਕਰਦੀ ਸਗੋਂ ਉਹ ਇਸ ਦਰਦ ਤੇ ਪਰਦਾ ਪਾ ਲੈਂਦੀ ਹੈ।ਉਸ ਨੂੰ ਇਹ ਸਭ ਕੁੱਝ ਸਭਿਅਤਾ ਹੀ ਸਿਖਾਉਂਦੀ ਹੈ, ਮਾਂ-ਬਾਪ ਛੋਟੀ ਉਮਰੇ ਹੀ ਧੀ ਨੂੰ ਮਰਦ ਦੀ ਅਧੀਨਗੀ ਕਬੂਲ ਕਰਕੇ ਰੱਖਣ ਦਾ ਪਾਠ ਪੜਾ ਦਿੰਦੇ ਹਨ:

"ਹੁਣ
ਕਿਸ ਤਰ੍ਹਾਂ ਸੁਰਖਰੂ ਹੋਵੋਂਗੇ
ਇਹ ਜੋ
ਅਵੇਸਲੇ ਹੀ ਬੀਜ ਦਿੱਤਾ ਸੀ-ਤੁਸਾਂ
ਬਾਲ ਮਨ ਵਿੱਚ
'ਜਹਿਰ ਦਾ ਬੀਜ'
ਜੋ ਜ਼ਿੰਦਗੀ ਦੀ ਨਸ-ਨਸ ਵਿੱਚੋਂ
ਵਗ ਰਿਹਾ ਹੈ
ਕਿਵੇਂ ਸੁਰਖਰੂ ਹੋਵੋਂਗੇ।"[34]

ਇੰਦਰਜੀਤ ਕੌਰ ਸਿੱਧੂ ਕਵਿਤਾ ਵਿੱਚ ਔਰਤ ਦੀ ਸੰਘਰਸ਼ ਭਰੀ ਦਾਸਤਾ ਨੂੰ ਬਿਆਨਦੀ ਹੈ ਅਤੇ ਉਸ ਦੇ ਸਮਾਨੰਤਰ ਉਸ ਵਿੱਚੋਂ ਹੀ ਝਲਕ ਰਹੀ ਨਾਰੀ ਚੇਤਨਾ ਦਾ ਗਿਆਨ ਹੁੰਦਾ ਹੈ।ਇੰਦਰਜੀਤ ਕੌਰ ਸਿੱਧੂ ਨਾਰੀ ਨੂੰ ਮਰਦ ਪ੍ਰਧਾਨ ਸਮਾਜ ਵੱਲੋਂ ਮਿਲੇ ਤਸੀਹਿਆਂ ਨੂੰ ਇਵੇਂ ਬਿਆਨ ਕਰ ਰਹੀ ਹੈ ਕਿ ਜਿਵੇਂ ਉਹ ਸਾਰੀ ਹੀ ਦੁਨੀਆ ਦੀਆਂ ਔਰਤਾਂ ਦਾ ਦਰਦ ਬਿਆਨਦੀ ਹੋਈ ਉਹ ਔਰਤਾਂ ਨੂੰ ਜਾਗੂਰਕ ਹੋਣ ਲਈ ਤਿਆਰ ਕਰ ਰਹੀ ਹੋਵੇ।ਇੰਦਰਜੀਤ ਕੌਰ ਸਿੱਧੂ ਨਾਰੀ ਚੇਤਨਾ ਦੀ ਕਵਿਤਰੀ ਕਿਹਾ ਜਾਂਦਾ ਹੈ।ਉਹਨਾਂ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਜਿਆਦਾ ਕਰਕੇ ਨਾਰੀ ਚੇਤਨਾ ਤੇ ਨਾਰੀਵਾਦ ਨੂੰ ਪੇਸ਼ ਕਰਦੀਆਂ ਹਨ।ਉਹਨਾਂ ਨੇ ਔਰਤਾਂ ਦੇ ਹੱਕ ਵਿੱਚ ਕਵਿਤਾ ਦਾ ਮੁੱਢ ਬੰਨਿਆ। ਸੁਰਜੀਤ ਕਲਸੀ ਵੀ ਜੋ ਨਾਰੀ ਚੇਤਨਾ ਦੇ ਸੰਬੰਧ ਵਿੱਚ ਹੀ ਆਪਣੀਆਂ ਕਵਿਤਾਵਾਂ ਲਿਖਦੀ ਹੈ।ਉਹ ਵੀ ਕੈਨੇਡਾ ਵਿੱਚ ਹੀ ਰਹਿ ਰਹੀ ਹੈ ਅਤੇ ਉਹਨਾਂ ਨੇ ਵੀ ਔਰਤਾਂ ਦੇ ਦਰਦ, ਔਰਤ ਦੀ ਸਮਾਜ ਵਿੱਚ ਸਥਿਤੀ, ਨਾਰੀ ਚੇਤਨ ਵਾਲੇ ਵਿਸ਼ਿਆ ਨੂੰ ਆਪਣੀ ਕਵਿਤਾ ਦਾ ਰੂਪ ਦਿੱਤਾ ਹੈ ਇੰਦਰਜੀਤ ਕੌਰ ਸਿੱਧੂ ਆਪਣੀ ਇੱਕ ਕਵਿਤਾ ਰਾਹੀਂ ਆਪਣੇ ਅਤੇ ਸੁਰਜੀਤ ਕਲਸੀ ਦੇ ਨਾਰੀ ਚੇਤਨਾ ਦੇ ਸੰਦਰਭ ਵਿੱਚ ਸਾਹਿਤ ਵਿੱਚ ਆਪਣੇ ਯੋਗਦਾਨ ਨੂੰ ਬਿਆਨ ਕਰ ਰਹੀ ਹੈ:-

"ਤੇਰੀ ਕਲਮ
ਮੇਰੀ ਕਲਮ
ਦੋਹਵੇਂ ਸਕੀਆਂ ਭੈਣਾਂ
ਆਪੋ ਆਪਣੀ ਜ਼ਿੰਦਗੀ ਜਿਉਂਦੀਆਂ
----------------------
ਸੱਚ ਜੀਉਂਦੀਆਂ
ਬਗਲਗੀਰ ਹੁੰਦੀਆਂ
ਤੇ ਆਪੋ ਆਪਣੇ
ਰਾਹੀ ਤੁਰ ਪੈਂਦੀਆਂ।
---------------------
ਕਦੇ ਹਵਾਵਾਂ ਨਾਲ ਗ਼ਫ਼ਤਗੂ ਕਰਦੀਆਂ
ਕਦੇ ਰੋਮ ਰੋਮ ਵਿੱਚ ਜਗਦੇ ਦੀਵਿਆਂ ਦੀ

ਲੋਅ ਵਿੱਚ

ਸੱਚ ਓੜ ਕੇ ਝੂਠ ਜੀਉਂਦੀਆਂ ।"[35]

ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਵਿੱਚੋਂ ਝਲਕ ਰਹੀ ਨਾਰੀ ਚੇਤਨਾ ਸਪੱਸ਼ਟ ਦਿਖਾਈ ਦਿੰਦੀ ਹੈ। ਉਹ ਔਰਤ ਦੀ ਬਲੁੰਦ ਆਵਾਜ਼ ਬਣ ਕੇ ਬਹੁੜੀ ਹੈ। ਇੰਦਰਜੀਤ ਕੌਰ ਸਿੱਧੂ ਕਵਿਤਾ ਰਾਹੀਂ ਔਰਤ ਅੰਦਰ ਇੱਕ ਐਸੀ ਚੇਤਨਾ ਦਾ ਪਾਸਾਰਾ ਕਰ ਦਿੰਦੀ ਹੈ ਕਿ ਔਰਤ ਉਸ ਨਾਲ ਹੋ ਰਹੇ ਜ਼ੁਲਮ ਪ੍ਰਤੀ ਜਾਣੂ ਹੁੰਦੀ ਹੋਈ ਚੇਤੰਨ ਹੋਣਾ ਸ਼ੁਰੂ ਕਰ ਦਿੰਦੀ ਹੈ ਕਿ ਮਰਦ-ਪ੍ਰਧਾਨ ਸਮਾਜ ਉਸ ਉੱਪਰ ਕਿੰਨਾ ਕਹਿਰ ਢਾਹ ਰਿਹਾ ਹੈ। ਕਿੰਨਾ ਜ਼ੁਲਮ ਉਹ ਸਹਿ ਰਹੀ ਹੈ।ਇੰਦਰਜੀਤ ਸਿੱਧੂ ਦੀਆਂ ਕਾਵਿ-ਸਤਰਾਂ ਦਰਦ ਨੂੰ ਬਿਆਨਦੀਆਂ ਹੋਈਆਂ ਉਸ ਨੂੰ ਜ਼ਾਗਿਤ ਹੋਣ ਲਈ ਵੀ ਪ੍ਰੇਰਦੀਆਂ ਹਨ। ਔਰਤਾਂ ਦੇ ਦਰਦ ਕਦੋਂ ਖਤਮ ਹੋਣਗੇ? ਕਿਸੇ ਨਾ ਕਿਸੇ ਦਿਨ ਤਾਂ ਆਵਾਜ਼ ਉਠਾਉਣੀ ਹੀ ਪਵੇਗੀ। ਜੇ ਉਹ ਹਿੰਮਤ ਹਾਰ ਗਈ ਤਾਂ ਪੂਰੀ ਜਿੰਦਗੀ ਉਸ ਦੀ ਇਵੇਂ ਹੀ ਚੱਲੇਗੀ ਹਰ ਦਿਨ ਰੋਏਗੀ, ਦੁੱਖ ਭੋਗੇਗੀ, ਕੁਰਾਲਾਏਗੀ, ਮਰਦ ਦੇ ਇਸ਼ਾਰਿਆਂ ਤੇ ਨੱਚੇਗੀ। ਇਹ ਹੰਭਲਾ ਔਰਤ ਨੂੰ ਖੁਦ ਹੀ ਮਾਰਨਾ ਪੈਣਾ ਹੈ, ਜਿਸ ਨਾਲ ਉਸ ਦੇ ਆਉਣ ਵਾਲੇ ਰਸਤੇ ਵਿੱਚੋਂ ਗ਼ੁਲਾਮੀ ਦੇ ਕੰਡੇ ਚੁਗੇ ਜਾਣ :

"ਅਜੇ ਤਾਂ ਤੇਰੇ ਵਿੱਚ

ਬੜਾ ਦੰਮ ਹੈ

ਹੁਣੇ ਹੀ ਹਥਿਆਰ ਨਾਂ ਸੁੱਟ

ਉੱਠ

ਟੱਕਰਾਅ ਤੇ ਚਿਣੀ ਚਿਣੀ ਕਰ ਦੇ

ਉਹ ਵਜੂਦ

ਜੋ ਤੇਰੀ ਸਮੱਰਥਾ ਤੋਂ ਇਨਕਾਰੀ

ਤੇ ਤੇਰੇ ਵੱਲ ਹਿਕਾਰਤ ਨਾਲ ਵੇਖਦੇ ਹਨ

ਬਹੁਤ ਸਾਕਤ ਹੈ

ਤੇਰੇ ਅੰਦਰ ਦੀ ਆਵਾਜ਼ ਸੁਣ

ਜੋ ਤੈਨੂੰ 'ਤੂੰ' ਬਨਾਉਣ

ਦੀ ਸਮਰੱਥ''[36]

ਇੰਦਰਜੀਤ ਕੌਰ ਸਿੱਧੂ ਆਪਣੀ ਕਵਿਤਾ ਵਿੱਚ ਔਰਤ ਦੀ ਸਥਿਤੀ ਨੂੰ ਗੰਭੀਰਤਾ ਨਾਲ ਪੇਸ਼ ਕਰਦੀ ਹੋਈ ਇਹ ਦਰਸਾਉਂਦੀ ਕਿ ਔਰਤ ਜਦੋਂ ਸਵੈ-ਸਤੁੰਤਰਤਾ ਲਈ ਆਵਾਜ਼ ਉਠਾਉਂਦੀ ਹੈ ਤਾਂ ਉਸਦਾ ਵਜੂਦ ਦਾ ਖਿੰਡਾਅ ਬਣ ਜਾਂਦਾ ਹੈ ਜੋ ਉਹ ਸੋਚਦੀ ਹੈ ਸਭ ਢਹਿ-ਢੇਰੀ ਹੋ ਜਾਂਦਾ ਹੈ।

ਇੰਦਰਜੀਤ ਕੌਰ ਸਿੱਧੂ 'ਬਣਵਾਸ ਤੋਂ ਬਣਵਾਸ ਤੱਕ' ਕਾਵਿ-ਸੰਗ੍ਰਹਿ ਰਾਹੀਂ ਇਹੀ ਪੇਸ਼ ਕਰਨ ਦੀ ਕੋਸ਼ਿਸ ਕਰ ਰਹੀ ਹੈ ਔਰਤ ਦੇ ਦਰਦ ਦੀ ਸੱਚਾਈ ਪਰੰਪਰਾ ਵਿੱਚੋਂ ਤਾਂ ਬਾਹਰ ਨਿਕਲ ਜਾਂਦੀ ਹੈ। ਜਦੋਂ ਔਰਤ ਖੁੱਲੇ ਮਾਹੌਲ ਵਿੱਚ ਵਿੱਚਰਨ ਲੱਗਦੀ ਹੈ ਤਾਂ ਉਹ ਮੰਡੀ ਰੂਪੀ ਕੈਦ ਵਿੱਚ ਜਕੜੀ ਜਾਂਦੀ ਹੈ। ਇਹ ਸਫਰ ਸਵੈ-ਗੁਲਾਮੀ ਤੋਂ ਸਵੈ-ਸਤੁੰਤਰਤਾ ਦਾ ਸਫ਼ਰ ਹੈ। ਇੱਕ ਕੈਦ ਵਿੱਚੋਂ ਨਿਕਲ ਕੇ ਔਰਤ ਦੂਜੀ ਕੈਦ ਵਿੱਚ ਗ੍ਰਸਤ ਹੋ ਜਾਂਦੀ ਹੈ। ਮੰਡੀ ਦੀ ਉਹ ਕੈਦ ਜਿੱਥੇ ਵਿਰਸੇ ਸਭਿਆਚਾਰ ਦਾ ਨਾਮੋ-ਨਿਸ਼ਾਨ ਵੀ ਨਹੀਂ ਔਰਤ ਆਪਣੇ ਵਿਰਸੇ ਤੋਂ ਦੂਰ ਹੋ ਜਾਂਦੀ ਹੈ। ਔਰਤ ਇੱਕ ਬਣਵਾਸ ਤੋਂ ਨਿਕਲ ਕੇ ਦੂਜੇ ਬਣਵਾਸ ਵਿੱਚ ਗ੍ਰਸਤ ਹੋ ਜਾਂਦੀ

ਹੈ। ਬੇਸ਼ੱਕ ਹੀ ਇੰਦਰਜੀਤ ਕੌਰ ਸਿੱਧੂ ਸੰਸਕਾਰਾ ਦੀ ਜ਼ਿਲ੍ਹਣ ਵਿੱਚ ਫਸੀ ਤੇ ਸੰਤਾਪ ਭੋਗ ਰਹੀ ਔਰਤ ਦੀ ਗੱਲ ਕਵਿਤਾ ਰਾਹੀਂ ਕਰਦੀ ਹੈ ਪਰ ਜੇਕਰ ਔਰਤ ਆਜ਼ਾਦੀ ਨੂੰ ਸਿਰਫ਼ ਬਾਜ਼ਾਰੀ ਕੀਮਤਾ ਨਾਲ ਤੋਲਦੀ ਹੈ ਤਾਂ ਉਹ ਆਜ਼ਾਦੀ ਨਹੀਂ ਉਹ ਵੀ ਇੱਕ ਕੈਦ ਹੀ ਹੈ। ਨਾਰੀ ਨੂੰ ਚੇਤੰਨ ਹੋਣ ਲਈ ਮਾਨਸਕ ਪੱਖੋਂ ਆਜ਼ਾਦ ਹੋਣ ਦੀ ਲੋੜ ਹੈ। ਜਿਸ ਦਾ ਵੇਰਵਾ ਇੰਦਰਜੀਤ ਕੌਰ ਸਿੱਧੂ ਆਪਣੀਆਂ ਕਵਿਤਾਵਾਂ ਰਾਹੀਂ ਕਰਦੀ ਹੈ।

## ਹਵਾਲੇ ਤੇ ਟਿੱਪਣੀਆਂ:

---

1 ਇੰਦਰਜੀਤ ਕੌਰ ਸਿੱਧੂ , ਨੰਗੇ ਪੈਰ, ਕੁੱਝ ਆਪਣੀ ਵੱਲੋਂ, ਪੰਨਾ-11
2 ਇੰਦਰਜੀਤ ਕੌਰ ਸਿੱਧੂ , ਨਾ ਸੜਕਾਂ ਨਾ ਦਾਇਰੇ, ਪੰਨਾ-8-9
3 ਇੰਦਰਜੀਤ ਕੌਰ ਸਿੱਧੂ, ਬਣਵਾਸ ਤੋਂ ਬਣਵਾਸ ਤੱਕ, ਗੁਰਇਕਬਾਲ ਸਿੰਘ, 'ਔਰਤ ਦੇ ਨਾਇੱਕਤਵ ਦੇ ਸੰਤਾਪ ਦੀ ਸ਼ਾਇਰੀ' ਪੰਨਾ-9
4 ਬੁੱਧ ਸਿੰਘ, ਨੀਲੋਂ, 'ਇੰਦਰਜੀਤ ਕੌਰ ਸਿੱਧੂ ਦੀ ਕਾਵਿ-ਸੰਵੇਦਨਾ' (ਮਰਿਯਾਦਾ ਦੇ ਆਧਾਰ ਤੇ), ਪੰਨਾ-10-11
5 ਇੰਦਰਜੀਤ ਕੌਰ ਸਿੱਧੂ, ਮਰਿਯਾਦਾ, ਪੰਨਾ-15
6 -ਉਹੀ, ਪੰਨਾ-18-19
7 -ਉਹੀ ਪੰਨਾ-23
8 -ਉਹੀ, ਪੰਨਾ-21-22
9 -ਉਹੀ, ਪੰਨਾ-58
10 -ਉਹੀ, ਪੰਨੇ-58-59
11 -ਉਹੀ, ਪੰਨਾ-25
12 -ਉਹੀ, ਪੰਨਾ-56
13 -ਉਹੀ, ਪੰਨਾ-61-62
14 -ਉਹੀ, ਪੰਨਾ-64
15 -ਉਹੀ, ਪੰਨੇ-75-76
16 -ਉਹੀ, ਪੰਨਾ 59-60
17 -ਉਹੀ,ਪੰਨਾ-78
18 -ਉਹੀ, ਪੰਨਾ-25
19 ਬਣਵਾਸ ਤੋਂ ਬਣਵਾਸ ਤੱਕ, ਇੰਦਰਜੀਤ ਕੌਰ ਸਿੱਧੂ, ਗੁਰੂਇੱਕਬਾਲ ਸਿੰਘ (ਆਰੰਭਿਕਾ) 'ਔਰਤ ਦੇ ਨਾਇੱਕਤਵ ਦੇ ਸੰਤਾਪ ਦੀ ਸ਼ਾਇਰੀ', ਪੰਨਾ-10
20 -ਉਹੀ, ਪੰਨਾ-19-20
21 ਇੰਦਰਜੀਤ ਕੌਰ ਸਿੱਧੂ, 'ਬਣਵਾਸ ਤੋਂ ਬਣਵਾਸ ਤੱਕ' ਪੰਨਾ-51
22 -ਉਹੀ, ਪੰਨਾ-54
23 -ਉਹੀ, ਪੰਨੇ-64-66
24 ਮਨਜੀਤ ਟਿਵਾਣਾ, ਇਲਹਾਮ, ਪੰਨਾ-34
25 ਨਿਰੂਪਮਾ ਦੱਤ, ਇੱਕ ਨਦੀ ਸਾਂਵਲੀ ਜਿਹੀ, ਪੰਨਾ-12
26 ਇੰਦਰਜੀਤ ਕੌਰ, ਸਿੱਧੂ ਅਤੇ ਮੋਹਨ ਸਿੰਘ (ਸੰਪਾ.), ਪਰਵਾਸੀ ਸਾਹਿਤ ਵਿਸ਼ਲੇਸ਼ਣ (ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੈਂਬਰਾਂ ਦੇ ਸਾਹਿਤ ਦੀ ਆਲੋਚਨਾ), ਪੰਨਾ-148

27 -ਉਹੀ, ਪੰਨਾ-79
28 -ਉਹੀ, ਪੰਨਾ-52-53
29 ਇੰਦਰਜੀਤ ਕੌਰ ਸਿੰਧੂ , ਨਾ ਸੜਕਾਂ ਨਾ ਦਾਇਰੇ, ਪੰਨਾ-8
30 -ਉਹੀ, ਪੰਨਾ-92-93

[31] ਉਹੀ, ਪੰਨਾ-84
[32] ਉਹੀ, ਪੰਨਾ-79
[33] ਉਹੀ, ਪੰਨੇ-80-81
[34] ਉਹੀ, ਪੰਨਾ-103
[35] ਉਹੀ, ਪੰਨਾ-95-96
[36] ਉਹੀ, ਪੰਨਾ-105

# ਸਾਰ ਅਤੇ ਸਥਾਪਨਾਵਾਂ

# ਸਾਰ ਅਤੇ ਸਥਾਪਨਾਵਾਂ

ਸਮਾਜ ਵਿੱਚ ਅਨੇਕ ਤਰ੍ਹਾਂ ਦੇ ਪ੍ਰਾਣੀ ਵਿੱਚਰਦੇ ਹਨ। ਇਸ ਸਮਾਜ ਦਾ ਧੁਰਾ ਔਰਤ ਤੇ ਮਰਦ ਦੇ ਸੰਬੰਧ ਤੋਂ ਸ਼ੁਰੂ ਹੁੰਦਾ ਹੈ। ਪਤੀ-ਪਤਨੀ ਸਮਾਜਿਕ ਇੱਕਾਈ ਹੁੰਦੇ ਹਨ। ਪਤੀ ਦਾ ਵਪਾਰਿਕ ਰੁਝੇਵਿਆਂ ਵਿੱਚ ਰੁੱਝੇ ਹੋਣ ਕਾਰਨ ਉਹ ਪਤਨੀ ਨੂੰ ਸਮਾਜਿਕ ਸਮੂਹ ਤੋਂ ਦੂਰ ਰੱਖਣ ਦੀ ਕੋਸ਼ਿਸ ਕਰਦਾ ਹੈ। ਔਰਤ ਨਾਲ ਵਧੀਕੀ ਸਿਰਫ਼ ਇੱਕ ਯੁੱਗ ਦੀ ਗੱਲ ਨਹੀਂ। ਯੁੱਗਾਂ-ਯੁਗਾਂਤਰਾਂ ਤੋਂ ਔਰਤ ਦੀ ਸਥਿਤੀ ਤਰਸਯੋਗ ਰਹੀ ਹੈ। ਔਰਤ ਨੂੰ ਬੇੜੀਆਂ ਸਿਰਫ਼ ਸਰੀਰਕ ਤੌਰ ਤੇ ਨਹੀਂ ਸਗੋਂ ਮਾਨਸਕ ਰੂਪ ਵਿੱਚ ਵੀ ਪਾਈਆਂ ਜਾਂਦੀਆਂ ਹਨ। ਸਮਾਜਕ ਜੀਵਨ ਵਿੱਚ ਵੀ ਔਰਤ ਕਦੇ ਸੁਰਖ਼ਰੂ ਨਹੀਂ ਰਹੀ। ਜੇ ਧਾਰਮਿਕ ਜੀਵਨ ਵਿੱਚ ਉਸ ਨੂੰ ਦੇਵੀ ਸਮਝ ਕੇ ਪੂਜਿਆ ਵੀ ਗਿਆ ਤਦ ਵੀ ਮਰਦ ਵੱਲੋਂ ਲਗਾਏ ਗਏ ਇਲਜ਼ਾਮਾਂ ਤੋਂ ਉਹ ਆਪਣੇ ਆਪ ਨੂੰ ਬਰੀ ਨਹੀਂ ਕਰ ਪਾਈ। ਔਰਤ ਮੱਧ-ਯੁੱਗ ਤੋਂ ਲੈ ਕੇ ਹੁਣ ਤੱਕ ਵੀ ਮਕੁੰਮਲ ਤੌਰ ਤੇ ਆਪਣੇ ਆਪ ਨੂੰ, ਮਰਦ ਦੀਆਂ ਬੰਦਿਸ਼ਾਂ ਤੋਂ ਆਜ਼ਾਦ ਨਹੀਂ ਕਰ ਸਕੀ। ਗੱਲ ਭਾਵੇਂ ਗ਼ੁਲਾਮਦਾਰੀ, ਜਾਗੀਰਦਾਰੀ, ਪੂੰਜੀਵਾਦੀ ਜਾਂ ਸਮਾਜਵਾਦੀ ਦੀ ਹੋਵੇ, ਕਿਸੇ ਨਾ ਕਿਸੇ ਯੁੱਗ ਵਿੱਚ ਔਰਤ ਕਿਸੇ ਨਾ ਕਿਸੇ ਹੀਲੇ-ਵਸੀਲੇ ਕੈਦ ਹੀ ਰਹੀ ਹੈ। ਔਰਤ ਦਾ ਕੈਦ ਰਹਿਣ ਦਾ ਕਾਰਨ ਉਸ ਦਾ ਮਾਨਸਕ ਤੌਰ ਤੇ ਚੇਤੰਨ ਨਾ ਹੋਣਾ ਭਾਵ ਉਸ ਦਾ ਚੇਤਨਾ ਦੀ ਜਾਗ੍ਰਿਤੀ ਤੋਂ ਵਾਂਝੇ ਹੋਣਾ ਹੈ। ਔਰਤ ਚੇਤੰਨ ਉਦੋਂ ਹੀ ਹੋ ਸਕਦੀ ਹੈ ਜੇ ਉਹ ਵਿੱਚਾਰਸ਼ੀਲ ਤੇ ਸੂਝਵਾਨ ਹੋਵੇ ਪਰ ਇਹ ਵਿੱਦਿਆ ਤੋਂ ਬਿਨਾਂ ਨਹੀਂ ਹੋ ਸਕਦਾ। ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦਿਆਂ, ਔਰਤ ਦੀ ਸਥਿਤੀ ਦੁਜੈਲੀ ਹੀ ਰਹੀ ਹੈ। ਸ਼ੁਰੂ ਤੋਂ ਅੱਜ ਤੱਕ ਪਹੁੰਚਦੇ ਹੋਏ ਔਰਤ ਦੀ ਸਥਿਤੀ ਨੂੰ ਵਾਚਿਆ ਜਾਏ ਤਾਂ ਜੇ ਪਹਿਲਾਂ ਪਹਿਲ ਔਰਤ ਨੂੰ ਦੇਵੀ ਦਾ ਦਰਜਾ ਪ੍ਰਾਪਤ ਸੀ ਪਰ ਨਾਲ ਹੀ ਉਹ ਪਤੀ ਨੂੰ ਉਹ ਪ੍ਰਮੇਸ਼ਵਰ ਕਰਕੇ ਜਾਣਦੀ ਸੀ।ਮੱਧ ਯੁੱਗ ਤੱਕ ਪਹੁੰਚਦਿਆਂ ਔਰਤ ਦੀ ਦਸ਼ਾ ਬਹੁਤੀ ਸੰਤੋਸ਼ਜਨਕ ਨਹੀਂ ਰਹੀ। ਅਜੋਕੇ ਯੁੱਗ ਵਿੱਚ ਭਾਵੇਂ ਔਰਤ ਘਰੋਂ ਬਾਹਰ ਨਿਕਲ ਕੇ ਸਿੱਖਿਆ ਪ੍ਰਾਪਤ ਕਰਦੀ ਹੈ, ਨੌਕਰੀ ਕਰਦੀ ਹੈ ਪਰ ਕਿਤੇ ਨਾ ਕਿਤੇ ਉਸ ਦੀ ਮਾਨਸਿਕ ਸੋਚ ਪਰੰਪਰਾਗਤ ਨਾਰੀ ਵਾਲੀ ਹੀ ਹੈ। ਕਾਰਨ ਇਹ ਕਿ ਘਰ ਦਾ ਮਾਹੌਲ ਅਤੇ ਸਮਾਜਕ ਮਾਹੌਲ ਉਸ ਦਾ ਚਰਿੱਤਰ ਸਿਰਜਣ ਵਿੱਚ ਮੋਹਰੀ ਹੁੰਦਾ ਹੈ। ਔਰਤ ਨੂੰ ਹਾਲੇ ਵੀ ਦਬਾਇਆ ਜਾਂਦਾ ਹੈ। ਉਸ ਦਾ ਮਾਨਸਕ ਤੇ ਸਰੀਰਕ ਸ਼ੋਸਣ ਕੀਤਾ ਜਾਂਦਾ ਹੈ। ਅਜੋਕੇ ਵਰਤਮਾਨ ਯੁੱਗ ਵਿੱਚ ਔਰਤ ਸਮਾਜਕ ਵਤੀਰਿਆਂ ਕਰਕੇ ਹਾਲੇ ਵੀ ਆਜ਼ਾਦ ਨਹੀਂ ਹੋਈ। ਪੂਰਨ ਤੌਰ ਚੇਤਨਾ ਉਦੋਂ ਆਉਂਦੀ ਹੈ ਜਦੋਂ ਕੋਈ ਵੀ ਇਨਸਾਨ ਪੂਰਨ ਤੌਰ ਤੇ ਸਰੀਰਕ ਤੇ ਮਾਨਸਕ ਰੂਪ ਵਿੱਚ ਜਾਗ੍ਰਿਤ ਹੋਵੇ।

ਔਰਤ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਲੱਛਮੀ, ਦੇਵੀ, ਜਨਮਦਾਤੀ, ਗ੍ਰਹਿ ਸੁਆਮਣੀ, ਨਾਰੀ, ਵੇਸਵਾ, ਬਾਘਣ, ਵਿਨਾਸ਼ਕ ਆਦਿ। ਇਹ ਤਾਂ ਵੱਖ-ਵੱਖ ਵਿਦਵਾਨਾਂ ਦੀ ਔਰਤ ਬਾਰੇ ਵੱਖਰੀ-ਵੱਖਰੀ ਸੋਚ ਹੈ। ਕੁੱਝ ਵਿਦਵਾਨ ਔਰਤ ਨੂੰ ਸ਼ਕਤੀ ਦਾ ਪ੍ਰਤੀਕ ਮੰਨਦੇ ਹਨ ਅਤੇ ਉਸ ਨੂੰ ਉੱਚੀ-ਸੁੱਚੀ ਜਗ੍ਹਾ ਤੇ ਸੁਸ਼ੋਬਿਤ ਕਰਦੇ ਹਨ। ਕੁੱਝ ਭਾਰਤੀ ਸ਼ਾਸਤਰੀ ਇਸ ਨੂੰ ਸਵਕੀਆ, ਪਰਕੀਆ ਅਤੇ ਸਾਮਾਨਿਆ ਨਾਲ ਸੰਬੋਧਿਤ ਕਰਦੇ ਹਨ ਜੋ ਸਵਕੀਆ ਪਤੀਬਰਤਾ ਪਤਨੀ ਲਈ ਅਤੇ ਪਰਕੀਆ ਪਰਾਏ ਮਰਦ ਨਾਲ ਸੰਬੰਧ ਰੱਖਣ ਵਾਲੀ ਅਤੇ ਸਾਮਾਨਿਆ ਵੇਸਵਾ ਲਈ ਵਰਤੇ ਗਏ ਸ਼ਬਦ ਹਨ। ਮੱਧਕਾਲ ਵਿੱਚ ਭਗਤਾਂ ਜੋਗੀਆਂ ਦੇ ਸਮੇਂ ਵੀ ਔਰਤ ਨੂੰ ਤ੍ਰਿਸਕਾਰਿਆ ਗਿਆ। ਜਿੱਥੇ ਗੋਰਖ਼ਨਾਥ ਨੇ ਔਰਤ ਨੂੰ ਬਾਘਣ ਕਹਿ ਕੇ ਧ੍ਰਿਕਾਰਿਆ ਉੱਥੇ ਹੀ ਤੁਲਸੀ ਦਾਸ ਨੇ ਉਸ ਨੂੰ ਕੈਦ ਵਿੱਚ ਰੱਖਣ ਦਾ ਫ਼ੁਰਮਾਨ ਦਿੱਤਾ। ਵਹਿਸ਼ਤ ਦੇ ਯੁੱਗ ਵਿੱਚ ਜਿੱਥੇ ਔਰਤ ਨੂੰ ਲਿੰਗ-ਸੰਬੰਧਾਂ ਕਾਰਨ ਖੁੱਲ ਸੀ ਉੱਥੇ ਹੀ ਜਹਾਲਤ ਦੇ ਯੁੱਗ ਵਿੱਚ ਔਰਤ ਇੱਕ ਮਰਦ ਤੱਕ ਅਤੇ ਇੱਕ ਘਰ ਦੀ ਚਾਰ ਦੀਵਾਰੀ ਵਿੱਚ ਸੀਮਤ ਹੋ ਕੇ ਰਹਿ ਗਈ। ਔਰਤ ਦੀ ਕੈਦ ਨੇ ਉਸ ਦੇ ਮਨ ਨੂੰ ਵੀ ਜ਼ੰਜੀਰਾਂ ਪਾ ਲਈਆਂ। ਔਰਤ ਆਪਣਾ ਚੰਗਾ-ਮਾੜਾ ਸਮਝਣ ਦੀ ਸਮਰੱਥ ਨਹੀਂ ਸੀ। ਔਰਤ ਨੂੰ ਸੁਰੱਖਿਅਤ ਰੱਖਣ ਲਈ ਮਰਦ ਵੱਲੋਂ ਉਸ ਉੱਪਰ ਬੰਦਿਸ਼ਾਂ ਵੱਧ ਗਈਆਂ। ਸੱਭਿਅਤਾ ਦੇ ਯੁੱਗ ਤੱਕ ਪਹੁੰਚ ਕੇ ਔਰਤ ਅਮੀਰ ਤੇ

ਧਨਾਢ ਲੋਕਾਂ ਦੀ ਐਸ਼ਪ੍ਰਸਤੀ ਦਾ ਸਾਧਨ ਬਣ ਕੇ ਰਹਿ ਗਈ। ਔਰਤ ਦੀ ਹੋ ਰਹੀ ਲੁੱਟ-ਖਸੁੱਟ ਕਰਕੇ ਉਸ ਨੂੰ ਚਾਰਦੀਵਾਰੀ ਵਿੱਚ ਕੈਦ ਕਰ ਦਿੱਤਾ ਗਿਆ, ਇਹ ਕੈਦ ਹੋਰ ਵੀ ਭਿਆਨਕ ਹੋ ਗਈ ਜਦੋਂ ਔਰਤ ਨੂੰ ਸਤੀ ਪ੍ਰਥਾ, ਬਾਲ-ਵਿਆਹ ਵਰਗੀਆਂ ਸਮਾਜਕ ਬੁਰਾਈਆਂ ਦਾ ਸਾਹਮਣਾ ਕਰਨਾ ਪਿਆ। ਪੂੰਜੀਵਾਦੀ ਯੁੱਗ ਵਿੱਚ ਔਰਤ ਕਾਰਖਾਨਿਆਂ ਵਿੱਚ ਕੰਮ ਕਰਨ ਲੱਗੀ ਕਿਉਂਕਿ ਪਤੀ ਦੀ ਹੀ ਕਮਾਈ ਨਾਲ ਹੀ ਆਰਥਿਕ ਤੰਗੀਆਂ ਨੂੰ ਦੂਰ ਨਹੀਂ ਕੀਤਾ ਜਾ ਸਕਦਾ ਸੀ। ਔਰਤ ਦੇ ਆਤਮ-ਨਿਰਭਰ ਹੋਣ ਦੇ ਬਾਵਜੂਦ ਵੀ ਉਸਦੇ ਸ਼ੋਸਣ ਵਿੱਚ ਕਮੀ ਨਹੀਂ ਆਈ। ਘਰ ਤੋਂ ਬਾਹਰ ਨਿਕਲ ਕੇ ਕੰਮ ਕਰ ਰਹੀ ਔਰਤ ਵਿੱਚ ਕਿਤੇ ਨਾ ਕਿਤੇ ਸਵੈ-ਵਿਸ਼ਵਾਸ ਦੀ ਧਾਰਨਾ ਘਰ ਕਰ ਗਈ। ਲੈਨਿਨ ਨੇ ਇਹ ਵਿੱਚਾਰ ਪੇਸ਼ ਕੀਤੇ ਕਿ ਜੇਕਰ ਔਰਤ ਘਰ ਦੇ ਕੰਮਾਂ ਤੋਂ ਮੁਕਤੀ ਪਾਏਗੀ ਤਦ ਹੀ ਉਹ ਵੱਡੀਆਂ ਪੁਲਾਂਘਾਂ ਪੁੱਟਣ ਦੀ ਹੱਕਦਾਰ ਬਣੇਗੀ। ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਔਰਤ ਨੂੰ ਝੰਜੋੜਨਾ ਤੇ ਦੁਤਕਾਰਨਾ ਸੰਭਵ ਨਹੀਂ। ਸਵੈ-ਵਿਸ਼ਵਾਸ਼ ਦੀ ਧਾਰਨਾ ਕਰਕੇ ਕਿਤੇ ਨਾ ਕਿਤੇ ਔਰਤ ਦਾ ਮਨ ਬਦਲਣ ਲੱਗਾ। ਹੌਲੀ-ਹੌਲੀ ਉਸ ਅੰਦਰ ਸਵੈ-ਮਾਣ ਵੱਧਦਾ ਗਿਆ ਅਤੇ ਉਹ ਚੇਤੰਨ ਹੋਣ ਲੱਗੀ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਔਰਤ ਨੂੰ ਸਨਮਾਨਯੋਗ ਦਰਜਾ ਦਿੱਤਾ ਗਿਆ। ਜਿੱਥੇ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਸਨਮਾਨ ਭਰੀ ਨਜ਼ਰ ਨਾਲ ਦੇਖਿਆ, ਉੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਨ ਸਮੇਂ ਅੰਮ੍ਰਿਤ ਤਿਆਰ ਕਰਨ ਦਾ ਹੱਕ ਵੀ ਇੱਕ ਔਰਤ ਨੂੰ ਦਿੱਤਾ। ਉੱਤਰ ਵੈਦਿਕ ਕਾਲ ਵਿੱਚ ਰਚੇ ਗਏ ਗ੍ਰੰਥਾਂ ਵਿੱਚਲੀਆਂ ਨਾਰੀਆਂ, ਸੀਤਾ, ਕੁੰਤੀ, ਦਰੋਪਦੀ ਆਦਿ ਵੀ ਜੀਵਨ ਦੇ ਉੱਚੇ ਚਰਿੱਤਰ ਨੂੰ ਪੇਸ਼ ਕਰਦੀਆਂ ਹਨ। ਬਾਈਬਲ ਵਿੱਚ ਇਹ ਦੱਸਿਆ ਗਿਆ ਹੈ ਕਿ ਪੁਰਸ਼ ਨੂੰ ਸਵਰਗ ਤੋਂ ਪਤਿਤ ਕਰਨ ਦੇ ਲਈ ਹੀ ਨਾਰੀ ਬਣਾਈ ਗਈ। ਪੰਜਾਬ ਦੇ ਲੋਕ-ਕਿੱਸਿਆਂ ਵਿੱਚ ਆਈਆਂ ਇਸਤਰੀਆਂ ਹੀਰ, ਸੱਸੀ, ਸੋਹਣੀ, ਸੀਹੀ, ਸਾਹਿਬਾਂ ਵੀ ਉਸ ਸਮੇਂ ਦੀ ਸਮਾਜਿਕ ਸਥਿਤੀ ਦਾ ਬਿਆਨ ਕਰਨ ਦੇ ਨਾਲ-ਨਾਲ ਔਰਤ ਦੀ ਤ੍ਰਾਸਦੀ ਨੂੰ ਵੀ ਪੇਸ਼ ਕਰਦੀਆਂ ਹਨ। ਸਿੱਖ ਇਤਿਹਾਸ ਵਿੱਚ ਆਈਆਂ ਇਸਤਰੀਆਂ ਮਾਈ ਭਾਗੋ ਅਤੇ ਸੁੰਦਰੀ ਦੀਆਂ ਵੀ ਧਰਮ ਦੇ ਇਤਿਹਾਸ ਵਿੱਚ ਉੱਘੜਵੀਆਂ ਮਿਸਾਲਾਂ ਮਿਲਦੀਆਂ ਹਨ। ਇਹ ਇਤਿਹਾਸਕ ਨਾਰੀਆਂ ਵੀ ਇਤਿਹਾਸਕ ਪੱਖੋਂ ਚੇਤਨਾ ਦਾ ਪ੍ਰਤੀਕ ਮੰਨੀਆਂ ਜਾਂਦੀਆਂ ਹਨ। ਉਸਨਿਸ਼ਦਾਂ ਅਤੇ ਸਿਮਰਤੀਆਂ ਨੇ ਨਾਰੀ ਉੱਪਰ ਕਈ ਕਿਸਮ ਦੇ ਦੋਸ਼ ਮੜ੍ਹੇ ਹਨ। ਸਭ ਤੋਂ ਵੱਧ ਮਨੂੰ ਨੇ ਆਪਣੀਆਂ ਸਿਮਰਤੀਆਂ ਵਿੱਚ ਨਾਰੀ ਨੂੰ ਰੱਜ ਕੇ ਭੰਡਿਆ, ਪਰੰਪਰਕ ਬ੍ਰਾਹਮਣਵਾਦ, ਮਨੂੰ ਸਿਮਰਤੀ ਅਤੇ ਫਿਊਡਲਿਜ਼ਮ ਨੇ ਔਰਤ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ। ਭਾਰਤੀ ਸਮਾਜਕ ਬੁਰਾਈਆਂ ਨੂੰ ਦੂਰ ਕਰਨ ਲਈ ਰਾਜਾ ਰਾਮ ਮੋਹਨ ਰਾਏ, ਈਸ਼ਵਰ ਚੰਦਰ, ਵਿੱਦਿਆ ਸਾਗਰ, ਕੇਸ਼ਵ ਚੰਦਰ ਸੇਨ, ਮਾਲਾਬਾਰੀ ਫੂਲੇ ਵਰਗੇ ਸਮਾਜ ਸੁਧਾਰਕ ਅੱਗੇ ਆਏ। ਇਹਨਾਂ ਸਮਾਜ ਸੁਧਾਰਕਾਂ ਦੇ ਯਤਨ ਸਦਕਾ ਬਾਲ ਵਿਆਹ, ਸਤੀ ਪ੍ਰਥਾ, ਪਰਦਾ ਪ੍ਰਥਾ ਵਰਗੀਆਂ ਸਮਾਜਿਕ ਬੁਰਾਈਆਂ ਉੱਪਰ ਕੁੱਝ ਹੱਦ ਤੱਕ ਕਾਬੂ ਪਾ ਲਿਆ ਗਿਆ। ਇਹਨਾਂ ਬੁਰਾਈਆਂ ਦੇ ਦੂਰ ਹੋਣ ਕਾਰਨ ਔਰਤਾਂ ਕੁੱਝ ਹੱਦ ਤੱਕ ਆਪਣੇ ਆਪ ਨੂੰ ਆਜ਼ਾਦ ਸਮਝਣ ਲੱਗੀਆਂ। ਇਹਨਾਂ ਬੁਰਾਈਆਂ ਅਤੇ ਪ੍ਰਥਾਵਾਂ ਕਰਕੇ ਉਹ ਆਪਣੇ ਆਪ ਨੂੰ ਇੱਕ ਬੰਧਨ ਵਿੱਚ ਨਪੀੜਿਆ ਹੋਈਆਂ ਸਮਝਦੀਆਂ ਸਨ। ਔਰਤ ਦੀ ਸੋਚ ਵਿੱਚ ਪਰਿਵਰਤਨ ਆਉਣ ਲੱਗ ਪਿਆ।

ਜਦੋਂ ਔਰਤਾਂ ਕੰਮ-ਕਾਰਾਂ ਲਈ ਬਾਹਰ ਨਿਕਲ ਕੇ ਕੰਮ ਕਰਨ ਲੱਗੀਆਂ ਤਾਂ ਉਹਨਾਂ ਦੀ ਸੋਚ ਦਾ ਘੇਰਾ ਵਿਸ਼ਾਲ ਹੋਣ ਲੱਗਿਆ। ਬਾਹਰ ਦੇ ਲੋਕਾਂ ਦੇ ਸੰਪਰਕ ਵਿੱਚ ਆਉਣ ਸਦਕਾ ਉਹਨਾਂ ਦੇ ਅਨੁਭਵਾਂ, ਵਿੱਚਾਰਾਂ ਵਿੱਚ ਵੀ ਤਬਦੀਲੀ ਆਉਣੀ ਸ਼ੁਰੂ ਹੋਈ। ਸਮਾਜ, ਘਰ ਪਰਿਵਾਰ ਅਤੇ ਨੌਕਰੀ ਨਾਲ ਸੰਬੰਧਿਤ ਉਹ ਹਰ ਪੱਖੋਂ ਚੇਤੰਨ ਹੋਣ ਲੱਗੀਆਂ ਅਤੇ ਬੱਚੀਆਂ ਨੂੰ ਸਿੱਖਿਆ ਲਈ ਭੇਜਿਆ ਜਾਣ ਲੱਗਾ। ਕੰਨਿਆ ਨਾਲ ਸੰਬੰਧਿਤ ਸਕੂਲ ਖੋਲ੍ਹੇ ਗਏ ਅਤੇ ਵਿੱਦਿਆ ਦੇ ਪ੍ਰਸਾਰ ਦੀ ਚਿਣਗ ਔਰਤਾਂ ਦੇ ਮਨ ਵਿੱਚ ਵਿਸ਼ਾਲ ਚਾਨਣ ਲੈ ਆਈ। ਨਾਰੀ ਨਾਲ ਸੰਬੰਧਿਤ ਰਚਿਆ ਗਿਆ ਸਾਹਿਤ ਵੀ ਔਰਤਾਂ ਦੇ ਮਾਨਸਕ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਈ ਹੋਇਆ। ਇਹ ਚੇਤਨਾ ਉਹ ਜਾਗ੍ਰਿਤੀ ਦੀ ਅਵਸਥਾ ਸੀ ਜਦੋਂ ਕੋਈ ਲੰਮੀ ਨੀਂਦ ਸੌਂ ਕੇ ਜਾਗਿਆ ਹੋਵੇ। ਔਰਤ ਦੇ

ਸਮੂਹ ਬਣਾ ਕੇ ਕਈ ਲਹਿਰਾਂ ਅਤੇ ਅੰਦੋਲਨ ਕੀਤੇ ਗਏ, ਜਿਹਨਾਂ ਵਿੱਚ ਔਰਤ ਦੇ ਹੱਕ, ਔਰਤ ਦੀ ਆਜ਼ਾਦੀ ਅਤੇ ਔਰਤ ਨੂੰ ਉੱਚ ਸਿੱਖਿਆ ਲਈ ਸਮਾਜਿਕ ਮਾਹੌਲ ਦੀ ਸਿਰਜਣਾ ਲਈ, ਆਵਾਜ਼ ਉਠਾਈ ਗਈ। ਫਰਾਂਸ ਦੀ ਕ੍ਰਾਂਤੀ ਦੇ ਕਾਰਨ ਔਰਤਾਂ ਨੂੰ ਆਜ਼ਾਦ ਮਾਹੌਲ ਪ੍ਰਾਪਤ ਹੋਇਆ। ਜਿੱਥੇ ਪੱਛਮੀ ਔਰਤਾਂ ਨੂੰ ਉੱਚ ਵਿੱਦਿਆ ਲਈ ਪ੍ਰੇਰਿਤ ਕੀਤਾ ਗਿਆ। ਉੱਥੇ ਹੀ ਨਾਰੀਵਾਦ ਵਿੱਚ ਆਪਣਾ ਯੋਗਦਾਨ ਪਾਉਣ ਲਈ ਕਈ ਪੱਛਮੀ ਚਿੰਤਕ ਅੱਗੇ ਆਏ। ਜਿਹਨਾਂ ਵਿੱਚੋਂ J.S. Mill, Kate Millet, Juliet Mitchell, Luce Irigaray, Lacan, Sigmund Freud, K. Marx & F. Engels, E. Showalter, Simone de Beauvoir, Shulamith Firestone, Jullia Kristeva, Helene Cixous, Toril Moi ਆਦਿ ਚਿੰਤਕ ਹਨ। ਇਹਨਾਂ ਚਿੰਤਕਾਂ ਨੇ ਨਾਰੀਵਾਦ ਨੂੰ ਵਿਸ਼ੇਸ ਹੁੰਗਾਰਾ ਦਿੱਤਾ ਅਤੇ ਔਰਤ ਦੇ ਆਜ਼ਾਦ ਹੋਣ ਲਈ ਵਿਸ਼ੇਸ ਉਪਰਾਲੇ ਕੀਤੇ। ਪੱਛਮੀ ਚਿੰਤਕਾਂ ਤੋਂ ਬਿਨਾਂ ਭਾਰਤੀ ਚਿੰਤਕਾਂ ਨੇ ਵੀ ਨਾਰੀਵਾਦ ਨੂੰ ਸਿਖ਼ਰ ਤੇ ਲਿਜਾਣ ਲਈ ਵਿਸ਼ੇਸ ਹੰਭਲੇ ਮਾਰੇ ਜਿਹਨਾਂ ਵਿੱਚ ਮੈਤਰੀ ਚੌਧਰੀ, ਮਧੂ ਕਿਸ਼ਵਰ, ਰਾਜ਼ੇਸਵਰੀ ਸੁੰਦਰ ਰਾਜਨ ਦੇ ਨਾਂ ਪ੍ਰਮੁੱਖ ਹਨ।

ਪਰਵਾਸ ਧਾਰਨ ਕਰਕੇ ਪੰਜਾਬੀ ਲੋਕ ਆਪਣੀ ਜਨਮ ਭੂਮੀ ਨੂੰ ਛੱਡ ਜਾਂਦੇ ਹਨ ਪਰ ਇਹ ਵਿੱਚੋੜਾ ਉਹਨਾਂ ਨੂੰ ਅੰਦਰੋਂ- ਅੰਦਰ ਖਾਂਦਾ ਰਹਿੰਦਾ ਹੈ। ਪਰਵਾਸੀ ਉਸ ਨੂੰ ਕਿਹਾ ਜਾਂਦਾ ਹੈ ਜੋ ਆਰਥਿਕ ਮਜ਼ਬੂਰੀਆਂ ਕਾਰਨ ਆਪਣੇ ਦੇਸ਼ ਨੂੰ ਛੱਡ ਜਾਂਦੇ ਹਨ। ਕੈਨੇਡਾ ਵਿੱਚ 1905 ਵਿੱਚ ਗਏ ਪਹਿਲੇ ਪੰਜਾਬੀਆਂ ਨੂੰ ਕੈਨੇਡੀਅਨ ਸਰਕਾਰ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰ ਇਸ ਦੇ ਬਾਵਜੂਦ ਵੀ ਪੰਜਾਬੀਆਂ ਦਾ ਕੈਨੇਡਾ ਵਿੱਚ ਜਾਣਾ ਬੰਦ ਨਾ ਹੋਇਆ। ਉਹ ਹਰ ਜਾਇਜ਼-ਨਜਾਇਜ਼ ਤਰੀਕੇ ਨਾਲ ਕੈਨੇਡਾ ਵੱਲ ਨੂੰ ਮੁਹਾਰਾਂ ਮੋੜਨ ਲੱਗੇ। ਪੰਜਾਬੀਆਂ ਨੇ ਉੱਥੇ ਜਾ ਕੇ ਕੰਮ ਕਰਨਾ ਤਾਂ ਸ਼ੁਰੂ ਕਰ ਦਿੱਤਾ ਪਰ ਉੱਥੇ ਰਹਿਣ ਸਮੇਂ ਉਹਨਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪਿਆ। ਕੋਈ ਆਪਣੇ ਵਤਨ ਨੂੰ ਯਾਦ ਕਰਕੇ ਰੋਂਦਾ ਹੈ। ਪਰ ਆਰਥਿਕ ਸੰਕਟ ਕਰਕੇ ਗ਼ਰੀਬੀ ਦੀ ਮਾਰ ਥੱਲੇ ਦੱਬਿਆ ਹੋਇਆ, ਉਹ ਵਿਦੇਸ਼ ਛੱਡ ਕੇ ਨਹੀਂ ਜਾ ਸਕਦਾ। ਬਿਗਾਨੇ ਮੁਲਕ ਵਿੱਚ ਰਹਿ ਰਹੇ ਪੰਜਾਬੀ ਉੱਥੋਂ ਦੇ ਸਭਿਆਚਾਰ ਨੂੰ ਸਵੀਕਾਰ ਨਹੀਂ ਕਰ ਪਾਉਂਦੇ ਅਤੇ ਆਪਣੇ ਪੰਜਾਬੀ ਸਭਿਆਚਾਰ ਨੂੰ ਵੀ ਵਿਸਾਰ ਨਹੀਂ ਸਕਦੇ। ਉਹ ਖਲਾਅ ਵਿੱਚ ਲਟਕਦੇ ਰਹਿੰਦੇ ਹਨ। ਉਹ ਪੂਰੀ ਤਰ੍ਹਾਂ ਪੱਛਮੀ ਸਭਿਆਚਾਰ ਨਾਲ ਜੁੜਦੇ ਵੀ ਨਹੀਂ ਹਨ ਅਤੇ ਉਸ ਨਾਲੋਂ ਟੁੱਟ ਵੀ ਨਹੀਂ ਪਾਉਂਦੇ। ਗੋਰਿਆਂ ਵੱਲੋਂ ਪੰਜਾਬੀਆਂ ਨਾਲ ਕੀਤਾ ਜਾਂਦਾ ਨਸਲੀ ਵਿਤਕਰਾ ਨਫ਼ਰਤ ਦੀ ਭਾਵਨਾ ਨੂੰ ਜਨਮ ਦਿੰਦਾ ਹੈ ਰੰਗ, ਨਸਲ, ਧਰਮ ਅਤੇ ਜਾਤ ਦੇ ਆਧਾਰ ਤੇ ਪੰਜਾਬੀਆਂ ਨਾਲੋਂ ਗੋਰਿਆਂ ਨੂੰ ਵੰਡ ਕੇ, ਭਾਰਤੀਆਂ ਉੱਪਰ ਤਸ਼ੱਦਦ ਕੀਤਾ ਜਾਂਦਾ ਹੈ। ਭਾਰਤੀ ਪੰਜਾਬੀ ਲੋਕਾਂ ਨੂੰ 'ਗਵਾਰ' ਅਤੇ 'ਕਾਲੇ' ਨਾਂ ਨਾਲ ਪੁਕਾਰਿਆ ਜਾਂਦਾ ਹੈ। ਪੱਛਮ ਵੱਲ ਨੂੰ ਭਾਰਤੀ ਲੋਕਾਂ ਦਾ ਝੁਕਾਅ ਤੇ ਦਿਲਚਸਪੀ ਉਦੋਂ ਮਹਿੰਗੀ ਪੈਂਦੀ ਹੈ ਜਦੋਂ ਵਿਆਹੁਣ ਆਇਆ ਵਿਦੇਸ਼ੀ ਲਾੜਾ ਭਾਰਤੀ ਕੁੜੀ ਨਾਲ ਪੈਸੇ ਬਦਲੇ ਵਿਆਹ ਕਰਕੇ ਠੱਗੀ ਮਾਰ ਜਾਂਦਾ ਹੈ। ਪੰਜਾਬ ਵਿੱਚ ਚੱਲ ਰਿਹਾ ਨਕਲੀ ਵਿਆਹਾਂ ਦਾ ਸਿਲਸਿਲਾ ਵੀ ਵਿਦੇਸ਼ੀ ਚਮਕ-ਦਮਕ ਸਦਕੇ ਹੀ ਹੈ।

ਸਾਹਿਤ ਸਮਾਜ ਦਾ ਸ਼ੀਸਾ ਹੁੰਦਾ ਹੈ। ਸਾਹਿਤਕਾਰ ਉਹੀ ਕੁੱਝ ਰਚਦਾ ਹੈ ਜੋ ਉਹ ਸਮਾਜ ਵਿੱਚ ਘਟਦਾ ਦੇਖਦਾ ਹੈ। ਪਰਵਾਸੀ ਪੰਜਾਬੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਆਪਣੀ ਕਲਮ ਵਿੱਚ ਪਰੋਇਆ ਹੈ ਫਿਰ ਚਾਹੇ ਉਹ ਕਵਿਤਾ, ਕਹਾਣੀ, ਨਾਵਲ, ਨਾਟਕ, ਨਿਬੰਧ, ਵਾਰਤਕ, ਇੱਕਾਂਗੀ ਜਾਂ ਆਲੋਚਨਾ ਹੀ ਕਿਉਂ ਨਾ ਹੋਵੇ। ਪਰਵਾਸੀ ਪੰਜਾਬੀ ਲੋਕਾਂ ਦੀਆਂ ਪਸੀਜੀਆਂ ਗਈਆਂ ਆਂਦਰਾਂ ਦਾ ਦਰਦ ਪਰਵਾਸੀ ਪੰਜਾਬੀ ਕਵਿਤਾ ਵਿੱਚੋਂ ਦੇਖਣ ਨੂੰ ਮਿਲਦਾ ਹੈ। ਇੰਗਲੈਂਡ ਵਿੱਚ ਪਰਵਾਸੀ ਪੰਜਾਬੀ ਕਵਿਤਾ ਵਿੱਚ ਮੱਲਾਂ ਮਾਰਨ ਵਾਲੇ ਪਰਵਾਸੀ ਪੰਜਾਬੀ ਕਵੀ ਈਸ਼ਵਰ ਚਿੱਤਰਕਾਰ, ਗੋਪਾਲ ਸਿੰਘ ਪੁਰੀ, ਨਿਰੰਜਨ ਸਿੰਘ ਨੂਰ, ਹਰਜੀਤ ਦੌਧਰੀਆ, ਅਜਮੇਰ ਕਵੈਂਟਰੀ, ਅਵਤਾਰ ਜੰਡਿਆਲਵੀ, ਸੰਤੋਖ ਸਿੰਘ ਸੰਤੋਖ, ਮੁਸ਼ਤਾਕ ਸਿੰਘ, ਸੰਤੋਖ ਧਾਲੀਵਾਲ, ਗੁਰਨਾਮ ਸਿੰਘ ਢਿੱਲੋਂ, ਜਗਤਾਰ ਢਾਅ, ਦਵਿੰਦਰ ਚੰਦਨ, ਬਲਵੀਰ ਸਿੰਘ ਪਰਵਾਨਾ, ਸਾਥੀ ਲੁਧਿਆਣਵੀ,

ਸਵਰਨ ਚੰਦਨ, ਅਮਰਜੀਤ ਚੰਦਨ ਹਨ, ਜਿਹਨਾਂ ਨੇ ਵਿਦੇਸ਼ੀ ਧਰਤੀ ਤੇ ਜਾ ਕੇ ਕੰਮ ਦੇ ਨਾਲ – ਨਾਲ ਕਵਿਤਾ ਲਿਖਣ ਵਿੱਚ ਵੀ ਅਹਿਮ ਯੋਗਦਾਨ ਪਾਇਆ। ਕੈਨੇਡਾ ਵਿੱਚ ਰਹਿਣ ਵਾਲੇ ਪਰਵਾਸੀ ਪੰਜਾਬੀ ਕਵੀ ਸਟੀਫ਼ਨ ਗਿੱਲ, ਰਵਿੰਦਰ ਰਵੀ, ਖੋਜੀ ਕਾਫ਼ਰ, ਸ਼ੁਸੀਲ ਕੌਰ, ਗੁਰਚਰਨ ਰਾਮਪੁਰੀ, ਗਿੱਲ ਮੋਰਾਂਵਾਲੀ, ਨਵਤੇਜ ਭਾਰਤੀ, ਅਜਮੇਰ ਰੋਡੇ, ਸੁਰਜੀਤ ਕਲਸੀ, ਦਰਸ਼ਨ ਗਿੱਲ, ਇੱਕਬਾਲ ਰਾਮੂਵਾਲੀਆ, ਸੁਖਿੰਦਰ, ਮੰਗਾ ਸਿੰਘ ਬਾਸੀ, ਇੰਦਰਜੀਤ ਕੌਰ ਸਿੱਧੂ, ਮੇਜਰ ਮਾਂਗਟ, ਹਰੀ ਸਿੰਘ ਤਾਤਲਾ, ਜੀਵਨ ਰਾਮਪੁਰੀ ਹਨ। ਅਮਰੀਕਾ ਵਿੱਚ ਰਹਿੰਦੇ ਪਰਵਾਸੀ ਪੰਜਾਬੀ ਕਵੀ ਮਨੋਹਰ ਸਿੰਘ ਮਾਰਕੋ, ਕੈਪਟਨ ਗੁਰਦਿਆਲ ਸਿੰਘ, ਕਰਨੈਲ ਸਿੰਘ ਗਿਆਨੀ, ਹਰਭਜਨ ਸਿੰਘ ਬੈਂਸ ਅਤੇ ਕੁਲਦੀਪ ਸਿੰਘ ਹਨ।

ਪਰਵਾਸੀ ਕਵਿਤਾ ਵਿਚ ਨਾਰੀ ਚੇਤਨਾ ਨਾਲ ਸੰਬੰਧਿਤ ਕਵਿਤਾ ਵਿਚ ਔਰਤ ਅਤੇ ਮਰਦ ਲੇਖਕਾਂ ਦੋਵਾਂ ਦਾ ਹੀ ਬਰਾਬਰ ਯੋਗਦਾਨ ਹੈ। ਪਰਵਾਸੀ ਲੇਖਕਾਂ ਨੇ ਪਰਵਾਸੀ ਜੀਵਨ ਵਿੱਚ ਜੱਦੋ-ਜ਼ਹਿਦ ਕਰ ਰਹੀ ਅਤੇ ਮਰਦ ਦੀਆਂ ਬਦਸਲੂਕੀਆਂ ਦਾ ਸ਼ਿਕਾਰ ਹੋ ਰਹੀ ਔਰਤ ਦੀ ਕਹਾਣੀ ਨੂੰ ਆਪਣੀਆਂ ਕਵਿਤਾਵਾਂ ਵਿੱਚ ਬਿਆਨਿਆ ਹੈ। ਪਰਵਾਸੀ ਨਾਰੀ ਚੇਤਨਾ ਦੇ ਸੰਦਰਭ ਵਿੱਚ ਕਵਿਤਾ ਲਿਖਣ ਵਾਲੇ ਕਵੀ ਅਤੇ ਕਵਿੱਤਰੀਆਂ ਗਿੱਲ ਮੋਰਾਂਵਾਲੀ, ਜਗਤਾਰ ਢਾਅ, ਇੱਕਬਾਲ ਰਾਮੂਵਾਲੀਆ, ਅਮਰ ਜਿਉਤੀ, ਸ਼ਸੀ ਸਮੁੰਦਰਾ, ਸੁਰਜੀਤ ਕਲਸੀ, ਕੈਲਾਸ਼ਪੁਰੀ, ਨਵਤੇਜ ਭਾਰਤੀ, ਅਜਮੇਰ ਰੋਡੇ, ਇੰਦਰਜੀਤ ਕੌਰ ਸਿੱਧੂ, ਸੁਖਵਿੰਦਰ ਕੌਰ ਬ੍ਰਾਹਮ, ਮਨਜੀਤ ਕੰਗ, ਬਰਜਿੰਦਰ ਕੌਰ ਢਿੱਲੋਂ ਹਨ। ਪਰਵਾਸੀ ਕਵੀਆਂ ਨੇ ਜਿੱਥੇ ਸਮਾਜ ਵਿੱਚ ਵਿੱਚਰ ਰਹੀ ਨਾਰੀ ਦੀ ਦੁਖਾਂਤ ਭਰੀ ਸਥਿਤੀ ਨੂੰ ਬਿਆਨ ਕੀਤਾ ਹੈ ਉੱਥੇ ਪਰਵਾਸ ਧਾਰਨ ਕਰਕੇ ਵਿਦੇਸ਼ਾਂ ਵਿੱਚਲੀ ਨਾਰੀ ਦੀ ਬਦਲੀ ਹੋਈ ਸਥਿਤੀ ਨੂੰ ਵੀ ਬਿਆਨ ਕੀਤਾ ਹੈ। ਪਰਵਾਸੀ ਨਾਰੀ ਦੀ ਸੋਚ ਵਿੱਚ ਅਥਾਹ ਪਰਿਵਰਤਨ ਆ ਚੁੱਕਾ ਹੈ। ਉਹ ਚੇਤੰਨ ਨਾਰੀ ਹੈ ਤੇ ਸਮਾਜ ਵਿੱਚ ਵਿੱਚਰਦੀ ਹੋਈ ਨੌਕਰੀ ਕਰਨ ਦੇ ਨਾਲ-ਨਾਲ ਆਜ਼ਾਦ ਸੋਚ ਦੀ ਧਾਰਨੀ ਹੋ ਨਿਬੜਦੀ ਹੈ। ਉਹ ਆਪਣੇ ਭਵਿੱਖ ਲਈ ਜਾਗ੍ਰਿਤ ਹੈ। ਭਾਰਤ ਵਿੱਚ ਵਿੱਚਰਨ ਵਾਲੀਆਂ ਔਰਤਾਂ ਜੋ ਸਮਾਜ ਦੀਆਂ ਪ੍ਰੰਪਰਾਗਤ ਕਦਰ-ਕੀਮਤਾਂ ਵਿੱਚ ਫਸ ਕੇ ਆਪਣੇ ਆਪ ਨੂੰ ਇੱਕ ਥਾਂ ਤੇ ਖੜ੍ਹਾ ਕਰ ਲੈਂਦੀਆਂ ਹਨ, ਉਹਨਾਂ ਦੀ ਸੋਚ ਨੂੰ ਜੰਜ਼ੀਰਾਂ ਪਾਉਣ ਵਾਲਾ ਵੀ ਇਹ ਮਰਦ ਪ੍ਰਧਾਨ ਸਮਾਜ ਹੀ ਹੈ। ਔਰਤ ਨੂੰ ਮਰਦ ਪ੍ਰਧਾਨ ਸਮਾਜ ਵਿੱਚ ਵਿੱਚਰਦੇ ਹੋਏ ਦੂਜੇ ਸਥਾਨ ਤੇ ਹੀ ਰਹਿਣਾ ਪੈਂਦਾ ਹੈ ਚਾਹੇ ਉਹ ਘਰੇਲੂ ਔਰਤ ਹੈ ਜਾਂ ਵਰਤਮਾਨ ਯੁੱਗ ਦੀ ਪੜ੍ਹੀ-ਲਿਖੀ ਨਾਰੀ, ਉਸ ਨੂੰ ਮਰਦ ਮੋਹਰਲੀ ਕਤਾਰ ਵਿੱਚ ਕਦੀ ਵੀ ਨਹੀਂ ਖੜ੍ਹਨ ਦਿੰਦਾ। ਪਰਵਾਸੀ ਪੰਜਾਬੀ ਔਰਤ ਦੀ ਸਮਾਜ ਵਿੱਚਲੀ ਸਥਿਤੀ ਨੂੰ ਸੁਰਜੀਤ ਕਲਸੀ ਬੜੇ ਹੀ ਸੰਪੂਰਨ ਢੰਗ ਨਾਲ ਬਿਆਨ ਕਰਦੀ ਹੈ। ਸੁਰਜੀਤ ਕਲਸੀ ਦੀ ਕਵਿਤਾ ਵਿੱਚਲਾ ਨਾਰੀਵਾਦ ਪੱਛਮੀ ਨਾਰੀਵਾਦ ਤੋਂ ਪ੍ਰਭਾਵਿਤ ਹੈ ਪਰ ਉਸ ਵਿੱਚ ਉਸ ਵਰਗੀ ਖਾੜਕੂ ਕਿਸਮ ਨਹੀਂ। ਸੁਰਜੀਤ ਕਲਸੀ ਦੀ ਕਵਿਤਾ ਵਿੱਚ ਨਾਰੀ ਚੇਤਨਾ ਉਜਾਗਰ ਹੋ ਰਹੀ ਹੈ। ਉਸ ਨੇ ਕਵਿਤਾ ਰਾਹੀਂ ਔਰਤ ਦੇ ਦੁਖਾਂਤ ਨੂੰ ਪੇਸ਼ ਕਰਦਿਆਂ ਉਸ ਨੂੰ ਆਪਣੇ ਦੁੱਖ ਵਿੱਚੋਂ ਹੀ ਉੱਭਰ ਕੇ ਜਾਗ੍ਰਿਤ ਹੋਣ ਲਈ ਪ੍ਰੇਰਿਆ ਹੈ। ਸੁਰਜੀਤ ਕਲਸੀ ਦੀ ਕਵਿਤਾ ਵਿੱਚਲਾ ਨਾਰੀਵਾਦ ਮੱਠਾ ਅਤੇ ਅੰਦਰਮੁਖੀ ਹੈ। ਸੁਰਜੀਤ ਕਲਸੀ ਦੇ ਕਾਵਿ-ਸੰਗ੍ਰਹਿ 'ਰੋਮ-ਰੋਮ ਵਿੱਚ ਜਗਦੇ ਦੀਵੇ' ਅਤੇ 'ਰੰਗ ਮੰਡਲ' ਦਾ ਅਧਿਐਨ ਕੀਤਾ ਗਿਆ, ਇਹਨਾਂ ਕਾਵਿ ਸੰਗ੍ਰਿਹਾਂ ਵਿੱਚਲੀਆਂ ਕਵਿਤਾਵਾਂ ਵਿੱਚੋਂ ਨਾਰੀ ਚੇਤਨਾ ਅਤੇ ਨਾਰੀਵਾਦ ਸਪੱਸ਼ਟ ਉਜਾਗਰ ਹੋ ਰਿਹਾ ਹੈ। ਰੋਮ ਰੋਮ ਵਿੱਚ ਜਗਦੇ ਦੀਵੇ ਕਾਵਿ-ਸੰਗ੍ਰਹਿ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਭਾਗ 'ਵੇਦਨਾ-ਸੰਵੇਦਨਾ', ਦੂਜਾ ਭਾਗ 'ਰੋਮ-ਰੋਮ ਵਿੱਚ ਜਗਦੇ ਦੀਵੇ', ਤੀਜਾ ਭਾਗ 'ਰੇਤ ਦਾ ਰਿਸ਼ਤਾ' ਅਤੇ ਚੌਥਾ ਭਾਗ 'ਵਿਪਾਸਨਾ' ਹੈ। ਪਹਿਲੇ ਭਾਗ ਵਿੱਚ ਸੁਰਜੀਤ ਕਲਸੀ ਦੀ ਕਵਿਤਾ ਦੁਆਰਾ ਔਰਤ ਦੀ ਵੇਦਨਾ ਨੂੰ ਪ੍ਰਗਟਾਇਆ ਗਿਆ ਹੈ। ਉਸ ਦੇ ਮਾਨਸਿਕ ਤਣਾਉ ਤੇ ਭਟਕਣਾ ਦੀ ਸਥਿਤੀ ਨੂੰ ਬਿਆਨ ਕੀਤਾ ਹੈ ਪਰ ਜਦੋਂ ਇਹੀ ਵੇਦਨਾ, ਸੰਵੇਦਨਾ ਵਿੱਚ ਪਰਵਰਤਿਤ ਹੋ ਜਾਂਦੀ ਹੈ ਤਾਂ ਆਸ਼ਾ ਦੀ ਚਿਣਗ ਰਾਹੀਂ ਨਵਾਂ ਰਾਸਤਾ ਮਿਲ ਜਾਂਦਾ ਹੈ ਅਤੇ ਸੁੱਖ ਸ਼ਾਂਤੀ ਵਾਲਾ ਮਾਹੌਲ ਪੈਦਾ ਹੋ ਜਾਂਦਾ ਹੈ। ਦੂਜੇ ਭਾਗ 'ਰੋਮ-ਰੋਮ ਵਿੱਚ ਜਗਦੇ ਦੀਵੇ' ਸਿਰਲੇਖ ਹੇਠ- ਦੇਹੀ ਪ੍ਰਵੇਸ਼, ਦੇਹੀ ਨਿਵਾਰਨ, ਦੇਹੀ ਦਰਪਣ, ਦੇਹੀ ਵੇਦਨਾ ਤੇ ਦੇਹੀ ਸੰਵੇਦਨਾ ਦਾ ਵਿਸਥਾਰਿਤ ਵੇਰਵਾ

ਪੇਸ਼ ਕੀਤਾ ਗਿਆ ਹੈ। ਤੀਜਾ ਭਾਗ 'ਰੇਤ ਦਾ ਰਿਸ਼ਤਾ' ਹੈ ਜਿਸ ਵਿੱਚ ਔਰਤ ਵੱਲੋਂ ਬਣਾਏ ਗਏ ਰਿਸ਼ਤੇ ਰੇਤ ਨਾਲ ਤੁਲਨਾ ਕੀਤੇ ਗਏ ਹਨ ਜੋ ਪਲ ਭਰ ਵਿੱਚ ਹੀ ਖਿੰਡ-ਪੁੰਡ ਜਾਂਦੇ ਹਨ। ਇਹ ਰਿਸ਼ਤੇ ਵਫ਼ਾ ਵਾਲੇ ਰਿਸ਼ਤੇ ਨਹੀਂ ਕਹੇ ਜਾ ਸਕਦੇ। ਚੌਥਾ ਭਾਗ 'ਵਿਪਾਸਨਾ' ਹੈ। ਜਿੱਥੇ ਸੰਸਾਰਕ ਵਸਤਾਂ ਨੂੰ ਭੁੱਲ ਕੇ ਮਨੁੱਖ ਕੁਦਰਤ ਦੀ ਅਘੋਸ਼ ਵਿੱਚ ਜਾ ਬੈਠਦਾ ਹੈ। ਵਿਪਾਸਨਾ ਨੂੰ ਵਿਸਥਾਰਨ ਲਈ ਇਸ ਨੂੰ ਹੋਰ ਨਾਂ ਵੀ ਦਿੱਤੇ ਜਾ ਸਕਦੇ ਹਨ, ਧਿਆਨ, ਮਨ ਇੱਕਾਗਰਤਾ, ਅਰਾਧਨਾ ਅਤੇ ਬਿਰਤੀ। ਜਦੋਂ ਔਰਤ ਜੀਵਨ ਤੇ ਅਜੀਵਨ ਮਸਲਿਆਂ ਨੂੰ ਪੜਚੋਲਦੀ ਦਾਰਸ਼ਨਿਕਤਾ ਵਿੱਚ ਲਿਵਲੀਨ ਹੋ ਜਾਂਦੀ ਹੈ, ਇਹ ਵਿਪਾਸਨਾ ਦਾ ਹੀ ਮਾਰਗ ਹੈ। ਨਾਰੀ ਚੇਤਨਾ ਨੂੰ ਬਿਆਨ ਕਰਦਾ ਸੁਰਜੀਤ ਕਲਸੀ ਦਾ ਦੂਜਾ ਕਾਵਿ-ਸੰਗ੍ਰਹਿ 'ਰੰਗਮੰਡਲ' ਹੈ। ਵਿਭਿੰਨ ਰੰਗਾਂ ਨਾਲ ਸਜਾਇਆ ਗਿਆ ਇਹ ਰੰਗ-ਮੰਡਲ, ਮਨੁੱਖੀ ਭਾਵਾਂ ਨੂੰ ਪੇਸ਼ ਕਰਦੀ ਇੱਕ ਵਿਸ਼ੇਸ ਵਿਧਾ ਹੈ। ਰੰਗ-ਮੰਡਲ ਕਾਵਿ-ਸੰਗ੍ਰਹਿ ਦੇ ਦੋ ਭਾਗ ਹਨ। ਪਹਿਲਾ ਭਾਗ ਰੰਗ-ਮੰਡਲ ਨਾਲ ਹੀ ਸੰਬੰਧਿਤ ਹੈ ਤੇ ਦੂਜਾ ਭਾਗ 'ਔਰਤ ਕਾਵਿ' ਹੈ। ਰੰਗ-ਮੰਡਲ ਮਨੁੱਖੀ ਮਨ ਦੇ ਭਾਵਾਂ ਦੀ ਕਵਿਤਾ ਹੈ। ਭਾਵਾਂ ਦਾ ਪ੍ਰਗਟਾਵਾ ਵਿਭਿੰਨ ਰੰਗਾਂ ਨਾਲ ਪੇਸ਼ ਕੀਤਾ ਜਾਂਦਾ ਹੈ ਜਿਵੇਂ ਗੁੱਸੇ ਅਤੇ ਕ੍ਰੋਧ ਦੇ ਭਾਵ, ਖੁਸ਼ੀ ਦੇ ਭਾਵ, ਹੈਰਾਨੀ ਦੇ ਭਾਵ ਆਦਿ। ਮਨ ਨੂੰ ਦੁਨਿਆਵੀ ਮਨੁੱਖੀ ਭਾਵਾਂ ਤੋਂ ਨਿਰਪੇਖ ਕਰਨਾ ਤੇ ਮਨ ਨੂੰ ਸ਼ਾਂਤ ਕਰਨਾ ਵੀ ਮਨੁੱਖੀ ਜੀਵਨ ਦਾ ਇੱਕ ਗੁਣ ਹੈ। ਮਨੁੱਖੀ ਮਨ ਵਿੱਚ ਉਪਜੇ ਭਾਵਾਂ ਦੇ ਪ੍ਰਮੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ। ਮਨ ਇਹਨਾਂ ਭਾਵਾਂ ਦੀ ਸਿਖ਼ਰ ਵਿੱਚ ਉੱਡਦਾ ਫਿਰਦਾ ਹੈ ਉਸ ਨੂੰ ਥੱਲੇ ਉਤਾਰਨਾ ਅਤੇ ਮਨ ਵਿੱਚ ਨਿਮਰਤਾ, ਚੈਨ ਅਤੇ ਸ਼ਾਂਤੀ ਦੇ ਭਾਵ ਪੈਦਾ ਕਰਨੇ। ਆਪਣੇ ਭਾਵਾਂ ਅਤੇ ਮਨੋਭਾਵਾਂ ਅਤੇ ਗਿਆਨ ਇੰਦਰੀਆਂ ਨੂੰ ਕਾਬੂ ਵਿੱਚ ਲਿਆ ਕੇ ਸ਼ਾਂਤ ਕਰਨਾ। ਭਾਵ ਇਹ ਕਿ ਜ਼ਿੰਦਗੀ ਵਿੱਚ ਬੁੱਧ ਜੀਵਨ-ਜਾਂਚ ਨੂੰ ਅਪਨਾਉਣਾ ਤੇ ਅਮਲ ਕਰਨਾ ਜਿਸ ਨਾਲ ਜੀਵਨ ਦਾ ਸਹੀ ਅਰਥਾਂ ਪ੍ਰਤੀ ਵਿਵੇਕ ਰੋਸ਼ਨ ਹੁੰਦਾ ਹੈ। ਮਨੁੱਖ ਨੂੰ ਯਥਾਰਥਕ ਜੀਵਨ ਦੀ ਸੋਝੀ ਆ ਜਾਂਦੀ ਹੈ। ਰੰਗ-ਮੰਡਲ ਕਾਵਿ-ਸੰਗ੍ਰਹਿ ਦਾ ਦੂਜਾ ਭਾਗ 'ਔਰਤ-ਕਾਵਿ' ਹੈ। ਔਰਤ ਜੀਵਨ ਦੇ ਅਨੇਕ ਰੰਗਾਂ ਨੂੰ ਚਿੱਤਰਦੀ ਹੈ। ਜਿਹੜੀ ਹਰ ਰਿਸ਼ਤੇ ਦੀ ਨਾਜ਼ੁਕਤਾ ਨੂੰ ਸਮਝਦੀ ਹੋਈ ਚੁੱਪ-ਚਪੀਤੇ, ਤਸੀਹੇ ਸਹਿੰਦੀ ਹੋਈ ਵੀ ਵਕਤ ਨਾਲ ਸਮਝੌਤਾ ਕਰਦੀ ਆਈ ਹੈ। ਲੇਖਿਕਾ ਔਰਤ ਹੋਣ ਦੇ ਨਾਤੇ ਔਰਤ ਦੇ ਅੰਤਰ-ਮਨ ਤੱਕ ਪਹੁੰਚ ਕੇ ਔਰਤ ਦੇ ਮੂੰਹੋਂ ਖ਼ੁਦ ਦੁੱਖ ਦੀ ਦਾਸਤਾਨ ਬਿਆਨ ਕਰਵਾਉਂਦੀ ਹੈ। ਸੁਰਜੀਤ ਕਲਸੀ ਨੇ ਔਰਤ ਦੇ ਦੱਬੇ ਕੁਚਲੇ ਮਨੋਭਾਵਾਂ, ਕੋਮਲਭਾਵੀ ਸਹਿਜ ਜੀਵਨ, ਭਾਵੁਕਤਾ ਮਾਨਸਿਕ ਕਿਰਿਆ ਨੂੰ ਸਹਿਜ-ਸੁਭਾਕੀ ਤੌਰ ਤੇ ਲਿਖਿਆ ਹੈ। ਮਨੋਵਿਗਿਆਨਕ ਵਿਧੀ ਅਪਣਾਉਂਦੀ ਹੋਈ ਸੁਰਜੀਤ ਕਲਸੀ ਔਰਤ ਦੇ ਮਨ ਦੇ ਭਾਵਾਂ ਨੂੰ ਬਹੁਤ ਹੀ ਡੂੰਘਾਈ ਤੋਂ ਪੇਸ਼ ਕਰਦੀ ਹੈ। ਦੂਜੇ ਭਾਗ ਵਿੱਚ ਸੁਰਜੀਤ ਕਲਸੀ ਨੇ ਸੰਸਾਰੀ ਅਤੇ ਕਰਤਾਰੀ ਔਰਤਾਂ ਦੀ ਵੇਦਨਾ ਨੂੰ ਜ਼ੁਬਾਨ ਦਿੱਤੀ ਹੈ। ਸੰਸਾਰੀ ਪੱਧਰ ਤੇ ਸਮਕਾਲੀ ਔਰਤ ਦੀਆਂ ਵਲੂੰਧਰੀਆਂ ਹੋਈਆਂ ਭਾਵਨਾਵਾਂ ਦਾ ਚਿਤਰਨ ਹੈ ਜਿਵੇਂ, ਦਿੱਲੀ ਵਿੱਚ ਹੋਏ ਦਰਦਨਾਕ ਬਲਾਤਕਾਰ ਦੀ ਦਿਲ ਹਿਲਾਉਣ ਵਾਲੀ ਦਾਸਤਾਨ ਨੂੰ 'ਜ਼ੁਲਮ ਦਾ ਰੰਗ ਖੂਨੀ' ਕਵਿਤਾ ਰਾਹੀਂ ਬਿਆਨ ਕੀਤਾ ਹੈ ਅਤੇ ਅਮਰੀਕਾ ਦੀ ਮਸ਼ਹੂਰ ਕਵਿੱਤਰੀ 'ਸਿਲਵੀਆ ਪਲੇਥ' ਦੀ ਦੁੱਖ ਭਰੀ ਗਾਥਾ ਨੂੰ ਸੁਰਜੀਤ ਕਲਸੀ ਨੇ ਕਾਫ਼ੀ ਭਾਵੁਕ ਹੋ ਕੇ ਪੇਸ਼ ਕੀਤਾ ਹੈ। ਮਿਥਿਹਾਸਕ ਅਤੇ ਇਤਿਹਾਸਕ ਪਾਤਰਾਂ ਜਿਵੇਂ, ਅਹੱਲਿਆ, ਦਰੋਪਤੀ, ਸੀਤਾ ਸ਼ਕੁੰਤਲਾ ਰਾਹੀਂ ਮਰਦ ਵੱਲੋਂ ਔਰਤ ਤੇ ਥੋਪੇ ਗਏ ਇਲਜ਼ਾਮਾਂ ਨੂੰ ਸੁਰਜੀਤ ਕਲਸੀ ਨੇ ਢੁੱਕਵੀ ਸ਼ਬਦਾਵਲੀ ਵਿੱਚ ਚਿਤਰਿਆ ਹੈ। ਸੁਰਜੀਤ ਕਲਸੀ ਦੀਆਂ ਹੁਣ ਤੱਕ ਪ੍ਰਕਾਸ਼ਿਤ ਹੋਈਆਂ ਰਚਨਾਵਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਪੂਰਬੀ ਸਭਿਆਚਾਰ ਦੀਆਂ ਪ੍ਰੰਪਰਾਗਤ ਕਦਰਾਂ ਕੀਮਤਾਂ ਅਤੇ ਧਾਰਨਾਵਾਂ ਵਿੱਚ ਧਸੀ ਹੋਈ ਨਾਰੀ ਦੀ ਪਛਾਣ ਇੱਕ ਆਜ਼ਾਦ ਮਾਨਵ ਦੇ ਤੌਰ ਤੇ ਕਰਾਉਣ ਲਈ ਸੰਘਰਸ਼ੀਲ ਹੈ।

ਇੰਦਰਜੀਤ ਕੌਰ ਸਿੱਧੂ ਦੇ ਦੋ ਅਧਿਐਨ ਕੀਤੇ ਕਾਵਿ-ਸੰਗ੍ਰਹਿ 'ਮਰਿਯਾਦਾ' ਅਤੇ 'ਬਣਵਾਸ ਤੋਂ ਬਣਵਾਸ ਤੱਕ' ਵਿੱਚ ਨਾਰੀ ਦੀ ਸੰਘਰਸ਼ਮਈ ਸਥਿਤੀ ਨਾਰੀ ਦੀ ਅਜੋਕੀ ਵਰਤਮਾਨ ਸਥਿਤੀ ਦਾ ਵਰਣਨ ਹੈ। 'ਮਰਿਯਾਦਾ' ਕਾਵਿ-ਸੰਗ੍ਰਹਿ ਵਿੱਚ ਜਨਮ ਤੋਂ ਪੈਦਾ ਹੋਈ ਕੁੜੀ ਨੂੰ ਮਰਿਯਾਦਾ ਵਿੱਚ ਰਹਿਣ ਦਾ ਜ਼ਿਕਰ ਹੈ ਕਿ ਕਿਸ ਤਰ੍ਹਾਂ ਪ੍ਰੰਪਰਾਗਤ ਕਦਰਾਂ-ਕੀਮਤਾਂ ਉਸ ਨੂੰ ਬੰਦਿਸ਼ਾਂ ਵਿੱਚ ਜਕੜੀ

ਰੱਖਦੀਆਂ ਹਨ ਅਤੇ ਸੰਸਕਾਰਾਂ ਦੀ ਕੈਦ ਤੋਂ ਔਰਤ ਵਰਤਮਾਨ ਅਜੋਕੇ ਯੁੱਗ ਵਿੱਚ ਵਿੱਚਰਦੀ ਹੋਈ ਵੀ ਆਪਣੇ ਆਪ ਨੂੰ ਮੁਕਤ ਨਹੀਂ ਕਰ ਪਾਉਂਦੀ। ਔਰਤ ਨੂੰ ਸਾਰੀ ਜ਼ਿੰਦਗੀ ਮਰਦ ਦੇ ਅਧੀਨ ਹੋ ਕੇ ਹੀ ਗੁਜ਼ਾਰਨੀ ਪੈਂਦੀ ਹੈ। ਇਹ ਮਰਦ ਕਦੇ ਪਿਤਾ ਦੇ ਰੂਪ ਵਿੱਚ, ਕਦੇ ਪਤੀ ਦੇ ਰੂਪ ਵਿੱਚ ਅਤੇ ਕਦੇ ਪੁੱਤ ਦੇ ਰੂਪ ਵਿੱਚ ਵਿੱਚਰਦਾ ਹੋਇਆ ਪੂਰੀ ਜ਼ਿੰਦਗੀ ਉਸ ਦੇ ਨਾਲ-ਨਾਲ ਹੀ ਰਹਿੰਦਾ ਹੈ। ਇੰਦਰਜੀਤ ਕੌਰ ਸਿੱਧੂ ਦੀ ਹਰ ਨਜ਼ਮ ਵਿੱਚੋਂ ਪਰੰਪਰਕ ਕੀਮਤਾਂ ਦੀ ਕੈਦ ਵਿੱਚ ਹੀ ਔਰਤ ਜੋਗ ਹੰਢਾਉਣ ਲੱਗਦੀ ਹੈ। ਇੰਦਰਜੀਤ ਕੌਰ ਸਿੱਧੂ ਦੀਆਂ ਕਵਿਤਾਵਾਂ ਵਿੱਚਲੀ ਨਾਰੀ ਆਪਣੇ ਭਵਿੱਖ ਲਈ ਜਾਗਰੂਕ ਹੈ, ਚੇਤੰਨ ਹੈ ਪਰ ਉਹ ਪਰੰਪਰਕ ਕਦਰਾਂ ਕੀਮਤਾਂ ਨਾਲ ਬੱਝੀ ਹੋਈ ਆਵਾਜ਼ ਉਠਾਉਣ ਲਈ ਮਜ਼ਬੂਰ ਹੈ। ਇਹ ਵੀ ਕਵਿੱਤਰੀ ਦਾ ਔਰਤ ਲਈ ਇੱਕ ਚੇਤਨਾ ਭਰਿਆ ਰਾਹ ਹੈ ਜਦੋਂ ਉਹ ਕਵਿਤਾਵਾਂ ਵਿੱਚ ਦਰਸਾਉਂਦੀ ਹੈ ਕਿ ਸ਼ਾਂਤ ਹੋ ਕੇ ਰਹਿਣਾ ਚੇਤਨਾ ਤੋ ਵਾਂਝਾ ਹੈ। ਚੇਤਨਾ ਤੋਂ ਮਨਫ਼ੀ ਹੋ ਜਾਣ ਵਾਲੇ ਦਾ ਕੋਈ ਅਸਤਿੱਤਵ ਨਹੀਂ ਹੁੰਦਾ। ਚੁੱਪ ਅਤੇ ਸ਼ਾਂਤੀ ਦਾ ਇਹ ਅੰਤਰ ਦਵੰਦ ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਦਾ ਸਿਖ਼ਰ ਹੈ। ਉਹ ਚੁੱਪ ਅਤੇ ਸ਼ਾਂਤ ਹੋ ਜਾਣ ਦੇ ਵਿਰੋਧ ਜੁੱਟ ਉਸਾਰਦੀ ਹੈ।

ਨਾਰੀ ਚੇਤਨਾ ਨੂੰ ਬਿਆਨ ਕਰਦਾ ਇੰਦਰਜੀਤ ਕੌਰ ਸਿੱਧੂ ਦਾ ਦੂਜਾ ਕਾਵਿ-ਸੰਗ੍ਰਹਿ 'ਬਣਵਾਸ ਤੋਂ ਬਣਵਾਸ ਤੱਕ' ਹੈ। ਇੰਦਰਜੀਤ ਕੌਰ ਸਿੱਧੂ ਸਦੀਆਂ ਤੋਂ ਸੰਤਾਪ ਭੋਗ ਰਹੀ ਔਰਤ ਦਾ ਦੁੱਖ ਦਰਦ ਬਿਆਨ ਕਰਦੀ ਹੈ, ਮਾਨਵੀ ਭਾਵਨਾ ਦੇ ਖ਼ੁਰਨ ਦਾ ਦੁੱਖ ਵੀ ਉਸ ਦੀ ਕਵਿਤਾ ਵਿੱਚ ਪੇਸ਼ ਹੈ। ਅਜਿਹੇ ਸੰਤਾਪਾਂ ਦੀ ਸਮੁੱਚਤਾ ਨੂੰ ਸ਼ਾਇਰਾ ਔਰਤ ਹੋਣ ਦੇ ਸੰਤਾਪ ਵਿੱਚ ਨਾਲ ਜੋੜ ਕੇ ਆਪਣੀ ਕਾਵਿ-ਸੰਵੇਦਨਾ ਦਾ ਆਧਾਰ ਬਣਾਉਂਦੀ ਹੈ। ਔਰਤ ਦੇ ਅੰਦਰੂਨੀ ਤੇ ਬਾਹਰੀ ਸੱਚ ਨੂੰ ਜਿਸ ਸ਼ਿੱਦਤ, ਸੁਹਿਰਦਤਾ ਤੇ ਈਮਾਨ ਨਾਲ ਸ਼ਾਇਰਾ ਪੇਸ਼ ਕਰ ਰਹੀ ਹੈ ਉਹ ਉਸ ਦੀ ਬੇਬਾਕੀ, ਤਾਕਤ ਅਤੇ ਹੌਸਲੇ ਦੀ ਸੀਮਾ ਸੰਭਾਵਨਾ ਹੈ। ਇਸ ਕਾਵਿ-ਸੰਗ੍ਰਹਿ ਵਿੱਚਲੀ ਔਰਤ ਪਰੰਪਰਕ ਕੀਮਤਾਂ ਦੀ ਜਿਲ੍ਹਣ ਨੇ ਉਸ ਨੂੰ ਘਰ ਨਾਲੋਂ ਤੋੜੀ ਰੱਖਿਆ ਪਰ ਮੰਡੀ ਕੀਮਤਾਂ ਨੇ ਘਰ ਦੇ ਸੰਕਲਪ ਨੂੰ ਹੀ ਤੋੜ ਦਿੱਤਾ। ਪਰੰਪਰਕ ਕੀਮਤਾਂ ਤੋਂ ਆਧੁਨਿਕਤਾ ਕੀਮਤਾਂ ਦੇ ਸਫ਼ਰ ਤੱਕ ਅਜਿਹੀਆਂ ਪ੍ਰਸਥਿਤੀਆਂ ਔਰਤ ਦੀ ਹੋਣੀ ਹੀ ਬਣੀਆਂ ਰਹੀਆਂ ਸੱਚ ਲੱਭਣ ਦਾ ਸੰਤਾਪ ਔਰਤ ਦੇ ਸੁਤੰਤਰ ਵਜੂਦ ਵਾਸਤੇ ਸੋਗਮਈ ਇਲਜ਼ਾਮ ਬਣ ਕੇ ਲੱਗਦਾ ਰਿਹਾ। ਇਸ ਕਾਵਿ-ਸੰਗ੍ਰਹਿ ਅੰਦਰ ਕਵਿਤਾ ਵਿੱਚਲੀ ਔਰਤ ਦਾ ਸੱਚ ਪਰੰਪਰਾ ਦੀ ਲੰਮੀ ਜਿਲ੍ਹਣ ਵਿੱਚੋਂ ਨਿਕਲ ਕੇ ਬਾਜ਼ਾਰ ਦੀ ਵਸਤੂ ਵਿੱਚ ਜਾ ਕੇ ਰੂਪਾਂਤਰਿਤ ਹੋ ਜਾਂਦਾ ਹੈ, ਪਰੰਪਰਾ ਤੋਂ ਮੰਡੀ ਤੱਕ ਦਾ ਸਫ਼ਰ ਸਵੈ-ਗੁਲਾਮੀ ਤੋਂ ਸਵੈ-ਸੁਤੰਤਰਤਾ ਦਾ ਸਫ਼ਰ ਹੈ ਪਰ ਔਰਤ ਦਾ ਸੰਤਾਪ ਇਹ ਹੈ ਕਿ ਉਹ ਇੱਕ ਬਣਵਾਸ ਦੀ ਕੈਦ ਤੋਂ ਮੁਕਤ ਹੋ ਕੇ ਮੰਡੀ ਦੀ ਕੈਦ ਵਿੱਚ ਗ੍ਰਸਤ ਹੋ ਕੇ ਰਹਿ ਜਾਂਦੀ ਹੈ ਜਿੱਥੇ ਵਿਰਸੇ ਨਾਲ ਸੰਬੰਧਿਤ ਸਭਿਆਚਾਰਕ ਕਦਰਾਂ ਕੀਮਤਾਂ ਮਨਫ਼ੀ ਹੋ ਜਾਂਦੀਆਂ ਹਨ। ਫਲਸਰੂਪ ਔਰਤ ਦਾ ਸਵੈ ਪਹਿਲਾਂ ਵੀ ਖਾਰਜ ਰਹਿੰਦਾ ਹੈ ਅਤੇ ਬਾਅਦ ਵਿੱਚ ਵੀ ਸਵੈ ਖਾਰਜ ਹੋ ਜਾਂਦਾ ਹੈ। ਔਰਤ ਆਜ਼ਾਦੀ ਭਾਲਦੀ ਹੋਈ ਆਪਣੇ ਸਵੈ ਨੂੰ ਹੀ ਖਾਰਜ ਕਰ ਬੈਠਦੀ ਹੈ। ਇੰਦਰਜੀਤ ਕੌਰ ਸਿੱਧੂ ਦੀ ਸ਼ਾਇਰੀ ਔਰਤ ਦੇ ਨਾਇੱਕਤਵ ਦਾ ਸਾਰ ਤੱਤ ਵੀ ਹੈ ਅਤੇ ਸੀਮਾ ਵੀ। ਸ਼ਾਇਰਾ ਔਰਤ ਦੀ ਚੁੱਪ ਅਤੇ ਸ਼ਾਂਤੀ ਤੋਂ ਮੁਕਤੀ ਤਾਂ ਚਾਹੁੰਦੀ ਹੈ ਪਰ ਔਰਤ ਦੇ ਅਦਬ-ਅਦਾਬ ਦੀਆਂ ਮਾਨਵੀ ਕੀਮਤਾਂ ਦੇ ਪ੍ਰਸੰਗ ਵਿੱਚ ਹੀ। ਇੰਦਰਜੀਤ ਕੌਰ ਸਿੱਧੂ ਦੀ ਕਵਿਤਾ ਦੀ ਪਿੱਠ-ਭੂਮੀ ਵਿੱਚ ਅਧਿਐਨ ਚਿੰਤਨ ਅਤੇ ਚੇਤਨਾ ਦੀ ਗਹਿਰ ਗੰਭੀਰਤਾ ਵੀ ਵਿਰਾਜਮਾਨ ਰਹਿੰਦੀ ਹੈ, ਉਸ ਦੇ ਕਾਵਿ ਦੇ ਖੋਜ-ਪ੍ਰਬੰਧ ਪਾਸਾਰ ਨਾਰੀ ਸਰੋਕਾਰਾਂ ਦੀ ਡੂੰਘੀ ਸੰਰਚਨਾ ਵਿੱਚ ਕਾਰਜ਼ਸੀਲ ਪ੍ਰਵਚਨਾਂ ਨਾਲ ਸੰਵਾਦ ਰਚਾਉਂਦੇ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਜੇਕਰ ਜ਼ੁਲਮ ਸਹਿੰਦੀ ਹੋਈ ਨਾਰੀ ਦੀ ਸਥਿਤੀ ਬਦਲਦੀ ਹੈ ਤਾਂ ਉਸ ਦੇ ਚੇਤੰਨ ਹੋਣ ਨਾਲ ਹੀ ਬਦਲਦੀ ਹੈ। ਔਰਤ ਸਿਰਫ਼ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਹੋ ਕੇ, ਚੇਤੰਨ ਨਹੀਂ ਰਹਿ ਸਕਦੀ। ਜੇਕਰ ਔਰਤ ਨੂੰ ਬਾਹਰ ਨਿਕਲਣ ਦੇ ਮੌਕੇ ਪ੍ਰਾਪਤ ਹੁੰਦੇ ਹਨ ਆਪਣੇ ਆਪ ਨੂੰ ਸਮਝਣ ਪਰਖਣ ਦੀ ਕਲਾ ਪ੍ਰਾਪਤ ਹੁੰਦੀ ਹੈ ਤੇ ਉਸ ਦਾ ਸਵੈ-ਮਾਣ ਵੱਧਦਾ ਹੈ ਤਾਂ ਜ਼ਰੂਰ ਹੀ ਉਹ ਚੇਤਨਾ ਦੀ ਅਵਸਥਾ ਤੱਕ ਅੱਪੜ ਜਾਂਦੀ ਹੈ। ਇਹ ਚੇਤਨਾ ਤੱਕ ਅਪੜਨ ਲਈ ਵਿੱਦਿਆ ਇੱਕ

ਪੌੜੀ ਦਾ ਸਹਾਰਾ ਬਣਦੀ ਹੈ। ਪਰਵਾਸੀ ਔਰਤ ਵਿੱਚ ਵੀ ਚੇਤਨਾ ਉਥੋਂ ਦੇ ਵਿੱਦਿਆ ਦੇ ਪ੍ਰਸਾਰ, ਰੁਜ਼ਗਾਰ ਦੇ ਖੁੱਲੇ ਮੌਕੇ ਅਤੇ ਆਜ਼ਾਦ ਮਾਹੌਲ ਕਰਕੇ ਆਈ ਹੈ। ਪੱਛਮੀ ਔਰਤ ਵਿੱਚਾਰਵਾਨ ਹੈ, ਸਿਆਣੀ ਹੈ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੈ। ਪੱਛਮ ਵਿੱਚ ਰਹਿੰਦੀਆਂ ਨਾਰੀ ਚੇਤਨਾ ਦੇ ਵਿਸ਼ੇ ਨਾਲ ਆਪਣੀ ਕਲਮ ਚਲਾਉਣ ਵਾਲੀਆਂ ਦੋ ਕਵਿੱਤਰੀਆਂ ਰਚਨਾਵਾਂ ਦੁਆਰਾ ਔਰਤ ਦੀ ਸਥਿਤੀ ਵਿੱਚ ਪਰਿਵਰਤਨ ਲਿਆਉਣ ਲਈ ਉਪਰਾਲੇ ਕੀਤੇ ਹਨ।

**ਸਥਾਪਨਾਵਾਂ**

- ਜਦੋਂ ਔਰਤ ਦੇ ਮਾਨਸਿਕ ਬਦਲਾਵ ਵਿੱਚ ਤਬਦੀਲੀ ਆਉਣ ਨਾਲ ਚੇਤਨਾ ਆ ਜਾਂਦੀ ਹੈ ਤਾਂ ਉਸ ਦੇ ਨਿਤ-ਪ੍ਰਤੀ ਦੇ ਜੀਵਨ ਵਿੱਚ ਵੀ ਤਬਦੀਲੀ ਆ ਜਾਂਦੀ ਹੈ ਅਤੇ ਉਸ ਦੀ ਸੋਚ ਦਾ ਪੱਧਰ ਉਸਾਰੂ ਹੋ ਜਾਂਦਾ ਹੈ।
- ਔਰਤ ਕੋਮਲ ਦਿਲੀ ਹੈ ਉਹ ਭਾਵੁਕ ਹੋ ਕੇ ਜੇ ਰੋਂਦੀ ਹੈ ਤਾਂ ਉਹ ਮਰਦ ਦੁਆਰਾ ਕੀਤੇ ਜਾਂਦੇ ਸਰੀਰਕ ਤੇ ਮਾਨਸਕ ਜ਼ੁਲਮਾਂ ਨੂੰ ਬਰਦਾਸ਼ਤ ਵੀ ਕਰ ਲੈਂਦੀ ਹੈ।
- ਔਰਤਾਂ ਨੇ ਆਪਣੇ ਆਪ ਨੂੰ ਆਜ਼ਾਦ ਕਰਵਾਉਣ ਲਈ ਮੀਟਿੰਗਾਂ ਤੇ ਅੰਦੋਲਨ ਥਾਂ-ਥਾਂ ਲਗਾਏ ਅਤੇ ਨਾਰੀਵਾਦ ਨੂੰ ਉੱਚਾ ਲਿਜਾਣ ਲਈ ਉੱਥੇ ਨਾਰੀਵਾਦੀ ਚਿੰਤਕਾਂ ਨੇ ਵੀ ਅਹਿਮ ਯੋਗਦਾਨ ਪਾਇਆ।
- ਭਾਰਤ ਦੀ ਨਾਰੀ ਦੀ ਸੋਚ ਵਿੱਚ ਉਦੋਂ ਪਰਿਵਰਤਨ ਆ ਜਾਂਦਾ ਹੈ ਜਦੋਂ ਉਹ ਵਿਦੇਸ਼ ਜਾ ਕੇ ਪੱਛਮੀ ਔਰਤ ਨੂੰ ਆਜ਼ਾਦ ਮਾਹੌਲ ਵਿੱਚ ਵਿੱਚਰਦਾ ਦੇਖਦੀ ਹੈ।
- ਪਰਵਾਸੀ ਪੰਜਾਬੀ ਕਵਿਤਾ ਰਾਹੀਂ ਪਰਵਾਸੀ ਔਰਤ ਦੀ ਬਦਲਦੀ ਸਥਿਤੀ ਦਾ ਜ਼ਿਕਰ ਮਿਲਦਾ ਹੈ।
- ਸੁਰਜੀਤ ਕਲਸੀ ਔਰਤ ਦੇ ਅੰਤਰ-ਮਨ ਤੱਕ ਪਹੁੰਚ ਕੇ ਔਰਤ ਦੇ ਮੂੰਹੋਂ ਖ਼ੁਦ ਦੁੱਖ ਦੀ ਦਾਸਤਾਨ ਬਿਆਨ ਕਰਵਾ ਰਹੀ ਹੈ।
- ਇੰਦਰਜੀਤ ਕੌਰ ਸਿੱਧੂ ਸਭਿਆਚਾਰ ਨੂੰ ਤਿਆਗੇ ਬਿਨਾਂ ਔਰਤ ਨੂੰ ਚੇਤੰਨ ਹੋਣ ਲਈ ਪ੍ਰੇਰਦੀ ਅਤੇ ਔਰਤ ਦੀ ਸੋਚ ਵਿੱਚ ਪਰਿਵਰਤਨ ਲਿਆਉਣ ਲਈ ਯਤਨਸ਼ੀਲ ਹੈ।

# ਪੁਸਤਕ-ਸੂਚੀ

# ਪੁਸਤਕ-ਸੂਚੀ


1. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਸਾਹਿਤ ਚਿੰਤਨ: ਆਧਾਰ ਤੇ ਉਸਾਰ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2010
2. ਗੁਰਇਕਬਾਲ ਸਿੰਘ, (ਡਾ.), ਆਧੁਨਿਕ ਪੰਜਾਬੀ ਕਵਿਤਾ: ਵਿਹਾਰ ਤੇ ਵਿਵੇਚਨ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2007
3. ਮਾਨ, ਤੇਜਵੰਤ ਸਿੰਘ, ਭਗਵੰਤ ਸਿੰਘ, (ਡਾ.), (ਸੰਪਾ.), ਗਿੱਲ ਮੋਰਾਂਵਾਲੀ ਦੀ ਨਾਰੀ ਚੇਤਨਾ ਦਾ ਮਰਦਾਵੀਂ ਚਿੰਤਨ, ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ਼, 2013
4. ਭਾਟੀਆ, ਹਰਿਭਜਨ ਸਿੰਘ (ਸੰਪਾ.), ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ, ਦਿੱਲੀ: ਸਾਹਿਤ ਅਕਾਦਮੀ, 2003
5. ਚੀਮਾ, ਰਵਿੰਦਰ ਕੌਰ, (ਡਾ.), ਕੈਨੇਡਾ ਦੀ ਪੰਜਾਬੀ ਕਵਿਤਾ ਪਾਰ-ਸਭਿਆਚਾਰਕ ਸਰੋਕਾਰ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2010
6. ਅੰਮ੍ਰਿਤਪਾਲ ਕੌਰ, (ਡਾ.), (ਸੰਪਾ.), ਵੀਹਵੀਂ ਸਦੀ ਦੀ ਪੰਜਾਬੀ ਕਵਿਤਾ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2005
7. ਰਾਜਿੰਦਰ ਪਾਲ ਸਿੰਘ, (ਡਾ.), (ਸੰਪਾ.), ਪੰਜਾਬੀ ਡਾਇਸਪੋਰਾ ਸਾਹਿਤ ਅਤੇ ਸਭਿਆਚਾਰ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012
8. ਗਾਸੋ, ਸੁਦਰਸ਼ਨ, (ਡਾ.), ਪਰਵਾਸੀ ਪੰਜਾਬੀ ਕਵਿਤਾ ਵਿੱਚਾਰਧਾਰਕ ਪਰਿਪੇਖ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2009
9. ਦੇਵਿੰਦਰ ਕੌਰ, (ਡਾ.), ਬਰਤਾਨੀਆ ਵਿੱਚ ਲਿਖੀ ਜਾ ਪੰਜਾਬੀ ਕਵਿਤਾ: ਇੱਕ ਪਰਿਪੇਖ, ਦਿੱਲੀ: ਨੈਸ਼ਨਲ ਬੁੱਕ ਸ਼ਾਪ, 2000
10. ਕੰਬੋਜ, ਸੁਖਵਿੰਦਰ, ਜਾਗਦੇ ਅੱਖਰ, ਦਿੱਲੀ: ਆਰਸੀ ਪਬਲਿਸ਼ਰਜ, 1995
11. ਇਕਬਾਲ ਰਾਮੂਵਾਲੀਆ, ਕਵਿਤਾ ਮੈਨੂੰ ਲਿਖਦੀ ਹੈ, ਨਵੀਂ ਦਿੱਲੀ: ਨਵਯੁੱਗ ਪਬਲਿਸ਼ਰਜ, 1995
12. ਭਾਰਤੀ, ਨਵਤੇਜ ਅਤੇ ਰੋਡੇ, ਅਜਮੇਰ, ਲੀਲ੍ਹਾ, ਵੈਨਕੂਵਰ: ਰੇਨਬਰਡ ਪ੍ਰੈਸ, ਦਿੱਲੀ: ਭਾਰਤੀ ਪ੍ਰਿੰਟਰਜ਼, 1999
13. ਬੇਦੀ, ਹਰਚੰਦ ਸਿੰਘ, (ਡਾ.), ਔਰਤਾਂ ਦੀਆਂ ਕਹਾਣੀਆਂ (ਹਿੰਦ-ਪਾਕਿ ਪੰਜਾਬੀ ਕਹਾਣੀ, ਭਾਗ ਦੂਜਾ), ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2009
14. ਤਜਿੰਦਰ ਪਾਲ ਕੌਰ, (ਡਾ.), (ਸੰਪਾ.), ਔਰਤ ਦਾ ਸੰਤਾਪ (ਗਿੱਲ ਮੋਰਾਂਵਾਲੀ ਦੀ ਰਚਨਾ 'ਮੌਸਮ ਦਾ ਸੰਤਾਪ ਦੇ ਸੰਦਰਭ ਵਿੱਚ), ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ, 2013
15. ਹਰਚਰਨ ਸਿੰਘ (ਡਾ.), ਪੰਜਾਬੀਆਂ ਦਾ ਉੱਤਰੀ ਅਮਰੀਕਾ ਵਿੱਚ ਪਰਵਾਸ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2009

16. ਤਾਤਲਾ, ਦਰਸ਼ਨ ਸਿੰਘ, (ਸੰਪਾ.), ਬਰਤਾਨੀਆ ਵਿੱਚ ਪੰਜਾਬੀ ਭਾਸ਼ਾ, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1996
17. ਧਾਲੀਵਾਲ, ਬਲਦੇਵ ਸਿੰਘ, (ਡਾ.), ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2007
18. ਚਰਨਜੀਤ ਕੌਰ, (ਡਾ.), ਨਾਰੀ ਦ੍ਰਿਸ਼ਟੀ, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2010
19. ਸਿੱਧੂ, ਇੰਦਰਜੀਤ ਕੌਰ ਅਤੇ ਗਿੱਲ, ਮੋਹਨ, (ਸੰਪਾ.), ਕਲਮਾਂ ਦਾ ਸਫ਼ਰ, ਕੈਨੇਡਾ: ਕੇਂਦਰੀ ਪੰਜਾਬੀ ਲੇਖਕ ਸਭਾ, 2009
20. ਸਿੱਧੂ, ਇੰਦਰਜੀਤ ਕੌਰ ਅਤੇ ਗਿੱਲ, ਮੋਹਨ, ਪਰਵਾਸੀ ਸਾਹਿਤ ਵਿਸ਼ਲੇਸ਼ਣ (ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੈਂਬਰਾਂ ਦੇ ਸਾਹਿਤ ਦੀ ਆਲੋਚਨਾ), ਕੈਨੇਡਾ: ਕੇਂਦਰੀ ਪੰਜਾਬੀ ਲੇਖਕ ਸਭਾ, 2014
21. ਜਸਵੀਰ ਕੌਰ, (ਸੰਪਾ.), ਦ ਸੈਕੰਡ ਸੈਕਸ (ਸੀਮੋਨ ਦ ਬੋਅਵਾਰ ਦੀ ਔਰਤਾਂ ਬਾਰੇ ਸੰਸਾਰ ਪ੍ਰਸਿੱਧ ਫਰੈਂਚ ਕਿਤਾਬ), ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2014
22. ਭੱਠਲ, ਸੁਰਿੰਦਰ ਕੌਰ, (ਡਾ.), ਨਾਰੀਵਾਦ ਤੇ ਪੰਜਾਬੀ ਨਾਟਕ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2012
23. ਸਿੱਧੂ, ਇੰਦਰਜੀਤ ਕੌਰ, ਮਰਿਯਾਦਾ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2014
24. ਸ਼ਰਨਜੀਤ ਕੌਰ, (ਡਾ.), (ਸੰਪਾ.), ਔਰਤ ਤੋਂ ਔਰਤ ਤੱਕ ਦਾ ਸਫ਼ਰ (ਵਿਸ਼ਲੇਸ਼ਣਾਤਮਕ ਅਧਿਐਨ: ਸੁਰਜੀਤ ਕਲਸੀ), ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ, 2007
25. ਸਿੱਧੂ, ਇੰਦਰਜੀਤ ਕੌਰ, ਬਣਵਾਸ ਤੋਂ ਬਣਵਾਸ ਤੱਕ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2012
26. ਸਿੱਧੂ, ਇੰਦਰਜੀਤ ਕੌਰ, ਆਖ਼ਰੀ ਵਸੀਹਤ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2009
27. ਅਮਰਦੀਪ ਕੌਰ, (ਡਾ.), (ਸੰਪਾ.), ਸੁਰਜੀਤ ਕਲਸੀ ਦੀ ਕਾਵਿ-ਪੁਸਤਕ ਰੰਗ-ਮੰਡਲ ਦਾ ਆਲੋਚਨਾਤਮਕ ਅਧਿਐਨ, ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ਼, 2015
28. ਕਲਸੀ, ਸੁਰਜੀਤ, ਰੰਗ-ਮੰਡਲ, ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ਼, 2013
29. ਭੱਟੀ, ਸੁਰਜੀਤ ਸਿੰਘ, ਵਾਦ-ਚਿੰਤਨ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2010
30. ਸਿੱਧੂ, ਇੰਦਰਜੀਤ ਕੌਰ, ਤਨ-ਮਨ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2010
31. ਕਲਸੀ, ਸੁਰਜੀਤ, ਰੋਮ-ਰੋਮ ਵਿੱਚ ਜਗਦੇ ਦੀਵੇ, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2005
32. ਕਿਸ਼ਨ ਸਿੰਘ, (ਪ੍ਰੋ.), ਆਜ਼ਾਦ ਔਰਤ, ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2005
33. ਸਿੱਧੂ, ਇੰਦਰਜੀਤ ਕੌਰ, ਨਾ ਸੜਕਾਂ ਨਾ ਦਾਇਰੇ, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2011
34. ਬਲਵਿੰਦਰ ਕੌਰ, (ਡਾ.), ਨਾਰੀ ਰੂਹਾਨੀਅਤ (ਗੁਰਬਾਣੀ ਅਤੇ ਵਿਸ਼ਵ ਸਾਹਿਤ ਦੇ ਪ੍ਰਸੰਗ ਵਿੱਚ), ਅੰਮ੍ਰਿਤਸਰ: ਸਾਤਵਿਕ ਮੀਡੀਆ, 2011
35. ਕਲਸੀ, ਸੁਰਜੀਤ, ਪੌਣਾਂ ਨਾਲ ਗੁਫ਼ਤਗੂ, ਚੰਡੀਗੜ੍ਹ: ਰਘਬੀਰ ਰਚਨਾ ਪ੍ਰਕਾਸ਼ਨ, 1979
36. ਕਲਸੀ, ਸੁਰਜੀਤ, ਔਰਤ ਸ਼ਬਦ ਤੇ ਸ਼ਕਤੀ, ਚੰਡੀਗੜ੍ਹ: ਰਘਬੀਰ ਰਚਨਾ ਪ੍ਰਕਾਸ਼ਨ, 1999
37. ਗੁਰਪ੍ਰੀਤ ਕੌਰ, (ਡਾ.), ਔਰਤ ਦਾ ਹਮਦਰਦ ਗਿੱਲ ਮੋਰਾਂਵਾਲੀ ('ਮੌਸਮ ਦਾ ਸੰਤਾਪ' ਦੇ ਪ੍ਰਸੰਗ ਵਿੱਚ), ਚੰਡੀਗੜ੍ਹ: ਤਰਲੋਚਨ ਪਬਲਿਸ਼ਰਜ਼, 2012

38. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਦਿੱਲੀ: ਪੰਜਾਬੀ ਅਕਾਦਮੀ, 2006

39. ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕਮਾਲਾ, 2003

40. ਢਾਅ, ਜਗਤਾਰ, ਗੁਆਚੇ ਘਰ ਦੀ ਤਲਾਸ਼, ਲੁਧਿਆਣਾ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, 2002

**ਖੋਜ ਪ੍ਰਬੰਧ**

1. ਅਮਰ ਜਿਉਤੀ ਰਚਿਤ ਹਾਲੈਂਡ ਦੇ ਹਾਸ਼ੀਏ : ਇੱਕ ਆਲੋਚਨਾਤਮਕ ਅਧਿਐਨ, ਸਵਰਨਜੀਤ ਕੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000, (ਅਣਪ੍ਰਕਾਸ਼ਿਤ)

2. ਸੁਰਜੀਤ ਕਲਸੀ ਰਚਿਤ 'ਪੌਣਾਂ ਨਾਲ ਗੁਫ਼ਤਗੂ' ਇੱਕ ਆਲੋਚਨਾਤਮਕ ਅਧਿਐਨ, ਨਾਨਕ ਚੰਦ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2003, (ਅਣਪ੍ਰਕਾਸ਼ਿਤ)

3. ਪਰਵਾਸੀ ਪੰਜਾਬੀ ਨਾਰੀ ਕਾਵਿ: ਥੀਮ ਵਿਗਿਆਨਕ ਅਧਿਐਨ (ਕੈਲਾਸ਼ਪੁਰੀ, ਅਮਰ ਜਿਉਤੀ ਤੇ ਸ਼ਸੀ ਸਮੁੰਦਰਾ ਦੇ ਆਧਾਰ ਤੇ), ਜਤਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2009, (ਅਣਪ੍ਰਕਾਸ਼ਿਤ)

4. ਪੰਜਾਬੀ ਇਸਤਰੀਆਂ ਕਵੀਆਂ ਦੁਆਰਾ ਰਚਿਤ ਕਾਵਿ ਦਾ ਨਾਰੀਵਾਦੀ ਵਿਸ਼ਲੇਸ਼ਣ (ਮਨਜੀਤ ਟਿਵਾਣਾ, ਵਨੀਤਾ, ਪਾਲ ਕੌਰ, ਸ਼ਸੀ ਸਮੁੰਦਰਾ ਅਤੇ ਨਿਰੂਪਮਾ ਦੱਤ ਦੇ ਵਿਸ਼ੇਸ ਸੰਦਰਭ ਵਿੱਚ), ਕੁਲਦੀਪ ਕੌਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, (ਅਣਪ੍ਰਕਾਸ਼ਿਤ)

5. ਪ੍ਰਤੀਨਿਧ ਪੰਜਾਬੀ ਕਵਿੱਤਰੀਆਂ ਦੇ ਕਾਵਿ ਵਿੱਚ ਨਾਰੀ ਚੇਤਨਾ, ਸਨੋਬਰ, ਜੰਮੂ ਯੂਨੀਵਰਸਿਟੀ, 2006, (ਅਣਪ੍ਰਕਾਸ਼ਿਤ)